ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'
ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'
(ਕੁੱਲ ਸਫ਼ੇ 12 Pages 12)

(Wednesday, 30 July, 2025) ਪਟਿਆਲਾ ਬੁੱਧਵਾਰ, 30 ਜੁਲਾਈ, 2025, 15 ਸਾਵਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 209 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਪੰਜਾਬ ਕੈਬਨਿਟ ਦੀ ਬੈਠਕ ਅੱਜ

ਚੰਡੀਗੜ੍ਹ, 29 ਜੁਲਾਈ (ਚੜ੍ਹਦੀਕਲਾ ਬਿਊਰੋ) : ਪੰਜਾਬ ਮੰਤਰੀ ਮੰਡਲ ਦੀ ਅਹਿਮ ਮੀਟਿੰਗ ਭਲਕੇ ਬੁੱਧਵਾਰ ਨੂੰ ਹੋਵੇਗੀ। ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ 'ਤੇ 10 ਵਜੇ ਹੋਣ ਵਾਲੀ ਇਸ ਮੀਟਿੰਗ ਵਿੱਚ ਅਹਿਮ ਏਜੰਡੇ ਵਿਚਾਰੇ ਜਾਣੇ ਹਨ। ਗੈਰਰਸਮੀ ਤੌਰ 'ਤੇ ਇਸ ਮੀਟਿੰਗ 'ਚ ਲੈਂਡ ਪੂਲਿੰਗ ਨੀਤੀ 'ਤੇ ਵੀ ਚਰਚਾ ਹੋ ਸਕਦੀ ਹੈ। ਮੁੱਖ ਮੰਤਰੀ ਗੈਰਰਸਮੀ ਗੱਲਬਾਤ ਦੌਰਾਨ ਵਜ਼ੀਰਾਂ ਤੋਂ ਲੈਂਡ ਪੂਲਿੰਗ ਨੀਤੀ ਬਾਰੇ ਫੀਡਬੈਕ ਲੈ ਸਕਦੇ ਹਨ। ਕੈਬਨਿਟ ਮੀਟਿੰਗ ਦਾ ਏਜੰਡਾ ਫ਼ਿਲਹਾਲ ਜਾਰੀ ਨਹੀਂ ਕੀਤਾ ਗਿਆ ਹੈ।

## 'ਪ੍ਰਲਯ' ਮਿਜ਼ਾਈਲ ਦਾ ਸਫ਼ਲ ਪ੍ਰੀਖਣ



ਨਵੀਂ ਦਿੱਲੀ, 29 ਜੁਲਾਈ (ਚੜ੍ਹਦੀਕਲਾ ਬਿਊਰੋ) : ਰੱਖਿਆ ਖੋਜ ਤੇ ਵਿਕਾਸ ਸੰਸਥਾ ਨੇ ਪ੍ਰਲਯ ਮਿਜ਼ਾਈਲ ਦੇ ਉਪਰੋਥੱਲੀ ਦੋ ਸਫ਼ਲ ਪ੍ਰੀਖਣ ਕੀਤੇ ਹਨ। ਇਨ੍ਹਾਂ ਦੋ ਸਫ਼ਲ ਅਜ਼ਮਾਇਸ਼ਾਂ ਮਗਰੋਂ ਪ੍ਰਲਏ ਮਿਜ਼ਾਈਲ ਨੂੰ ਨੇੜ ਭਵਿੱਖ ਵਿਚ ਭਾਰਤੀ ਸੈਨਾਵਾਂ 'ਚ ਸ਼ਾਮਲ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।

ਪ੍ਰਲਏ ਜ਼ਮੀਨ ਤੋਂ ਜ਼ਮੀਨ 'ਤੇ ਮਾਰ ਕਰਨ ਵਾਲੀ ਛੋਟੀ ਦੂਰੀ ਦੀ ਬੈਲਾਸਟਿਕ ਮਿਜ਼ਾਈਲ ਹੈ ਜੋ ਭਾਰਤ ਦੀਆਂ ਰਣਨੀਤਕ ਫੌਜੀ ਸਮਰੱਥਾਵਾਂ ਨੂੰ ਵਧਾਉਣ ਲਈ ਤਿਆਰ ਕੀਤੀ ਗਈ ਹੈ। ਇਸ ਦੀ ਰੇਂਜ 200 ਕਿਲੋਮੀਟਰ ਤੋਂ 500 ਕਿਲੋਮੀਟਰ ਦੇ ਵਿਚਕਾਰ ਹੈ। ਇਹ ਪਾਕਿਸਤਾਨ ਦੇ ਰਣਨੀਤਕ ਪਰਮਾਣੂ ਹਥਿਆਰਾਂ ਦਾ ਜਵਾਬ ਹੈ ਕਿਉਂਕਿ ਇਹ ਮਿਜ਼ਾਈਲ ਪਰਮਾਣੂ ਹਥਿਆਰ ਲੈ ਜਾ ਸਕਦੀ ਹੈ। ਰੱਖਿਆ ਮੰਤਰਾਲੇ ਨੇ ਮੰਗਲਵਾਰ ਨੂੰ ਕਿਹਾ ਕਿ (ਬਾਕੀ ਸਫਾ 2 'ਤੇ)

# ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਹਾਈ ਕੋਰਟ 'ਚ ਪਟੀਸ਼ਨ ਦਾਇਰ

ਚੜ੍ਹਦੀਕਲਾ ਬਿਊਰੋ
================




ਚੰਡੀਗੜ੍ਹ, 29 ਜੁਲਾਈ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਲੋਕ ਹਿੱਤ ਪਟੀਸ਼ਨ ਦਾਇਰ ਕਰ ਕੇ ਅੱਜ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਨੋਟੀਫਾਈ ਕੀਤੀ ਗਈ ਲੈਂਡ ਪੂਲਿੰਗ ਨੀਤੀ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਹ ਨੀਤੀ ਸਮਾਜਿਕ ਅਤੇ ਵਾਤਾਵਰਣ ਪ੍ਰਭਾਵ ਮੁਲਾਂਕਣ, ਨਿਰਪੱਖ ਮੁਆਵਜ਼ਾ ਅਤੇ ਪ੍ਰਭਾਵਿਤ ਪਰਿਵਾਰਾਂ ਦੇ ਪੁਨਰਵਾਸ ਸਮੇਤ ਕਾਨੂੰਨੀ ਸੁਰੱਖਿਆ ਉਪਾਵਾਂ ਦੀ ਪਾਲਣਾ ਕਰਨ ਵਿੱਚ ਨਾਕਾਮ ਹੈ। ਇਹ ਪਟੀਸ਼ਨ ਅਜਿਹੇ ਸਮੇਂ ਆਈ ਹੈ ਜਦੋਂ ਕਿਸਾਨ ਅਤੇ ਵਿਰੋਧੀ ਪਾਰਟੀਆਂ ਪਹਿਲਾਂ ਹੀ ਲੈਂਡ ਪੂਲਿੰਗ ਨੀਤੀ ਨੂੰ ਲਾਗੂ ਕਰਨ ਦਾ ਸਖ਼ਤ ਵਿਰੋਧ ਕਰ ਰਹੀਆਂ ਹਨ।

ਸਮਾਜਿਕ ਕਾਰਕੁਨ ਨਵਿੰਦਰ ਪੀਕੇ ਸਿੰਘ ਅਤੇ ਸਮਿਤਾ ਕੌਰ ਵੱਲੋਂ ਵਕੀਲਾਂ ਸਾਹਿਰ ਸਿੰਘ ਵਿਰਕ ਅਤੇ ਵੀ.ਬੀ. ਗੋਦਾਰਾ ਰਾਹੀਂ ਦਾਇਰ ਕੀਤੀ ਗਈ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਦੀ 4 ਜੁਲਾਈ ਦੀ ਨੀਤੀ ਮੁੱਖ ਤੌਰ 'ਤੇ ਲੁਧਿਆਣਾ ਅਤੇ ਮੋਹਾਲੀ ਵਿੱਚ ਉਪਜਾਊ ਬਹੁ-ਫਸਲੀ ਖੇਤੀਬਾੜੀ ਜ਼ਮੀਨ ਦੀ ਪ੍ਰਾਪਤੀ ਦਾ ਰਾਹ ਪੱਧਰਾ ਕਰਨ ਵਾਲੀ ਹੈ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਲੁਧਿਆਣਾ ਦੇ 50 ਤੋਂ ਵੱਧ ਪਿੰਡਾਂ ਵਿੱਚ 24,000 ਏਕੜ ਤੋਂ ਵੱਧ ਵਾਹੀਯੋਗ ਜ਼ਮੀਨ 'ਸ਼ਹਿਰੀਕਰਨ ਅਤੇ ਵਿਕਾਸ ਦੀ ਆੜ ਵਿੱਚ' ਐਕੁਆਇਰ ਕੀਤੀ ਜਾ ਰਹੀ ਸੀ ਜਦੋਂ ਕਿ ਹੋਰ 21,000 ਏਕੜ ਨੂੰ ਸਨਅਤੀ ਪਸਾਰ ਲਈ ਵੱਖਰੇ ਤੌਰ 'ਤੇ ਰੱਖਿਆ ਗਿਆ ਸੀ। ਪਟੀਸ਼ਨ ਵਿਚ ਦਲੀਲ ਦਿੱਤੀ ਗਈ ਹੈ ਕਿ ਪੰਜਾਬ ਦੀ ਉਪਜਾਊ ਖੇਤੀਯੋਗ ਜ਼ਮੀਨ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਦੋਂਕਿ ਇਹ ਜ਼ਮੀਨ ਨਾ ਸਿਰਫ਼ ਹਜ਼ਾਰਾਂ ਕਿਸਾਨਾਂ ਦੀ ਰੋਜ਼ੀ-ਰੋਟੀ ਲਈ, ਸਗੋਂ ਇੱਕ ਅਜਿਹੇ ਸੂਬੇ ਵਿੱਚ ਅੰਨ ਸੁਰੱਖਿਆ ਨੂੰ ਬਣਾਈ ਰੱਖਣ ਲਈ ਵੀ ਅਹਿਮ ਹੈ, ਜੋ ਇਤਿਹਾਸਕ ਤੌਰ 'ਤੇ ਦੇਸ਼ ਲਈ 'ਅੰਨ ਭੰਡਾਰ' ਬਣਿਆ ਰਿਹਾ ਹੈ।

### ਪ੍ਰਧਾਨ ਮੰਤਰੀ ਨੇ 'ਆਪ੍ਰੇਸ਼ਨ ਸਿੰਦੂਰ' 'ਤੇ ਬਹਿਸ ਦਾ ਜਵਾਬ ਦਿੰਦਿਆਂ ਕਾਂਗਰਸ ਨੂੰ ਲੰਮੇ ਹੱਥੀਂ ਲਿਆ

# ਦੁਨੀਆਂ ਦੇ ਕਿਸੇ ਵੀ ਦੇਸ਼ ਨੇ ਭਾਰਤ ਨੂੰ ਅੱਤਵਾਦ ਖ਼ਿਲਾਫ਼ ਕਾਰਵਾਈ ਤੋਂ ਨਹੀਂ ਰੋਕਿਆ: ਮੋਦੀ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 29 ਜੁਲਾਈ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਭਾਰਤੀ ਫੌਜ ਨੇ ਪਹਿਲਗਾਮ ਹਮਲੇ ਦੇ ਸਾਜ਼ਿਸ਼ਘਾੜਿਆਂ ਨੂੰ ਅਜਿਹਾ ਸਬਕ ਸਿਖਾਇਆ ਕਿ ਦਹਿਸ਼ਤਗਰਦਾਂ ਦੇ ਆਕਾਵਾਂ ਦੀ ਰਾਤਾਂ ਦੀ ਨੀਂਦ ਉੱਡ ਗਈ ਹੈ। ਲੋਕ ਸਭਾ ਵਿੱਚ ਪਹਿਲਗਾਮ ਹਮਲੇ 'ਤੇ ਪਿਛਲੇ ਦੋ ਦਿਨਾਂ ਤੋਂ ਚੱਲ ਰਹੀ ਬਹਿਸ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਹਮਲੇ ਵਿਚ ਜਿਸ ਤਰ੍ਹਾਂ ਲੋਕਾਂ ਨੂੰ ਉਨ੍ਹਾਂ ਦਾ ਧਰਮ ਪੁੱਛ ਕੇ ਮਾਰਿਆ ਗਿਆ, ਉਸ ਦਾ ਇਕੋ-ਇਕ ਮੰਤਵ ਭਾਰਤ ਵਿੱਚ ਦੰਗੇ ਭੜਕਾਉਣਾ ਸੀ। ਹਾਲਾਂਕਿ ਦੇਸ਼ ਦੀ ਏਕਤਾ ਨੇ ਅਜਿਹੇ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ।



ਮੋਦੀ ਨੇ ਕਿਹਾ,"ਮੈਂ ਇੱਥੇ ਉਨ੍ਹਾਂ ਲੋਕਾਂ ਨੂੰ ਸ਼ੀਸ਼ਾ ਵਿਖਾਉਣ ਵਾਸਤੇ ਖੜ੍ਹਾਂ ਹਾਂ, ਜੋ ਦਹਿਸ਼ਤਗਰਦਾਂ ਦੇ ਅਸਲ ਮਨੋਰਥ ਨੂੰ ਸਮਝ ਨਹੀਂ ਪਾ ਰਹੇ।" ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਆਖਿਆ ਕਿ ਦੁਨੀਆਂ ਦੇ ਕਿਸੇ ਵੀ ਮੁਲਕ ਨੇ ਭਾਰਤ ਨੂੰ ਅੱਤਵਾਦ ਖਿਲਾਫ਼ ਆਪਣੀ ਰੱਖਿਆ ਲਈ ਕੀਤੀ ਜਾਣ ਵਾਲੀ ਕਾਰਵਾਈ ਤੋਂ ਨਹੀਂ ਰੋਕਿਆ। ਉਨ੍ਹਾਂ ਕਿਹਾ ਕਿ ਇਸ ਲੜਾਈ ਵਿਚ ਜਿੱਥੇ ਕੁੱਲ ਆਲਮ ਨੇ ਸਾਡੀ ਹਮਾਇਤ ਕੀਤੀ, ਉਥੇ ਕਾਂਗਰਸ ਦੇਸ਼ ਦੇ ਫੌਜੀਆਂ ਦੀ ਪਿੱਠ 'ਤੇ ਖੜ੍ਹਨ ਵਿਚ ਨਾਕਾਮ ਰਹੀ। ਮੋਦੀ ਨੇ ਦਾਅਵਾ ਕੀਤਾ ਕਿ ਯੂ.ਐੱਨ. ਵਿਚ ਪਾਕਿਸਤਾਨ ਦੀ ਸਿਰਫ਼ ਤਿੰਨ ਮੁਲਕਾਂ ਨੇ ਹੀ ਹਮਾਇਤ ਕੀਤੀ। ਉਨ੍ਹਾਂ ਕਿਹਾ,"ਮੈਂ ਕਿਹਾ ਸੀ ਕਿ ਅਸੀਂ ਅੱਤਿਵਾਦੀਆਂ ਅਤੇ ਉਨ੍ਹਾਂ ਦੇ ਆਕਾਵਾਂ ਨੂੰ ਅਜਿਹਾ ਸਬਕ ਸਿਖਾਵਾਂਗੇ, ਜੋ ਉਨ੍ਹਾਂ ਦੀ ਕਲਪਨਾ ਤੋਂ ਵੀ ਪਰੇ ਹੋਵੇਗਾ। ਸਾਨੂੰ ਆਪਣੇ ਸੁਰੱਖਿਆ ਬਲਾਂ 'ਤੇ ਪੂਰਾ ਯਕੀਨ ਹੈ ਅਤੇ ਉਨ੍ਹਾਂ ਨੂੰ ਕਾਰਵਾਈ ਕਰਨ ਦੀ ਖੁੱਲ੍ਹੀ ਛੋਟ ਸੀ।" ਮੋਦੀ ਨੇ ਕਿਹਾ ਕਿ ਪਾਕਿਸਤਾਨ ਨੂੰ ਪਹਿਲਗਾਮ ਹਮਲੇ ਮਗਰੋਂ ਭਾਰਤੀ ਕਾਰਵਾਈ ਬਾਰੇ ਅੰਦਾਜ਼ਾ ਹੋ ਗਿਆ ਸੀ ਜਿਸ ਕਰਕੇ ਗੁਆਂਢੀ ਮੁਲਕ ਨੇ ਪ੍ਰਮਾਣੂ ਹਥਿਆਰ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਹਾਲਾਂਕਿ ਜਦੋਂ ਭਾਰਤ ਨੇ ਕਾਰਵਾਈ ਕੀਤੀ ਤਾਂ ਉਹ ਕੁਝ ਨਹੀਂ ਕਰ ਸਕੇ।ਪ੍ਰਧਾਨ ਮੰਤਰੀ ਨੇ ਕਿਹਾ ਕਿ ਜਿਸ ਤਰ੍ਹਾਂ ਦੇਸ਼ ਦੇ ਲੋਕਾਂ ਨੇ ਆਪ੍ਰੇਸ਼ਨ ਸਿੰਦੂਰ ਦੌਰਾਨ ਮੇਰਾ ਸਮਰਥਨ ਕੀਤਾ ਅਤੇ (ਬਾਕੀ ਸਫਾ 2 'ਤੇ)

### ਔਜਲਾ ਨੇ ਸਰਕਾਰ ਨੂੰ ਘੇਰਿਆ

# ਸੰਸਦ ਵਿੱਚ ਗੂੰਜਿਆ ਸ੍ਰੀ ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਉਣ ਦਾ ਮੁੱਦਾ !

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 29 ਜੁਲਾਈ :ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸੰਸਦ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੀ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਤੇ ਪਹਿਲਗਾਮ ਅੱਤਵਾਦੀ ਹਮਲੇ, ਜੰਗਬੰਦੀ ਦੇ ਫੈਸਲੇ ਤੇ ਪਾਕਿਸਤਾਨ ਤੇ ਚੀਨ ਨਾਲ ਸਬੰਧਾਂ 'ਤੇ ਗੰਭੀਰ ਸਵਾਲ ਉਠਾਏ। ਉਨ੍ਹਾਂ ਸਰਕਾਰ 'ਤੇ ਸੁਰੱਖਿਆ ਮੁੱਦਿਆਂ 'ਤੇ ਰਾਜਨੀਤੀ ਕਰਨ ਦਾ ਦੋਸ਼ ਲਗਾਇਆ ਤੇ ਜਵਾਬਦੇਹੀ ਦੀ ਮੰਗ ਕੀਤੀ।



ਇਸ ਦੌਰਾਨ ਉਨ੍ਹਾਂ ਨੇ ਸਦਨ ਵਿੱਚ ਸ੍ਰੀ ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਉਣ ਦਾ ਮੁੱਦਾ ਵੀ ਉਠਾਇਆ ਤੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਇਸ 'ਤੇ ਰਾਜਨੀਤੀ ਕਰਨਾ ਚਾਹੁੰਦੀ ਸੀ। ਉਨ੍ਹਾਂ ਕਿਹਾ ਕਿ ਫੌਜ ਦਾ ਰਾਜਨੀਤੀਕਰਨ ਕੀਤਾ ਗਿਆ ਸੀ। ਉਹ ਸੋਸ਼ਲ ਮੀਡੀਆ 'ਤੇ ਬੋਲ ਰਹੇ ਨੇ ਪਰ ਇੱਕ ਫੌਜੀ ਅਧਿਕਾਰੀ ਕੋਲੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਉਣ ਬਾਰੇ ਗੱਲ ਕਹਾਉਣ ਦੀ ਕੀ ਲੋੜ ਸੀ। ਉਹ ਕਿਹੜੀ ਰਾਜਨੀਤੀ ਲੱਭਣਾ ਚਾਹੁੰਦੇ ਸਨ ?

ਗੁਰਜੀਤ ਔਜਲਾ ਨੇ ਕਿਹਾ ਕਿ 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ ਸਾਡੇ 26 ਸੈਲਾਨੀ ਸ਼ਹੀਦ ਹੋ ਗਏ, ਪਰ ਹੁਣ ਤੱਕ ਨਾ ਤਾਂ ਹਮਲਾਵਰ ਫੜੇ ਗਏ ਤੇ ਨਾ ਹੀ ਸਰਕਾਰ ਨੇ ਕੋਈ ਠੋਸ ਜਾਣਕਾਰੀ ਸਾਂਝੀ ਕੀਤੀ। 'ਇਹ ਅੱਤਵਾਦੀ ਕਿੱਥੋਂ ਆਏ, ਕਿਵੇਂ ਦਾਖਲ ਹੋਏ ? ਅੱਜ 100 ਦਿਨ ਹੋ ਗਏ ਪਰ ਗ੍ਰਹਿ ਮੰਤਰੀ ਨੇ ਕੋਈ ਜਵਾਬ ਨਹੀਂ ਦਿੱਤਾ।' ਉਨ੍ਹਾਂ ਪ੍ਰਧਾਨ ਮੰਤਰੀ ਦੀ ਭੂਮਿਕਾ 'ਤੇ ਵੀ ਸਵਾਲ ਉਠਾਉਂਦੇ ਹੋਏ ਕਿਹਾ ਕਿ ਹਮਲੇ ਤੋਂ ਦੋ ਦਿਨ ਬਾਅਦ 24 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਬਿਹਾਰ ਵਿੱਚ ਪੰਚਾਇਤ ਦਿਵਸ ਮਨਾ ਰਹੇ ਸਨ, ਜਦੋਂਕਿ ਉਸ ਸਮੇਂ ਉਨ੍ਹਾਂ ਨੂੰ ਦੇਸ਼ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਸੀ। ਪੰਚਾਇਤ ਦਿਵਸ ਅਗਲੇ ਸਾਲ ਵੀ ਮਨਾਇਆ ਜਾ ਸਕਦਾ ਸੀ। (ਬਾਕੀ ਸਫਾ 2 'ਤੇ)

### ਝਾਰਖੰਡ ਦੇ ਦੇਵਘਰ 'ਚ ਵੱਡਾ ਹਾਦਸਾ

# ਟਰੱਕ ਨਾਲ ਟਕਰਾਈ ਕਾਂਵੜੀਆਂ ਦੀ ਬੱਸ, 18 ਕਾਂਵੜੀਆਂ ਦੀ ਹੋਈ ਮੌਤ



ਚੜ੍ਹਦੀਕਲਾ ਬਿਊਰੋ
================

ਦੇਵਘਰ, 29 ਜੁਲਾਈ :ਸਾਵਣ ਦੇ ਮਹੀਨੇ ਝਾਰਖੰਡ ਦੇ ਬਾਬਾ ਬੈਦਿਆਨਾਥ ਧਾਮ ਵਿੱਚ ਚੱਲ ਰਹੀ ਕਾਂਵੜ ਯਾਤਰਾ ਦੌਰਾਨ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਦੇਵਘਰ-ਬਾਸੁਕੀਨਾਥ ਮੁੱਖ ਸੜਕ 'ਤੇ ਜਾਮੁਨੀਆ ਚੌਂਕ ਨੇੜੇ ਕਾਂਵੜੀਆਂ ਨਾਲ ਭਰੀ ਇੱਕ ਬੱਸ ਅਤੇ ਇੱਕ ਟਰੱਕ ਦੀ ਟੱਕਰ ਹੋ ਗਈ। ਜਿਸ ਵਿੱਚ 18 ਕਾਂਵੜੀਆਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋਏ ਹਨ। ਜਾਣਕਾਰੀ ਅਨੁਸਾਰ, ਇਸ ਹਾਦਸੇ ਦੌਰਾਨ ਬੱਸ ਵਿੱਚ 40 ਦੇ ਕਰੀਬ ਕਾਂਵੜੀਏ ਸਵਾਂ ਸਨ। ਟੱਕਰ ਕਾਰਨ ਬੱਸ ਵਿੱਚ ਸਵਾਰ ਘੱਟੋ-ਘੱਟ 18 ਕਾਂਵੜੀਆਂ (ਬਾਕੀ ਸਫਾ 2 'ਤੇ)

# 'ਆਪ੍ਰੇਸ਼ਨ ਸਿੰਦੂਰ' ਦੌਰਾਨ ਫ਼ੌਜਾਂ ਦਾ ਸਮਰਥਨ ਕਰਨ 'ਚ ਸਰਕਾਰ ਨੇ ਦਿਖਾਈ ਸੀ ਸਿਆਸੀ ਇੱਛਾ ਸ਼ਕਤੀ ਦੀ ਘਾਟ: ਰਾਹੁਲ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 29 ਜੁਲਾਈ :ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਸਰਕਾਰ 'ਤੇ ਭਾਰਤੀ ਹਥਿਆਰਬੰਦ ਸੈਨਾਵਾਂ ਦਾ ਸਮਰਥਨ ਕਰਨ ਲਈ ਸਿਆਸੀ ਇੱਛਾ ਸ਼ਕਤੀ ਦੀ ਘਾਟ ਦਾ ਦੋਸ਼ ਲਗਾਇਆ ਅਤੇ ਦਾਅਵਾ ਕੀਤਾ ਕਿ ਇਸ ਨੇ 'ਆਪ੍ਰੇਸ਼ਨ ਸਿੰਦੂਰ' ਬਾਰੇ ਸੰਵੇਦਨਸ਼ੀਲ ਵੇਰਵੇ ਪਾਕਿਸਤਾਨ ਨੂੰ ਦੱਸੇ ਹਨ। ਲੋਕ ਸਭਾ ਵਿੱਚ ਬੋਲਦਿਆਂ ਉਨ੍ਹਾਂ ਨੇ ਹਮਲੇ ਦੇ ਜਵਾਬ ਵਿੱਚ ਸਰਕਾਰ ਦੀ ਫੌਜੀ ਕਾਰਵਾਈ ਦੀ ਤਿੱਖੀ ਅਲੋਚਨਾ ਕੀਤੀ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਸਦਨ ਵਿੱਚ ਦਿੱਤੇ ਬਿਆਨਾਂ ਬਾਰੇ ਸਵਾਲ ਵੀ ਚੁੱਕੇ। ਗਾਂਧੀ ਨੇ ਕਿਹਾ, "ਰਾਜਨਾਥ ਸਿੰਘ ਨੇ ਕਿਹਾ ਕਿ 'ਆਪ੍ਰੇਸ਼ਨ ਸਿੰਦੂਰ' ਸਵੇਰੇ 1:05 ਵਜੇ ਸ਼ੁਰੂ ਹੋਇਆ ਅਤੇ 1:35 ਵਜੇ ਤੱਕ ਭਾਰਤ ਨੇ ਪਾਕਿਸਤਾਨ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ ਕਿ ਅਸੀਂ ਗੈਰ-ਸੈਨਿਕ ਨਿਸ਼ਾਨਿਆਂ 'ਤੇ ਹਮਲਾ ਕੀਤਾ ਹੈ ਅਤੇ ਅਸੀਂ ਸਥਿਤੀ ਨੂੰ ਵਧਾਉਣਾ ਨਹੀਂ ਚਾਹੁੰਦੇ।" ਉਨ੍ਹਾਂ ਨੇ ਅੱਗੇ ਕਿਹਾ,"ਇਹ ਮੇਰੇ ਸ਼ਬਦ ਨਹੀਂ ਹਨ। ਇਹ ਭਾਰਤ ਦੇ ਰੱਖਿਆ ਮੰਤਰੀ ਦੇ ਸ਼ਬਦ ਹਨ।" ਗਾਂਧੀ ਨੇ ਸਰਕਾਰ 'ਤੇ ਸੀਮਾਵਾਂ ਲਗਾ ਕੇ ਹਥਿਆਰਬੰਦ ਸੈਨਾਵਾਂ ਦੇ ਮਨੋਬਲ ਅਤੇ ਪ੍ਰਭਾਵ ਨੂੰ ਕਮਜ਼ੋਰ ਕਰਨ ਦਾ ਵੀ ਦੋਸ਼ ਲਾਇਆ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ, "ਜੇ ਤੁਸੀਂ ਭਾਰਤੀ ਹਥਿਆਰਬੰਦ ਸੈਨਾਵਾਂ ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ ਤੁਹਾਡੇ ਕੋਲ 100 ਫੀਸਦੀ ਸਿਆਸੀ ਇੱਛਾ ਸ਼ਕਤੀ ਹੋਣੀ ਚਾਹੀਦੀ ਹੈ। ਤੁਹਾਨੂੰ ਉਨ੍ਹਾਂ ਨੂੰ ਕਾਰਵਾਈ ਦੀ ਪੂਰੀ ਆਜ਼ਾਦੀ ਦੇਣੀ ਚਾਹੀਦੀ ਹੈ।" ਕਾਂਗਰਸੀ ਆਗੂ ਨੇ ਦਾਅਵਾ ਕੀਤਾ ਕਿ ਭਾਰਤੀ ਡਾਇਰੈਕਟਰ ਜਨਰਲ ਆਫ ਮਿਲਟਰੀ ਅਪਰੇਸ਼ਨਜ਼ (ਡੀ.ਜੀ.ਐਮ.ਓ.) ਨੂੰ ਸਰਕਾਰ ਵੱਲੋਂ ਆਪਰੇਸ਼ਨ ਸ਼ੁਰੂ ਹੋਣ ਤੋਂ ਸਿਰਫ 30 ਮਿੰਟ ਬਾਅਦ ਜੰਗਬੰਦੀ ਦੀ ਮੰਗ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਗਾਂਧੀ ਨੇ ਕਿਹਾ,"ਰਾਤ ਨੂੰ 1:35 ਵਜੇ (ਬਾਕੀ ਸਫਾ 2 'ਤੇ)



# ਮਜੀਠੀਆ ਦੀ ਪਟੀਸ਼ਨ 'ਤੇ ਹਾਈ ਕੋਰਟ 'ਚ ਹੋਈ ਸੁਣਵਾਈ, ਵਕੀਲਾਂ ਨੇ ਮੰਗਿਆ ਸਮਾਂ

### ਅਗਲੀ ਸੁਣਵਾਈ 26 ਅਗਸਤ ਨੂੰ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 29 ਜੁਲਾਈ :ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਨਾਭਾ ਜੇਲ੍ਹ 'ਚ ਬੰਦ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਅੱਜ 29 ਜੁਲਾਈ ਨੂੰ ਹਾਈ ਕੋਰਟ 'ਚ ਸੁਣਵਾਈ ਹੋਈ। ਮਜੀਠੀਆ ਦੇ ਵਕੀਲਾਂ ਨੇ ਪਟੀਸ਼ਨ ਨੂੰ ਬਦਲਣ ਲਈ ਚਾਰ ਹੋਰ ਹਫ਼ਤਿਆਂ ਦਾ ਸਮਾਂ ਮੰਗਿਆ ਹੈ। ਜਿਸ ਨੂੰ ਅਦਾਲਤ ਨੇ ਮਨਜ਼ੂਰ ਕਰ ਲਿਆ। ਇਸ ਤੋਂ ਬਾਅਦ ਹੁਣ 26 ਅਗਸਤ ਨੂੰ ਹਾਈ ਕੋਰਟ 'ਚ ਸੁਣਵਾਈ ਹੋਵੇਗੀ। ਮਜੀਠੀਆ ਨੂੰ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਸੀ।



ਉਨ੍ਹਾਂ 'ਤੇ ਆਮਦਨ ਤੋਂ ਵੱਧ ਜਾਇਦਾਦ ਇਕੱਠੀ ਕਰਨ ਦਾ ਦੋਸ਼ ਹੈ। ਇਸ ਤੋਂ ਪਹਿਲਾਂ 2021 ਵਿੱਚ, ਕਾਂਗਰਸ ਸਰਕਾਰ ਦੌਰਾਨ, ਮਜੀਠੀਆ ਵਿਰੁੱਧ ਐਨਡੀਪੀਐਸ ਐਕਟ ਤਹਿਤ ਵੀ ਕੇਸ ਦਰਜ ਕੀਤਾ ਗਿਆ ਸੀ, ਜਿਸ ਵਿੱਚ ਹੁਣ ਤੱਕ 6 ਲੋਕਾਂ ਦੇ ਬਿਆਨ ਦਰਜ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਸਾਬਕਾ ਡੀਜੀਪੀ ਸਿਧਾਰਥ ਚਟੋਪਾਧਿਆਏ (ਬਾਕੀ ਸਫਾ 2 'ਤੇ)

### ਹਿਮਾਚਲ 'ਚ ਮੀਂਹ ਦਾ ਕਹਿਰ

# ਮੰਡੀ 'ਚ ਅਚਾਨਕ ਆਏ ਹੜ੍ਹ ਕਾਰਨ ਦੋ ਦੀ ਮੌਤ, ਧਰਮਸ਼ਾਲਾ 'ਚ ਸ਼ਾਹਰਾਹ ਬੰਦ, ਸੈਂਕੜੇ ਲੋਕ ਫਸੇ

ਚੜ੍ਹਦੀਕਲਾ ਬਿਊਰੋ
================

ਮੰਡੀ/ਧਰਮਸ਼ਾਲਾ, 29 ਜੁਲਾਈ : ਕਾਂਗੜਾ ਨੇੜੇ ਮੰਗਲਵਾਰ ਸਵੇਰੇ ਭਾਰੀ ਮੀਂਹ ਕਾਰਨ ਜ਼ਮੀਨ ਖਿਸਕ ਗਈ, ਜਿਸ ਕਾਰਨ ਧਰਮਸ਼ਾਲਾ ਜਾਣ ਵਾਲਾ ਕੌਮੀ ਸ਼ਾਹਰਾਹ ਬੰਦ ਹੋ ਗਿਆ ਅਤੇ ਸੈਂਕੜੇ ਵਾਹਨ ਫਸ ਗਏ। ਦੁੱਧ ਅਤੇ ਅਖ਼ਬਾਰਾਂ ਦੀ ਡਲਿਵਰੀ ਵਰਗੀਆਂ ਜ਼ਰੂਰੀ ਸੇਵਾਵਾਂ ਵਿੱਚ ਵਿਘਨ ਪਿਆ। ਘੰਟਿਆਂ ਤੱਕ ਕੋਈ ਅਧਿਕਾਰੀ ਘਟਨਾ ਸਥਾਨ 'ਤੇ ਨਹੀਂ ਪਹੁੰਚਿਆ, ਜਿਸ ਕਾਰਨ ਲੋਕਾਂ ਵਿੱਚ ਗੁੱਸਾ ਹੈ। ਮੰਡੀ ਵਿੱਚ ਰਾਤ ਭਰ ਪਏ ਮੀਂਹ ਕਾਰਨ ਅਚਾਨਕ ਆਏ ਹੜ੍ਹਾਂ ਨੇ ਦੋ ਲੋਕਾਂ ਦੀ ਜਾਨ ਲੈ ਲਈ ਅਤੇ ਇੱਕ ਵਿਅਕਤੀ ਲਾਪਤਾ ਹੋ ਗਿਆ।



ਮੰਡੀ ਵਿੱਚ ਅਚਾਨਕ ਆਏ ਹੜ੍ਹਾਂ ਨੇ ਹੜ੍ਹ ਨੇ ਤੁੰਗਲ ਕਲੋਨੀ ਵਿੱਚ ਵਾਹਨਾਂ ਅਤੇ ਘਰਾਂ ਨੂੰ ਨੁਕਸਾਨ ਪਹੁੰਚਾਇਆ। ਬਚਾਅ ਕਾਰਜ ਜਾਰੀ ਹਨ। ਚੰਡੀਗੜ੍ਹ-ਮਨਾਲੀ ਅਤੇ ਮੰਡੀ-ਪਠਾਨਕੋਟ ਹਾਈਵੇਅ ਸਮੇਤ ਕਈ ਮੁੱਖ ਸੜਕਾਂ ਅਜੇ ਵੀ ਬੰਦ ਹਨ।

**ਮਚਾਈ ਤਬਾਹੀ** : ਮੰਡੀ ਜ਼ਿਲ੍ਹੇ ਵਿੱਚ ਮੰਗਲਵਾਰ ਸਵੇਰੇ ਭਿਆਨਕ ਹੜ੍ਹ ਆਇਆ, ਜਿਸ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਜਦੋਂਕਿ ਇੱਕ ਵਿਅਕਤੀ ਲਾਪਤਾ ਹੋ ਗਿਆ ਅਤੇ ਇੱਕ ਹੋਰ ਜ਼ਖਮੀ ਦੱਸਿਆ ਜਾਂਦਾ ਹੈ। ਇਹ ਘਟਨਾ (ਬਾਕੀ ਸਫਾ 2 'ਤੇ)

# ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਜੀਜਾ ਜੀ ਦੀ ਸੜਕ ਹਾਦਸੇ 'ਚ ਮੌਤ

ਅੰਮ੍ਰਿਤਸਰ, 29 ਜੁਲਾਈ (ਬੱਬਲੂ ਮਹਾਜਨ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਜੀਜਾ ਜੀ ਗੁਰਵਿੰਦਰ ਸਿੰਘ ਦੀ ਅੰਮ੍ਰਿਤਸਰ-ਤਰਨਤਾਰਨ ਸੜਕ 'ਤੇ ਗੋਹਲਵੜ ਦੇ ਨੇੜੇ ਵਾਪਰੇ ਹਾਦਸੇ ਵਿਚ ਮੌਤ ਹੋ ਗਈ। ਇਹ ਹਾਦਸਾ ਗੁਰਵਿੰਦਰ ਸਿੰਘ ਦੇ ਮੋਟਰਸਾਈਕਲ ਨਾਲ ਗਾਂ ਟਕਰਾਉਣ ਕਰਕੇ ਵਾਪਰਿਆ। ਸੜਕ ਉੱਤੇ ਡਿੱਗਣ ਨਾਲ ਉਨ੍ਹਾਂ ਦੇ ਸਿਰ ਵਿਚ ਡੂੰਘੀ ਸੱਟ ਲੱਗੀ। ਜਿਨ੍ਹਾਂ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਇਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿੱਥੇ ਅੱਜ ਉਹ ਅਕਾਲ (ਬਾਕੀ ਸਫਾ 2 'ਤੇ)



# ਛੱਤੀਸਗੜ੍ਹ 'ਚ ਮੁਕਾਬਲੇ ਦੌਰਾਨ ਨਕਸਲੀ ਢੇਰ, ਤਿੰਨ ਸੁਰੱਖਿਆ ਕਰਮਚਾਰੀ ਜ਼ਖ਼ਮੀ

ਚੜ੍ਹਦੀਕਲਾ ਬਿਊਰੋ
================

ਸੁਕਮਾ, 29 ਜੁਲਾਈ : ਛੱਤੀਸਗੜ੍ਹ ਦੇ ਸੁਕਮਾ ਜ਼ਿਲ੍ਹੇ ਵਿੱਚ ਮੰਗਲਵਾਰ ਨੂੰ ਇੱਕ ਮੁਕਾਬਲੇ ਦੌਰਾਨ ਆਈ.ਈ.ਡੀ. ਧਮਾਕੇ ਵਿੱਚ ਇੱਕ ਨਕਸਲੀ ਮਾਰਿਆ ਗਿਆ ਅਤੇ ਤਿੰਨ ਸੁਰੱਖਿਆ ਕਰਮਚਾਰੀ ਜ਼ਖਮੀ ਹੋ ਗਏ ਹਨ। ਉਨ੍ਹਾਂ ਕਿਹਾ ਕਿ ਨਕਸਲ ਵਿਰੋਧੀ ਮੁਹਿੰਮ 'ਤੇ ਤਾਇਨਾਤ ਸੁਰੱਖਿਆ ਕਰਮਚਾਰੀਆਂ ਦੀ ਇੱਕ ਸਾਂਝੀ ਟੀਮ ਅਤੇ ਮਾਓਵਾਦੀਆਂ ਵਿਚਕਾਰ ਸੁਕਮਾ-ਦਾਂਤੇਵਾੜਾ ਅੰਤਰ-ਜ਼ਿਲ੍ਹਾ ਸਰਹੱਦ ਦੇ ਨਾਲ ਜੰਗਲ ਵਿੱਚ ਗੋਲੀਬਾਰੀ ਹੋਈ। ਸੁਕਮਾ ਦੇ ਪੁਲਿਸ ਸੁਪਰਡੈਂਟ ਕਿਰਨ ਚਵਾਨ ਨੇ ਕਿਹਾ ਕਿ ਖੇਤਰ ਵਿੱਚ ਮਾਓਵਾਦੀਆਂ ਦੀ ਮੌਜੂਦਗੀ ਬਾਰੇ ਜਾਣਕਾਰੀ ਦੇ ਆਧਾਰ 'ਤੇ ਸੋਮਵਾਰ ਨੂੰ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.), ਜ਼ਿਲ੍ਹਾ ਰਿਜ਼ਰਵ ਗਾਰਡ (ਡੀ.ਆਰ.ਜੀ.) ਅਤੇ ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐੱਫ.) ਦੇ ਜਵਾਨਾਂ ਨੂੰ ਸ਼ਾਮਲ ਕਰਦਿਆਂ ਇਹ ਕਾਰਵਾਈ ਸ਼ੁਰੂ ਕੀਤੀ ਗਈ ਸੀ। ਮੁਕਾਬਲੇ ਵਾਲੀ ਥਾਂ ਦੀ ਤਲਾਸ਼ੀ ਦੌਰਾਨ ਸੁਰੱਖਿਆ ਕਰਮਚਾਰੀਆਂ ਨੂੰ ਇੱਕ ਨਕਸਲੀ ਦੀ ਲਾਸ਼ ਦੇ ਨਾਲ ਹਥਿਆਰ, ਗੋਲਾ ਬਾਰੂਦ ਅਤੇ ਵਿਸਫੋਟਕ ਸਮੱਗਰੀ ਦਾ ਇੱਕ ਵੱਡਾ ਜ਼ਖੀਰਾ ਮਿਲਿਆ। (ਬਾਕੀ ਸਫਾ 2 'ਤੇ)



# ਬਿਹਾਰ ਵੋਟਰ ਸੂਚੀਆਂ ਦੀ ਵਿਸ਼ੇਸ਼ ਪੜਤਾਲ 'ਚ ਵੱਡੀ ਕੱਟ-ਵੱਢ ਹੋਈ ਤਾਂ ਦਖ਼ਲ ਦੇਵਾਂਗੇ: ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 29 ਜੁਲਾਈ : ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਚੋਣ ਕਮਿਸ਼ਨ ਇੱਕ ਸੰਵਿਧਾਨਕ ਅਥਾਰਟੀ ਹੈ ਅਤੇ ਇਸ ਨੂੰ ਕਾਨੂੰਨ ਅਨੁਸਾਰ ਕੰਮ ਕਰਨਾ ਚਾਹੀਦਾ ਹੈ, ਪਰ ਜੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ ਵਿੱਚ ਵੱਡੇ ਪੱਧਰ 'ਤੇ ਕੱਟ-ਵੱਢ ਹੁੰਦੀ ਹੈ ਤਾਂ ਅਦਾਲਤ ਦਖਲ ਦੇਵੇਗੀ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਬਿਹਾਰ ਵਿੱਚ ਚੋਣ ਕਮਿਸ਼ਨ ਦੀ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ ਕਾਰਵਾਈ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦੇ ਬੈਂਚ 'ਤੇ ਵਿਚਾਰ ਕਰਨ ਲਈ ਇੱਕ ਸਮਾਂ-ਸੀਮਾ ਤੈਅ ਕੀਤੀ ਅਤੇ ਕਿਹਾ ਕਿ ਇਸ ਮੁੱਦੇ 'ਤੇ ਸੁਣਵਾਈ 12 ਅਤੇ 13 ਅਗਸਤ ਨੂੰ ਹੋਵੇਗੀ।



ਪਟੀਸ਼ਨਕਰਤਾਵਾਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਅਤੇ ਪ੍ਰਸ਼ਾਂਤ ਭੂਸ਼ਣ ਨੇ ਇੱਕ ਵਾਰ ਫਿਰ ਦੋਸ਼ ਲਾਇਆ ਕਿ 1 ਅਗਸਤ ਨੂੰ ਚੋਣ ਪੈਨਲ ਵੱਲੋਂ ਪ੍ਰਕਾਸ਼ਤ ਕੀਤੀ ਜਾਣ ਵਾਲੀ ਡਰਾਫਟ ਸੂਚੀ ਵਿੱਚੋਂ ਲੋਕਾਂ ਨੂੰ ਬਾਹਰ ਰੱਖਿਆ ਜਾ ਰਿਹਾ ਹੈ ਅਤੇ ਉਹ ਆਪਣਾ ਮਹੱਤਵਪੂਰਨ ਵੋਟ ਪਾਉਣ ਦਾ ਅਧਿਕਾਰ ਗਵਾ ਦੇਣਗੇ।

ਭੂਸ਼ਣ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਇੱਕ ਬਿਆਨ ਜਾਰੀ ਕੀਤਾ ਹੈ ਕਿ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ ਪ੍ਰਕਿਰਿਆ ਦੌਰਾਨ 65 ਲੱਖ ਲੋਕਾਂ ਨੇ ਗਣਨਾ ਫਾਰਮ ਜਮ੍ਹਾਂ ਨਹੀਂ ਕਰਵਾਏ ਕਿਉਂਕਿ ਉਹ ਜਾਂ ਤਾਂ ਮਰ ਚੁੱਕੇ ਹਨ ਜਾਂ ਪੱਕੇ ਤੌਰ 'ਤੇ ਕਿਤੇ ਹੋਰ ਚਲੇ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਲੋਕਾਂ ਨੂੰ ਸੂਚੀ ਵਿੱਚ ਸ਼ਾਮਲ ਹੋਣ ਲਈ ਨਵੇਂ ਸਿਰੇ ਤੋਂ ਅਰਜ਼ੀ ਦੇਣੀ ਪਵੇਗੀ।

ਜਸਟਿਸ ਸੂਰਿਆ ਕਾਂਤ ਨੇ ਕਿਹਾ, "ਭਾਰਤ ਦਾ ਚੋਣ ਕਮਿਸ਼ਨ, ਇੱਕ ਸੰਵਿਧਾਨਕ ਅਥਾਰਟੀ ਹੋਣ ਦੇ ਨਾਤੇ, ਕਾਨੂੰਨ ਅਨੁਸਾਰ ਕੰਮ ਕਰਨ ਲਈ ਪਾਬੰਦ ਹੈ। ਜੇਕਰ ਕੋਈ ਗਲਤ ਕੰਮ ਕੀਤਾ ਜਾਂਦਾ ਹੈ, ਤਾਂ ਤੁਸੀਂ ਅਦਾਲਤ ਦੇ ਧਿਆਨ ਵਿੱਚ ਲਿਆਓ। ਅਸੀਂ ਤੁਹਾਡੀ ਸੁਣਵਾਈ ਕਰਾਂਗੇ।"

ਜਸਟਿਸ ਬਾਗਚੀ ਨੇ ਭੂਸ਼ਣ ਨੂੰ ਕਿਹਾ, "ਤੁਹਾਡਾ ਡਰ ਇਹ ਹੈ ਕਿ 65 ਲੱਖ ਦੇ ਕਰੀਬ ਵੋਟਰ ਡਰਾਫਟ ਸੂਚੀ ਵਿੱਚ ਸ਼ਾਮਲ ਨਹੀਂ ਹੋਣਗੇ। ਹੁਣ ਚੋਣ ਕਮਿਸ਼ਨ ਵੋਟਰ ਸੂਚੀ ਵਿੱਚ ਸੁਧਾਰ ਦੀ ਮੰਗ ਕਰ ਰਿਹਾ ਹੈ। ਅਸੀਂ ਇੱਕ ਨਿਆਂਇਕ ਅਥਾਰਟੀ ਵਜੋਂ ਪ੍ਰਕਿਰਿਆ ਦੀ ਨਿਗਰਾਨੀ ਕਰ ਰਹੇ ਹਾਂ। ਜੇਕਰ ਵੱਡੇ ਪੱਧਰ 'ਤੇ ਕੱਟ-ਵੱਢ ਹੁੰਦੀ ਹੈ, ਤਾਂ ਅਸੀਂ ਤੁਰੰਤ ਦਖਲ ਦੇਵਾਂਗੇ। ਤੁਸੀਂ 15 ਲੋਕਾਂ ਨੂੰ ਲਿਆਓ ਜਿਨ੍ਹਾਂ ਨੂੰ ਉਹ ਮ੍ਰਿਤਕ ਕਹਿੰਦੇ ਹਨ ਅਤੇ ਉਹ ਜ਼ਿੰਦਾ ਹਨ।"

(ਬਾਕੀ ਸਫਾ 2 'ਤੇ)

# ਇੱਕ ਅਗਸਤ ਨੂੰ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਮੁਲਤਵੀ

ਅੰਮ੍ਰਿਤਸਰ, 29 ਜੁਲਾਈ (ਬਬਲੂ ਮਹਾਜਨ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਪਰਿਵਾਰਕ ਮੈਂਬਰ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ਦੇ ਕਾਰਨ ਮਿਤੀ 01 ਅਗਸਤ 2025 ਨੂੰ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਫਿਲਹਾਲ ਮੁਲਤਵੀ ਕੀਤੀ ਗਈ ਹੈ। ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਸ. ਬਗੀਚਾ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਦਾ ਅਗਲਾ ਸਮਾਂ ਅਤੇ ਮਿਤੀ ਤੈਅ ਹੋਣ ਉਪਰੰਤ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੋ ਮਿਤੀ 01 ਅਗਸਤ 2025 ਦੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ (ਬਾਕੀ ਸਫਾ 2 'ਤੇ)

# ਕਰਜ਼ੇ ਦੇ ਜਾਲ 'ਚ ਫਸ ਰਹੇ ਨੇ ਭਾਰਤੀ, ਰਕਮ 44 ਫ਼ੀਸਦੀ ਵਧ ਕੇ ਹੋਈ 33,886 ਕਰੋੜ ਤੋਂ ਪਾਰ

ਨਵੀਂ ਦਿੱਲੀ, 29 ਜੁਲਾਈ (ਚੜ੍ਹਦੀਕਲਾ ਬਿਊਰੋ) : ਹਰ ਕੋਈ ਕ੍ਰੈਡਿਟ ਕਾਰਡ ਰੱਖਣਾ ਚਾਹੁੰਦਾ ਹੈ, ਜਿਸਦੀ ਲਿਮਟ ਵੀ ਬਹੁਤ ਜ਼ਿਆਦਾ ਹੋਵੇ। ਜਦੋਂ ਕ੍ਰੈਡਿਟ ਕਾਰਡ ਹੱਥ ਵਿੱਚ ਆਉਂਦਾ ਹੈ, ਤਾਂ ਬਹੁਤ ਸਾਰੇ ਲੋਕ ਇਸਦੇ ਬਿੱਲਾਂ ਬਾਰੇ ਸੋਚੇ ਬਿਨਾਂ ਬਹੁਤ ਜ਼ਿਆਦਾ ਖਰੀਦਦਾਰੀ ਕਰ ਲੈਂਦੇ ਹਨ। ਨਤੀਜੇ ਵਜੋਂ, ਨਿਰਧਾਰਤ ਮਿਆਦ ਤੋਂ ਬਾਅਦ, ਇੱਕ ਵੱਡਾ ਬਿੱਲ ਸਾਹਮਣੇ ਆ ਜਾਂਦਾ ਹੈ। ਇੱਕ ਰਿਪੋਰਟ ਅਨੁਸਾਰ, ਪਿਛਲੇ ਇੱਕ ਸਾਲ ਵਿੱਚ ਕ੍ਰੈਡਿਟ ਕਾਰਡਾਂ ਦੀ ਬਕਾਇਆ ਰਕਮ ਵਿੱਚ 44% ਵਾਧਾ ਹੋਇਆ ਹੈ। ਮਾਰਚ 2025 ਤੱਕ, ਬਕਾਇਆ ਰਕਮ 33,886.5 ਕਰੋੜ ਰੁਪਏ ਤੱਕ ਪਹੁੰਚ ਗਈ।




ਅੱਜ-ਕੱਲ੍ਹ ਕਿਸੇ ਕੋਲ ਕ੍ਰੈਡਿਟ ਕਾਰਡ ਹੋਣਾ ਬਹੁਤ ਆਮ ਹੋ ਗਿਆ ਹੈ। ਜਿੰਨੀ ਤੇਜ਼ੀ ਨਾਲ ਕ੍ਰੈਡਿਟ ਕਾਰਡਾਂ ਦੀ ਵਰਤੋਂ ਵਧ ਰਹੀ ਹੈ, ਉਸਦੀ ਬਕਾਇਆ ਰਕਮ ਵੀ ਉਸੇ ਰਫ਼ਤਾਰ ਨਾਲ ਵਧ ਰਹੀ ਹੈ। ਯਾਨੀ ਕਿ ਲੋਕ ਕ੍ਰੈਡਿਟ ਕਾਰਡਾਂ ਦੀ ਵਰਤੋਂ ਕਰ ਰਹੇ ਹਨ ਪਰ ਇਸਦੇ ਬਿੱਲਾਂ ਦਾ ਭੁਗਤਾਨ ਕਰਨ ਦੇ ਯੋਗ ਨਹੀਂ ਹਨ। ਇਹ ਸਮੱਸਿਆ ਮੁੱਖ ਤੌਰ 'ਤੇ ਮੱਧ ਵਰਗ ਨੂੰ ਜ਼ਿਆਦਾ ਪਰੇਸ਼ਾਨ ਕਰ ਰਹੀ ਹੈ।

91-360 ਦਿਨਾਂ ਦੀ ਸ਼੍ਰੇਣੀ ਵਿੱਚ ਕ੍ਰੈਡਿਟ ਕਾਰਡ ਦੀ ਬਕਾਇਆ ਰਕਮ ਦੀ ਸਮੱਸਿਆ ਵਧ ਰਹੀ ਹੈ। ਮਾਰਚ 2024 ਵਿੱਚ, ਇਹ ਅੰਕੜਾ 2347 5.6 ਕਰੋੜ ਰੁਪਏ ਸੀ। ਜੋ ਮਾਰਚ 2025 ਤੱਕ ਵਧ ਕੇ 33,886.5 ਕਰੋੜ ਰੁਪਏ ਹੋ ਗਿਆ।

ਇਸ ਤੋਂ ਇਲਾਵਾ, 91-180 ਦਿਨਾਂ ਦੀ ਸ਼੍ਰੇਣੀ ਵਿੱਚ ਬਕਾਇਆ ਵੀ ਵਧ ਰਿਹਾ ਹੈ। ਇਸ ਵਿੱਚ, ਇਹ ਰਕਮ ਪਿਛਲੇ ਸਾਲ 20,872.6 ਕਰੋੜ ਰੁਪਏ ਤੋਂ ਵੱਧ ਸੀ, ਜੋ ਇਸ ਸਾਲ ਵਧ ਕੇ 29,983.6 ਕਰੋੜ ਰੁਪਏ ਹੋ ਗਈ ਹੈ। 181-360 ਦਿਨਾਂ ਦੀ ਸ਼੍ਰੇਣੀ ਦੀ ਗੱਲ ਕਰੀਏ ਤਾਂ, (ਬਾਕੀ ਸਫਾ 2 'ਤੇ)

### ਗ੍ਰਹਿ ਮੰਤਰੀ ਨੇ ਸੰਸਦ 'ਚ ਪੇਸ਼ ਕੀਤੇ ਸਾਰੇ ਸਬੂਤ

# ਪਹਿਲਗਾਮ ਹਮਲੇ 'ਚ ਸ਼ਾਮਲ ਤਿੰਨੋਂ ਅੱਤਵਾਦੀ 'ਆਪ੍ਰੇਸ਼ਨ ਮਹਾਂਦੇਵ' ਦੌਰਾਨ ਮਾਰੇ ਗਏ: ਸ਼ਾਹ

ਨਵੀਂ ਦਿੱਲੀ, 29 ਜੁਲਾਈ (ਚ.ਨ.ਸ.): ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ (29 ਜੁਲਾਈ, 2025) ਨੂੰ ਸੰਸਦ ਵਿੱਚ ਆਪ੍ਰੇਸ਼ਨ ਸਿੰਦੂਰ 'ਤੇ ਚਰਚਾ ਦੌਰਾਨ ਸਰਕਾਰ ਦਾ ਪੱਖ ਰੱਖਿਆ। ਅਮਿਤ ਸ਼ਾਹ ਨੇ ਕਿਹਾ ਕਿ ਪਹਿਲਗਾਮ ਵਿੱਚ ਪਾਕਿਸਤਾਨੀ ਅੱਤਵਾਦੀਆਂ ਦੇ ਹਮਲੇ ਦੇ ਜਵਾਬ ਵਿੱਚ, ਦੇਸ਼ ਦੇ ਪ੍ਰਧਾਨ ਮੰਤਰੀ ਨੇ ਦ੍ਰਿੜ ਇੱਛਾ ਸ਼ਕਤੀ ਦਿਖਾਈ ਅਤੇ ਆਪ੍ਰੇਸ਼ਨ ਸਿੰਦੂਰ ਨੂੰ ਇਜਾਜ਼ਤ ਦਿੱਤੀ।



ਅਮਿਤ ਸ਼ਾਹ ਨੇ ਕਿਹਾ ਕਿ ਪਹਿਲਗਾਮ ਵਿੱਚ ਲੋਕਾਂ ਨੂੰ ਉਨ੍ਹਾਂ ਦਾ ਧਰਮ ਪੁੱਛਣ 'ਤੇ ਮਾਰਿਆ ਗਿਆ, ਮੈਂ ਇਸਦੀ ਸਖ਼ਤ ਨਿੰਦਾ ਕਰਦਾ ਹਾਂ ਤੇ ਪੀੜਤ ਪਰਿਵਾਰਾਂ ਪ੍ਰਤੀ ਆਪਣੀ ਹਮਦਰਦੀ ਪ੍ਰਗਟ ਕਰਦਾ ਹਾਂ। ਆਪ੍ਰੇਸ਼ਨ ਸਿੰਦੂਰ ਦੇ ਜਵਾਬ ਵਿੱਚ, ਪਾਕਿਸਤਾਨ ਦੇ ਟਿਕਾਣੇ ਤਬਾਹ ਕਰ ਦਿੱਤੇ ਗਏ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਕੱਲ੍ਹ ਤੋਂ, ਇੱਥੇ ਪੱਖ ਅਤੇ ਵਿਰੋਧੀ ਧਿਰ ਵਿੱਚ ਚਰਚਾ ਚੱਲ ਰਹੀ ਹੈ। ਮੈਂ ਪੂਰੇ ਦੇਸ਼ ਨੂੰ 'ਆਪ੍ਰੇਸ਼ਨ ਮਹਾਂਦੇਵ' ਬਾਰੇ ਸੂਚਿਤ ਕਰਨਾ ਚਾਹੁੰਦਾ ਹਾਂ।

ਅਮਿਤ ਸ਼ਾਹ ਨੇ ਕਿਹਾ ਕਿ 'ਆਪ੍ਰੇਸ਼ਨ ਮਹਾਂਦੇਵ' ਵਿੱਚ, ਫੌਜ ਅਤੇ ਸੀਆਰਪੀਐਫ ਅਤੇ ਜੰਮੂ-ਕਸ਼ਮੀਰ ਪੁਲਿਸ ਦੇ ਸਾਂਝੇ ਆਪ੍ਰੇਸ਼ਨ ਵਿੱਚ ਤਿੰਨ ਅੱਤਵਾਦੀ ਸੁਲੇਮਾਨ ਉਰਫ ਫੈਜ਼ਲ, ਅਫਗਾਨ ਅਤੇ ਜਿਬਰਾਨ ਮਾਰੇ ਗਏ ਸਨ। ਸੁਲੇਮਾਨ ਲਸ਼ਕਰ-ਏ-ਤੋਇਬਾ ਦਾ ਕਮਾਂਡਰ ਸੀ। ਸਾਡੀਆਂ ਏਜੰਸੀਆਂ ਕੋਲ ਇਸ ਗੱਲ ਦੇ ਕਈ ਸਬੂਤ ਹਨ ਕਿ ਸੁਲੇਮਾਨ ਪਹਿਲਗਾਮ ਹਮਲੇ ਅਤੇ ਗਗਨਗੀਰ ਅੱਤਵਾਦੀ ਹਮਲੇ ਵਿੱਚ ਸ਼ਾਮਲ ਸੀ। ਇਸ ਦੇ ਨਾਲ ਹੀ ਅਫਗਾਨ ਲਸ਼ਕਰ-ਏ-ਤੋਇਬਾ ਦਾ ਅੱਤਵਾਦੀ ਸੀ ਅਤੇ ਜਿਬਰਾਨ ਵੀ ਇੱਕ ਅੱਤਵਾਦੀ ਸੀ।

ਗ੍ਰਹਿ ਮੰਤਰੀ ਨੇ ਅੱਗੇ ਕਿਹਾ, 'ਮੈਂ ਪੂਰੇ ਦੇਸ਼ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਤਿੰਨ ਅੱਤਵਾਦੀ ਉਨ੍ਹਾਂ ਲੋਕਾਂ ਵਿੱਚ ਸ਼ਾਮਲ ਸਨ ਜਿਨ੍ਹਾਂ ਨੇ ਬੈਸਰਨ ਘਾਟੀ ਵਿੱਚ ਸਾਡੇ ਨਾਗਰਿਕਾਂ ਨੂੰ ਮਾਰਿਆ ਸੀ ਅਤੇ ਤਿੰਨੋਂ ਮਾਰੇ ਗਏ ਸਨ। ਫੌਜ ਦੇ ਪੈਰਾ ਫੋਰਸ ਸੀਆਰਪੀਐਫ ਦੇ ਜਵਾਨ ਇਸ ਕਾਰਵਾਈ ਵਿੱਚ ਸ਼ਾਮਲ ਸਨ, ਤੇ ਮੈਂ ਸਦਨ ਵੱਲੋਂ ਜੰਮੂ-ਕਸ਼ਮੀਰ ਪੁਲਿਸ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਅਮਿਤ ਸ਼ਾਹ ਨੇ ਕਿਹਾ ਕਿ ਆਈਬੀ ਅਤੇ ਫੌਜ ਵੱਲੋਂ 22 ਮਈ ਤੋਂ 22 ਜੁਲਾਈ 2025 ਤੱਕ ਰਾਂਚੀ ਖੇਤਰ ਵਿੱਚ ਅੱਤਵਾਦੀਆਂ ਦੀ ਮੌਜੂਦਗੀ ਬਾਰੇ ਠੋਸ ਜਾਣਕਾਰੀ ਪ੍ਰਾਪਤ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਗਈਆਂ। ਫਿਰ 22 ਜੁਲਾਈ ਨੂੰ ਫੌਜ ਨੂੰ ਸਫਲਤਾ ਮਿਲੀ ਅਤੇ ਸੈਂਸਰਾਂ ਦੀ ਮੱਦਦ ਨਾਲ ਅੱਤਵਾਦੀਆਂ ਦੀ ਮੌਜੂਦਗੀ ਬਾਰੇ ਜਾਣਕਾਰੀ ਮਿਲੀ। ਫਿਰ ਦੇਸ਼ ਦੀ ਫੌਜ ਅਤੇ ਪੁਲਿਸ ਨੇ ਅੱਤਵਾਦੀਆਂ ਨੂੰ ਘੇਰਨ ਲਈ ਮਿਲ ਕੇ ਕੰਮ ਕੀਤਾ ਅਤੇ ਜਦੋਂ ਤੱਕ ਆਪ੍ਰੇਸ਼ਨ ਮਹਾਦੇਵ ਸਫਲ ਹੋਇਆ, ਤਿੰਨੋਂ ਅੱਤਵਾਦੀ ਮਾਰੇ ਗਏ।

## ਪਹਿਲੇ ਸਫ਼ੇ ਦੀ ਬਾਕੀ

### 'ਪ੍ਰਲਯ' ਮਿਜ਼ਾਈਲ ਦੀ

ਇਹ ਅਜ਼ਮਾਇਸ਼ ਦੋ ਵੱਖ-ਵੱਖ ਦਿਨਾਂ ਸੋਮਵਾਰ ਅਤੇ ਮੰਗਲਵਾਰ ਨੂੰ ਓਡੀਸਾ ਦੇ ਸਾਹਿਲ 'ਤੇ ਏਪੀਜੇ ਅਬਦੁਲ ਕਲਾਮ ਟਾਪੂ ਤੋਂ ਕੀਤੀ ਗਈ।

ਡੀਆਰਡੀਓ ਦੇ ਚੇਅਰਮੈਨ ਡਾ. ਸਮੀਰ ਵੀ. ਕਾਮਤ ਨੇ ਸਫ਼ਲ ਪ੍ਰੀਖਣਾਂ ਲਈ ਵਧਾਈ ਦਿੱਤੀ ਅਤੇ ਕਿਹਾ ਕਿ 'ਪਹਿਲੇ ਪੜਾਅ ਦੇ ਫਲਾਈਟ ਟੈਸਟ ਪੂਰੇ ਹੋਣ ਨਾਲ ਭਵਿੱਖ ਵਿੱਚ ਇਸ ਸਿਸਟਮ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਸ਼ਾਮਲ ਕਰਨ ਦਾ ਰਾਹ ਪੱਧਰਾ ਹੋਵੇਗਾ।"

ਪ੍ਰਲਏ ਭਾਰਤ ਵਿਚ ਵਿਕਸਤ ਠੋਸ ਪ੍ਰੋਪੇਲੈਂਟ ਕੁਆਸੀ-ਬੈਲਿਸਟਿਕ ਮਿਜ਼ਾਈਲ ਹੈ, ਜੋ ਸਟੀਕ ਨਿਸ਼ਾਨੇ ਨੂੰ ਯਕੀਨੀ ਬਣਾਉਣ ਲਈ ਅਤਿ-ਆਧੁਨਿਕ ਮਾਰਗਦਰਸ਼ਨ ਅਤੇ ਨੈਵੀਗੇਸ਼ਨ ਦੀ ਵਰਤੋਂ ਕਰਦੀ ਹੈ। ਇਹ ਮਿਜ਼ਾਈਲ ਵੱਖ-ਵੱਖ ਟੀਚਿਆਂ ਮੁਤਾਬਕ ਕਈ ਕਿਸਮਾਂ ਦੇ ਹਥਿਆਰ ਲਿਜਾਣ ਦੇ ਸਮਰੱਥ ਹੈ। ਇਹ ਮਿਜ਼ਾਈਲ ਦੁਸ਼ਮਣ ਦੀਆਂ ਰਡਾਰ ਸਥਾਪਨਾਵਾਂ, ਸੰਚਾਰ ਕੇਂਦਰਾਂ, ਕਮਾਂਡ ਅਤੇ ਕੰਟਰੋਲ ਕੇਂਦਰਾਂ ਅਤੇ ਹੋਰ ਮਹੱਤਵਪੂਰਨ ਫੌਜੀ ਟਿਕਾਣਿਆਂ 'ਤੇ ਹਮਲਾ ਕਰਨ ਅਤੇ ਉਨ੍ਹਾਂ ਨੂੰ ਨਸ਼ਟ ਕਰਨ ਲਈ ਤਿਆਰ ਕੀਤੀ ਗਈ ਹੈ।

ਉਡਾਣ-ਪ੍ਰੀਖਣਾਂ ਨੂੰ ਡੀਆਰਡੀਓ ਦੇ ਸੀਨੀਅਰ ਵਿਗਿਆਨੀਆਂ, ਭਾਰਤੀ ਹਵਾਈ ਸੈਨਾ ਅਤੇ ਭਾਰਤੀ ਫੌਜ ਦੇ ਨੁਮਾਇੰਦਿਆਂ ਨੇ ਦੇਖਿਆ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸਫਲ ਉਡਾਣ-ਪ੍ਰੀਖਣਾਂ ਲਈ ਡੀਆਰਡੀਓ, ਹਥਿਆਰਬੰਦ ਸੈਨਾਵਾਂ ਅਤੇ ਉਦਯੋਗ ਦੀ ਸ਼ਲਾਘਾ ਕੀਤੀ ਹੈ। ਸਿੰਘ ਨੇ ਕਿਹਾ ਕਿ ਆਧੁਨਿਕ ਤਕਨਾਲੋਜੀਆਂ ਨਾਲ ਲੈਸ ਇਹ ਮਿਜ਼ਾਈਲ ਹਥਿਆਰਬੰਦ ਸੈਨਾਵਾਂ ਨੂੰ ਖਤਰਿਆਂ ਦੇ ਵਿਰੁੱਧ ਹੋਰ ਤਕਨੀਕੀ ਹੁਲਾਰਾ ਦੇਵੇਗੀ।

### ਦੁਨੀਆਂ ਦੇ ਕਿਸੇ ਵੀ ਦੇਸ਼ ਨੇ ਭਾਰਤ ਨੂੰ

ਮੈਨੂੰ ਆਸ਼ੀਰਵਾਦ ਦਿੱਤਾ, ਮੈਂ ਦੇਸ਼ ਦੇ ਲੋਕਾਂ ਦਾ ਰਿਣੀ ਹਾਂ। ਮੈਂ ਦੇਸ਼ ਵਾਸੀਆਂ ਦਾ ਧੰਨਵਾਦ ਕਰਦਾ ਹਾਂ, ਮੈਂ ਦੇਸ਼ ਵਾਸੀਆਂ ਨੂੰ ਵਧਾਈ ਦਿੰਦਾ ਹਾਂ। ਮੋਦੀ ਨੇ ਕਿਹਾ ਕਿ ਮੈਂ ਇੱਥੇ ਇਸ ਸਦਨ ਦੇ ਸਾਹਮਣੇ ਭਾਰਤ ਦਾ ਪੱਖ ਰੱਖਣ ਲਈ ਖੜ੍ਹਾ ਹਾਂ। ਮੈਂ ਇੱਥੇ ਉਨ੍ਹਾਂ ਲੋਕਾਂ ਨੂੰ ਸ਼ੀਸ਼ਾ ਦਿਖਾਉਣ ਲਈ ਖੜ੍ਹਾ ਹਾਂ ਜੋ ਭਾਰਤ ਦਾ ਪੱਖ ਨਹੀਂ ਦੇਖ ਸਕਦੇ। ਮੈਂ ਕਿਹਾ ਸੀ ਕਿ ਇਹ ਭਾਰਤ ਦੇ 'ਵਿਜਯੋਤਸਵ' ਦਾ ਸੈਸ਼ਨ ਹੈ... ਜਦੋਂ ਮੈਂ 'ਵਿਜਯੋਤਸਵ' ਬਾਰੇ ਗੱਲ ਕਰ ਰਿਹਾ ਹਾਂ, ਤਾਂ ਮੈਂ ਕਹਿਣਾ ਚਾਹਾਂਗਾ ਇਹ 'ਵਿਜਯੋਤਸਵ' ਅੱਤਵਾਦੀ ਹੈੱਡਕੁਆਰਟਰ ਨੂੰ ਢਾਹ ਦੇਣ ਬਾਰੇ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਵਾਪਰੀ ਬੇਰਹਿਮ ਘਟਨਾ, ਜਿਸ ਤਰ੍ਹਾਂ ਅੱਤਵਾਦੀਆਂ ਨੇ ਮਾਸੂਮ ਲੋਕਾਂ ਨੂੰ ਉਨ੍ਹਾਂ ਦੇ ਧਰਮ ਬਾਰੇ ਪੁੱਛਿਆ ਅਤੇ ਫਿਰ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ, ਉਹ ਬੇਰਹਿਮੀ ਦੀ ਸਿਖਰ ਸੀ। ਇਹ ਭਾਰਤ ਨੂੰ ਹਿੰਸਾ ਦੀ ਅੱਗ ਵਿੱਚ ਸੁੱਟਣ ਦੀ ਇੱਕ ਯੋਜਨਾਬੱਧ ਕੋਸ਼ਿਸ਼ ਸੀ। ਇਹ ਭਾਰਤ ਵਿੱਚ ਦੰਗੇ ਫੈਲਾਉਣ ਦੀ ਸਾਜ਼ਿਸ਼ ਸੀ। ਅੱਜ ਮੈਂ ਦੇਸ਼ ਵਾਸੀਆਂ ਦਾ ਧੰਨਵਾਦ ਕਰਦਾ ਹਾਂ ਕਿ ਦੇਸ਼ ਨੇ ਏਕਤਾ ਨਾਲ ਉਸ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਫੌਜ ਨੂੰ ਕਾਰਵਾਈ ਕਰਨ ਦੀ ਪੂਰੀ ਆਜ਼ਾਦੀ ਦਿੱਤੀ ਗਈ ਸੀ ਅਤੇ ਇਹ ਵੀ ਕਿਹਾ ਗਿਆ ਸੀ, ਕਿ ਫੌਜ ਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਕਦੋਂ, ਕਿੱਥੇ, ਕਿਵੇਂ ਅਤੇ ਕਿਸ ਤਰੀਕੇ ਨਾਲ ਕਾਰਵਾਈ ਕਰਨੀ ਹੈ... ਸਾਨੂੰ ਮਾਣ ਹੈ ਕਿ ਅੱਤਵਾਦੀਆਂ ਨੂੰ ਸਜ਼ਾ ਦਿੱਤੀ ਗਈ, ਅਤੇ ਇਹ ਅਜਿਹੀ ਸਜ਼ਾ ਸੀ ਕਿ ਅੱਤਵਾਦ ਦੇ ਮਾਲਕਾਂ ਦੀ ਅੱਜ ਵੀ ਨੀਂਦ ਉੱਡ ਗਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮੈਂ 22 ਅਪ੍ਰੈਲ ਨੂੰ ਵਿਦੇਸ਼ ਸੀ। ਮੈਂ ਤੁਰੰਤ ਵਾਪਸ ਆ ਗਿਆ ਅਤੇ ਵਾਪਸ ਆਉਣ ਤੋਂ ਤੁਰੰਤ ਬਾਅਦ ਮੈਂ ਇੱਕ ਮੀਟਿੰਗ ਬੁਲਾਈ ਅਤੇ ਅਸੀਂ ਸਪੱਸ਼ਟ ਨਿਰਦੇਸ਼ ਦਿੱਤੇ ਕਿ ਅੱਤਵਾਦ ਨੂੰ ਢੁੱਕਵਾਂ ਜਵਾਬ ਦੇਣਾ ਪਵੇਗਾ ਅਤੇ ਇਹ ਸਾਡਾ ਰਾਸ਼ਟਰੀ ਸੰਕਲਪ ਹੈ। ਫੌਜ ਨੂੰ ਕਾਰਵਾਈ ਕਰਨ ਦੀ ਪੂਰੀ ਆਜ਼ਾਦੀ ਦਿੱਤੀ ਗਈ ਸੀ ਅਤੇ ਇਹ ਵੀ ਕਿਹਾ ਗਿਆ ਸੀ ਕਿ ਫੌਜ ਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਕਦੋਂ, ਕਿੱਥੇ, ਕਿਵੇਂ ਅਤੇ ਕਿਸ ਤਰੀਕੇ ਨਾਲ ਕਾਰਵਾਈ ਕਰਨੀ ਹੈ। ਇਹ ਸਾਰੀਆਂ ਗੱਲਾਂ ਉਸ ਮੀਟਿੰਗ ਵਿੱਚ ਸਪੱਸ਼ਟ ਤੌਰ 'ਤੇ ਕਹੀਆਂ ਗਈਆਂ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪਹਿਲਗਾਮ ਅੱਤਵਾਦੀ ਹਮਲੇ ਤੋਂ ਤੁਰੰਤ ਬਾਅਦ, ਪਾਕਿਸਤਾਨੀ ਫੌਜ ਨੂੰ ਅਹਿਸਾਸ ਹੋ ਗਿਆ ਸੀ ਕਿ ਭਾਰਤ ਬਹੁਤ ਵੱਡੀ ਕਾਰਵਾਈ ਕਰੇਗਾ। ਉਨ੍ਹਾਂ ਨੇ ਪ੍ਰਮਾਣੂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। 6-7 ਮਈ ਦੀ ਅੱਧੀ ਰਾਤ ਨੂੰ, ਭਾਰਤ ਨੇ ਯੋਜਨਾ ਅਨੁਸਾਰ ਬਿਲਕੁਲ ਕਦਮ ਚੁੱਕਿਆ। ਪਾਕਿਸਤਾਨ ਕੁਝ ਨਹੀਂ ਕਰ ਸਕਿਆ। ਸਾਡੀਆਂ ਹਥਿਆਰਬੰਦ ਫੌਜਾਂ ਨੇ 22 ਅਪ੍ਰੈਲ ਦੀ ਘਟਨਾ ਦਾ ਬਦਲਾ 22 ਮਿੰਟਾਂ ਦੇ ਅੰਦਰ ਸਟੀਕ ਹਮਲੇ ਨਾਲ ਲਿਆ।

### 'ਆਪ੍ਰੇਸ਼ਨ ਸਿੰਦੂਰ' ਦੌਰਾਨ ਫ਼ੌਜਾਂ ਦਾ

ਤੁਸੀਂ ਪਾਕਿਸਤਾਨ ਨੂੰ ਬਿਲਕੁਲ ਦੱਸ ਦਿੱਤਾ ਕਿ ਤੁਸੀਂ ਕੀ ਕਰਨ ਜਾ ਰਹੇ ਹੋ ਕਿ ਅਸੀਂ ਸੈਨਿਕ ਨਿਸ਼ਾਨਿਆਂ 'ਤੇ ਹਮਲਾ ਨਹੀਂ ਕਰਾਂਗੇ, ਕਿ ਅਸੀਂ ਸਥਿਤੀ ਨੂੰ ਵਧਾਉਣਾ ਨਹੀਂ ਚਾਹੁੰਦੇ। ਉਨ੍ਹਾਂ ਨੇ ਦੋਸ਼ ਲਗਾਇਆ,"ਤੁਸੀਂ ਸਿੱਧੇ ਤੌਰ 'ਤੇ ਪਾਕਿਸਤਾਨ ਨੂੰ ਆਪਣੀ ਸਿਆਸੀ ਇੱਛਾ ਸ਼ਕਤੀ ਦੱਸੀ, ਕਿ ਤੁਸੀਂ ਲੜਨਾ ਨਹੀਂ ਚਾਹੁੰਦੇ। ਇਹ ਕਾਰਵਾਈ ਦੀ ਆਜ਼ਾਦੀ ਨਹੀਂ ਹੈ, ਇਹ ਸਮਰਪਣ ਹੈ।" ਗਾਂਧੀ ਨੇ ਇਹ ਵੀ ਦਾਅਵਾ ਕੀਤਾ ਕਿ ਅਪਰੇਸ਼ਨ ਦੌਰਾਨ ਭਾਰਤੀ ਜਹਾਜ਼ਾਂ ਦਾ ਨੁਕਸਾਨ ਸਿਆਸੀ ਰੁਕਾਵਟਾਂ ਕਾਰਨ ਹੋਇਆ ਸੀ, ਨਾ ਕਿ ਫੌਜੀ ਕਮੀਆਂ ਕਾਰਨ। ਉਨ੍ਹਾਂ ਕਿਹਾ,"ਜਹਾਜ਼ ਇਸ ਲਈ ਗੁਆਚ ਗਏ, ਕਿਉਂਕਿ ਸਿਆਸੀ ਲੀਡਰਸ਼ਿਪ ਨੇ ਪਾਕਿਸਤਾਨ ਵਿੱਚ ਫੌਜੀ ਅਤੇ ਹਵਾਈ ਰੱਖਿਆ ਬੁਨਿਆਦੀ ਢਾਂਚੇ 'ਤੇ ਹਮਲਾ ਨਾ ਕਰਨ ਦਾ ਫੈਸਲਾ ਕਰਕੇ ਹਥਿਆਰਬੰਦ ਸੈਨਾਵਾਂ ਦੇ ਹੱਥ ਬੰਨ੍ਹ ਦਿੱਤੇ ਸਨ।" ਗਾਂਧੀ ਨੇ ਸਰਕਾਰ 'ਤੇ ਹਮਲਾ ਕਰਨ ਲਈ ਇੰਡੋਨੇਸ਼ੀਆ ਵਿੱਚ ਭਾਰਤ ਦੇ ਰੱਖਿਆ ਅਟੈਚੀ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਤੁਸੀਂ ਪਾਇਲਟਾਂ ਨੂੰ ਉਨ੍ਹਾਂ ਦੇ ਹਵਾਈ ਰੱਖਿਆ ਪ੍ਰਣਾਲੀ 'ਤੇ ਹਮਲਾ ਨਾ ਕਰਨ ਲਈ ਕਿਹਾ।

### ਟਰੱਕ ਨਾਲ ਟਕਰਾਈ ਕਾਂਵੜੀਆਂ ਦੀ ਬੱਸ,

ਦੀ ਮੌਤ ਹੋ ਗਈ, ਜਦੋਂ ਕਿ ਦਰਜਨਾਂ ਸ਼ਰਧਾਲੂ ਜ਼ਖਮੀ ਹੋ ਗਏ ਹਨ। ਕੁਝ ਹੋਰ ਰਿਪੋਰਟਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ 9 ਅਤੇ 30 ਤੋਂ ਵੱਧ ਜ਼ਖਮੀ ਹੋਣ ਦਾ ਜ਼ਿਕਰ ਹੈ। ਮਰਨ ਵਾਲਿਆਂ ਦੀ ਗਿਣਤੀ ਵਧਣ ਦੀ ਉਮੀਦ ਹੈ।

ਸਾਂਸਦ ਨਿਸ਼ੀਕਾਂਤ ਦੂਬੇ ਨੇ ਟਵੀਟ ਕੀਤਾ ਹੈ ਕਿ 'ਮੇਰੀ ਲੋਕ ਸਭਾ ਦੇ ਦੇਵਘਰ ਵਿੱਚ ਸ਼ਰਾਵਣ ਦੇ ਮਹੀਨੇ ਕੰਵੜ ਯਾਤਰਾ ਦੌਰਾਨ ਬੱਸ ਅਤੇ ਟਰੱਕ ਹਾਦਸੇ ਕਾਰਨ 18 ਸ਼ਰਧਾਲੂਆਂ ਦੀ ਮੌਤ ਹੋ ਗਈ ਹੈ। ਬਾਬਾ ਬੈਦਿਆਨਾਥ ਜੀ ਉਨ੍ਹਾਂ ਦੇ ਪਰਿਵਾਰਾਂ ਨੂੰ ਦੁੱਖ ਸਹਿਣ ਦੀ ਤਾਕਤ ਦੇਣ।' ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਪ੍ਰਸ਼ਾਸਨ, ਪੁਲਿਸ ਅਤੇ ਐਂਬੂਲੈਂਸ ਦੀਆਂ ਟੀਮਾਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ।

ਸਾਰੇ ਜ਼ਖਮੀਆਂ ਨੂੰ ਦੇਵਘਰ ਦੇ ਵੱਖ-ਵੱਖ ਹਸਪਤਾਲਾਂ ਅਤੇ ਪ੍ਰਾਇਮਰੀ ਸਿਹਤ ਕੇਂਦਰਾਂ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਹਤ ਅਤੇ ਬਚਾਅ ਕਾਰਜ ਜਾਰੀ ਹਨ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਸ਼ਰਧਾਲੂ 'ਬੋਲ ਬਮ' ਦੇ ਜੈਕਾਰਿਆਂ ਨਾਲ ਬਾਬਾ ਬੈਦਿਆਨਾਥ ਧਾਮ ਵੱਲ ਵੱਧ ਰਹੇ ਸਨ। ਇਸ ਭਿਆਨਕ ਟੱਕਰ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

### ਸੰਸਦ ਵਿੱਚ ਗੂੰਜਿਆਂ ਸ੍ਰੀ ਹਰਿਮੰਦਰ

ਔਜਲਾ ਨੇ ਸੰਸਦ ਵਿੱਚ ਕਿਹਾ ਕਿ 7 ਮਈ ਨੂੰ ਫੌਜ ਨੇ ਪਾਕਿਸਤਾਨ ਵਿੱਚ ਅੱਤਵਾਦੀ ਟਿਕਾਣਿਆਂ 'ਤੇ ਹਮਲਾ ਕੀਤਾ। ਇਸ ਨੁਕਸਾਨ 'ਤੇ ਚਰਚਾ ਚੱਲੀ। ਪਾਕਿਸਤਾਨ ਨੇ ਕਿਹਾ ਕਿ 5 ਰਾਫੇਲਾਂ ਨੂੰ ਡੇਗ ਦਿੱਤਾ ਗਿਆ। ਅਸੀਂ ਵੀ ਇਸ 'ਤੇ ਵਿਸ਼ਵਾਸ ਨਹੀਂ ਕਰਦੇ ਤੇ ਨਾ ਹੀ ਸਾਡੀ ਫੌਜ, ਪਰ ਮੈਂ ਪ੍ਰਧਾਨ ਮੰਤਰੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਾਰੇ 35 ਰਾਫੇਲਾਂ ਦੀ ਪਰੇਡ ਕਰਾਉਣ ਤੇ ਪੂਰੀ ਦੁਨੀਆ ਨੂੰ ਦੱਸਣ ਕਿ ਦੇਸ਼ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।

10 ਮਈ ਨੂੰ ਡੋਨਾਲਡ ਟਰੰਪ ਦੀ ਜੰਗਬੰਦੀ ਦੀ ਗੱਲ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਕੋਈ ਵੀ ਜੰਗ ਸਮਝੌਤੇ ਤੋਂ ਬਿਨਾਂ ਖਤਮ ਨਹੀਂ ਹੁੰਦੀ। ਜਦੋਂ ਇੰਦਰਾ ਗਾਂਧੀ ਨੇ ਪਾਕਿਸਤਾਨ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਸੀ ਤਾਂ ਸ਼ਿਮਲਾ ਸਮਝੌਤਾ ਹੋਇਆ ਸੀ। ਪਰ ਇਹ ਪਹਿਲਾ ਯੁੱਧ ਹੈ ਜੋ ਤਿੰਨ ਦਿਨ ਚੱਲਿਆ ਤੇ ਬਿਨਾਂ ਕਿਸੇ ਸਮਝੌਤੇ ਦੇ ਖਤਮ ਹੋ ਗਿਆ। ਆਖ਼ਰਕਾਰ, ਇਹ ਜੰਗਬੰਦੀ ਕਿਵੇਂ ਹੋਈ? ਔਜਲਾ ਨੇ ਦੋਸ਼ ਲਗਾਇਆ ਕਿ ਇਸ ਫੈਸਲੇ ਪਿੱਛੇ ਵਪਾਰਕ ਹਿੱਤ ਲੁਕੇ ਹੋਏ ਹਨ। ਅਡਾਨੀ ਦੇ ਸੋਲਰ ਪਲਾਂਟ 'ਤੇ ਹਮਲੇ ਦੀ ਸੰਭਾਵਨਾ ਤੋਂ ਬਾਅਦ ਅਚਾਨਕ ਜੰਗਬੰਦੀ ਦਾ ਐਲਾਨ ਕਰ ਦਿੱਤਾ ਗਿਆ। ਸੰਸਦ ਮੈਂਬਰ ਨੇ ਕਿਹਾ ਕਿ ਸਾਡੀ ਫੌਜ ਦੁਸ਼ਮਣਾਂ ਨਾਲ ਲੜ ਰਹੀ ਹੈ, ਪਰ ਸਰਕਾਰ ਚੀਨ ਨਾਲ ਵਪਾਰ ਕਰ ਰਹੀ ਹੈ, ਜਦੋਂਕਿ ਚੀਨ ਪਾਕਿਸਤਾਨ ਨੂੰ ਪੈਸਾ ਦਿੰਦਾ ਹੈ। ਅੱਤਵਾਦ ਨੂੰ ਉਤਸ਼ਾਹਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੱਤਵਾਦ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੈ। ਅੱਜ ਵੀ ਪਾਕਿਸਤਾਨ ਨਹੀਂ ਰੁਕਿਆ। ਅੰਮ੍ਰਿਤਸਰ ਤੇ ਨੇੜਲੇ ਥਾਣਿਆਂ 'ਤੇ 18 ਹੱਥਗੋਲੇ ਸੁੱਟੇ ਗਏ ਹਨ।

### ਮਜੀਠੀਆ ਦੀ ਪਟੀਸ਼ਨ 'ਤੇ ਹਾਈ ਕੋਰਟ

ਅਤੇ ਈਡੀ ਦੇ ਸਾਬਕਾ ਡਿਪਟੀ ਡਾਇਰੈਕਟਰ ਸ਼ਾਮਲ ਹਨ।

ਪੰਜਾਬ, ਹਿਮਾਚਲ, ਦਿੱਲੀ ਅਤੇ ਯੂਪੀ ਵਿੱਚ ਮਜੀਠੀਆ ਦੀਆਂ ਜਾਇਦਾਦਾਂ 'ਤੇ ਜਾਂਚ ਅਤੇ ਛਾਪੇ ਮਾਰੇ ਗਏ ਹਨ। ਸਰਕਾਰ ਦਾ ਦਾਅਵਾ ਹੈ ਕਿ ਉਸ ਕੋਲ ਪੁਖਤਾ ਸਬੂਤ ਹਨ, ਜਦੋਂ ਕਿ ਮਜੀਠੀਆ ਦੇ ਵਕੀਲ ਇਸਨੂੰ ਬੇਬੁਨਿਆਦ ਮਾਮਲਾ ਦੱਸ ਰਹੇ ਹਨ ਅਤੇ ਕਹਿ ਰਹੇ ਹਨ, ਕਿ ਸਰਕਾਰ ਸਿਰਫ ਮੀਡੀਆ ਵਿੱਚ ਗੱਲਾਂ ਕਰਦੀ ਹੈ ਅਤੇ ਅਦਾਲਤ ਵਿੱਚ ਪਿੱਛੇ ਹਟ ਜਾਂਦੀ ਹੈ। ਮਜੀਠੀਆ ਦੇ ਵਕੀਲਾਂ ਨੇ ਮੋਹਾਲੀ ਅਦਾਲਤ ਵਿੱਚ ਇੱਕ ਅਰਜ਼ੀ ਦਾਇਰ ਕੀਤੀ ਹੈ, ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਇਸ ਕੇਸ ਦੀ ਸੁਣਵਾਈ ਕੈਮਰੇ ਵਿੱਚ ਹੋਣ ਦੀ ਬਜਾਏ ਲਾਈਵ ਸਟ੍ਰੀਮਿੰਗ ਰਾਹੀਂ ਕੀਤੀ ਜਾਵੇ। ਉਨ੍ਹਾਂ ਦਾ ਤਰਕ ਹੈ ਕਿ ਪੂਰੇ ਪੰਜਾਬ ਅਤੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਲੋਕ ਵੀ ਇਸ ਮਾਮਲੇ ਵਿੱਚ ਸੱਚਾਈ ਜਾਣਨਾ ਚਾਹੁੰਦੇ ਹਨ।

### ਗਿਆਨੀ ਕੁਲਦੀਪ ਸਿੰਘ ਗੜਗੱਜ

ਚਲਾਣਾ ਕਰ ਗਏ। ਗੁਰਵਿੰਦਰ ਸਿੰਘ ਪੰਜਾਬ ਪੁਲਸ ਵਿਚ ਏ.ਐੱਸ.ਆਈ ਸਨ ਜੋ ਤਰਨਤਾਰਨ ਜ਼ਿਲ੍ਹੇ ਦੇ ਖਾਰਾ ਪਿੰਡ ਦੇ ਰਹਿਣ ਵਾਲੇ ਸਨ ਅਤੇ ਮੌਜੂਦਾ ਸਮੇਂ ਉਹ ਅੰਮ੍ਰਿਤਸਰ ਸ਼ਹਿਰ ਵਿਚ ਭਾਈ ਮੰਝ ਰੋਡ ਸਥਿਤ ਗ੍ਰੈਂਡ ਇਸਟੇਟ ਵਿਖੇ ਆਪਣੇ ਪਰਿਵਾਰ ਸਮੇਤ ਰਹਿੰਦੇ ਸਨ।

### ਛੱਤੀਸਗੜ੍ਹ 'ਚ ਮੁਕਾਬਲੇ ਦੌਰਾਨ

ਚਵਾਨ ਨੇ ਕਿਹਾ ਕਿ,"ਅਪਰੇਸ਼ਨ ਦੌਰਾਨ ਇੱਕ ਪ੍ਰੈਸ਼ਰ ਆਈ.ਈ.ਡੀ. ਧਮਾਕੇ ਵਿੱਚ ਡੀ.ਆਰ.ਜੀ. ਨਾਲ ਸਬੰਧਤ ਤਿੰਨ ਜਵਾਨ ਜ਼ਖਮੀ ਹੋ ਗਏ। ਸਾਰੇ ਜ਼ਖਮੀ ਕਰਮਚਾਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ ਅਤੇ ਉਨ੍ਹਾਂ ਨੂੰ ਇਲਾਜ ਲਈ ਉੱਚ ਮੈਡੀਕਲ ਕੇਂਦਰਾਂ ਵਿੱਚ ਭੇਜਿਆ ਜਾ ਰਿਹਾ ਹੈ। ਉਨ੍ਹਾਂ ਦੀ ਹਾਲਤ ਇਸ ਵੇਲੇ ਸਥਿਰ ਅਤੇ ਖ਼ਤਰੇ ਤੋਂ ਬਾਹਰ ਹੈ।" ਅਧਿਕਾਰੀ ਨੇ ਕਿਹਾ ਕਿ ਅਪਰੇਸ਼ਨ ਅਜੇ ਵੀ ਜਾਰੀ ਹੈ, ਇਸ ਲਈ ਹੋਰ ਵੇਰਵਿਆਂ 'ਤੇ ਚਰਚਾ ਨਹੀਂ ਕੀਤੀ ਜਾ ਸਕਦੀ।

### ਮੰਡੀ 'ਚ ਅਚਾਨਕ ਆਏ ਹੜ੍ਹ ਕਾਰਨ

ਮੰਡੀ ਸ਼ਹਿਰ ਦੇ ਜੇਲ੍ਹ ਰੋਡ "ਚਅਪ ਕਲੋਨੀ ਵਿੱਚ ਰਾਤ ਭਰ ਪਏ ਭਾਰੀ ਮੀਂਹ ਤੋਂ ਬਾਅਦ ਵਾਪਰੀ। ਹੜ੍ਹ ਕਾਰਨ ਵਿਆਪਕ ਤਬਾਹੀ ਹੋਈ। ਸਥਾਨਕ ਅਧਿਕਾਰੀਆਂ ਅਨੁਸਾਰ ਅਚਾਨਕ ਆਇਆ ਹੜ੍ਹ ਦਰਜਨਾਂ ਪਾਰਕ ਕੀਤੇ ਵਾਹਨਾਂ ਨੂੰ ਵਹਾ ਕੇ ਲੈ ਗਿਆ। ਚਿੱਕੜ ਅਤੇ ਮਲਬਾ ਘਰਾਂ ਵਿੱਚ ਦਾਖਲ ਹੋ ਗਿਆ ਅਤੇ ਜਾਇਦਾਦ ਨੂੰ ਨੁਕਸਾਨ ਪੁੱਜਾ। ਪਾਣੀ ਦਾ ਪੱਧਰ ਅਚਾਨਕ ਵਧਣ ਕਾਰਨ ਸਥਾਨਕ ਲੋਕ ਹੈਰਾਨ ਹਨ।

ਪੈਲੇਸ ਕਲੋਨੀ ਦੇ ਵਾਰਡ ਕੌਂਸਲਰ ਹਰਦੀਪ ਸਿੰਘ ਰਾਜਾ ਨੇ ਦੱਸਿਆ ਕਿ ਇਹ ਹਾਦਸਾ ਉਦੋਂ ਵਾਪਰਿਆ ਜਦੋਂ ਇੱਕ ਪਰਿਵਾਰ ਦੇ ਚਾਰ ਮੈਂਬਰ ਸਵੇਰੇ-ਸਵੇਰੇ ਆਪਣੇ ਘਰ ਤੋਂ ਬਾਹਰ ਨਿਕਲੇ ਤਾਂ ਜੋ ਉਹ ਆਪਣੀ ਗੱਡੀ ਨੂੰ ਸੁਰੱਖਿਅਤ ਥਾਂ 'ਤੇ ਲਿਜਾ ਸਕਣ। ਉਸੇ ਪਲ ਹੜ੍ਹ ਦੇ ਪਾਣੀ ਦਾ ਇੱਕ ਤੇਜ਼ ਵਹਾਅ ਆਇਆ ਜੋ ਤਿੰਨਾਂ ਨੂੰ ਵਹਾਅ ਕੇ ਲੈ ਗਿਆ। ਪਰਿਵਾਰ ਦੇ ਇੱਕ ਮੈਂਬਰ ਦੀ ਲੱਤ ਟੁੱਟ ਗਈ ਅਤੇ ਉਸ ਨੂੰ ਗੰਭੀਰ ਹਾਲਤ ਵਿੱਚ ਸਥਾਨਕ ਹਸਪਤਾਲ ਦਾਖਲ ਕਰਵਾਇਆ ਗਿਆ।

ਹੁਣ ਤੱਕ, ਬਚਾਅ ਟੀਮਾਂ ਨੇ ਦੋ ਲਾਸ਼ਾਂ ਬਰਾਮਦ ਕੀਤੀਆਂ ਹਨ, ਜਦੋਂ ਕਿ ਲਾਪਤਾ ਵਿਅਕਤੀ ਨੂੰ ਲੱਭਣ ਲਈ ਖੋਜ ਅਤੇ ਬਚਾਅ ਕਾਰਜ ਜਾਰੀ ਹਨ। ਜ਼ਿਲ੍ਹਾ ਪ੍ਰਸ਼ਾਸਨ, ਐਸਡੀਆਰਐਫ ਅਤੇ ਸਥਾਨਕ ਵਲੰਟੀਅਰ ਮਲਬਾ ਹਟਾਉਣ ਅਤੇ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕਰਨ ਵਿੱਚ ਲੱਗੇ ਹਨ।

ਮਨੁੱਖੀ ਜਾਨਾਂ ਤੋਂ ਇਲਾਵਾ ਅਚਾਨਕ ਆਏ ਹੜ੍ਹਾਂ ਅਤੇ ਜ਼ਮੀਨ ਖਿਸਕਣ ਕਰਕੇ ਚੰਡੀਗੜ੍ਹ-ਮਨਾਲੀ ਕੌਮੀ ਸ਼ਾਹਰਾਹ ਕਈ ਥਾਵਾਂ 'ਤੇ ਬੰਦ ਹੈ। ਖਾਸ ਕਰਕੇ ਪੰਡੋਹ ਦੇ ਨੇੜੇ 4 ਮੀਲ ਅਤੇ 9 ਮੀਲ 'ਤੇ- ਮੰਡੀ ਅਤੇ ਕੁੱਲੂ ਵਿਚਕਾਰ ਆਵਾਜਾਈ ਅਸਰਅੰਦਾਜ਼ ਹੋਈ ਹੈ। ਜੋਗਿੰਦਰਨਗਰ ਨੇੜੇ ਲਵੰਡੀ ਪੁਲ 'ਤੇ ਜ਼ਮੀਨ ਖਿਸਕਣ ਕਾਰਨ ਮੰਡੀ-ਪਠਾਨਕੋਟ ਸ਼ਾਹਰਾਹ ਵੀ ਬੰਦ ਹੈ।

ਜ਼ਿਲ੍ਹੇ ਦੀਆਂ ਕਈ ਹੋਰ ਅੰਦਰੂਨੀ ਸੜਕਾਂ ਵੀ ਜ਼ਮੀਨ ਖਿਸਕਣ ਅਤੇ ਪਾਣੀ ਭਰਨ ਕਾਰਨ ਲੰਘਣ ਦੇ ਯੋਗ ਨਹੀਂ ਰਹੀਆਂ ਹਨ। ਅਧਿਕਾਰੀਆਂ ਨੇ ਸਥਾਨਕ ਲੋਕਾਂ ਨੂੰ ਘਰ ਦੇ ਅੰਦਰ ਰਹਿਣ ਅਤੇ ਜਦੋਂ ਤੱਕ ਬਹੁਤ ਜ਼ਰੂਰੀ ਨਾ ਹੋਵੇ ਯਾਤਰਾ ਤੋਂ ਬਚਣ ਦੀ ਅਪੀਲ ਕੀਤੀ ਹੈ। ਜ਼ਿਲ੍ਹਾ ਅਧਿਕਾਰੀ ਹਾਲਾਤ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ ਅਤੇ ਪ੍ਰਭਾਵਿਤ ਲੋਕਾਂ ਨੂੰ ਅਸਥਾਈ ਆਸਰਾ, ਡਾਕਟਰੀ ਸਹਾਇਤਾ ਅਤੇ ਭੋਜਨ ਸਪਲਾਈ ਸਮੇਤ ਰਾਹਤ ਉਪਾਅ ਪ੍ਰਦਾਨ ਕੀਤੇ ਜਾ ਰਹੇ ਹਨ।

ਮੰਗਲਵਾਰ ਸਵੇਰੇ ਕਾਂਗੜਾ ਨੇੜੇ ਭਾਰੀ ਮੀਂਹ ਕਾਰਨ ਹੋਏ ਜ਼ਮੀਨ ਦਾ ਇਕ ਵੱਡਾ ਹਿੱਸਾ ਖਿਸਕਣ ਨਾਲ ਕੌਮੀ ਸ਼ਾਹਰਾਹ ਬੰਦ ਹੋ ਗਿਆ, ਜਿਸ ਨਾਲ ਧਰਮਸ਼ਾਲਾ, ਮੈਕਲੌਡਗੰਜ ਅਤੇ ਆਲੇ ਦੁਆਲੇ ਦੇ ਇਲਾਕਿਆਂ ਤੱਕ ਜਾਣ ਵਾਲਾ ਇੱਕੋ-ਇੱਕ ਮੁੱਖ ਸੜਕੀ ਸੰਪਰਕ ਟੁੱਟ ਗਿਆ। ਨਤੀਜੇ ਵਜੋਂ ਹਾਈਵੇਅ ਦੇ ਦੋਵੇਂ ਪਾਸੇ ਸੈਂਕੜੇ ਵਾਹਨ ਫਸ ਗਏ, ਜਿਸ ਕਾਰਨ ਆਵਾਜਾਈ ਅਤੇ ਜ਼ਰੂਰੀ ਸੇਵਾਵਾਂ ਵਿੱਚ ਵੱਡਾ ਵਿਘਨ ਪਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਖੇਤਰ ਵਿੱਚ ਦੋ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਂਹ ਤੋਂ ਬਾਅਦ ਸਵੇਰੇ 3 ਵਜੇ ਦੇ ਕਰੀਬ ਜ਼ਮੀਨ ਖਿਸਕ ਗਈ। ਸੜਕ ਦੇ ਕਈ ਹਿੱਸੇ ਮਲਬੇ ਅਤੇ ਢਿੱਲੀਆਂ ਚੱਟਾਨਾਂ ਦੇ ਢੇਰ ਹੇਠ ਦੱਬ ਗਏ। ਫਸੇ ਵਾਹਨਾਂ ਵਿੱਚ ਸਵੇਰੇ ਅਖ਼ਬਾਰਾਂ ਦੀ ਵੰਡ ਕਰਨ ਵਾਲੀਆਂ ਵੈਨਾਂ ਵੀ ਸ਼ਾਮਲ ਸਨ, ਜੋ ਪੂਰੇ ਖੇਤਰ ਵਿੱਚ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ। ਦੁੱਧ ਦੀ ਡਲਿਵਰੀ ਅਤੇ ਹੋਰ ਜ਼ਰੂਰੀ ਵਸਤਾਂ ਦੀ ਸਪਲਾਈ ਕਰਨ ਵਾਲੇ ਵਾਹਨ ਵੀ ਹਾਈਵੇਅ 'ਤੇ ਫਸੇ ਹੋਏ ਸਨ।

ਹਾਲਾਤ ਦੀ ਗੰਭੀਰਤਾ ਦੇ ਬਾਵਜੂਦ, ਜ਼ਿਲ੍ਹਾ ਪ੍ਰਸ਼ਾਸਨ, ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਟੀ ਜਾਂ ਰਾਜ ਲੋਕ ਨਿਰਮਾਣ ਵਿਭਾਗ ਦਾ ਕੋਈ ਵੀ ਅਧਿਕਾਰੀ ਕਈ ਘੰਟਿਆਂ ਤੱਕ ਘਟਨਾ ਸਥਾਨ 'ਤੇ ਨਹੀਂ ਪਹੁੰਚਿਆ। ਮਲਬੇ ਨੂੰ ਹਟਾਉਣ ਲਈ ਕੋਈ ਤੁਰੰਤ ਕੋਸ਼ਿਸ਼ ਨਹੀਂ ਕੀਤੀ ਗਈ, ਜਿਸ ਕਾਰਨ ਯਾਤਰੀ ਅਤੇ ਸੈਲਾਨੀ ਲਗਾਤਾਰ ਮੀਂਹ ਵਿਚ ਖੱਜਲ ਖੁਆਰ ਹੋ ਰਹੇ ਹਨ।

ਅਖ਼ਬਾਰ ਡਲਿਵਰੀ ਵਾਹਨ ਦੇ ਡਰਾਈਵਰ, ਜੋ ਧਰਮਸ਼ਾਲਾ ਵੱਲ ਜਾ ਰਿਹਾ ਸੀ, ਨੇ ਕਿਹਾ, "ਮੈਂ ਸਵੇਰੇ 4 ਵਜੇ ਤੋਂ ਇੱਥੇ ਫਸਿਆ ਹੋਇਆ ਹਾਂ। ਅਧਿਕਾਰੀਆਂ ਤੋਂ ਕੋਈ ਜਾਣਕਾਰੀ ਨਹੀਂ ਹੈ, ਅਤੇ ਸੜਕ ਪੂਰੀ ਤਰ੍ਹਾਂ ਬੰਦ ਹੈ।" ਬੰਦ ਹਾਈਵੇਅ ਨੇ ਇੱਕ ਵਾਰ ਫਿਰ ਮੌਨਸੂਨ ਦੇ ਮੌਸਮ ਦੌਰਾਨ ਪਹਾੜੀ ਰਾਜ ਵਿੱਚ ਸੜਕੀ ਬੁਨਿਆਦੀ ਢਾਂਚੇ ਦੀ ਕਮਜ਼ੋਰੀ ਨੂੰ ਉਜਾਗਰ ਕੀਤਾ ਹੈ।

ਪ੍ਰਸ਼ਾਸਨ ਨੇ ਅਜੇ ਤੱਕ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ ਕਿ ਸੜਕ ਕਦੋਂ ਸਾਫ਼ ਹੋਵੇਗੀ ਅਤੇ ਆਵਾਜਾਈ ਕਦੋਂ ਤੱਕ ਬਹਾਲ ਹੋਣ ਦੀ ਉਮੀਦ ਹੈ। ਮੌਸਮ ਵਿਭਾਗ ਵੱਲੋਂ ਅਗਲੇ 48 ਘੰਟਿਆਂ ਵਿੱਚ ਹੋਰ ਮੀਂਹ ਪੈਣ ਦੀ ਭਵਿੱਖਬਾਣੀ ਦੇ ਨਾਲ, ਖੇਤਰ ਵਿੱਚ ਹੋਰ ਜ਼ਮੀਨ ਖਿਸਕਣ ਅਤੇ ਵਿਘਨ ਪੈਣ ਦੀ ਚਿੰਤਾ ਵੱਧ ਰਹੀ ਹੈ।

### ਬਿਹਾਰ ਵੋਟਰ ਸੂਚੀਆਂ ਦੀ ਵਿਸ਼ੇਸ਼ ਪੜਤਾਲ '

ਆਰਜੇਡੀ ਸੰਸਦ ਮੈਂਬਰ ਮਨੋਜ ਝਾਅ ਵੱਲੋਂ ਪੇਸ਼ ਹੋਏ ਸਿੱਬਲ ਨੇ ਕਿਹਾ ਕਿ ਚੋਣ ਕਮਿਸ਼ਨ ਜਾਣਦਾ ਹੈ ਕਿ ਇਹ 65 ਲੱਖ ਲੋਕ ਕੌਣ ਹਨ ਅਤੇ ਜੇਕਰ ਉਹ ਡਰਾਫਟ ਸੂਚੀ ਵਿੱਚ ਆਪਣੇ ਨਾਮ ਦੱਸਦੇ ਹਨ, ਤਾਂ ਕਿਸੇ ਨੂੰ ਕੋਈ ਸਮੱਸਿਆ ਨਹੀਂ ਹੋਵੇਗੀ। ਜਸਟਿਸ ਕਾਂਤ ਨੇ ਕਿਹਾ, "ਜੇ ਡਰਾਫਟ ਸੂਚੀ ਸਪੱਸ਼ਟ ਤੌਰ 'ਤੇ ਚੁੱਪ ਹੈ, ਤਾਂ ਤੁਸੀਂ ਸਾਡੇ ਧਿਆਨ ਵਿੱਚ ਲਿਆਓਗੇ।" ਚੋਣ ਪੈਨਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਕੇਸ਼ ਦ੍ਵਿਵੇਦੀ ਨੇ ਕਿਹਾ ਕਿ ਡਰਾਫਟ ਸੂਚੀ ਪ੍ਰਕਾਸ਼ਨ ਤੋਂ ਬਾਅਦ ਵੀ ਗਣਨਾ ਫਾਰਮ ਦਾਖਲ ਕੀਤੇ ਜਾ ਸਕਦੇ ਹਨ। ਬੈਂਚ ਨੇ ਪਟੀਸ਼ਨਕਰਤਾਵਾਂ ਅਤੇ ਚੋਣ ਪੈਨਲ ਨੂੰ 8 ਅਗਸਤ ਤੱਕ ਆਪਣੀਆਂ ਲਿਖਤੀ ਦਲੀਲਾਂ ਦਾਖਲ ਕਰਨ ਲਈ ਕਿਹਾ।

### ਕਰਜ਼ੇ ਦੇ ਜਾਲ 'ਚ ਫਸ ਰਹੇ ਨੇ ਭਾਰਤੀ

ਇਸ ਨੇ ਬਕਾਇਆ ਰਕਮ ਵਿੱਚ 1.1% ਦਾ ਵਾਧਾ ਦਰਜ ਕੀਤਾ ਹੈ।

**ਕ੍ਰੈਡਿਟ ਕਾਰਡ ਦੀ ਵਰਤੋਂ**

ਭਾਰਤੀ ਲੋਕ ਹੁਣ ਕ੍ਰੈਡਿਟ ਕਾਰਡ ਵੱਲ ਤੇਜ਼ੀ ਨਾਲ ਆਕਰਸ਼ਿਤ ਹੋ ਰਹੇ ਹਨ। ਖਰੀਦਦਾਰੀ, ਯਾਤਰਾ ਤੇ ਰਿਵਾਰਡ ਪੌਇੰਟਸ ਜਾਂ ਕੈਸ਼ਬੈਕ ਵਾਲੇ ਆਫਰ ਇਸ ਵਾਧੂ ਰੁਝਾਨ ਦੇ ਮੁੱਖ ਕਾਰਨ ਹਨ।

ਆਰਬੀਆਈ ਦੇ ਅੰਕੜਿਆਂ ਅਨੁਸਾਰ, ਮਈ 2025 ਤੱਕ 11.11 ਕਰੋੜ ਕ੍ਰੈਡਿਟ ਕਾਰਡ ਜਾਰੀ ਕੀਤੇ ਗਏ ਹਨ। ਜਨਵਰੀ 2021 ਵਿੱਚ ਸਿਰਫ 6.10 ਕਰੋੜ ਸਨ। ਯਾਨੀ ਕਿ ਕ੍ਰੈਡਿਟ ਕਾਰਡ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਬਹੁਤ ਸਾਰੇ ਅਜਿਹੇ ਕ੍ਰੈਡਿਟ ਕਾਰਡ ਹਨ ਜੋ ਗਾਹਕਾਂ ਨੂੰ ਵਿਆਜ ਮੁਕਤ ਈਐਮਆਈ ਵਰਗੀਆਂ ਪੇਸ਼ਕਸ਼ਾਂ ਦੇ ਕੇ ਲੁਭਾਉਂਦੇ ਹਨ। ਅਜਿਹੀਆਂ ਕਈ ਲੁਭਾਉਣ ਵਾਲੀਆਂ ਪੇਸ਼ਕਸ਼ਾਂ ਕਾਰਨ, ਕ੍ਰੈਡਿਟ ਕਾਰਡ ਲੈਣ ਵਾਲਿਆਂ ਦੀ ਗਿਣਤੀ ਵਧ ਰਹੀ ਹੈ, ਪਰ ਸਮੇਂ ਸਿਰ ਬਿੱਲਾਂ ਦਾ ਭੁਗਤਾਨ ਨਾ ਕਰਨ ਵਾਲਿਆਂ ਦੀ ਗਿਣਤੀ ਵੀ ਵੱਧ ਰਹੀ ਹੈ।ਮਿਡਲ ਕਲਾਸ ਲਈ ਖਤਰਨਾਕ ਸਾਬਤ ਹੋ ਰਿਹਾ ਹੈ। ਕ੍ਰੈਡਿਟ ਕਾਰਡ ਦੇ ਲਾਲਚ ਕਈ ਕਾਰਡ ਇੰਟਰੈਸਟ ਫ੍ਰੀ ਈ ਐੱਮ ਆਈ ਜਾਂ ਵਧੀਆ ਡਿਸਕਾਊਂਟ ਦੇ ਵਾਅਦੇ ਕਰਦੇ ਹਨ। ਪਰ ਇਹ ਆਸਾਨ ਲਾਭ ਕਈ ਵਾਰ ਮਿਡਲ ਕਲਾਸ ਪਰਿਵਾਰਾਂ ਲਈ ਜਾਲ ਸਾਬਤ ਹੋ ਰਹੇ ਹਨ। ਜਿਨ੍ਹਾਂ ਦੀ ਆਮਦਨ ਘੱਟ ਹੈ, ਉਹ ਵੀ ਲੁਭਾਵਣੇ ਆਫਰ ਦੇ ਚੱਕਰ 'ਚ ਆ ਕੇ ਕਾਰਡ ਲੈ ਲੈਂਦੇ ਹਨ। ਪਰ ਜਦੋਂ ਬਿੱਲ ਭਰਨ ਦੀ ਵਾਰੀ ਆਉਂਦੀ ਹੈ ਤਾਂ ਉਨ੍ਹਾਂ ਨੂੰ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਨ੍ਹਾਂ ਕਰਕੇ ਨਾ ਸਿਰਫ ਉਨ੍ਹਾਂ ਦਾ ਕਰਜ਼ਾ ਵੱਧਦਾ ਹੈ, ਸਗੋਂ ਉਨ੍ਹਾਂ ਦੀ ਉੱਚੀਆਂ ਵਿਆਜ ਦਰਾਂ ਕਾਰਨ ਆਮਦਨ 'ਤੇ ਵੀ ਸਿੱਧਾ ਅਸਰ ਪੈਂਦਾ ਹੈ।ਬੈਂਕਾਂ ਅਤੇ ਗੈਰ-ਬੈਂਕਿੰਗ ਵਿੱਤੀ ਸੰਸਥਾਵਾਂ ਲਈ ਵੀ ਚਿੰਤਾ ਦਾ ਵਿਸ਼ਾ ਕਰੈਡਿਟ ਕਾਰਡ ਧਾਰਕਾਂ ਵੱਲੋਂ ਸਮੇਂ 'ਤੇ ਭੁਗਤਾਨ ਨਾ ਕਰਨ ਕਾਰਨ ਬੈਂਕਾਂ ਤੇ ਗੈਰ-ਬੈਂਕਿੰਗ ਵਿੱਤੀ ਸੰਸਥਾਵਾਂ ਨੂੰ ਵੀ ਭਾਰੀ ਨੁਕਸਾਨ ਝੱਲਣਾ ਪੈਂਦਾ ਹੈ। ਨੋਨ-ਪਰਫਾਰਮਿੰਗ ਐਸੇਟਸ ਵਧਣ ਦੀ ਸੰਭਾਵਨਾ ਨਾਲ ਨਾਲ ਲੋਨ ਰਿਕਵਰੀ ਦੀ ਪ੍ਰਕਿਰਿਆ ਵੀ ਮੁਸ਼ਕਲ ਹੋ ਜਾਂਦੀ ਹੈ।

### ਇੱਕ ਅਗਸਤ ਨੂੰ

ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਨੂੰ ਤਲਬ ਕੀਤਾ ਗਿਆ ਹੈ, ਉਸ ਸਬੰਧੀ ਵੀ ਅਗਲਾ ਸਮਾਂ ਅਤੇ ਮਿਤੀ ਤੈਅ ਕਰਕੇ ਸਬੰਧਤਾਂ ਨੂੰ ਭੇਜੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਟੇਕ ਸਿੰਘ ਨਾਲ ਅੱਜ ਮਿਤੀ 29 ਤੋਂ 31 ਜੁਲਾਈ ਤੱਕ ਤਿੰਨ ਦਿਨਾਂ ਦਾ ਦੌਰਾ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਸਬੰਧਤ ਗੁਰਧਾਮਾਂ ਵਿਖੇ ਨਤਮਸਤਕ ਹੋਣ ਦਾ ਰੱਖਿਆ ਹੋਇਆ ਸੀ, ਉਹ ਵੀ ਫਿਲਹਾਲ ਮੁਲਤਵੀ ਕੀਤਾ ਗਿਆ ਹੈ

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਪੰਜਾਬ 'ਚ ਬਲਦਾਂ ਦੀਆਂ ਦੌੜਾਂ ਸ਼ੁਰੂ ਕਰਨ ਲਈ ਕਾਨੂੰਨ ਪਾਸ ਕਰਨ 'ਤੇ ਮੁੱਖ ਮੰਤਰੀ ਦਾ ਸਨਮਾਨ

### 11 ਸਾਲਾਂ ਬਾਅਦ ਮੁੜ ਸ਼ੁਰੂ ਹੋ ਰਹੀਆਂ ਨੇ ਬਲਦਾਂ ਦੀਆਂ ਦੌੜਾਂ:ਮਾਨ



ਮਹਿਮਾ ਸਿੰਘ ਵਾਲਾ (ਲੁਧਿਆਣਾ), 29 ਜੁਲਾਈ: (ਵਿਸ਼ਾਲ ਸ਼ਰਮਾ): ਪੰਜਾਬ ਵਿੱਚ ਕਾਨੂੰਨੀ ਬੰਦਿਸ਼ਾਂ ਨਾਲ ਲੁਪਤ ਹੋ ਰਹੀਆਂ ਵਿਰਾਸਤੀ ਪੇਂਡੂ ਖੇਡਾਂ ਨੂੰ ਸੁਰਜੀਤ ਕਰਨ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬਾ ਸਰਕਾਰ ਵਿਰਾਸਤੀ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਸਾਰੀਆਂ ਕਾਨੂੰਨੀ ਰੁਕਾਵਟਾਂ ਦੂਰ ਕਰੇਗੀ ਤਾਂ ਕਿ ਸਾਡੇ ਮਹਾਨ ਖੇਡ ਵਿਰਸੇ ਦੀ ਪੁਰਾਤਨ ਸ਼ਾਨ ਬਹਾਲ ਕੀਤੀ ਜਾ ਸਕੇ।

ਸੂਬੇ ਵਿੱਚ ਬਲਦਾਂ ਦੀਆਂ ਦੌੜਾਂ ਮੁੜ ਸ਼ੁਰੂ ਕਰਨ ਲਈ ਪੰਜਾਬ ਵਿਧਾਨ ਸਭਾ ਵਿੱਚ ਕਾਨੂੰਨ ਪਾਸ ਕਰਨ ਲਈ ਅੱਜ ਇੱਥੇ ਵੱਡੀ ਗਿਣਤੀ ਵਿੱਚ ਵਿਰਾਸਤੀ ਖੇਡ ਪ੍ਰੇਮੀਆਂ ਵੱਲੋਂ ਮੁੱਖ ਮੰਤਰੀ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬੈਲ ਗੱਡੀਆਂ ਦੀਆਂ ਦੌੜਾਂ ਸਿਰਫ ਮਨੋਰੰਜਨ ਦਾ ਸਾਧਨ ਨਹੀਂ ਸਗੋਂ ਇਹ ਦੌੜਾਂ ਸਾਡੇ ਪੇਂਡੂ ਵਿਰਸੇ ਦੀ ਤਰਜਮਾਨੀ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਪੁਰਾਤਨ ਸਮੇਂ ਤੋਂ ਹੀ ਪੰਜਾਬ ਵਿੱਚ ਬੈਲ-ਗੱਡੀਆਂ ਦੀਆਂ ਦੌੜਾਂ ਕਰਵਾਈਆਂ ਜਾਂਦੀਆਂ ਸਨ ਅਤੇ ਇਹ ਸਾਨੂੰ ਸਾਡੇ ਸੱਭਿਆਚਾਰ ਅਤੇ ਵਿਰਸੇ ਨਾਲ ਜੋੜ ਕੇ ਰੱਖਦੀਆਂ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਲੰਮਾ ਸਮਾਂ ਬਲਦਾਂ ਨਾਲ ਖੇਤੀ ਕੀਤੀ ਸੀ। ਉਨ੍ਹਾਂ ਕਿਹਾ ਕਿ ਬਲਦਾਂ ਦੀਆਂ ਦੌੜਾਂ ਬੰਦ ਕਰਨ ਬਾਰੇ ਕਾਨੂੰਨ ਲਾਗੂ ਹੋਣ ਨਾਲ ਜਿੱਥੇ ਵਿਰਾਸਤੀ ਖੇਡ ਪ੍ਰੇਮੀਆਂ ਨੂੰ ਵੱਡਾ ਧੱਕਾ ਲੱਗਾ ਸੀ, ਉੱਥੇ ਹੀ ਸਾਡੇ ਰਵਾਇਤੀ ਖੇਡ ਵਿਰਸੇ ਨੂੰ ਵੀ ਖੋਰਾ ਲੱਗਾ ਸੀ। ਉਨ੍ਹਾਂ ਕਿਹਾ ਕਿ ਪੰਜਾਬੀਆਂ ਵੱਲੋਂ ਦੌੜਾਂ ਸ਼ੁਰੂ ਕਰਨ ਲਈ ਕਾਨੂੰਨ ਲਿਆਉਣ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ 11 ਜੁਲਾਈ, 2025 ਨੂੰ 'ਪੰਜਾਬ ਵਿਧਾਨ ਸਭਾ ਵਿੱਚ ਜਾਨਵਰਾਂ 'ਤੇ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ), 2025' ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਇਹ ਕਾਨੂੰਨ ਜਿੱਥੇ ਪੰਜਾਬ ਦੀਆਂ ਦੇਸੀ ਪਸ਼ੂ ਨਸਲਾਂ ਨੂੰ ਬਚਾਉਣ ਵਿੱਚ ਮੱਦਦ ਕਰੇਗਾ, ਉੱਥੇ ਬੈਲ ਗੱਡੀਆਂ ਦੀ ਦੌੜ ਮੁੜ ਸ਼ੁਰੂ ਕਰਵਾਉਣ ਲਈ ਰਾਹ ਪੱਧਰਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਭਾਰਤ ਦੇ ਰਾਸ਼ਟਰਪਤੀ ਵੱਲੋਂ ਇਸ ਕਾਨੂੰਨ ਨੂੰ ਪਾਸ ਕੀਤਾ ਜਾਣਾ ਹੈ ਜਿਸ ਉਪਰੰਤ ਬਲਦਾਂ ਦੀਆਂ ਦੌੜਾਂ ਕਰਵਾਈਆਂ ਜਾ ਸਕਣਗੀਆਂ।

ਨਵੇਂ ਕਾਨੂੰਨ ਦਾ ਜ਼ਿਕਰ ਕਰਦਿਆਂ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਇਸ ਦਾ ਮੁੱਖ ਉਦੇਸ਼ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਜਾਨਵਰਾਂ ਲਈ ਸੁਰੱਖਿਆ ਉਪਾਅ, ਜਾਨਵਰਾਂ ਦੀ ਵੈਟਰਨਰੀ ਨਿਗਰਾਨੀ, ਸੁਰੱਖਿਆ ਮਾਪਦੰਡ, ਰਜਿਸਟ੍ਰੇਸ਼ਨ ਅਤੇ ਦਸਤਾਵੇਜੀਕਰਨ ਤੋਂ ਇਲਾਵਾ ਉਲੰਘਣਾਵਾਂ ਲਈ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ ਤਾਂ ਕਿ ਬੇਜ਼ੁਬਾਨ ਨੂੰ ਕਿਸੇ ਕਿਸਮ ਦੇ ਜ਼ੁਲਮ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਸਰਕਾਰ ਵੱਲੋਂ ਕਬੂਤਰਾਂ ਦੀ ਬਾਜ਼ੀ ਮੁੜ ਸ਼ੁਰੂ ਕਰਨ ਲਈ ਵੀ ਸੰਭਾਵਨਾਵਾਂ ਤਲਾਸ਼ੀਆਂ ਜਾਣਗੀਆਂ।

ਪਿੰਡ ਕਿਲ੍ਹਾ ਰਾਏਪੁਰ ਵਿਖੇ ਹੁੰਦੀਆਂ ਖੇਡਾਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਲ 1933 ਵਿੱਚ ਸ਼ੁਰੂ ਹੋਈਆਂ ਇਹਨਾਂ ਖੇਡਾਂ ਨੂੰ "ਮਿੰਨੀ ਓਲੰਪਿਕਸ"ਜਾਂ "ਪੇਂਡੂ ਓਲੰਪਿਕਸ" ਆਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡਾਂ ਦੀ ਚਰਚਾ ਕੌਮਾਂਤਰੀ ਪੱਧਰ ਉੱਤੇ ਹੋ ਚੁੱਕੀ ਹੈ। ਇਨ੍ਹਾਂ ਖੇਡਾਂ ਨੂੰ ਬੀ.ਬੀ.ਸੀ ਤੇ ਡਿਸਕਵਰੀ ਆਦਿ ਵੱਡੇ ਚੈਨਲਾਂ ਨੇ ਕਵਰ ਕੀਤਾ ਅਤੇ ਇੱਥੋਂ ਤੱਕ ਕਿ ਦੇਸ ਦੇ ਰਾਸਟਰਪਤੀ ਵੀ ਇਹ ਖੇਡਾਂ ਦੇਖਣ ਆਉਂਦੇ ਰਹੇ ਹਨ।

ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਲੋਕਾਂ ਦੇ ਮਿਲ ਰਹੇ ਭਰਵੇਂ ਸਹਿਯੋਗ ਲਈ ਧੰਨਵਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਸ਼ੇ ਦੀ ਸਮੱਸਿਆ ਕਿਸੇ ਇਕ ਘਰ ਜਾਂ ਜ਼ਿਲ੍ਹੇ ਦੀ ਨਹੀਂ ਹੈ, ਸਗੋਂ ਪੰਜਾਬ ਦੇ ਬਹੁਤ ਸਾਰੇ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਗਏ। ਉਨ੍ਹਾਂ ਨੇ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਲੋਕਾਂ ਦੇ ਘਰਾਂ ਵਿੱਚ ਸੱਥਰ ਵਿਛਾਉਣ ਵਾਲੇ ਸਮਾਜ ਦੇ ਦੁਸ਼ਮਣ ਹਨ ਅਤੇ ਅਜਿਹੇ ਲੋਕਾਂ ਨਾਲ ਕਿਸੇ ਵੀ ਕਿਸਮ ਦਾ ਲਿਹਾਜ਼ ਨਹੀਂ ਕੀਤਾ ਜਾ ਸਕਦਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਤਹਿਤ ਨਸ਼ਾ ਤਸਕਰਾਂ ਦੇ ਘਰਾਂ ਉਤੇ ਬੁਲਡੋਜ਼ਰ ਚਲਾਉਣ ਦੀ ਮੁਹਿੰਮ ਜਾਰੀ ਰਹੇਗੀ। ਮੁੱਖ ਮੰਤਰੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਜੇਲ੍ਹ ਵਿੱਚ ਸਜ਼ਾ ਭੁਗਤ ਰਹੇ ਸਿਆਸੀ ਆਗੂ ਦੇ ਮਨੁੱਖੀ ਅਧਿਕਾਰਾਂ ਪ੍ਰਤੀ ਸਪੱਸ਼ਟ ਚਿੰਤਾ 'ਤੇ ਸਵਾਲ ਉਠਾਉਂਦੇ ਹੋਏ ਪੁੱਛਿਆ ਕਿ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਲਈ ਅਜਿਹੀ ਚਿੰਤਾ ਕਿਉਂ ਨਹੀਂ ਦਿਖਾਈ।

ਖੇਤਾਂ ਦੀ ਸਿੰਜਾਈ ਲਈ ਨਹਿਰੀ ਪਾਣੀ ਦੀ ਬਹੁਤਾਤ ਹੋਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਿਸ ਸਮੇਂ ਉਨ੍ਹਾਂ ਨੇ ਅਹੁਦਾ ਸੰਭਾਲਿਆ ਸੀ, ਉਸ ਸਮੇਂ ਨਹਿਰੀ ਪਾਣੀ ਦਾ ਸਿਰਫ਼ 21 ਫੀਸਦੀ ਸਿੰਜਾਈ ਲਈ ਵਰਤਿਆ ਜਾ ਰਿਹਾ ਸੀ। ਪਰ ਅੱਜ ਇਹ ਵੱਧ ਕੇ 63 ਫੀਸਦੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਠੋਸ ਯਤਨਾਂ ਸਦਕਾ ਪਹਿਲੀ ਵਾਰ ਸੂਬੇ ਦੇ ਆਖਰੀ ਪਿੰਡਾਂ ਤੱਕ ਟੇਲਾਂ ਉੱਤੇ ਨਹਿਰਾਂ ਅਤੇ ਦਰਿਆਵਾਂ ਦਾ ਪਾਣੀ ਪਹੁੰਚਿਆ ਹੈ। ਭਗਵੰਤ ਸਿੰਘ ਮਾਨ ਨੇ ਇਹ ਵੀ ਦੱਸਿਆ ਕਿ ਝੋਨੇ ਲਈ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਕਿ ਸਿੰਜਾਈ ਲਈ ਪਾਣੀ ਵਾਧੂ ਹੋਣ ਕਰਕੇ ਕਿਸਾਨਾਂ ਨੂੰ ਟਿਊਬਵੈੱਲ ਬੰਦ ਰੱਖਣੇ ਪੈ ਰਹੇ ਹਨ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਪ੍ਰਾਈਵੇਟ ਕੰਪਨੀ ਦੀ ਮਾਲਕੀ ਵਾਲਾ ਗੋਇੰਦਵਾਲ ਪਾਵਰ ਪਲਾਂਟ ਖ਼ਰੀਦ ਕੇ ਇਤਿਹਾਸ ਸਿਰਜਿਆ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਦਫ਼ਾ ਹੈ, ਜਦੋਂ ਸਰਕਾਰ ਨੇ ਕੋਈ ਪ੍ਰਾਈਵੇਟ ਪਾਵਰ ਪਲਾਂਟ ਖ਼ਰੀਦ ਕੇ ਪੁੱਠਾ ਗੇੜ ਸ਼ੁਰੂ ਕੀਤਾ ਹੈ, ਜਦੋਂ ਕਿ ਪਿਛਲੇ ਸਮੇਂ ਵਿੱਚ ਸੂਬਾ ਸਰਕਾਰਾਂ ਆਪਣੇ ਚਹੇਤਿਆਂ ਨੂੰ ਨਿਗੂਣੀਆਂ ਕੀਮਤਾਂ ਉੱਤੇ ਸਰਕਾਰੀ ਅਦਾਰੇ ਵੇਚਣ ਦੀਆਂ ਆਦੀ ਰਹੀਆਂ ਹਨ। ਇਸ ਪਲਾਂਟ ਦਾ ਨਾਮ ਤੀਜੇ ਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਮ 'ਤੇ ਰੱਖਿਆ ਹੈ।

ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਤੇ ਹਰਦੀਪ ਸਿੰਘ ਮੁੰਡੀਆਂ ਤੋਂ ਇਲਾਵਾ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

## ਵਿਦੇਸ਼ ਮੰਤਰਾਲੇ ਵੱਲੋਂ ਨਿਮਿਸ਼ਾ ਪ੍ਰਿਆ ਦੀ ਮੌਤ ਦੀ ਸਜ਼ਾ ਬਾਰੇ ਗ੍ਰੈਂਡ ਮੁਫ਼ਤੀ ਦਾ ਦਾਅਵਾ ਖਾਰਜ

ਨਵੀਂ ਦਿੱਲੀ,, 29 ਜੁਲਾਈ (ਚ.ਨ.ਸ.): :ਸਰਕਾਰ ਨੇ ਯਮਨ ਵਿਚ ਭਾਰਤੀ ਨਰਸ ਨਿਮਿਸ਼ਾ ਪ੍ਰਿਆ ਦੀ ਮੌਤ ਦੀ ਸਜ਼ਾ ਬਾਰੇ 'ਗਰੈਂਡ ਮੁਫ਼ਤੀ ਆਫ਼ ਇੰਡੀਆ' ਕਾਂਥਾਪੁਰਮ ਏਪੀ ਅਬੂਬਕਰ ਮੁਸਲਿਆਰ ਵੱਲੋਂ ਕੀਤੇ ਗਏ ਹਾਲੀਆ ਦਾਅਵਿਆਂ ਨੂੰ 'ਗਲਤ' ਦੱਸਦਿਆਂ ਖਾਰਜ ਕਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਸੂਤਰਾਂ ਨੇ ਕਿਹਾ ਕਿ ਨਿਮਿਸ਼ਾ ਪ੍ਰਿਆ ਦੀ ਮੌਤ ਦੀ ਸਜ਼ਾ ਬਾਰੇ ਗ੍ਰੈਂਡ ਮੁਫਤੀ ਦੇ ਦਾਅਵੇ ਨੂੰ ਸਰਕਾਰ ਨੇ ਖਾਰਜ ਕਰ ਦਿੱਤਾ। ਗ੍ਰੈਂਡ ਮੁਫਤੀ ਨੇ ਸੋਮਵਾਰ ਨੂੰ ਇੱਕ ਬਿਆਨ ਵਿੱਚ ਦਾਅਵਾ ਕੀਤਾ ਸੀ ਕਿ ਭਾਰਤੀ ਨਾਗਰਿਕ ਨਿਮਿਸ਼ਾ ਪ੍ਰਿਆ ਦੀ ਮੌਤ ਦੀ ਸਜ਼ਾ ਯਮਨ ਵਿੱਚ ਪੂਰੀ ਤਰ੍ਹਾਂ ਉਲਟਾ ਦਿੱਤੀ ਗਈ ਸੀ। ਹਾਲਾਂਕਿ, ਉਨ੍ਹਾਂ ਨੇ ਸਵੀਕਾਰ ਕੀਤਾ ਕਿ ਉਨ੍ਹਾਂ ਦੇ ਦਫ਼ਤਰ ਨੂੰ ਅਜੇ ਤੱਕ ਯਮਨ ਦੇ ਅਧਿਕਾਰੀਆਂ ਤੋਂ ਫੈਸਲੇ ਦੀ ਪੁਸ਼ਟੀ ਕਰਨ ਵਾਲਾ ਕੋਈ ਅਧਿਕਾਰਤ ਲਿਖਤੀ ਪੱਤਰ ਨਹੀਂ ਮਿਲਿਆ ਹੈ। ਕੇਰਲਾ ਨਾਲ ਸਬੰਧਤ 37 ਸਾਲਾ ਨਰਸ ਪ੍ਰਿਆ ਨੂੰ 2017 ਵਿੱਚ ਮਹਿਦੀ ਨਾਂ ਦੇ ਯਮਨੀ ਨਾਗਰਿਕ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ ਗਿਆ ਸੀ ਅਤੇ 2018 ਵਿੱਚ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਸ ਨੂੰ ਇਸ ਸਾਲ 16 ਜੁਲਾਈ ਨੂੰ ਫਾਂਸੀ ਦਿੱਤੀ ਜਾਣੀ ਸੀ, ਪਰ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ।



ਪਹਿਲਾਂ ਅਜਿਹੀਆਂ ਰਿਪੋਰਟਾਂ ਆਈਆਂ ਸਨ, ਕਿ ਉਸ ਦੀ ਮੌਤ ਦੀ ਸਜ਼ਾ ਨੂੰ ਪੂਰੀ ਤਰ੍ਹਾਂ ਉਲਟਾਉਣ ਦਾ ਫੈਸਲਾ ਇੱਕ ਉੱਚ-ਪੱਧਰੀ ਮੀਟਿੰਗ ਦੌਰਾਨ ਕੀਤਾ ਗਿਆ ਸੀ, ਜਿੱਥੇ ਸੀਨੀਅਰ ਯਮਨੀ ਵਿਦਵਾਨ, ਜਿਨ੍ਹਾਂ ਨੂੰ ਭਾਰਤੀ ਗ੍ਰੈਂਡ ਮੁਫਤੀ ਦੀ ਬੇਨਤੀ 'ਤੇ ਸ਼ੇਖ ਉਮਰ ਹਾਫੀਜ਼ ਥੰਗਲ ਵੱਲੋਂ ਚੁਣਿਆ ਗਿਆ ਸੀ, ਨੇ ਉੱਤਰੀ ਯਮਨ ਦੇ ਸ਼ਾਸਕਾਂ ਅਤੇ ਅੰਤਰਰਾਸ਼ਟਰੀ ਡਿਪਲੋਮੈਟਾਂ ਨਾਲ ਗੱਲਬਾਤ ਕੀਤੀ। ਮੁਸਲਿਆਰ ਦੇ ਦਫ਼ਤਰ ਨੇ ਅੱਗੇ ਦਾਅਵਾ ਕੀਤਾ ਕਿ ਮੀਟਿੰਗ ਦੌਰਾਨ ਕੇਸ ਨਾਲ ਸਬੰਧਤ ਕੁਝ ਮੁੱਖ ਫੈਸਲੇ ਲਏ ਗਏ, ਹਾਲਾਂਕਿ ਹੋਰ ਵਿਚਾਰ-ਵਟਾਂਦਰੇ ਦੀ ਉਮੀਦ ਹੈ।

## ਦੁਸ਼ਮਣ ਭੱਜ ਰਿਹਾ ਸੀ ਤਾਂ ਜੰਗ ਕਿਉਂ ਰੋਕੀ: ਪ੍ਰਿਯੰਕਾ ਗਾਂਧੀ

ਨਵੀਂ ਦਿੱਲੀ, 29 ਜੁਲਾਈ (ਚ.ਨ.ਸ.): ਕਾਂਗਰਸੀ ਆਗੂ ਅਤੇ ਲੋਕ ਸਭਾ ਮੈਂਬਰ ਪ੍ਰਿਯੰਕਾ ਗਾਂਧੀ ਨੇ ਲੋਕ ਸਭਾ ਵਿੱਚ ਪਹਿਲਗਾਮ ਅੱਤਵਾਦੀ ਹਮਲੇ ਨੂੰ ਲੈ ਕੇ ਸੱਤਾਧਾਰੀ ਧਿਰ 'ਤੇ ਤਿੱਖੇ ਹਮਲੇ ਕੀਤੇ ਹਨ। ਉਨ੍ਹਾਂ ਨੇ ਸਰਕਾਰ ਦੀ ਕਾਰਗੁਜ਼ਾਰੀ, ਖੁਫੀਆ ਨਾਕਾਮੀ ਅਤੇ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਚੁੱਕੇ। ਪ੍ਰਿਯੰਕਾ ਗਾਂਧੀ ਨੇ ਕਿਹਾ, "ਸੱਤਾਧਾਰੀ ਪਾਰਟੀ ਦੇ ਲੋਕਾਂ ਨੇ ਵੱਖ-ਵੱਖ ਪਹਿਲੂਆਂ 'ਤੇ ਗੱਲ ਕੀਤੀ। ਪਰ ਇਸ ਦਾ ਜਵਾਬ ਨਹੀਂ ਦਿੱਤਾ ਕਿ ਪਹਿਲਗਾਮ ਅੱਤਵਾਦੀ ਹਮਲਾ ਕਿਉਂ ਅਤੇ ਕਿਵੇਂ ਹੋਇਆ।" ਉਨ੍ਹਾਂ ਨੇ ਸੁਰੱਖਿਆ ਪ੍ਰਬੰਧਾਂ ਦੀ ਘਾਟ 'ਤੇ ਸਵਾਲ ਕਰਦੇ ਹੋਏ ਪੁੱਛਿਆ, 'ਕੀ ਸਰਕਾਰ ਨੂੰ ਪਤਾ ਨਹੀਂ ਸੀ, ਕਿ ਹਜ਼ਾਰਾਂ ਸੈਲਾਨੀ ਬੈਸਾਰਨ ਘਾਟੀ ਜਾਂਦੇ ਹਨ? ਉੱਥੇ ਸੁਰੱਖਿਆ ਕਿਉਂ ਨਹੀਂ ਸੀ? ਉਨ੍ਹਾਂ ਨੂੰ ਰੱਬ ਦੇ ਭਰੋਸੇ ਕਿਉਂ ਛੱਡ ਦਿੱਤਾ ਗਿਆ?" ਲੋਕ ਸਭਾ ਵਿੱਚ ਆਪ੍ਰੇਸ਼ਨ ਸਿੰਦੂਰ 'ਤੇ ਵਿਸ਼ੇਸ਼ ਚਰਚਾ ਵਿੱਚ ਹਿੱਸਾ ਲੈਂਦਿਆਂ ਕਾਂਗਰਸ ਸੰਸਦ ਮੈਂਬਰ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਇੱਥੋਂ ਤੱਕ ਕਿ ਉਨ੍ਹਾਂ ਦੀ ਮਾਂ (ਸੋਨੀਆ ਗਾਂਧੀ) ਦੇ ਹੰਝੂਆਂ ਬਾਰੇ ਵੀ ਗੱਲ ਕੀਤੀ। ਪਰ ਇਸ ਦਾ ਜਵਾਬ ਨਹੀਂ ਦਿੱਤਾ ਕਿ "ਜੰਗ ਉਸ ਸਮੇਂ ਕਿਉਂ ਰੋਕੀ ਗਈ ਜਦੋਂ ਦੁਸ਼ਮਣ ਕੋਲ ਭੱਜਣ ਲਈ ਕੋਈ ਥਾਂ ਨਹੀਂ ਸੀ।" ਉਨ੍ਹਾਂ ਨੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰੱਖਿਆ ਮੰਤਰੀ ਅਤੇ ਐੱਨਐੱਸਏ ਦੀ ਜ਼ਿੰਮੇਵਾਰੀ 'ਤੇ ਜ਼ੋਰ ਦਿੰਦਿਆਂ ਕਿਹਾ, 'ਕੀ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰੱਖਿਆ ਮੰਤਰੀ, ਐੱਨਐੱਸਏ ਦੀ ਜ਼ਿੰਮੇਵਾਰੀ ਨਹੀਂ ਹੈ?'

ਪ੍ਰਿਅੰਕਾ ਗਾਂਧੀ ਨੇ ਖੁਫੀਆ ਏਜੰਸੀਆਂ ਦੀ ਨਾਕਾਮੀ 'ਤੇ ਵੀ ਸਵਾਲ ਚੁੱਕੇ ਅਤੇ ਪੁੱਛਿਆ, "ਕੀ ਕਿਸੇ ਸਰਕਾਰੀ ਏਜੰਸੀ ਨੂੰ ਪਤਾ ਨਹੀਂ ਸੀ ਕਿ ਅਜਿਹਾ ਭਿਆਨਕ ਅੱਤਵਾਦੀ ਹਮਲਾ ਹੋਣ ਵਾਲਾ ਹੈ ਅਤੇ ਪਾਕਿਸਤਾਨ ਵਿੱਚ ਇੱਕ ਸਾਜ਼ਿਸ਼ ਘੜੀ ਜਾ ਰਹੀ ਹੈ?" ਉਨ੍ਹਾਂ ਨੇ ਇਸ ਨੂੰ ਸਰਕਾਰ ਅਤੇ ਖੁਫੀਆ ਏਜੰਸੀਆਂ ਦੀ ਵੱਡੀ ਨਾਕਾਮੀ ਕਰਾਰ ਦਿੱਤਾ ਅਤੇ ਪੁੱਛਿਆ, "ਇਸ ਦੀ ਜ਼ਿੰਮੇਵਾਰੀ ਕੌਣ ਲਵੇਗਾ, ਕੀ ਕਿਸੇ ਨੇ ਅਸਤੀਫਾ ਦਿੱਤਾ ਹੈ?"

ਪ੍ਰਿਅੰਕਾ ਗਾਂਧੀ ਨੇ ਭਾਜਪਾ ਨੂੰ ਇਤਿਹਾਸ ਦੀ ਬਜਾਏ ਵਰਤਮਾਨ ਦੀ ਜ਼ਿੰਮੇਵਾਰੀ ਲੈਣ ਲਈ ਕਿਹਾ। ਉਨ੍ਹਾਂ ਕਿਹਾ, ਤੁਸੀਂ ਇਤਿਹਾਸ ਦੀ ਗੱਲ ਕਰਦੇ ਹੋ, ਮੈਂ ਵਰਤਮਾਨ ਦੀ ਗੱਲ ਕਰਨਾ ਚਾਹੁੰਦੀ ਹਾਂ, ਤੁਹਾਨੂੰ ਪਿਛਲੇ 11 ਸਾਲਾਂ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।" ਉਨ੍ਹਾਂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਨਿਸ਼ਾਨਾ ਸੇਧਦਿਆਂ ਕਿਹਾ, "ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਨੱਕ ਹੇਠ ਮਨੀਪੁਰ ਸੜਿਆ, ਦਿੱਲੀ ਵਿੱਚ ਦੰਗੇ ਹੋਏ, ਪਹਿਲਗਾਮ ਹਮਲਾ ਹੋਇਆ ਪਰ ਉਹ ਅਜੇ ਵੀ ਉਸੇ ਅਹੁਦੇ 'ਤੇ ਹਨ।"

**ਉੱਤਰ ਰੇਲਵੇ**

**ਨਿਵਿਦਾ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਕਮਾਨ ਅਧਿਕਾਰੀ/ਕੋਰਸ 9ਵੀਂ ਵਾਹਿਨੀ ਜਗਾਧਰੀ ਵਰਕਸ਼ਾਪ ਦੁਆਰਾ ਹੇਠਾਂ ਲਿਖਤ ਕੰਮ ਦੇ ਲਈ ਇਕ ਪੈਕੇਟ ਪ੍ਰਣਾਲੀ ਦੇ ਤਹਿਤ ਈ-ਨਿਵਿਦਾ ਪ੍ਰਣਾਲੀ ਦੁਆਰਾ ਖੁਲ੍ਹੀ ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ।

| | | |
|---|---|---|
| 1 | ਕੰਮ ਦਾ ਨਾਮ ਅਤੇ ਸਥਾਨ | ਕੋਰਸ 9ਵੀਂ ਵਾਹਿਨੀ ਦੇ ਲਈ ਕਮਾਂਡੋ ਟਰੇਨਿੰਗ ਸੰਸਥਾਨ (ਕੋਟਰੇਨਸ) ਨੂੰ ਰਣਨੀਤਿਕ ਸ਼ਮੂਲੀਅਤ ਕੇਂਦਰ (ਟੀਈਸੀ) ਦਾ ਪ੍ਰਾਵਧਾਨ। |
| 2 | ਅੰਦਾਜਨ/ਨਿਦੇਸ਼ਾਤਮਕ ਪਰਿਯੋਜਨਾ ਲਾਗਤ | ਰੁਪਏ 2,44,89,366/- |
| 3 | ਕੰਮ ਪੂਰਾ ਕਰਨ ਦਾ ਸਮਾਂ | 04 (ਚਾਰ) ਮਹੀਨੇ |
| 4 | ਜਮ੍ਹਾ ਕੀਤੀ ਜਾਣ ਵਾਲੀ ਜਮਾਨਤੀ ਰਾਸ਼ੀ | ਰੁਪਏ 2,72.500.00 |
| 5 | ਈ-ਨਿਵਿਦਾ ਪੇਸ਼ ਕਰਨ ਅਤੇ ਨਿਵਿਦਾ ਖੁਲਣ ਦੀ ਮਿਤੀ ਅਤੇ ਸਮਾਂ | ਨਿਵਿਦਾ ਦਸਤਾਵੇਜ 11:30 ਵਜੇ ਮਿਤੀ 28.07.2025 ਤੋਂ 18.08.2025 ਤਕ ਆਈਆਰਈਪੀਐਸ ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੋਣਗੇ। |
| 6 | ਨਿਵਿਦਾ ਅਪਲੋਡ ਕਰਨ ਦੀ ਅੰਤਮ ਮਿਤੀ/ਸਮਾਂ | 18.08.2025 ਨੂੰ 11:30 ਵਜੇ ਤਕ ਨਿਵਿਦਾਕਰਤਾ ਦੁਆਰਾ 04.08.2025 ਤੋਂ 18.08.2025 ਤਕ ਆਈਆਰਈਪੀਐਸ ਦੀ ਵੈਬਸਾਈਟ www.ireps.gov.in 'ਤੇ ਨਿਵਿਦਾ ਦਸਤਾਵੇਜ ਅਪਲੋਡ ਕੀਤੀ ਜਾ ਸਕਦੀ ਹੈ। |
| 7 | ਈ-ਨਿਵਿਦਾ ਖੁਲਣ ਦੀ ਮਿਤੀ ਅਤੇ ਸਮਾਂ | 11:30 ਵਜੇ ਮਿਤੀ 18.08.2025 ਨੂੰ ਖੋਹਲੀ ਜਾਵੇਗੀ ਉਪਰੋਕਤ ਦਫਤਰ ਦੇ ਨੋਟਿਸ ਬੋਰਡ ਤੇ ਵੀ ਵਿਸਤ੍ਰਿਤ ਨਿਵਿਦਾ ਸੂਚਨਾ ਵੇਖੀ ਜਾ ਸਕਦੀ ਹੈ। |

ਟੈਂਡਰ ਨੋਟਿਸ ਨੰ. 9BN/BQM/Cotrains-108B/2025 ਤਾਰੀਕ 28.07.2025

2296/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਪੰਜਾਬ ਸਰਕਾਰ ਵੱਲੋਂ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਭਲਕੇ ਸੂਬੇ 'ਚ ਛੁੱਟੀ ਦਾ ਐਲਾਨ

### ਭਵਾਨੀਗੜ੍ਹ-ਸੁਨਾਮ-ਭੀਖੀ-ਕੋਟਸ਼ਮੀਰ ਸੜਕ ਦਾ ਨਾਮ ਹੁਣ 'ਸ਼ਹੀਦ ਊਧਮ ਸਿੰਘ ਮਾਰਗ' ਹੋਵੇਗਾ : ਅਮਨ ਅ

ਚੰਡੀਗੜ੍ਹ, 29 ਜੁਲਾਈ (ਚ.ਨ.ਸ.): ਪੰਜਾਬ ਦੇ ਕੈਬਨਿਟ ਮੰਤਰੀ ਤੇ 'ਆਪ' ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਜੀ ਦੀ ਅਮੀਰ ਵਿਰਾਸਤ ਦੇ ਸਨਮਾਨ ਤੇ ਕੰਬੋਜ ਭਾਈਚਾਰੇ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਨ ਲਈ ਅਹਿਮ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਇਸ ਮਹਾਨ ਆਜ਼ਾਦੀ ਘੁਲਾਟੀਏ ਦੇ ਸ਼ਹੀਦੀ ਦਿਵਸ ਮੌਕੇ 31 ਜੁਲਾਈ ਨੂੰ ਗਜ਼ਟਿਡ ਛੁੱਟੀ ਦਾ ਐਲਾਨ ਕੀਤਾ ਹੈ। ਪੰਜਾਬ ਭਵਨ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਭਵਾਨੀਗੜ੍ਹ-ਸੁਨਾਮ-ਭੀਖੀ-ਕੋਟਸ਼ਮੀਰ ਸੜਕ ਦਾ ਨਾਮ "ਸ਼ਹੀਦ ਊਧਮ ਸਿੰਘ ਮਾਰਗ" ਰੱਖਣ ਦਾ ਵੀ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਮਹਾਨ ਇਨਕਲਾਬੀ ਆਜ਼ਾਦੀ ਘੁਲਾਟੀਏ ਸਰਦਾਰ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਉਨ੍ਹਾਂ ਦੀ ਜਨਮ ਭੂਮੀ ਸੁਨਾਮ ਵਿਖੇ ਇੱਕ ਰਾਜ ਪੱਧਰੀ ਸਮਾਗਮ ਕਰਵਾਉਣ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 31 ਜੁਲਾਈ ਨੂੰ ਇਸ ਰਾਜ ਸਮਾਗਮ ਦੌਰਾਨ ਅਧਿਕਾਰਤ ਤੌਰ 'ਤੇ ਸ਼ਹੀਦ ਊਧਮ ਸਿੰਘ ਦੇ ਨਾਮ 'ਤੇ ਸੜਕ ਦਾ ਨਾਮ ਰੱਖਣਗੇ।



ਉਨ੍ਹਾਂ ਨੇ ਲੰਡਨ ਜਾ ਕੇ ਜੱਲ੍ਹਿਆਂਵਾਲਾ ਬਾਗ਼ ਕਤਲੇਆਮ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਜੀ ਦੀ ਸ਼ਾਨਾਮੱਤੀ ਵਿਰਾਸਤ ਦੇ ਸਨਮਾਨ 'ਚ ਇਹ ਉਪਰਾਲੇ ਕਰਨ ਲਈ ਅਰਵਿੰਦ ਕੇਜਰੀਵਾਲ ਤੇ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਅਮਨ ਅਰੋੜਾ ਨੇ ਕੇਂਦਰ ਸਰਕਾਰ ਨੂੰ ਪਟਿਆਲਾ-ਭਵਾਨੀਗੜ੍ਹ ਸੜਕ ਦਾ ਨਾਮ ਸ਼ਹੀਦ ਊਧਮ ਸਿੰਘ ਜੀ ਦੇ ਨਾਮ 'ਤੇ ਰੱਖਣ ਦੀ ਵੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਹ ਮਾਮਲਾ ਕੇਂਦਰ ਸਰਕਾਰ ਕੋਲ ਵੀ ਉਠਾਇਆ ਜਾ ਰਿਹਾ ਹੈ। ਜਲਾਲਾਬਾਦ ਤੋਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਤੇ ਪੰਜਾਬ ਰਾਜ ਬੀ.ਸੀ. ਕਮਿਸ਼ਨ ਦੇ ਚੇਅਰਮੈਨ ਡਾ. ਮਲਕੀਅਤ ਸਿੰਘ ਥਿੰਦ ਨੇ ਵੀ ਕੰਬੋਜ ਭਾਈਚਾਰੇ ਦੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਮੰਗਾਂ ਨੂੰ ਪੂਰਾ ਕਰਨ ਲਈ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਭਾਈਚਾਰੇ ਦੀਆਂ ਮੰਗਾਂ ਦੀ ਪੂਰਤੀ ਨੂੰ ਯਕੀਨੀ ਬਣਾਉਣ, ਇਸ ਸ਼ਹੀਦ ਦੇ ਸਨਮਾਨ ਲਈ ਅਣਥੱਕ ਯਤਨਾਂ ਲਈ ਅਮਨ ਅਰੋੜਾ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ।

# ਵਿੱਤ ਵਿਭਾਗ ਵੱਲੋਂ ਡੈਂਟਲ ਟੀਚਿੰਗ ਫੈਕਲਟੀ ਲਈ ਸੇਵਾਮੁਕਤੀ ਦੀ ਉਮਰ 65 ਸਾਲ ਤੱਕ ਵਧਾਉਣ ਨੂੰ ਪ੍ਰਵਾਨਗੀ : ਚੀਮਾ

### 113 ਨੂੰ ਮਿਲੇਗਾ ਵਧਾਈ ਸੇਵਾ ਦਾ ਲਾਭ

ਚੰਡੀਗੜ੍ਹ, 29 ਜੁਲਾਈ (ਚ.ਨ.ਸ.): ਪੰਜਾਬ 'ਚ ਸਿਹਤ ਸੰਭਾਲ ਤੇ ਸਿੱਖਿਆ ਖੇਤਰਾਂ ਨੂੰ ਵਧਾਉਣ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਫੈਸਲੇ 'ਚ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਵਿੱਤ ਵਿਭਾਗ (ਐਫਡੀ) ਨੇ ਪੰਜਾਬ ਡੈਂਟਲ ਐਜੂਕੇਸ਼ਨ (ਗਰੁੱਪ-ਏ) ਸੇਵਾ ਨਿਯਮ, 2016 ਦੁਆਰਾ ਨਿਯੰਤਰਿਤ ਡਾਕਟਰਾਂ ਤੇ ਡੈਂਟਲ ਫੈਕਲਟੀ ਲਈ ਸੇਵਾਮੁਕਤੀ ਦੀ ਉਮਰ 62 ਤੋਂ ਵਧਾ ਕੇ 65 ਸਾਲ ਕਰਨ ਲਈ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਦੇ ਪ੍ਰਸਤਾਵ ਨੂੰ ਅਧਿਕਾਰਤ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਹੈ। ਇੱਥੇ ਜਾਰੀ ਇੱਕ ਪ੍ਰੈਸ ਬਿਆਨ 'ਚ ਇਹ ਖੁਲਾਸਾ ਕਰਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਸਥਾਰ 'ਚ ਦੱਸਿਆ ਕਿ ਅੰਮ੍ਰਿਤਸਰ ਤੇ ਪਟਿਆਲਾ ਦੇ ਸਰਕਾਰੀ ਮੈਡੀਕਲ ਕਾਲਜਾਂ ਤੇ ਹਸਪਤਾਲਾਂ 'ਚ ਮੈਡੀਕਲ ਟੀਚਿੰਗ ਫੈਕਲਟੀ ਲਈ ਪਹਿਲਾਂ ਤੋਂ ਮੌਜੂਦ ਨੀਤੀ ਦੀ ਤਰਜ਼ 'ਤੇ ਇਹ ਮਹੱਤਵਪੂਰਨ ਪ੍ਰਵਾਨਗੀ ਡੈਂਟਲ ਟੀਚਿੰਗ ਫੈਕਲਟੀ ਦੀ ਸੇਵਾਮੁਕਤੀ ਦੀ ਉਮਰ 65 ਸਾਲ ਤੱਕ ਵਧਾ ਦੇਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਫੈਸਲਾ ਇਸ ਉੱਚ ਹੁਨਰਮੰਦ ਫੈਕਲਟੀ ਦੀ ਮੁਹਾਰਤ ਤੇ ਤਜਰਬੇ ਨੂੰ ਲੰਬੇ ਸਮੇਂ ਲਈ ਵਰਤਣ ਲਈ ਲਿਆ ਗਿਆ ਹੈ, ਜਿਸ ਨਾਲ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਦੇ ਅੰਦਰ ਸਮੁੱਚੀ ਕਾਰਗੁਜ਼ਾਰੀ ਤੇ ਗੁਣਵੱਤਾ ਵਿੱਚ ਵਾਧਾ ਹੋਵੇਗਾ।



ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਫੈਸਲਾ 113 ਪੇਸ਼ੇਵਰਾਂ ਦੀ ਸੇਵਾ ਮਿਆਦ ਵਧਾਏਗਾ, ਜਿਸ 'ਚ 112 ਡੈਂਟਲ ਟੀਚਿੰਗ ਫੈਕਲਟੀ ਮੈਂਬਰ ਤੇ ਇੱਕ ਜਾਇੰਟ ਡਾਇਰੈਕਟਰ ਸ਼ਾਮਲ ਹਨ, ਜਿਸ ਨਾਲ ਇਨ੍ਹਾਂ ਮੈਡੀਕਲ ਫੈਕਲਟੀ ਦੀ ਮੁਹਾਰਤ ਤੇ ਤਜਰਬੇ ਦਾ ਲਾਭ ਉਠਾ ਕੇ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਦੀ ਕਾਰਗੁਜ਼ਾਰੀ ਨੂੰ ਹੋਰ ਵਧਾਇਆ ਜਾ ਸਕੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਤਜਰਬੇਕਾਰ ਫੈਕਲਟੀ ਦੀਆਂ ਸੇਵਾਵਾਂ ਨੂੰ ਬਰਕਰਾਰ ਰੱਖਣ ਪਿੱਛੇ ਪੰਜਾਬ ਸਰਕਾਰ ਦਾ ਉਦੇਸ਼ ਰਾਜ 'ਚ ਦੰਦਾਂ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਨਿਰੰਤਰ ਬਿਹਤਰ ਬਣਾਉਣ ਲਈ ਉਨ੍ਹਾਂ ਦੇ ਗਿਆਨ ਤੇ ਹੁਨਰਾਂ ਨੂੰ ਵਰਤਣਾ ਹੈ, ਜਿਸ ਨਾਲ ਅੰਤ 'ਚ ਇਨ੍ਹਾਂ ਸੰਸਥਾਵਾਂ 'ਚ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਤੇ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਨੂੰ ਵੱਡਾ ਲਾਭ ਹੋਵੇਗਾ।

ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਸਨੀਕਾਂ ਨੂੰ ਉੱਤਮ ਸਿੱਖਿਆ ਤੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਆਪਣੇ ਸਮਰਪਣ 'ਚ ਅਡੋਲ ਹੈ। ਉਨ੍ਹਾਂ ਕਿਹਾ ਕਿ ਇਹ ਉਪਾਅ ਵੀ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਮੈਡੀਕਲ ਤੇ ਦੰਦਾਂ ਦੀ ਸਿੱਖਿਆ ਦੇ ਉੱਚ ਮਿਆਰ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੇ ਸਰਗਰਮ ਪਹੁੰਚ ਨੂੰ ਹੀ ਦਰਸਾਉਂਦਾ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਦੇ 150ਵੇਂ ਦਿਨ 347 ਥਾਵਾਂ 'ਤੇ ਛਾਪੇਮਾਰੀ ਦੌਰਾਨ 72 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 29 ਜੁਲਾਈ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਨਸ਼ਾ ਵਿਰੁੱਧ ਜੰਗ "ਯੁੱਧ ਨਸ਼ਿਆਂ ਵਿਰੁੱਧ" ਨੂੰ ਲਗਾਤਾਰ 150ਵੇਂ ਦਿਨ ਵੀ ਜਾਰੀ ਰੱਖਦਿਆਂ, ਪੰਜਾਬ ਪੁਲਿਸ ਨੇ ਅੱਜ 347 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 53 ਐਫਆਈਆਰਜ਼ ਦਰਜ ਕਰਕੇ 72 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਨਾਲ, 150 ਦਿਨਾਂ 'ਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 23,822 ਹੋ ਗਈ ਹੈ। ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 3.4 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ। ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 74 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1100 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ ਛਾਪੇਮਾਰੀ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 362 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ। ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ-ਇਨਫੋਰਸਮੈਂਟ, ਡੀ-ਅਡਿਕਸ਼ਨ ਤੇ ਪ੍ਰੀਵੈਨਸ਼ਨ (ਈਡੀਪੀ)-ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 61 ਵਿਅਕਤੀਆਂ ਨੂੰ ਨਸ਼ਾ ਛੁਡਾਊ ਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

## ਜਸਵੀਰ ਸਿੰਘ ਗੜ੍ਹੀ ਨਿਊਜ਼ੀਲੈਂਡ ਦੌਰੇ ਤੋਂ ਪਰਤੇ ਵਾਪਸ

ਚੰਡੀਗੜ੍ਹ, 29 ਜੁਲਾਈ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਆਪਣਾ 27 ਦਿਨਾਂ ਨਿਊਜ਼ੀਲੈਂਡ ਦਾ ਦੌਰੇ ਉਪਰੰਤ ਵਤਨ ਪਰਤ ਆਏ ਹਨ। ਗੜ੍ਹੀ 30 ਜੁਲਾਈ ਨੂੰ ਪੰਜਾਬ ਸਿਵਲ ਸਕੱਤਰੇਤ, ਸੈਕਟਰ 1, ਚੰਡੀਗੜ੍ਹ ਵਿਖੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਗੇ। ਆਪਣੀ ਇਸ ਨਿਊਜ਼ੀਲੈਂਡ ਫ਼ੇਰੀ ਦੌਰਾਨ ਜਸਵੀਰ ਸਿੰਘ ਗੜ੍ਹੀ ਵੱਲੋਂ ਨਿਊਜ਼ੀਲੈਂਡ ਦੇ ਜ਼ਿਆਦਾਤਰ ਇਲਾਕਿਆਂ ਦਾ ਦੌਰਾ ਕੀਤਾ ਗਿਆ। ਇਸ ਫੇਰੀ ਉਨ੍ਹਾਂ ਆਕਲੈਂਡ, ਹਮਿੰਲਟਨ 'ਚ ਵਸਦੇ ਪੰਜਾਬੀਆਂ ਨਾਲ ਮੁਲਾਕਾਤ ਕਰਨ ਤੋਂ ਨੈਸ਼ਨਲ ਪਾਰਟੀ ਦੇ ਮੈਂਬਰ ਪਾਰਲੀਮੈਂਟ ਕੈਮਰੂਨ ਬਰਾਊਨ ਤੇ ਵਿਰੋਧੀ ਧਿਰ ਦੇ ਸੀਨੀਅਰ ਮੈਂਬਰ ਪਾਰਲੀਮੈਂਟ ਫਿੱਲ ਟਿਫੋਰਡ ਨਾਲ ਵਿਸ਼ੇਸ਼ ਤੌਰ 'ਤੇ ਮੁਲਾਕਾਤ ਕਰਕੇ ਪੰਜਾਬੀਆਂ ਦੀਆਂ ਮੁਸ਼ਕਲਾਂ ਨੂੰ ਸਾਂਝਾ ਕੀਤਾ।

# ਪ੍ਰੋਜੈਕਟ ਜੀਵਨਜੋਤ-2 ਸੂਬੇ ਨੂੰ ਬਾਲ ਭਿੱਖਿਆ ਤੋਂ ਮੁਕਤ ਕਰਕੇ 'ਰੰਗਲਾ ਪੰਜਾਬ' ਬਣਾਉਣ ਵੱਲ ਵਧਾਏਗਾ ਇੱਕ ਹੋਰ ਕਦਮ : ਡਾ. ਬਲਜੀਤ ਕੌਰ

### ਹੁਣ ਤੱਕ ਕੁੱਲ 208 ਬੱਚਿਆਂ ਨੂੰ ਮਿਲੀ ਨਵੀਂ ਜ਼ਿੰਦਗੀ

ਚੰਡੀਗੜ੍ਹ, 29 ਜੁਲਾਈ (ਚ.ਨ.ਸ.): ਪੰਜਾਬ 'ਚ ਕੋਈ ਵੀ ਬੱਚਾ ਸੜਕਾਂ 'ਤੇ ਨਾ ਰਹੇ, ਨਾ ਭੀਖ ਮੰਗੇ, ਨਾ ਉਤਪੀੜਨ ਦਾ ਸ਼ਿਕਾਰ ਹੋਵੇ-ਇਸ ਵਚਨਬੱਧਤਾ ਨਾਲ ਚੱਲ ਰਹੀ ਮੁਹਿੰਮ "ਪ੍ਰੋਜੈਕਟ ਜੀਵਨਜੋਤ-2" ਤਹਿਤ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਕੁੱਲ 208 ਬੱਚਿਆਂ ਨੂੰ ਭੀਖ ਮੰਗਣ ਤੋਂ ਬਚਾਇਆ ਜਾ ਚੁੱਕਾ ਹੈ।



ਤਾਜ਼ਾ ਕਾਰਵਾਈ ਦੌਰਾਨ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ 'ਚ 20 ਵਿਸ਼ੇਸ਼ ਛਾਪਿਆਂ/ਚੈਕਿੰਗਾਂ ਰਾਹੀਂ 5 ਹੋਰ ਬੱਚਿਆਂ ਨੂੰ ਰਾਹਤ ਦਿੱਤੀ ਗਈ ਹੈ। ਇਹ ਜਾਣਕਾਰੀ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਭੀਖ ਮੰਗ ਰਹੇ ਬੱਚਿਆਂ ਨੂੰ ਸੜਕ ਤੋਂ ਚੁੱਕ ਕੇ ਸਕੂਲ ਜਾਂ ਬਾਲ ਘਰ ਤੱਕ ਲੈ ਜਾਣਾ "ਜੀਵਨਜੋਤ" ਦਾ ਮੁੱਖ ਉਦੇਸ਼ ਹੈ। ਡਾ. ਕੌਰ ਨੇ ਦੱਸਿਆ ਕਿ ਜਿਨ੍ਹਾਂ ਜ਼ਿਲ੍ਹਿਆਂ 'ਚ ਵਿਸ਼ੇਸ਼ ਛਾਪੇ ਮਾਰੇ ਗਏ, ਉਹ ਹਨ: ਬਰਨਾਲਾ, ਬਠਿੰਡਾ, ਫਤਿਹਗੜ੍ਹ ਸਾਹਿਬ, ਗੁਰਦਾਸਪੁਰ, ਫਾਜ਼ਿਲਕਾ, ਹੁਸ਼ਿਆਰਪੁਰ ਤੇ ਜਲੰਧਰ। ਇਨ੍ਹਾਂ ਤੋਂ ਇਲਾਵਾ ਕਪੂਰਥਲਾ, ਮਾਨਸਾ, ਮਲੇਰਕੋਟਲਾ, ਮੋਗਾ, ਪਟਿਆਲਾ, ਰੂਪਨਗਰ, ਸੰਗਰੂਰ, ਐਸ.ਏ.ਐਸ. ਨਗਰ, ਐਸ.ਬੀ.ਐਸ. ਨਗਰ, ਸ੍ਰੀ ਮੁਕਤਸਰ ਸਾਹਿਬ ਤੇ ਤਰਨਤਾਰਨ 'ਚ ਵੀ ਚੈਕਿੰਗ ਕੀਤੀ ਗਈ।

ਮੰਤਰੀ ਨੇ ਦੱਸਿਆ ਕਿ ਬਚਾਏ ਗਏ 3 ਬੱਚਿਆਂ ਦੇ ਮਾਪਿਆਂ ਦੀ ਕੌਂਸਲਿੰਗ ਕੀਤੀ ਗਈ ਤੇ ਚੇਤਾਵਨੀ ਦੇ ਕੇ ਇਹਨਾਂ ਨੂੰ ਇਹ ਸ਼ਰਤ ਰੱਖਦਿਆਂ ਮੁੜ ਮਾਪਿਆਂ ਦੇ ਹਵਾਲੇ ਕੀਤਾ ਗਿਆ ਕਿ ਭਵਿੱਖ 'ਚ ਉਹ ਆਪਣੇ ਬੱਚਿਆਂ ਪਾਸੋਂ ਭੀਖ ਨਹੀਂ ਮੰਗਵਾਉਣਗੇ। 2 ਹੋਰ ਬੱਚਿਆਂ ਨੂੰ ਸੁਰੱਖਿਅਤ ਤੌਰ 'ਤੇ ਬਾਲ ਘਰ ਭੇਜਿਆ ਗਿਆ। ਡਾ. ਕੌਰ ਨੇ ਚਿਤਾਵਨੀ ਦਿੱਤੀ ਕਿ ਜੇਕਰ ਕਿਸੇ ਮਾਪੇ ਵੱਲੋਂ ਮੁੜ ਅਜਿਹਾ ਕੀਤਾ ਗਿਆ ਤਾਂ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡਾ. ਬਲਜੀਤ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੂਬੇ ਨੂੰ ਬਾਲ ਭੀਖ ਮੁਕਤ ਤੇ 'ਰੰਗਲਾ ਪੰਜਾਬ' ਬਣਾਉਣ ਲਈ ਪੰਜਾਬ ਸਰਕਾਰ ਨਾਲ ਪੂਰਾ ਸਹਿਯੋਗ ਕਰਨ। ਉਨ੍ਹਾਂ ਨੇ ਕਿਹਾ ਕਿ ਜੇਕਰ ਕਿਸੇ ਵੀ ਥਾਂ ਕੋਈ ਬੱਚਾ ਭੀਖ ਮੰਗਦਾ ਮਿਲੇ, ਤਾਂ ਤੁਰੰਤ ਚਾਈਲਡ ਹੈਲਪ ਲਾਈਨ 1098 ਜਾਂ ਸਥਾਨਕ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਜਾਵੇ।

# ਨਵੀਂ ਸਿੱਖਿਆ ਨੀਤੀ ਦੀ ਆੜ ਹੇਠ ਕੇਂਦਰ ਸੂਬਿਆਂ ਦੇ ਹੱਕ ਖੋਹ ਰਿਹੈ : ਬੈਂਸ

ਚੰਡੀਗੜ੍ਹ/ਨਵੀਂ ਦਿੱਲੀ, 29 ਜੁਲਾਈ (ਚ.ਨ.ਸ.): ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਖਤ ਵਿਰੋਧ ਦਰਜ ਕਰਵਾਉਂਦਿਆਂ ਕਿਹਾ, ਕਿ ਕੇਂਦਰ ਸਰਕਾਰ ਆਪਣੀਆਂ ਹੱਦਾਂ ਤੋਂ ਬਾਹਰ ਜਾ ਕੇ ਨਵੀਂ ਸਿੱਖਿਆ ਨੀਤੀ ਦੀ ਆੜ ਹੇਠ ਸੂਬਿਆਂ ਦੇ ਹੱਕ ਖੋਹ ਰਹੀ ਹੈ। ਬੈਂਸ ਭਾਰਤ ਮੰਡਪਮ ਵਿਖੇ ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ ਕਰਵਾਏ ਗਏ ਅਖਿਲ ਭਾਰਤੀਯ ਸਿਖਿਆ ਸੰਮੇਲਨ ਵਿਚ ਭਾਗ ਲੈਣ ਲਈ ਆਏ ਹੋਏ ਸਨ। ਕੌਮੀ ਪੱਧਰ ਦੇ ਕਰਵਾਏ ਗਏ ਇਸ ਸੰਮੇਲਨ ਵਿਚ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਵੱਖ-ਵੱਖ ਸੂਬਿਆਂ ਦੇ ਸਿੱਖਿਆ ਮੰਤਰੀਆਂ ਵੱਲੋਂ ਵੀ ਇਸ ਸੰਮੇਲਨ ਵਿਚ ਹਾਜ਼ਰੀ ਭਰੀ ਗਈ। ਬੈਂਸ ਨੇ ਕਿਹਾ ਕਿ ਸਿੱਖਿਆ ਦਾ ਵਿਸ਼ਾ ਕੇਂਦਰ ਤੇ ਸੂਬਿਆਂ ਦੀ ਸਾਂਝੀ ਸੂਚੀ 'ਚ ਸ਼ਾਮਲ ਹੈ। ਪਰ ਕੇਂਦਰ ਆਪਣਾ ਦਬਦਬਾ ਸੂਬਿਆਂ ਉੱਪਰ ਵਧਾਉਣ ਲਈ ਨਵੀਂ ਸਿੱਖਿਆ ਨੀਤੀ ਦੀ ਆੜ ਲੈ ਰਿਹਾ ਹੈ। ਪੰਜਾਬ ਦੇ ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬੀ ਭਾਸ਼ਾ ਸੰਵਿਧਾਨ ਤਹਿਤ ਦਰਜ 22 ਭਾਸ਼ਾਵਾਂ 'ਚ ਸ਼ਾਮਲ ਹੋਣ 'ਤੇ ਪੰਜਾਬ ਤੋਂ ਇਲਾਵਾ ਹੋਰ ਸੂਬਿਆਂ 'ਚ ਬੋਲੀ 'ਤੇ ਪੜ੍ਹੀ ਜਾਂਦੀ ਹੋਣ ਦੇ ਬਾਵਜੂਦ ਸੀ.ਬੀ.ਐਸ.ਸੀ ਵੱਲੋਂ ਸ਼ੁਰੂਆਤ ਵਿਚ ਪੰਜਾਬੀ ਨੂੰ ਜਰਮਨ, ਥਾਈ ਤੇ ਮੈਂਡਰਿਨ ਵਾਂਗ ਚੋਣਵੇਂ ਵਿਸ਼ੇ ਦੇ ਵਰਗ ਵਿਚ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਸ਼ੁਰੂਆਤ ਵਿਚ ਦਾਅਵੇ ਕੀਤੇ ਗਏ ਸਨ, ਕਿ ਨਵੀਂ ਸਿੱਖਿਆ ਨੀਤੀ ਨਾਲ ਖੇਤਰੀ ਭਾਸ਼ਾਵਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਪਰ ਇਨ੍ਹਾਂ ਦਾਅਵਿਆਂ ਦੇ ਉਲਟ ਕੇਂਦਰ ਖੇਤਰੀ ਭਾਸ਼ਾਵਾਂ ਨੂੰ ਚੋਣਵੇਂ ਵਿਸ਼ਿਆਂ 'ਚ ਰੱਖਕੇ ਖੇਤਰੀ ਭਾਸ਼ਾਵਾਂ ਦੇ ਦਰਜੇ ਨੂੰ ਘਟਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਵੱਖਰੀ ਸਿਖਿਆ ਨੀਤੀ ਬਣਾਉਣ ਦਾ ਐਲਾਨ ਕੀਤਾ ਹੋਇਆ ਹੈ, ਤੇ ਇਹ ਜਲਦ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਦੇ ਪਰਦੇ ਹੇਠ ਕੇਂਦਰ ਦੇ ਕਿਸੇ ਵੀ ਅਜਿਹੇ ਕਦਮ ਨੂੰ ਬਰਦਾਸ਼ਤ ਨਹੀਂ ਕਰੇਗਾ, ਜਿਸ ਨਾਲ ਪੰਜਾਬ, ਪੰਜਾਬੀਅਤ ਤੇ ਪੰਜਾਬੀ ਭਾਸ਼ਾਂ ਦੀ ਅਹਿਮੀਅਤ ਘਟੇ। ਉਨ੍ਹਾਂ ਕਿਹਾ ਪੰਜਾਬ ਪਹਿਲਾਂ ਹੀ ਆਪਣੀ ਸਿੱਖਿਆ ਨੀਤੀ ਦਾ ਐਲਾਨ ਕਰ ਚੁੱਕਿਆ ਹੈ ਤੇ ਪੰਜਾਬ ਸਰਕਾਰ ਸਿੱਖਿਆ ਖੇਤਰ ਦੇ ਸਰਬਪੱਖੀ ਵਿਕਾਸ ਲਈ ਸੁਹਿਰਦ ਤੇ ਸੰਜੀਦਾ ਉਪਰਾਲੇ ਕਰ ਰਹੀ ਹੈ। ਬੈਂਸ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਕੌਮੀ ਪੱਧਰ 'ਤੇ ਸਿਖਿਆ ਦੇ ਹਰ ਖੇਤਰ 'ਚ ਮਿਸਾਲੀ ਕਾਰਗੁਜ਼ਾਰੀ ਦਿਖਾ ਰਹੇ ਹਨ ਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਕਾਮਯਾਬੀ ਹਾਸਲ ਕਰਕੇ ਸੂਬੇ ਦਾ ਨਾਮ ਰੌਸ਼ਨ ਕਰ ਰਹੇ ਹਨ।



ਬੈਂਸ ਨੇ ਕਿਹਾ ਕਿ ਇਸ ਸਮਾਗਮ ਦੌਰਾਨ ਰਾਜਸਥਾਨ ਵਿਚ ਸਕੂਲ ਦੀ ਇਮਾਰਤ ਡਿੱਗਣ ਕਾਰਨ ਵਾਪਰੇ ਦਰਦਨਾਕ ਹਾਦਸੇ 'ਤੇ ਵਿਚਾਰ ਚਰਚਾ ਤੱਕ ਨਹੀਂ ਕੀਤੀ ਗਈ ਅਤੇ ਨਾ ਮਾਸੂਮ ਬੱਚਿਆਂ ਦੀ ਮੌਤ 'ਤੇ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ, ਜੋ ਕਿ ਬਹੁਤ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਇਸ ਸੰਮੇਲਨ 'ਚ ਮਿਡ-ਡੇ ਮੀਲ ਨਾਲ ਜੁੜੇ ਮਸਲੇ 'ਤੇ ਵਰਕਰਾਂ ਦੀ ਤਨਖਾਹ ਵਧਾਉਣ, ਸਕੂਲੀ ਵਰਦੀਆਂ ਦੇ ਪੈਸੇ ਕਈ ਸਾਲਾਂ ਤੋਂ ਨਾ ਵਧਾਏ ਜਾਣ ਵਰਗੇ ਅਹਿਮ ਮੁੱਦਿਆਂ 'ਤੇ ਚਰਚਾ ਹੀ ਨਹੀਂ ਕੀਤੀ ਗਈ, ਜਦੋਂਕਿ ਪੰਜਾਬ ਵਿਚ ਗਰਮੀ ਤੇ ਸਰਦੀ ਲਈ ਵੱਖਰੀਆਂ ਸਕੂਲੀ ਵਰਦੀਆਂ ਦੀ ਜ਼ਰੂਰਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਸੰਮੇਲਨ 'ਚ ਅਜੋਕੇ ਸਮੇਂ 'ਚ ਵਿਦਿਆ ਦੇ ਨਵੇਂ ਤਰੀਕਿਆਂ, ਬਲਾਕ ਚੇਨ, ਮਸ਼ੀਨੀ ਬੁੱਧੀਮਾਨਤਾ (ਏ.ਆਈ,) ਡਿਜੀਟਲ ਲਰਨਿੰਗ ਤੇ ਹੋਰ ਮੁੱਦੇ ਵਿਚਾਰੇ ਜਾਣੇ ਚਾਹੀਦੇ ਸਨ।

# ਮੋਹਿੰਦਰ ਭਗਤ ਨੇ ਜੰਗੀ ਯਾਦਗਾਰਾਂ ਦੇ ਨਿਰਮਾਣ ਕਾਰਜਾਂ 'ਚ ਤੇਜ਼ੀ ਲਿਆਉਣ ਦੇ ਦਿੱਤੇ ਨਿਰਦੇਸ਼

ਚੰਡੀਗੜ੍ਹ, 29 ਜੁਲਾਈ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਾਬਕਾ ਸੈਨਿਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸੇ ਮੰਤਵ ਦੀ ਪੂਰਤੀ ਲਈ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅਧਿਕਾਰੀਆਂ ਨੂੰ ਸੂਬੇ ਭਰ 'ਚ ਜੰਗੀ ਯਾਦਗਾਰਾਂ ਦੇ ਨਿਰਮਾਣ ਕਾਰਜਾਂ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ। ਪੰਜਾਬ ਸਿਵਲ ਸਕੱਤਰੇਤ ਵਿਖੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੋਹਿੰਦਰ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਾਬਕਾ ਸੈਨਿਕਾਂ ਤੇ ਉਨ੍ਹਾਂ ਦੇ ਆਸ਼ਰਿਤਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਾਬਕਾ ਸੈਨਿਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਲਈ ਸੂਬਾ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਨੂੰ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।



ਮੀਟਿੰਗ ਦੌਰਾਨ, ਵਿਭਾਗ ਦੇ ਡਾਇਰੈਕਟਰ ਬ੍ਰਿਗੇਡੀਅਰ ਭੁਪਿੰਦਰ ਸਿੰਘ ਢਿੱਲੋਂ (ਸੇਵਾਮੁਕਤ) ਨੇ ਪਿਛਲੇ ਤਿੰਨ ਮਹੀਨਿਆਂ ਦੀਆਂ ਗਤੀਵਿਧੀਆਂ ਬਾਰੇ ਇੱਕ ਵਿਆਪਕ ਰਿਪੋਰਟ ਪੇਸ਼ ਕੀਤੀ। ਭਗਤ ਨੇ ਅਧਿਕਾਰੀਆਂ ਨੂੰ ਕਿਹਾ ਕਿ ਸਾਬਕਾ ਸੈਨਿਕਾਂ ਨਾਲ ਸਬੰਧਤ ਸਾਰੇ ਮਾਮਲਿਆਂ ਨੂੰ ਤਰਜ਼ੀਹ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਅਧਿਕਾਰੀ ਸਰਕਾਰੀ ਸਕੀਮਾਂ ਸਬੰਧੀ ਜਾਗਰੂਕਤਾ ਮੁਹਿੰਮਾਂ ਨੂੰ ਯਕੀਨੀ ਬਣਾਉਣ ਤਾਂ ਜੋ ਯੋਗ ਲਾਭਪਾਤਰੀ ਸਰਕਾਰੀ ਯੋਜਨਾਵਾਂ ਦਾ ਪੂਰਾ ਲਾਭ ਲੈ ਸਕਣ।

ਮੰਤਰੀ ਨੇ ਸੂਬੇ 'ਚ ਸੈਨਿਕ ਰੈਸਟ ਹਾਊਸਾਂ ਦੇ ਨਵੀਨੀਕਰਨ ਤੇ ਰੱਖ-ਰਖਾਅ ਦੇ ਕੰਮ ਵੀ ਸਮੇਂ ਸਿਰ ਪੂਰਾ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਅਧਿਕਾਰੀ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਪਾਕਿਸਤਾਨੀ ਤਸਕਰ ਦਾ ਗੁਰਗਾ ਪੰਜ ਆਧੁਨਿਕ ਪਿਸਤੌਲਾਂ ਸਮੇਤ ਕਾਬੂ

### ਪਾਕਿਸਤਾਨ-ਅਧਾਰਤ ਤਸਕਰ ਸਰਹੱਦ ਪਾਰੋਂ ਹਥਿਆਰਾਂ ਦੀਆਂ ਖੇਪਾਂ ਭੇਜਣ ਲਈ ਡਰੋਨ ਦੀ ਕਰ ਰਿਹਾ ਸੀ ਵਰਤੋਂ : ਡੀਜੀਪੀ

ਅੰਮ੍ਰਿਤਸਰ, 29 ਜੁਲਾਈ (ਬਬਲੂ ਮਹਾਜਨ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਮਾਡਿਊਲ ਦੇ ਇੱਕ ਕਾਰਕੁੰਨ ਜੋ ਪਾਕਿਸਤਾਨ ਅਧਾਰਿਤ ਤਸਕਰ ਦੇ ਇਸ਼ਾਰਿਆਂ 'ਤੇ ਕੰਮ ਕਰਦਾ ਸੀ, ਨੂੰ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਭਰਤਪ੍ਰੀਤ ਸਿੰਘ ਵਾਸੀ ਦੇ ਪਿੰਡ ਮਾੜੀ ਮੇਘਾ, ਤਰਨਤਾਰਨ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਸ ਦੇ ਕਬਜ਼ੇ 'ਚੋਂ ਪੰਜ ਆਧੁਨਿਕ ਪਿਸਤੌਲ ਦੋ 9 ਐਮਐਮ, ਦੋ .30 ਬੋਰ ਤੇ ਇੱਕ .32 ਬੋਰ ਬਰਾਮਦ ਕੀਤੇ ਹਨ। ਇਸ ਤੋਂ ਇਲਾਵਾ ਖੇਪਾਂ ਦੀ ਡਿਲੀਵਰੀ ਲਈ ਵਰਤੀ ਜਾ ਰਹੀ ਉਸ ਦੀ ਸਪਲੈਂਡਰ ਮੋਟਰਸਾਈਕਲ ਨੂੰ ਵੀ ਜ਼ਬਤ ਕਰ ਲਿਆ ਗਿਆ ਹੈ। ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਆਪਣੇ ਦੋ ਹੋਰ ਸਾਥੀਆਂ ਨਾਲ ਮਿਲ ਕੇ ਪਾਕਿਸਤਾਨ ਅਧਾਰਤ ਤਸਕਰ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਸੀ। ਦੱਸਣਯੋਗ ਹੈ ਕਿ ਉਕਤ ਪਾਕਿਸਤਾਨ ਅਧਾਰਤ ਤਸਕਰ ਸਰਹੱਦ ਪਾਰੋਂ ਹਥਿਆਰਾਂ ਦੀ ਖੇਪ ਸੁੱਟਣ ਲਈ ਡਰੋਨ ਦੀ ਵਰਤੋਂ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਸੂਬੇ 'ਚ ਅਪਰਾਧਿਕ ਗਤੀਵਿਧੀਆਂ ਨੂੰ ਹਵਾ ਦੇਣ ਦੇ ਇਰਾਦੇ ਨਾਲ ਪੰਜਾਬ 'ਚ ਅਪਰਾਧੀਆਂ ਤੇ ਗੈਂਗਸਟਰਾਂ ਨੂੰ ਹਥਿਆਰ ਸਪਲਾਈ ਕਰ ਰਿਹਾ ਸੀ।




ਇਸ ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਡੀਜੀਪੀ ਨੇ ਕਿਹਾ ਕਿ ਸੀਆਈ ਅੰਮ੍ਰਿਤਸਰ ਨੂੰ ਮੁਲਜ਼ਮਾਂ ਦੁਆਰਾ ਤਰਨਤਾਰਨ ਦੇ ਪਿੰਡ ਦਲੀਰੀ ਨੇੜੇ ਪੈਂਦੇ ਭਾਰਤ-ਪਾਕਿਸਤਾਨ ਸਰਹੱਦੀ ਖੇਤਰ ਤੋਂ ਹਥਿਆਰਾਂ ਦੀ ਖੇਪ ਹਾਸਲ ਕੀਤੇ ਜਾਣ ਬਾਰੇ ਖੁਫੀਆ ਜਾਣਕਾਰੀ ਮਿਲੀ ਸੀ। ਉਨ੍ਹਾਂ ਅੱਗੇ ਕਿਹਾ ਕਿ ਤੇਜ਼ੀ ਨਾਲ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਸ਼ੱਕੀ ਭਰਤਪ੍ਰੀਤ ਸਿੰਘ ਨੂੰ ਅੰਮ੍ਰਿਤਸਰ ਦੇ ਪਿੰਡ ਇੱਬਣ-ਪਿੰਡ ਮੂਲੇਚੱਕ ਰੋਡ 'ਤੇ ਉਸ ਵੇਲੇ ਘੇਰਾ ਪਾ ਲਿਆ। ਜਦੋਂ ਉਹ ਕਿਸੇ ਅੱਗੇ ਕਿਸੇ ਪਾਰਟੀ ਨੂੰ ਖੇਪ ਪਹੁੰਚਾਉਣ ਜਾ ਰਿਹਾ ਸੀ, ਤੇ ਉਸਦੇ ਕਬਜ਼ੇ 'ਚੋਂ ਗੈਰ-ਕਾਨੂੰਨੀ ਹਥਿਆਰ ਵੀ ਬਰਾਮਦ ਕੀਤੇ। ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਪੁਲਿਸ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀਆਂ ਧਾਰਾਵਾਂ 25, 25(1)(ਏ) ਤੇ 25(1)(ਬੀ) ਤੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 61(2) ਤਹਿਤ ਐਫਆਈਆਰ ਨੰ. 41 ਮਿਤੀ 28.07.2025 ਦਰਜ ਕੀਤੀ ਗਈ ਹੈ।

# ਧਰਤੀ ਹੇਠਲੇ ਪਾਣੀ ਲਈ ਅਟਲ ਯੋਜਨਾ ਤਹਿਤ ਪੰਜਾਬ ਨੂੰ ਕੋਈ ਫੰਡ ਨਹੀਂ

ਪਟਿਆਲਾ, 29 ਜੁਲਾਈ (ਅੰਮ੍ਰਿਤਪਾਲ ਸਿੰਘ): ਜਲ ਸ਼ਕਤੀ ਮੰਤਰੀ ਨੇ ਸੰਸਦ ਵਿੱਚ ਦੱਸਿਆ ਕਿ ਪੰਜਾਬ ਨੂੰ ਭੂਮੀਗਤ ਪਾਣੀ ਪ੍ਰਬੰਧਨ ਲਈ ਅਟਲ ਭੂਜਲ ਯੋਜਨਾ ਤਹਿਤ ਫੰਡ ਮੁਹੱਈਆ ਕਰਵਾਉਣ 'ਚ ਸ਼ਾਮਲ ਨਹੀਂ ਕੀਤਾ ਗਿਆ ਹੈ। ਰਾਜ ਸਭਾ ਮੈਂਬਰ ਡਾ. ਵਿਕਰਜੀਤ ਸਾਹਨੀ ਦੇ ਸਵਾਲ ਦੇ ਜਵਾਬ ਵਿੱਚ, ਇਹ ਦੱਸਿਆ ਗਿਆ ਕਿ ਹਰਿਆਣਾ, ਯੂਪੀ, ਐਮਪੀ, ਮਹਾਰਾਸ਼ਟਰ, ਰਾਜਸਥਾਨ, ਗੁਜਰਾਤ ਵਰਗੇ ਰਾਜਾਂ ਤੇ ਕੁੱਲ 3800 ਕਰੋੜ ਰੁਪਏ ਦੀ ਰਕਮ ਅਲਾਟ ਕੀਤੀ ਗਈ ਸੀ। ਡਾ. ਸਾਹਨੀ ਨੇ ਕਿਹਾ ਕਿ ਪੰਜਾਬ ਨੂੰ ਖਾਸ ਤੌਰ 'ਤੇ ਉਦੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ ਜਦੋਂ ਇਹ ਭਾਰਤ ਦੇ ਸਭ ਤੋਂ ਵੱਧ ਭੂਮੀਗਤ ਪਾਣੀ ਦੀ ਕਮੀ ਵਾਲੇ ਰਾਜਾਂ 'ਚੋਂ ਇੱਕ ਹੈ।



ਜਵਾਬ ਵਿੱਚ ਸਕੀਮ ਵਿੱਚ ਪੰਜਾਬ ਨੂੰ ਬਾਹਰ ਰੱਖਣ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ। ਪੰਜਾਬ ਦਾ ਧਰਤੀ ਹੇਠਲਾ ਪਾਣੀ ਚਿੰਤਾਜਨਕ ਦਰ ਨਾਲ ਘਟ ਰਿਹਾ ਹੈ, ਇਸਦੇ 78% ਬਲਾਕਾਂ ਨੂੰ ਜ਼ਿਆਦਾ ਸ਼ੋਸ਼ਣ ਵਜੋਂ ਸ਼੍ਰੇਣੀ ਬੱਧ ਕੀਤਾ ਗਿਆ ਹੈ ਅਤੇ ਕੁਝ ਖੇਤਰਾਂ ਵਿੱਚ ਪਾਣੀ ਦਾ ਪੱਧਰ ਸਾਲਾਨਾ 1 ਮੀਟਰ ਘੱਟ ਰਿਹਾ ਹੈ। ਪੰਜਾਬ ਨੂੰ ਪਾਣੀ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, 66 ਬੀਸੀਐਮ ਦੀ ਮੰਗ ਦੇ ਮੁਕਾਬਲੇ 56 ਬੀਸੀਐਮ (ਬਿਲੀਅਨ ਘਣ ਮੀਟਰ) ਵਰਤੋਂ ਯੋਗ ਪਾਣੀ ਉਪਲਬਧ ਹੈ। ਪੰਜਾਬ ਦਾ ਧਰਤੀ ਹੇਠਲੇ ਪਾਣੀ ਦੀ ਵਰਤੋਂ 164% ਹੈ ਤੇ 2039 ਤੱਕ ਪੱਧਰ 1000 ਫੁੱਟ ਤੋਂ ਹੇਠਾਂ ਆ ਸਕਦਾ ਹੈ।

## ਐਡ. ਧਾਮੀ ਵੱਲੋਂ ਜਥੇ. ਗੜਗੱਜ ਦੇ ਨਜ਼ਦੀਕੀ ਰਿਸ਼ਤੇਦਾਰ ਦੇ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ, 29 ਜੁਲਾਈ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਨੇ ਸਿੰਘ ਸਾਹਿਬ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੇ ਨਜ਼ਦੀਕੀ ਰਿਸ਼ਤੇਦਾਰ ਗੁਰਵਿੰਦਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਐਡ. ਧਾਮੀ ਨੇ ਕਿਹਾ ਕਿ ਗੁਰਵਿੰਦਰ ਸਿੰਘ ਦੇ ਅਚਾਨਕ ਅਕਾਲ ਚਲਾਣੇ ਨਾਲ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ, ਕਿ ਵਿੱਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਿਸ਼ ਕਰਨ।



ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਅਤੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਵੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਵਿੱਛੜੀ ਰੂਹ ਨਮਿਤ ਅਰਦਾਸ ਕੀਤੀ।

# ਮਾਂ ਖੇਡ ਕਬੱਡੀ ਦਾ ਮਹਾਂ ਕੁੰਭ ਕਬੱਡੀ ਕੱਪ 3 ਅਗਸਤ ਨੂੰ ਮੌਂਟਰੀਅਲ (ਕੈਨੇਡਾ) 'ਚ

ਮੌਂਟਰੀਅਲ, 29 ਜੁਲਾਈ (ਮਨਿੰਦਰ): ਸਿੱਖ ਕੌਮ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਯੰਗ ਕਬੱਡੀ ਕਲੱਬ ਤੇ ਸ਼ਾਨੇ ਪੰਜਾਬ ਐਸੋਸੀਏਸ਼ਨ ਵੱਲੋਂ ਕੈਨੇਡਾ ਦੇ ਮੌਂਟੀਰੀਅਲ 'ਚ ਕਬੱਡੀ ਕੱਪ 3 ਅਗਸਤ ਨੂੰ ਗੁਰਦੁਆਰਾ ਨਾਨਕ ਦਰਬਾਰ ਲਸਾਲ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ 'ਚ ਕਬੱਡੀ ਖਿਡਾਰੀਆਂ ਦੀਆਂ 6 ਟੀਮਾਂ ਮਸ਼ਹੂਰ ਚੋਟੀ ਦੇ ਪਲੇਅਰ ਆਪਣੇ ਖੇਡ ਮੈਦਾਨ 'ਚ ਜ਼ੋਰ ਦਿਖਾਉਣਗੇ। ਕਬੱਡੀ ਟੂਰਨਾਮੈਂਟ ਨੂੰ ਸੰਪੋਸਰ ਕਰਦੇ ਹੋਏ ਪੰਜਾਬੀ ਮੂਲ ਦੇ ਕਾਰੋਬਾਰੀਆਂ ਵੱਲੋਂ ਨਿਸ਼ਾਨ ਟਰਾਂਸਪੋਰਟ, ਓਟੀਟੀ ਟਰਾਂਸਪੋਰਟ, ਪੰਜਾਬ ਗੈਰਜ, ਜੀਵੀਐਮ ਟਰਾਂਸਪੋਰਟ, ਕਾਲੋ ਟਰਾਂਸਪੋਰਟ, ਢਿੱਲੋ ਟਰਾਂਸਪੋਰਟ, ਐਨ.ਕੇ.ਐਸ. ਇੰਸੋਰਸ, ਨੈਸ਼ਨਲ ਟਰਾਂਸਪੋਰਟ, ਭੰਡਾਲ ਟੈਕਸਟਾਈਲ, ਰਾਜ ਕੰਟਰਕਸ਼ਨ, ਕੇ ਡੀ ਕਿਚਨ ਕੈਬਨਿਟ ਅਤੇ ਹੋਰ ਸਪੋਂਸਰਾਂ ਦੇ ਸਹਿਯੋਗ ਨਾਲ ਵਿਦੇਸ਼ਾਂ 'ਚ ਆਪਣੇ ਵਿਰਸੇ ਨੂੰ ਕਾਇਮ ਰੱਖਣ ਵਾਸਤੇ ਇਹ ਵੱਡਾ ਉਪਰਾਲਾ ਕੀਤਾ ਜਾ ਰਿਹਾ ਹੈ। ਪ੍ਰਬੰਧਕ ਕਮੇਟੀ ਵੱਲੋਂ ਆਉਣ ਵਾਲੀਆਂ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਜੀ ਦੀ ਮਰਿਆਦਾ ਨੂੰ ਬਰਕਰਾਰ ਰੱਖਣ ਲਈ ਕਿਸੇ ਵੀ ਪ੍ਰਕਾਰ ਦੀ ਹੁੱਲੜਬਾਜੀ ਅਤੇ ਕਿਸੇ ਵੀ ਪ੍ਰਕਾਰ ਦਾ ਨਸ਼ਾ ਨਾ ਕਰਕੇ ਆਉਣ ਦੀ ਅਪੀਲ ਕੀਤੀ ਜਾਂਦੀ ਹੈ। ਇਸ ਮੌਕੇ ਮੌਂਟਰਿਅਲ ਟੀਮ ਵੱਲੋਂ ਨਰਿੰਦਰ ਸਿੰਘ ਮਿਨਹਾਸ, ਪਰਮਿੰਦਰ ਸਿੰਘ ਪਾਂਗਲੀ, ਬਲਰਾਜ ਸਿੰਘ ਢਿੱਲੋ, ਜਸਵਿੰਦਰ ਸਿੰਘ, ਸੁਰਜੀਤ ਸਿੰਘ, ਜਸਵਿੰਦਰ ਸਿੰਘ ਮੁਲਤਾਨੀ, ਰਣਵੀਰ ਸਿੰਘ ਸਿੱਧੂ, ਕੁਲਵੀਰ ਸਿੰਘ ਬੱਲ, ਗੁਰਦੀਪ ਸਿੰਘ ਜੰਡੂ, ਸਰਬਜੀਤ ਸਿੰਘ, ਜਸਪਾਲ ਸਿੰਘ ਢਿੱਲੋ, ਜਸਵੀਰ ਜਸਵਾਲ ਤੇ ਓਟਾਰੀਓ ਤੋਂ ਰੈਂਬੋ ਸਿੱਧੂ, ਬਿੱਲਾ ਸਿੱਧੂ, ਰਾਣਾ ਸਿੱਧੂ ਆਦਿ ਨੇ ਇਸ ਕਬੱਡੀ ਟੂਰਨਾਮੈਂਟ 'ਚ ਪਹੁੰਚਣ ਲਈ ਸਮੂਹ ਮੌਂਟਰਿਅਲ ਦੀਆਂ ਸੰਗਤਾਂ ਨੂੰ ਵੱਧ ਚੜ੍ਹ ਕੇ ਪਹੁੰਚਣ ਦਾ ਸੱਦਾ ਦਿੱਤਾ ਹੈ। ਇਸ ਕਬੱਡੀ ਟੂਰਨਾਮੈਂਟ ਪ੍ਰਤੀ ਕਿਸੇ ਵੀ ਜਾਣਕਾਰੀ ਲਈ ਨਰਿੰਦਰ ਸਿੰਘ ਮਿਨਹਾਸ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# ਮਾਨ ਸਰਕਾਰ ਨੇ ਸੰਭਾਵੀ ਹੜ੍ਹਾਂ ਨਾਲ ਨਜਿੱਠਣ ਲਈ 276 ਕਰੋੜ ਨਾਲ ਪੂਰੇ ਕੀਤੇ ਪ੍ਰਬੰਧ : ਬਰਿੰਦਰ ਕੁਮਾਰ ਗੋਇਲ

### ਪਿਛਲੇ ਅਰਸੇ ਦੌਰਾਨ ਨੁਕਸਾਨੀਆਂ 94 ਸੰਵੇਦਨਸ਼ੀਲ ਥਾਵਾਂ 'ਤੇ ਅਧਿਕਾਰੀਆਂ ਨੂੰ ਨਿਰੰਤਰ ਨਿਗਰਾਨੀ ਰੱਖਣ ਦੇ ਹੁਕਮ

ਚੰਡੀਗੜ੍ਹ, 29 ਜੁਲਾਈ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਬਰਸਾਤਾਂ ਦੇ ਮੌਸਮ ਦੇ ਮੱਦੇਨਜ਼ਰ ਸੂਬੇ ਦੀਆਂ ਡਰੇਨਾਂ ਦੀ ਸਫ਼ਾਈ ਦਾ ਕੰਮ ਮੁਕੰਮਲ ਕਰ ਲਿਆ ਹੈ, ਤੇ ਬੰਨ੍ਹਾਂ ਨੂੰ ਮਜ਼ਬੂਤ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਪੰਜਾਬ ਭਵਨ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਦਿੱਤੀ। ਸੰਭਾਵੀ ਹੜ੍ਹਾਂ ਦੇ ਮੱਦੇਨਜ਼ਰ ਜਲ ਸਰੋਤ ਵਿਭਾਗ ਵੱਲੋਂ ਕੀਤੇ ਗਏ ਪ੍ਰਬੰਧਾਂ ਦਾ ਉੱਚ ਪੱਧਰੀ ਮੀਟਿੰਗ ਦੌਰਾਨ ਜਾਇਜ਼ਾ ਲੈਣ ਉਪਰੰਤ ਪੱਤਰਕਾਰਾਂ ਨੂੰ ਮੁਖ਼ਾਤਿਬ ਹੁੰਦਿਆਂ ਗੋਇਲ ਨੇ ਦੱਸਿਆ, ਕਿ ਸੂਬਾ ਸਰਕਾਰ ਵੱਲੋਂ ਹੜ੍ਹਾਂ ਜਿਹੀ ਸੰਭਾਵੀ ਸਥਿਤੀ ਨਾਲ ਨਜਿੱਠਣ ਲਈ 276 ਕਰੋੜ ਰੁਪਏ ਨਾਲ 1220 ਕਾਰਜ ਨੇਪਰੇ ਚਾੜ੍ਹੇ ਗਏ ਹਨ, ਜਿਨ੍ਹਾਂ ਵਿਚ ਦਰਿਆਵਾਂ ਦੀ ਰਿਬੈਟਮੈਂਟ, ਸਟੱਡ ਲਾਉਣਾ, ਮਜ਼ਬੂਤੀਕਰਨ ਅਤੇ ਡਰੇਨਾਂ ਦੀ ਡੀਸਿੰਲਟਿੰਗ/ਸਫ਼ਾਈ ਆਦਿ ਦੇ ਕੰਮ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ 600 ਚੈੱਕ ਡੈਮ ਬਣਾਏ ਗਏ ਹਨ, ਤੇ 1104 ਹੋਰ ਚੈੱਕ ਡੈਮ ਉਸਾਰੀ ਅਧੀਨ ਹੈ। ਇਸ ਦੇ ਨਾਲ ਹੀ 3905 ਸੋਕ ਪਿੱਟ ਬਣਾਏ ਜਾ ਰਹੇ ਹਨ। 53400 ਤੋਂ ਵੱਧ ਬਾਂਸ ਦੇ ਬੂਟੇ ਲਗਾਏ ਹਨ ਅਤੇ 226 ਕਿਲੋਮੀਟਰ ਵੈਟੀਵਰ ਘਾਹ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸੂਬੇ ਦੀਆਂ 850 ਡਰੇਨਾਂ ਵਿੱਚੋਂ 601 ਡਰੇਨਾਂ ਦੀ ਇਸ ਸਾਲ ਸਫ਼ਾਈ ਦੀ ਜ਼ਰੂਰਤ ਸੀ, ਜੋ ਕਰਵਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ 4766 ਕਿਲੋਮੀਟਰ ਡਰੇਨਾਂ ਦੀ ਸਫ਼ਾਈ ਕਰਵਾਈ ਗਈ ਹੈ। ਗੋਇਲ ਨੇ ਦੱਸਿਆ ਕਿ ਵਿਭਾਗ ਵੱਲੋਂ ਡਰੇਨਾਂ ਦੀ ਡੀਸਿਲਟਿੰਗ/ਸਫਾਈ ਦੇ ਕਾਰਜ ਵਿਭਾਗੀ ਮਸ਼ੀਨਰੀ ਨਾਲ ਨੇਪਰੇ ਚਾੜ੍ਹੇ ਗਏ ਹਨ। ਮੰਤਰੀ ਨੇ ਦੱਸਿਆ ਕਿ ਵਿਭਾਗੀ ਮਸ਼ੀਨਾਂ ਨਾਲ ਠੇਕੇਦਾਰ ਦੇ ਕੰਮ ਦੇ ਮੁਕਾਬਲੇ ਲਾਗਤ ਵਿੱਚ 65 ਫ਼ੀਸਦੀ ਬੱਚਤ ਹੋਈ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਕੋਲ ਮੌਜੂਦਾ ਸਮੇਂ 15 ਮਸ਼ੀਨਾਂ ਹਨ ਅਤੇ 3 ਹੋਰ ਮਸ਼ੀਨਾਂ ਛੇਤੀ ਹੀ ਵਿਭਾਗ ਦੇ ਬੇੜੇ ਵਿੱਚ ਸ਼ਾਮਲ ਹੋ ਜਾਣਗੀਆਂ।



ਜਲ ਸਰੋਤ ਮੰਤਰੀ ਨੇ ਦੱਸਿਆ ਕਿ ਵਿਭਾਗੀ ਮਸ਼ੀਨਰੀ ਨਾਲ ਸ੍ਰੀ ਮੁਕਤਸਰ ਸਾਹਿਬ, ਫ਼ਰੀਦਕੋਟ, ਫ਼ਾਜ਼ਿਲਕਾ, ਅੰਮ੍ਰਿਤਸਰ, ਗੁਰਦਾਸਪੁਰ, ਰੋਪੜ ਤੇ ਸ੍ਰੀ ਅਨੰਦਪੁਰ ਸਾਹਿਬ ਵਿਚ 110 ਥਾਵਾਂ 'ਤੇ ਡੀਸਿਲਟਿੰਗ/ਸਫ਼ਾਈ ਦਾ ਕੰਮ ਚਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਥਾਵਾਂ 'ਤੇ ਬੀਤੇ ਵਰ੍ਹਿਆਂ ਦੌਰਾਨ ਬੰਨ੍ਹ ਟੁੱਟੇ ਸਨ, ਉਨ੍ਹਾਂ ਥਾਵਾਂ ਨੂੰ ਵਿਸ਼ੇਸ਼ ਤੌਰ 'ਤੇ ਮਜ਼ਬੂਤ ਕੀਤਾ ਗਿਆ ਹੈ ਅਤੇ ਸੂਬੇ ਦੀਆਂ 94 ਥਾਵਾਂ 'ਤੇ ਇਹਤਿਆਤ ਵਜੋਂ ਸੈਂਡ ਬੈਗ ਰਖਵਾ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ, ਕਿ ਉਹ ਆਪਣੇ ਅਧੀਨ ਖੇਤਰਾਂ ਵਿਚ ਲਗਾਤਾਰ ਨਿਗਰਾਨੀ ਕਰਨ ਅਤੇ ਨਾਲ ਹੀ ਰੋਜ਼ਾਨਾ ਦੀ ਰਿਪੋਰਟ ਵੀ ਮੁੱਖ ਦਫ਼ਤਰ ਨੂੰ ਭੇਜਣ। ਇਸ ਦੇ ਨਾਲ ਇਹ ਵੀ ਯਕੀਨੀ ਬਣਾਉਣ ਕਿ ਉਹ ਆਪਣਾ ਹੈੱਡਕੁਆਰਟਰ ਨਾ ਛੱਡਣ।

ਜਲ ਸਰੋਤ ਮੰਤਰੀ ਨੇ ਸਥਾਨਕ ਸਰਕਾਰਾਂ ਤੇ ਪੇਂਡੂ ਵਿਕਾਸ ਵਿਭਾਗਾਂ ਦੇ ਅਧਿਕਾਰੀਆਂ ਤੇ ਡਿਪਟੀ ਕਮਿਸ਼ਨਰਾਂ ਨੂੰ ਵੀ ਹਦਾਇਤ ਕੀਤੀ, ਕਿ ਉਹ ਅਧੀਨ ਖੇਤਰਾਂ ਵਿਚ ਗੁਜ਼ਰਦੀਆਂ ਡਰੇਨਾਂ ਤੇ ਨਾਲਿਆਂ ਦੀ ਸਫਾਈ ਦਾ ਕੰਮ ਯਕੀਨੀ ਬਣਾਉਣ 'ਤੇ ਨਿਰੰਤਰ ਨਿਗਰਾਨੀ ਰੱਖਣ। ਉਨ੍ਹਾਂ ਦੱਸਿਆ ਕਿ ਵਿਭਾਗ ਨੇ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਕਈ ਰਣਨੀਤਕ ਉਪਾਅ ਕੀਤੇ ਹਨ, ਜਿਨ੍ਹਾਂ ਤਹਿਤ 8.76 ਲੱਖ ਸੈਂਡ ਬੈਗ ਖਰੀਦੇ ਗਏ ਹਨ ਅਤੇ ਰਣਨੀਤਕ ਤੌਰ 'ਤੇ ਸੰਵੇਦਨਸ਼ੀਲ ਥਾਵਾਂ 'ਤੇ ਰੱਖੇ ਗਏ ਹਨ। ਇਨ੍ਹਾਂ ਵਿੱਚੋਂ 3.24 ਲੱਖ ਬੈਗ ਭਰ ਕੇ ਰੱਖ ਦਿੱਤੇ ਗਏ ਹਨ।

ਡੈਮਾਂ 'ਚ ਪਾਣੀ ਦੇ ਪੱਧਰ ਬਾਰੇ ਜਾਣਕਾਰੀ ਦਿੰਦੇ ਹੋਏ ਕੈਬਨਿਟ ਮੰਤਰੀ ਨੇ ਦੱਸਿਆ ਕਿ ਸਾਰੇ ਵੱਡੇ ਡੈਮਾਂ ਦੇ ਪੱਧਰ ਸੁਰੱਖਿਅਤ ਸੀਮਾਵਾਂ ਦੇ ਅੰਦਰ ਹਨ ਅਤੇ ਚਿੰਤਾ ਦਾ ਕੋਈ ਵਿਸ਼ਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਭਾਖੜਾ ਡੈਮ ਇਸ ਵੇਲੇ 1618.38 ਫੁੱਟ 'ਤੇ ਹੈ, ਜੋ ਪਿਛਲੇ 20 ਸਾਲਾਂ ਦੀ ਔਸਤ ਲੋੜ ਨਾਲ ਮੇਲ ਖਾਂਦਾ ਹੈ। ਉਨ੍ਹਾਂ ਦੱਸਿਆ ਕਿ ਵੱਧ ਤੋਂ ਵੱਧ 1680 ਫੁੱਟ ਸਮਰੱਥਾ ਵਾਲੇ ਭਾਖੜਾ ਡੈਮ ਦਾ ਪੱਧਰ 2023 ਦੇ ਹੜ੍ਹ ਦੇ ਪੱਧਰ ਦੇ ਮੁਕਾਬਲੇ ਹੁਣ 47 ਫੁੱਟ ਹੇਠਾਂ ਹੈ। ਇਸੇ ਤਰ੍ਹਾਂ ਵੱਧ ਤੋਂ ਵੱਧ 1390 ਫੁੱਟ ਦੀ ਸਮਰੱਥਾ ਵਾਲੇ ਪੌਂਗ ਡੈਮ ਦਾ ਪੱਧਰ 1346.15 ਫੁੱਟ 'ਤੇ ਹੈ, ਜੋ 2023 ਦੇ ਹੜ੍ਹਾਂ ਦੇ ਪੱਧਰ ਤੋਂ 30.78 ਫੁੱਟ ਘੱਟ ਹੈ। ਉਨ੍ਹਾਂ ਦੱਸਿਆ ਕਿ ਰਣਜੀਤ ਸਾਗਰ ਡੈਮ, ਜਿਸ ਦੀ ਵੱਧ ਤੋਂ ਵੱਧ ਸਮਰੱਥਾ 1731.55 ਫੁੱਟ ਹੈ, ਇਸ ਵੇਲੇ 1664.72 ਫੁੱਟ 'ਤੇ ਹੈ, ਜੋ 20 ਸਾਲਾਂ ਦੀ ਔਸਤ ਤੋਂ 5.49 ਫੁੱਟ ਘੱਟ ਹੈ ਤੇ ਹੜ੍ਹਾਂ ਵਾਲੇ ਸਾਲ 2023 ਦੇ ਪੱਧਰ ਤੋਂ 54 ਫੁੱਟ ਘੱਟ ਹੈ। ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਨਿਯੰਤਰਿਤ ਪਾਣੀ ਦੇ ਪੱਧਰ ਨਾਲ ਸਿੰਚਾਈ ਲਈ ਕਾਫ਼ੀ ਲਾਭ ਹੋਵੇਗਾ। ਕਿਉਂਕਿ ਵਧੇਰੇ ਖੇਤੀਬਾੜੀ ਖੇਤਰਾਂ ਨੂੰ ਨਹਿਰੀ ਸਿੰਚਾਈ ਪ੍ਰਣਾਲੀਆਂ ਅਧੀਨ ਲਿਆਂਦਾ ਜਾ ਰਿਹਾ ਹੈ।

## ਸੰਪਾਦਕੀ

# 'ਆਪ੍ਰੇਸ਼ਨ ਸਿੰਦੂਰ' ਉੱਤੇ ਬਹਿਸ

ਇਸ ਸਮੇਂ ਸੰਸਦ ਵਿੱਚ ਆਪ੍ਰੇਸ਼ਨ ਸਿੰਦੂਰ ਨੂੰ ਲੈ ਕੇ ਜ਼ਬਰਦਸਤ ਬਹਿਸ ਚੱਲ ਰਹੀ ਹੈ। ਇਕ ਪਾਸੇ ਵਿਰੋਧੀ ਧਿਰ ਸਰਕਾਰ ਨੂੰ ਘੇਰ ਰਹੀ ਹੈ ਤਾਂ ਦੂਜੇ ਪਾਸੇ ਸਰਕਾਰ ਵੱਲੋਂ ਇਸ ਸਾਰੇ ਆਪ੍ਰੇਸ਼ਨ ਬਾਰੇ ਸਰਕਾਰ ਆਪਣੀ ਸਥਿਤੀ ਨੂੰ ਸਪੱਸ਼ਟ ਕਰ ਰਹੀ ਹੈ ਅਤੇ ਉਦੋਂ ਹੋਈਆਂ ਘਟਨਾਵਾਂ ਅਤੇ ਪ੍ਰਾਪਤੀਆਂ ਬਾਰੇ ਜਾਣੂੰ ਕਰਵਾ ਰਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਵੱਲੋਂ ਚੁੱਕੇ ਗਏ ਕਦਮ, ਪਾਕਿਸਤਾਨ ਵਿੱਚ ਅੱਤਵਾਦੀ ਟਿਕਾਣਿਆਂ 'ਤੇ ਹਮਲਾ ਕਰਨਾ ਅਤੇ ਉਨ੍ਹਾਂ ਨੂੰ ਤਬਾਹ ਕਰਨਾ, ਹੁਣ ਦੇਸ਼ ਦੇ ਇਤਿਹਾਸ ਵਿੱਚ ਇੱਕ ਸ਼ਾਨਦਾਰ ਅਧਿਆਇ ਵਜੋਂ ਦਰਜ ਕੀਤਾ ਜਾਵੇਗਾ। ਪਰ 'ਆਪ੍ਰੇਸ਼ਨ ਸਿੰਦੂਰ' ਤਹਿਤ ਮੁਹਿੰਮ ਦੌਰਾਨ ਇਸ ਸਬੰਧ ਵਿੱਚ ਜੋ ਵੀ ਖ਼ਬਰਾਂ ਆਈਆਂ, ਇਸ ਤੋਂ ਕਿਸ ਤਰ੍ਹਾਂ ਦੀਆਂ ਧਾਰਨਾਵਾਂ ਬਣਾਈਆਂ ਗਈਆਂ, ਜੋ ਸਵਾਲ ਉੱਠੇ, ਉਨ੍ਹਾਂ ਨੂੰ ਦੇਸ਼ ਦੇ ਸਾਹਮਣੇ ਰੱਖਣਾ ਵੀ ਇੱਕ ਸੁਭਾਵਿਕ ਮੰਗ ਹੈ। ਇਸ ਕ੍ਰਮ ਵਿੱਚ ਵਿਰੋਧੀ ਧਿਰ ਨੇ ਸੰਸਦ ਅਤੇ ਸਰਕਾਰ 'ਤੇ ਉਨ੍ਹਾਂ ਸਵਾਲਾਂ ਦੇ ਜਵਾਬ ਦੇਣ ਲਈ ਬਹਿਸ ਲਈ ਦਬਾਅ ਵੀ ਪਾਇਆ, ਜੋ ਕਈ ਪੱਧਰਾਂ 'ਤੇ ਹਨੇਰੇ ਵਿੱਚ ਡੁੱਬੇ ਹੋਏ ਹਨ। ਇਹ ਸੱਚ ਹੈ ਕਿ 'ਆਪ੍ਰੇਸ਼ਨ ਸਿੰਦੂਰ' ਰਾਹੀਂ ਭਾਰਤ ਨੇ ਦੁਨੀਆ ਨੂੰ ਇਹ ਸੁਨੇਹਾ ਦਿੱਤਾ ਕਿ ਜੇਕਰ ਅੱਤਵਾਦੀਆਂ ਜਾਂ ਉਨ੍ਹਾਂ ਨੂੰ ਪਾਲਣ-ਪੋਸ਼ਣ ਕਰਨ ਵਾਲੇ ਦੇਸ਼ ਨੇ ਭਾਰਤੀ ਲੋਕਾਂ ਦੀਆਂ ਜਾਨਾਂ ਨਾਲ ਖੇਡਿਆ ਤਾਂ ਉਨ੍ਹਾਂ ਨੂੰ ਢੁਕਵਾਂ ਜਵਾਬ ਦਿੱਤਾ ਜਾਵੇਗਾ। ਪਰ ਭਾਰਤ ਦੇ ਸੋਚ-ਸਮਝ ਕੇ ਅਤੇ ਦ੍ਰਿੜ ਜਵਾਬ ਦੌਰਾਨ ਹਮਲਿਆਂ ਦੀ ਪ੍ਰਕਿਰਤੀ ਅਤੇ ਇਸਦੇ ਨਤੀਜਿਆਂ ਬਾਰੇ ਜਿਸ ਤਰ੍ਹਾਂ ਦੀਆਂ ਖ਼ਬਰਾਂ ਆਈਆਂ, ਉਸ ਨੇ ਕਈ ਸਵਾਲਾਂ ਨੂੰ ਜਨਮ ਦਿੱਤਾ। ਇਸ ਦੇ ਜਵਾਬ ਵਿੱਚ ਸਰਕਾਰ ਦੁਆਰਾ ਪੇਸ਼ ਕੀਤੀ ਗਈ ਤਸਵੀਰ ਅੱਤਵਾਦੀਆਂ ਵਿਰੁੱਧ ਜਵਾਬ ਦੀ ਸਫਲਤਾ 'ਤੇ ਕੇਂਦ੍ਰਿਤ ਸੀ। ਹੁਣ ਵਿਰੋਧੀ ਪਾਰਟੀਆਂ ਦੇ ਜ਼ੋਰ ਦੇਣ ਤੋਂ ਬਾਅਦ, ਸੰਸਦ ਵਿੱਚ ਇਸ ਮੁੱਦੇ 'ਤੇ ਬਹਿਸ ਕਰਨ ਲਈ ਸਾਰਿਆਂ ਵਿੱਚ ਸਹਿਮਤੀ ਬਣ ਗਈ, ਜੋ ਕਿ ਸਵਾਗਤਯੋਗ ਹੈ। ਇਸ ਦੇ ਨਾਲ ਹੀ ਇਹ ਉਮੀਦ ਕਰਨਾ ਸੁਭਾਵਿਕ ਹੈ ਕਿ ਸਿਰਫ਼ ਰਸਮੀ ਜਵਾਬਾਂ ਦੀ ਬਜਾਏ ਸਰਕਾਰ 'ਆਪ੍ਰੇਸ਼ਨ ਸਿੰਦੂਰ' ਤਹਿਤ ਕੀਤੇ ਗਏ ਆਪ੍ਰੇਸ਼ਨ ਨਾਲ ਸਬੰਧਤ ਸਾਰੇ ਸਵਾਲਾਂ ਦੇ ਤੱਥਾਂ ਦੇ ਜਵਾਬ ਦੇਵੇਗੀ। ਇਹ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਵਿੱਚ ਹਰੇਕ ਧਿਰ ਨੂੰ ਕਿੰਨਾ ਨੁਕਸਾਨ ਹੋਇਆ, ਇਸ ਬਾਰੇ ਕਈ ਤਰ੍ਹਾਂ ਦੇ ਭੰਬਲਭੂਸੇ ਫੈਲਾਏ ਗਏ ਸਨ। ਰੱਖਿਆ ਮੰਤਰੀ ਇਹ ਵੀ ਕਹਿੰਦੇ ਹਨ ਕਿ ਸਵਾਲ ਇਹ ਨਹੀਂ ਹੈ ਕਿ ਕਿੰਨਾ ਨੁਕਸਾਨ ਹੋਇਆ, ਸਗੋਂ ਨਤੀਜਾ ਕੀ ਨਿਕਲਿਆ। ਸਰਕਾਰ ਕਹਿੰਦੀ ਰਹੀ ਹੈ ਕਿ ਇਸ ਆਪ੍ਰੇਸ਼ਨ ਦੀ ਸ਼ੁਰੂਆਤ ਤੋਂ ਤੁਰੰਤ ਬਾਅਦ, ਪਾਕਿਸਤਾਨ 'ਤੇ ਇੰਨਾ ਦਬਾਅ ਆ ਗਿਆ ਕਿ ਉਸਨੇ ਜੰਗਬੰਦੀ ਦੀ ਬੇਨਤੀ ਕਰਨੀ ਸ਼ੁਰੂ ਕਰ ਦਿੱਤੀ। ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਕਈ ਵਾਰ ਅਜਿਹੇ ਦਾਅਵੇ ਕਰ ਚੁੱਕੇ ਹਨ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਕਰਵਾਈ ਹੈ। ਸਪੱਸ਼ਟ ਤੌਰ 'ਤੇ ਅਜਿਹੀ ਅਸਪੱਸ਼ਟਤਾ ਦੇ ਵਿਚਕਾਰ ਇੱਕ ਸਪੱਸ਼ਟ ਤਸਵੀਰ ਦੀ ਲੋੜ ਸੀ। ਦਰਅਸਲ, ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਦੇ ਬਾਵਜੂਦ, ਇਹ ਅਜੇ ਵੀ ਸਪੱਸ਼ਟ ਨਹੀਂ ਹੈ ਕਿ ਪਹਿਲਗਾਮ ਵਿੱਚ ਸੈਲਾਨੀਆਂ 'ਤੇ ਹਮਲਾ ਕਰਨ ਵਾਲੇ ਅੱਤਵਾਦੀ ਕਿਵੇਂ ਘੁਸਪੈਠ ਕਰਨ ਅਤੇ ਉੱਥੇ ਪਹੁੰਚਣ ਦੇ ਯੋਗ ਹੋ ਗਏ, ਉੱਥੇ ਸੁਰੱਖਿਆ ਪ੍ਰਣਾਲੀ ਕਿਉਂ ਗੈਰਹਾਜ਼ਰ ਸੀ। ਫਿਰ ਹਮਲੇ ਤੋਂ ਬਾਅਦ ਅੱਤਵਾਦੀ ਉੱਥੋਂ ਆਰਾਮ ਨਾਲ ਕਿਵੇਂ ਭੱਜ ਗਏ? ਇਸ ਦੇ ਜਵਾਬ ਵਿੱਚ ਪਾਕਿਸਤਾਨ ਵਿੱਚ ਅੱਤਵਾਦੀ ਟਿਕਾਣਿਆਂ 'ਤੇ ਸਫਲ ਹਮਲੇ ਕੀਤੇ ਗਏ, ਪਰ ਪਹਿਲਗਾਮ 'ਤੇ ਹਮਲਾ ਕਰਨ ਵਾਲੇ ਅੱਤਵਾਦੀਆਂ ਦਾ ਕੀ ਹੋਇਆ, ਇਹ ਅਜੇ ਵੀ ਸਪੱਸ਼ਟ ਨਹੀਂ ਹੈ। ਇੱਕ ਹੋਰ ਮਹੱਤਵਪੂਰਨ ਪਹਿਲੂ ਇਹ ਹੈ ਕਿ ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਨੇ ਹਮਲੇ ਦੇ ਸੰਦਰਭ ਵਿੱਚ ਸੁਰੱਖਿਆ ਵਿੱਚ ਕੁਤਾਹੀ ਨੂੰ ਸਵੀਕਾਰ ਕਰ ਲਿਆ ਸੀ। ਇਨ੍ਹਾਂ ਸਾਰੀਆਂ ਪਹਿਲਕਦਮੀਆਂ ਨਾਲ ਸਬੰਧਤ ਤੱਥ ਸਰਕਾਰ ਕੋਲ ਉਪਲਬਧ ਹੋਣਗੇ। ਹੁਣ, ਸੰਸਦ ਵਿੱਚ ਬਹਿਸ ਦੇ ਵਿਚਕਾਰ, ਇਹ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਸਰਕਾਰ ਦੇਸ਼ ਦੇ ਹਿੱਤ ਵਿੱਚ ਸਾਰੀਆਂ ਤੱਥਾਂ ਵਾਲੀਆਂ ਗੱਲਾਂ ਸੰਸਦ ਵਿੱਚ ਸਾਰਿਆਂ ਦੇ ਸਾਹਮਣੇ ਰੱਖੇਗੀ, ਤਾਂ ਜੋ ਇਸ ਪੂਰੇ ਮੁੱਦੇ 'ਤੇ ਉਠਾਏ ਗਏ ਸਵਾਲਾਂ ਅਤੇ ਇਸ ਤੋਂ ਪੈਦਾ ਹੋਣ ਵਾਲੇ ਭੰਬਲਭੂਸੇ ਦੀ ਤਸਵੀਰ ਸਪੱਸ਼ਟ ਹੋ ਸਕੇ।

**-ਜਗਜੀਤ ਸਿੰਘ ਦਰਦੀ**

# ਸ਼ਹੀਦੀ ਸ਼ਤਾਬਦੀ ਦੀ ਅਸ਼ੁੱਭ ਸ਼ੁਰੂਆਤ



ਡਾ. ਕੁਲਵੰਤ ਕੌਰ
ਮੋ: 98156-20515

**ਨਿਰਸੰਦੇਹ, ਸ੍ਰੀਨਗਰ ਵਾਲਾ ਇਹ ਪ੍ਰੋਗਰਾਮ, ਭਾਈ ਕਿਰਪਾ ਰਾਮ ਜੀ ਨੂੰ ਸਮਰਪਿਤ ਸੀ ਜੋ 1699 ਵਿਚ ਅੰਮ੍ਰਿਤ ਛੱਕ ਕੇ ਭਾਈ ਕ੍ਰਿਪਾ ਸਿੰਘ ਜੀ ਬਣ ਗਏ ਸਨ। ਆਪਣੇ ਆਖ਼ਰੀ ਸਵਾਸਾਂ ਤੱਕ ਉਹ ਗੁਰੂ ਨਾਨਕ ਦੇ ਦਰ ਦੇ ਕੂਕਰ ਬਣੇ ਰਹੇ। ਉਨ੍ਹਾਂ ਨੂੰ ਅੰਤ ਤੱਕ ਪੂਰਾ ਅਹਿਸਾਸ ਰਿਹਾ ਕਿ ਉਨ੍ਹਾਂ ਦੇ ਧਰਮ, ਕਰਮ, ਮਰਯਾਦਾ, ਸ਼ਰਧਾ ਤੇ ਵਜੂਦ ਦੀ ਗ਼ੌਰਵਮਈ ਸੁਰੱਖਿਆ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੌਵੇਂ ਜਾਮੇ ਦੀ ਕੁਰਬਾਨੀ ਸਦਕੇ ਹੀ ਸੰਭਵ ਹੋ ਸਕੀ ਸੀ। ਅੱਜ, ਇਸ ਦੇਸ਼ ਦੇ ਕਿੰਨੇ ਕੁ ਲੋਕ ਅਜਿਹੇ ਹਨ ਜੋ ਇਸ ਸ਼ਹਾਦਤ ਦੇ ਕਦਰਦਾਨ ਹਨ? ਹੋਰਨਾਂ ਦੀ ਗੱਲ ਲਾਂਭੇ ਕਰ ਕੇ ਵੀ ਦੇਖੀਏ ਤਾਂ ਆਪਣਿਆਂ ਨੇ ਹੀ ਸ੍ਰੀਨਗਰ ਵਿਚ ਕੀ ਖੇਹ ਉਡਾਈ ਹੈ? ਅਖੇ ਇਕ ਸੂਫੀ ਗਾਇਕ ਨੂੰ ਇਸ ਮੁਕੱਦਸ ਅਵਸਰ 'ਤੇ ਗਾਇਨ ਦਾ ਸੱਦਾ ਦਿੱਤਾ ਗਿਆ ਸੀ ਜੋ ਸਾਬਤ ਸੂਰਤ ਸੀ, ਹਰਮਨ ਪਿਆਰਾ ਸੀ ਤੇ ਦੇਸ਼ ਪ੍ਰਦੇਸ ਘੁੰਮ ਫਿਰ ਕੇ ਲੋਕ-ਮਨੋਰੰਜਨ ਕਰਦਾ ਆ ਰਿਹਾ ਸੀ।**

ਸਮੁੱਚੇ ਮਾਨਵੀ ਇਤਿਹਾਸ ਅਤੇ ਧਰਮਾਂ ਦੇ ਖੇਤਰ ਵਿਚ ਇਕ ਵੀ ਅਜਿਹੀ ਮਿਸਾਲ ਨਹੀਂ ਦਿਖਾਈ ਦਿੰਦੀ, ਜਿੱਥੇ ਇਨਸਾਨੀ ਹੱਕਾਂ, ਦੂਜਿਆਂ ਦੀ ਹਿਫ਼ਾਜ਼ਤ ਅਤੇ ਮਨੁੱਖੀ ਗੌਰਵ ਦੀ ਬਹਾਲੀ ਲਈ ਕੋਈ ਮਹਾਂਪੁਰਖ ਕਾਤਲ ਦੇ ਦਰ 'ਤੇ ਖ਼ੁਦ ਢੁੱਕਿਆ ਹੋਵੇ। ਨਾ ਕੇਵਲ ਆਪ ਹੀ ਸਗੋਂ ਆਪਣੇ ਮਹਾਨ, ਕਰਨੀ ਤੇ ਕਮਾਈ ਵਾਲੇ ਸਿੰਘਾਂ ਦੇ ਨਾਲ ਦਿੱਲੀ ਪਹੁੰਚਣ ਤੋਂ ਪਹਿਲਾਂ ਆਪਣੀ ਸਾਰੀ ਪੈਦਲ ਯਾਤਰਾ ਦੌਰਾਨ ਗੁਰੂ ਨਾਨਕ ਦੇਵ ਜੀ ਦੀ ਵਿਆਪਕ, ਸਰਬਸਾਂਝੀ ਅਤੇ ਦੈਵੀ ਸਿੱਖੀ ਤੇ ਗੁਰਬਾਣੀ ਦੀ ਵਿਚਾਰ ਕਰਦੇ ਰਹੇ ਹੋਣ ਅਤੇ ਇੰਜ, ਸਤਿਸੰਗ ਕਰਦਿਆਂ ਸੀਸ ਗੰਜ ਲਾਗਲੇ ਚਾਂਦਨੀ ਚੌਂਕ ਵਿਚ ਜਾ ਪਹੁੰਚੇ ਹੋਣ। ਅੱਜ ਵੀ ਜਦੋਂ ਗੁਰਦਵਾਰਾ ਸੀਸ ਗੰਜ ਸਾਹਿਬ ਵਿਖੇ ਦਰਸ਼ਨ-ਪਰਸਨ ਦਾ ਸਬੱਬ ਬਣਦਾ ਹੈ ਤਾਂ ਉਹ ਇਤਿਹਾਸਕ ਖੂਹ (ਜਿੱਥੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਅਨਿੰਨ ਸੇਵਕਾਂ ਨੇ ਆਖਰੀ ਇਸ਼ਨਾਨ ਕੀਤਾ ਸੀ) ਉਨ੍ਹਾਂ ਕਸ਼ਟਦਾਈ ਲਮ੍ਹਿਆਂ ਦੀ ਖ਼ਾਮੋਸ਼ ਦਾਸਤਾਨ ਸੁਣਾਉਂਦਾ ਜਾਪਦਾ ਹੈ ਜਦੋਂ ਔਰੰਗਜ਼ੇਬ ਦੇ ਤਾਨਾਸ਼ਾਹੀ ਹੁਕਮਾਂ ਅੱਗੇ ਜ਼ਿਮੀ ਆਸਮਾਨ ਵੀ ਕੰਬਦੇ ਸਨ। ਉਸ ਜਨੂੰਨੀ ਦੇ ਅੰਨ੍ਹੇ ਜਨੂੰਨ ਅੱਗੇ ਹਰ ਸ਼ਖਸ ਬੇਬਸ ਸੀ ਤੇ ਹਰ ਜ਼ੁਬਾਂ ਚੁੱਪ। ਧੜਾਧੜ ਹਿੰਦੂ ਪਰਜਾ ਇਸਲਾਮ ਵਿਚ ਰਲਾਈ ਜਾ ਰਹੀ ਸੀ, ਹਰ ਪਲ ਜਨੇਊ ਪੈਰਾਂ ਹੇਠ ਮਧੋਲੇ ਜਾ ਰਹੇ ਸਨ ਤੇ ਚੀਕਾਂ, ਪੁਕਾਰਾਂ, ਹੰਝੂ, ਹਾਵੇ ਅਤੇ ਮੁਸੀਬਤਾਂ ਦੀ ਥਾਹ ਪਾਉਣ ਵਾਲਾ ਕੋਈ ਨਹੀਂ ਸੀ - ਗੁਰੂ ਨਾਨਕ ਦੇ ਦਰ ਤੋਂ ਬਿਨਾਂ। ਸਪੱਸ਼ਟ ਹੈ ਕਿ ਜੇਕਰ ਮੱਖਣ ਸ਼ਾਹ ਲੁਬਾਣਾ ਦਾ ਡੁੱਬ ਰਿਹਾ ਬੇੜਾ ਪਾਰ ਲਾਉਣ ਵਾਲੇ ਨੌਵੇਂ ਨਾਨਕ ਨਾ ਬਹੁੜਦੇ ਤਾਂ ਅੱਜ ਗੁਰੂ ਇਤਿਹਾਸ ਹੀ ਇਸ ਰੂਪ ਵਿਚ ਨਾ ਹੁੰਦਾ। ਇਸ ਇਤਿਹਾਸਕ ਘਟਨਾ ਨੇ 'ਗੁਰ ਪ੍ਰਗਟ' ਕੀਤਾ ਤੇ 'ਗੁਰੂ ਲਾਧੋ ਰੇ' ਉਪਰੰਤ, ਬਾਬਾ ਬਕਾਲਾ ਪਿੱਛੇ ਰਹਿ ਗਿਆ ਤੇ ਅਨੰਦ ਆ ਵੱਸਿਆ ਸ੍ਰੀ ਅਨੰਦਪੁਰ ਸਾਹਿਬ ਵਿਖੇ।

ਚਰਚਾ ਇਸ ਵਕਤ ਸ੍ਰੀਨਗਰ ਵਿਖੇ ਹਾਲ ਵਿਚ ਆਯੋਜਿਤ ਕਰਵਾਏ ਗਏ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੀ ਅਸ਼ੁੱਭ, ਗ਼ੈਰ ਮਰਯਾਦਕ ਅਤੇ ਅਸੱਭਿਅਕ ਸ਼ੁਰੂਆਤ ਦੀ ਹੈ, ਜਿਸ ਵਿਚ ਗੁਰਮਤਿ ਸਿਧਾਂਤਾਂ, ਗੁਰ ਮਰਯਾਦਾ ਅਤੇ ਸਿੱਖ ਸ਼ਾਲੀਨਤਾ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ। ਜਿਉਂ ਹੀ ਇਹ ਖ਼ਬਰ ਟੀ.ਵੀ. 'ਤੇ ਨਸ਼ਰ ਹੋਈ- ਕਹਿਰਾਂ ਦੀ ਪੀੜਾ, ਅਫ਼ਸੋਸ, ਕਸਕ, ਦੁੱਖ ਤੇ ਦਰਦ ਮਹਿਸੂਸ ਹੋਇਆ। ਦੋ ਕੁ ਦਿਨਾਂ ਤੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਪੰਜਾਬ ਸਰਕਾਰ ਦਰਮਿਆਨ, (ਸ਼ਹੀਦੀ ਸ਼ਤਾਬਦੀ ਸਮਾਗਮਾਂ ਨੂੰ ਲੈ ਕੇ) ਚੱਲ ਰਿਹਾ ਵਿਵਾਦ, ਤੁਹਮਤਾਂ ਤੇ ਕੁੜੱਤਣ ਅਜੇ ਮੀਡੀਏ ਦੀਆਂ ਸੁਰਖੀਆਂ ਹੀ ਬਣ ਰਿਹਾ ਸੀ ਕਿ ਨਵਾਂ ਕਾਰਾ ਸਾਹਮਣੇ ਆ ਗਿਆ, ਜਿਸ ਦੀ ਅੰਤਮ ਜ਼ਿੰਮੇਵਾਰੀ ਇਕ ਵੱਡੇ ਮੰਤਰੀ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਮੋਢਿਆਂ 'ਤੇ ਸੀ। ਪਟਿਆਲਾ ਤੋਂ ਆਪਣੇ ਚਹੇਤੇ 'ਵਿਦਵਾਨਾਂ' ਤੇ ਖ਼ਾਸ ਮਹਿਮਾਨਾਂ ਨੂੰ ਬੱਸ ਰਾਹੀਂ ਰਾਤੋ-ਰਾਤ ਸ੍ਰੀਨਗਰ ਲਿਜਾਣ ਦੀ ਖ਼ਬਰ ਤਾਂ ਸਭ ਨੇ ਪੜ੍ਹੀ-ਸੁਣੀ ਸੀ ਪਰ ਪਹਿਲੇ ਸੈਸ਼ਨ ਦੀਆਂ ਸਹੀ, ਸੰਤੁਲਿਤ ਅਤੇ ਮਰਯਾਦਕ ਰਿਪੋਰਟਾਂ ਮਿਲਣ ਮਗਰੋਂ, ਜੋ ਕੁਝ ਦੇਖਣ ਤੇ ਸੁਣਨ ਨੂੰ ਮਿਲਿਆ, ਉਸ ਨਾਲ ਮਨ ਮਸੋਸਿਆ ਗਿਆ ਤੇ ਆਤਮਾ ਤੜਪ ਉੱਠੀ। ਪਹਿਲੇ ਹੀ ਸ਼ਹੀਦੀ ਸ਼ਤਾਬਦੀ ਸਮਾਗਮ ਦੀ ਅਜਿਹੀ ਸ਼ੁਰੂਆਤ, ਵਿਉਂਤਬੰਦੀ ਅਤੇ ਨਿਭਾਓ ਪੂਰੀ ਦੁਨੀਆ 'ਚ ਚਰਚਾ, ਬੇਸਵਾਦੀ ਅਤੇ ਲਾਹਨਤਾਂ ਦਾ ਸਬੱਬ ਬਣ ਗਿਆ। ਗਾਇਕ ਬੀਰ ਸਿੰਘ ਵਲੋਂ ਗਾਏ ਤੇ ਨਿਭਾਏ ਰੌਮਾਂਟਿਕ ਗੀਤਾਂ ਦਾ ਉਸ ਨਾਯਾਬ, ਬੇਮਿਸਾਲ, ਲਾਸਾਨੀ, ਅਦੁੱਤੀ ਅਤੇ ਬੇਜੋੜ ਸ਼ਹਾਦਤ ਨਾਲ ਦੂਰ-ਦੂਰ ਦਾ ਵੀ ਸਬੰਧ ਨਹੀਂ ਜੁੜਦਾ, ਜਿੱਥੇ ਜ਼ਾਲਮ ਹਾਕਮਾਂ ਦਾ ਮੂੰਹ ਭੰਨਦਿਆਂ ਨਾਨਕ-ਜੋਤ ਦੇ ਨੌਂਵੇਂ ਜਾਮੇ ਨੇ, ਪਿੱਛੇ ਨੌਂ ਸਾਲ ਦੇ ਪੁੱਤਰ ਤੇ ਮਾਤਾ-ਗੁਜਰੀ ਜੀ ਨੂੰ ਪਹਾੜ ਜਿੱਡੀ ਜ਼ਿੰਮੇਵਾਰੀ ਸੌਂਪਦਿਆਂ ਆਪ 'ਹਿੰਦ ਦੀ ਚਾਦਰ' ਬਣਨ ਦਾ ਪਰਉਪਕਾਰ ਕਰ ਦਿਖਾਇਆ ਹੋਵੇ। ਹੈ ਇਸ ਸਮੁੱਚੇ ਬ੍ਰਹਿਮੰਡ ਵਿਚ ਕੋਈ ਇਕ ਵੀ ਉਦਾਹਰਨ, ਜਿੱਥੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ, ਦੂਸਰਿਆਂ ਦੀ ਧਾਰਮਿਕ ਆਜ਼ਾਦੀ ਨੂੰ ਮੂਹਰੇ ਰੱਖਿਆ ਗਿਆ ਹੋਵੇ? ਕੀ ਇਹ ਰਵਾਇਤੀ ਹਿੰਦੂਆਂ ਵਿੱਚੋਂ ਨਿਕਲ ਕੇ ਗੁਰੂ ਨਾਨਕ ਦੇ ਨਿਰਮਲ ਪੰਥ ਵਜੋਂ ਸਜੀ 'ਸਿੱਖ ਕੌਮ' ਦਾ ਕ੍ਰਿਸ਼ਮਾ ਨਹੀਂ ਸੀ? ਜਦੋਂ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਹਮ ਹਿੰਦੂ ਨਹੀਂ' ਪੁਸਤਕ ਲਿਖੀ, ਉਨ੍ਹਾਂ ਦਾ ਤਰਕ ਤੇ ਵਿਚਾਰ ਇਹੋ ਹੀ ਸੀ ਕਿ ਅਸੀਂ ਉਹ ਹਿੰਦੂ ਨਹੀਂ ਹਾਂ ਜਿਹਨਾਂ ਦੀ ਅਗਵਾਈ ਭਾਈ ਕ੍ਰਿਪਾ ਰਾਮ ਜੀ (ਮਟਨ-ਵਾਸੀ) ਕਰ ਰਹੇ ਸਨ। ਨੌਵੇਂ ਪਾਤਿਸ਼ਾਹ ਅੱਗੇ ਫਰਿਆਦੀ ਹੋਣ ਦਾ ਭਾਵ ਹੀ ਇਹ ਸੀ ਕਿ ਗੁਰੂ ਜੀ ਨਿਰੰਕਾਰ ਨਾਲ ਸਿੱਧੇ ਜੁੜੇ ਹੋਏ ਰਹਿਬਰ ਸਨ ਤੇ ਕਰਨੀ ਤੇ ਕਮਾਈ ਦੇ ਮੁਜੱਸਮਾ ਤੇ ਮਸੀਹਾ ਹੁੰਦਿਆਂ ਜੱਗ ਦੇ ਤਾਰਨਹਾਰੇ ਵੀ।



ਆਪਾਂ ਇਤਿਹਾਸ ਤੋਂ ਵਾਕਿਫ਼ ਹਾਂ ਕਿ ਕਸ਼ਮੀਰੀ ਪੰਡਿਤ (ਜਿਨ੍ਹਾਂ ਦੀ ਆਲ ਔਲਾਦ ਪੰਡਿਤ ਜਵਾਹਰ ਲਾਲ ਨਹਿਰੂ ਤੇ ਉਨ੍ਹਾਂ ਦੇ ਵੰਸ਼ਜ ਸਨ ਜਾਂ ਹਨ ਵੀ) ਇਕ ਵਫ਼ਦ ਵਜੋਂ, ਮਟਨ (ਜਿੱਥੇ ਪਹਿਲੀ ਪਾਤਿਸ਼ਾਹੀ ਦੇ ਚਰਨ ਪਏ ਹੋਏ ਸਨ) ਤੋਂ ਚੱਲ ਕੇ ਸ੍ਰੀ ਅਨੰਦਪੁਰ ਸਾਹਿਬ ਫਰਿਆਦ ਲੈ ਕੇ ਆਏ ਸਨ। ਕਸ਼ਮੀਰ ਉਦੋਂ ਤੋਂ ਹੀ ਸਿੱਖੀ-ਸੇਵਕੀ ਦਾ ਧੁਰਾ ਬਣਨ ਲੱਗ ਪਿਆ ਸੀ। ਛੇਵੀਂ ਪਾਤਿਸ਼ਾਹੀ ਨਾਲ ਜੁੜਿਆ ਸ੍ਰੀਨਗਰ ਦਾ ਗੁਰਦਵਾਰਾ ਪੂਰੇ ਕਸ਼ਮੀਰ ਦੇ ਸਿੱਖਾਂ, ਮੁਸਲਮਾਨਾਂ ਤੇ ਹੋਰ ਜਾਤੀਆਂ ਦੀ ਸ਼ਰਧਾ, ਸਤਿਕਾਰ ਤੇ ਜ਼ਿਆਰਤ ਦਾ ਕੇਂਦਰ ਹੈ। ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਹੁੰਦੀ ਸੰਗਤ ਦਾ ਉਦੋਂ ਹੋਰ ਵੀ ਜ਼ਿਆਦਾ ਪਤਾ ਲੱਗਾ ਸੀ, ਜਦੋਂ ਵਿਸਾਖੀ 2017 ਨੂੰ ਮੇਰਾ ਬੁੱਕ ਹੋਇਆ ਪ੍ਰੋਗਰਾਮ ਕੈਂਸਲ ਕਰਨਾ ਪਿਆ ਸੀ। ਦਰਅਸਲ, ਸ੍ਰੀਨਗਰ ਏਅਰਪੋਰਟ ਤੋਂ ਟੈਕਸੀ ਲੈ ਕੇ ਗੁਰਦਵਾਰਾ ਛੇਵੀਂ ਪਾਤਿਸ਼ਾਹੀ ਤੱਕ ਪਹੁੰਚਣ ਲਈ ਤਿੰਨ ਘੰਟੇ ਦਾ ਸਮਾਂ ਲੱਗ ਗਿਆ ਕਿਉਂਕਿ ਵਿਸਾਖੀ ਦੀ ਛੁੱਟੀ ਹੋਣ ਕਰਕੇ ਪੂਰਾ ਕਸ਼ਮੀਰ ਹੀ ਗੱਡੀਆਂ ਲੈ ਕੇ ਇੱਥੇ ਪੁੱਜਣ ਲਈ ਯਤਨਸ਼ੀਲ ਸੀ। ਟ੍ਰੈਫਿਕ 'ਚ ਫਸਿਆਂ ਨੂੰ ਹੀ ਢਾਈ ਵੱਜ ਗਏ ਤੇ ਪਹੁੰਚ ਕੇ ਦੇਖਿਆ ਤਾਂ ਸੰਗਤ ਲੰਗਰ ਘਰ ਵਲ ਜਾ ਰਹੀ ਸੀ। ਅਫ਼ਸੋਸ ਤਾਂ ਬਹੁਤ ਹੋਇਆ ਪਰ ਹਜ਼ਾਰਾਂ ਦੀ ਗਿਣਤੀ ਵਿਚ ਜੁੜੀ ਸੰਗਤ ਦੇਖ ਕੇ 'ਧੰਨ ਗੁਰੂ ਨਾਨਕ' 'ਧੰਨ ਗੁਰੂ ਨਾਨਕ' ਦੇ ਸ਼ਬਦ ਆਪ ਮੁਹਾਰੇ ਹੀ ਅੰਦਰੋਂ ਪ੍ਰਸਟਚਿਤ ਹੋ ਉੱਠੇ।

ਨਿਰਸੰਦੇਹ, ਸ੍ਰੀਨਗਰ ਵਾਲਾ ਇਹ ਪ੍ਰੋਗਰਾਮ, ਭਾਈ ਕਿਰਪਾ ਰਾਮ ਜੀ ਨੂੰ ਸਮਰਪਿਤ ਸੀ ਜੋ 1699 ਵਿਚ ਅੰਮ੍ਰਿਤ ਛੱਕ ਕੇ ਭਾਈ ਕ੍ਰਿਪਾ ਸਿੰਘ ਜੀ ਬਣ ਗਏ ਸਨ। ਆਪਣੇ ਆਖ਼ਰੀ ਸਵਾਸਾਂ ਤੱਕ ਉਹ ਗੁਰੂ ਨਾਨਕ ਦੇ ਦਰ ਦੇ ਕੂਕਰ ਬਣੇ ਰਹੇ। ਉਨ੍ਹਾਂ ਨੂੰ ਅੰਤ ਤੱਕ ਪੂਰਾ ਅਹਿਸਾਸ ਰਿਹਾ ਕਿ ਉਨ੍ਹਾਂ ਦੇ ਧਰਮ, ਕਰਮ, ਮਰਯਾਦਾ, ਸ਼ਰਧਾ ਤੇ ਵਜੂਦ ਦੀ ਗ਼ੌਰਵਮਈ ਸੁਰੱਖਿਆ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੌਵੇਂ ਜਾਮੇ ਦੀ ਕੁਰਬਾਨੀ ਸਦਕੇ ਹੀ ਸੰਭਵ ਹੋ ਸਕੀ ਸੀ। ਅੱਜ, ਇਸ ਦੇਸ਼ ਦੇ ਕਿੰਨੇ ਕੁ ਲੋਕ ਅਜਿਹੇ ਹਨ ਜੋ ਇਸ ਸ਼ਹਾਦਤ ਦੇ ਕਦਰਦਾਨ ਹਨ? ਹੋਰਨਾਂ ਦੀ ਗੱਲ ਲਾਂਭੇ ਕਰ ਕੇ ਵੀ ਦੇਖੀਏ ਤਾਂ ਆਪਣਿਆਂ ਨੇ ਹੀ ਸ੍ਰੀਨਗਰ ਵਿਚ ਕੀ ਖੇਹ ਉਡਾਈ ਹੈ? ਅਖੇ ਇਕ ਸੂਫੀ ਗਾਇਕ ਨੂੰ ਇਸ ਮੁਕੱਦਸ ਅਵਸਰ 'ਤੇ ਗਾਇਨ ਦਾ ਸੱਦਾ ਦਿੱਤਾ ਗਿਆ ਸੀ ਜੋ ਸਾਬਤ ਸੂਰਤ ਸੀ, ਹਰਮਨ ਪਿਆਰਾ ਸੀ ਤੇ ਦੇਸ਼ ਪ੍ਰਦੇਸ ਘੁੰਮ ਫਿਰ ਕੇ ਲੋਕ-ਮਨੋਰੰਜਨ ਕਰਦਾ ਆ ਰਿਹਾ ਸੀ। ਸਾਬਤ ਸੂਰਤ ਤੇ ਰਹਿਤ ਬਹਿਤ ਵਾਲਾ ਹੋਣ ਕਰਕੇ ਦੁੱਖ ਤੇ ਝੋਰਾ ਜ਼ਿਆਦਾ ਹੋਇਆ ਹੈ ਕਿ ਇਸ ਨੂੰ ਤਾਂ ਬੇਮਿਸਾਲ ਸ਼ਹਾਦਤ ਦਾ ਕਦਰਦਾਨ ਬਣਦਿਆਂ ਰਹਿਤ ਮਰਯਾਦਾ, ਇਤਿਹਾਸ, ਸਿਧਾਂਤਾਂ ਤੇ ਸਭਿਆਚਾਰ ਦੀ ਪੂਰੀ ਵਾਕਫ਼ੀਅਤ ਹੋਣੀ ਚਾਹੀਦੀ ਸੀ। ਸ੍ਰੀਨਗਰ ਦੀ ਸਟੇਜ 'ਤੇ ਕੱਢਿਆ ਸਿੱਖ ਪੰਥ ਦਾ ਜਲੂਸ ਮੁਆਫ਼ੀਯੋਗ ਹਰਗਿਜ਼ ਵੀ ਨਹੀਂ ਹੈ ਕਿਉਂਕਿ ਹੁਣ ਅਨ-ਮੱਤਾਂ ਵਾਲੇ ਜੋ ਮਰਜ਼ੀ ਕੁਰਹਿਤਾਂ, ਮਨਆਈਆਂ ਅਤੇ ਸਿਧਾਂਤਹੀਨ ਕਾਰੇ ਕਰੀ ਜਾਣ, ਅਸੀਂ ਤਾੜਨ, ਹੋੜਣ ਤੇ ਵਰਜਣ ਜੋਗੇ ਵੀ ਨਹੀਂ ਛੱਡੇ ਗਏ। ਹੁਣ ਬੀਰ ਸਿੰਘ ਦੀ ਘੜੀ ਘੜਾਈ ਬਹਾਨੇਬਾਜ਼ੀ ਬੇਮਾਅਨੀ ਤੇ ਫਜ਼ੂਲ ਹੈ।

'ਸੀਸ ਦੀਆ ਪਰ ਸਿਰਰ ਨਾ ਦੀਆ' ਦੀ ਅਟੱਲ ਸੱਚਾਈ ਨੇ ਸਿੱਖੀ ਮਹੱਲ ਦੀਆਂ ਨੀਂਹਾਂ ਵਿਚ ਸੀਮਿੰਟ ਭਰ ਦਿੱਤਾ ਸੀ ਤੇ ਉਨ੍ਹਾਂ ਦੇ ਜਿਗਰ ਦੇ ਟੁਕੜਿਆਂ ਨੇ ਇਨ੍ਹਾਂ ਨੀਂਹਾਂ ਵਿਚ ਫੌਲਾਦ ਭਰ ਦਿੱਤੀ। ਬਿਨਾਂ ਸ਼ੱਕ ਇਹ ਤੁਕਾਂ ਉਨ੍ਹਾਂ ਸਮਿਆਂ ਦੀ ਮੁਕੰਮਲ ਆਕਾਸੀ ਕਰਦੀਆਂ ਹਨ :-


ਤੇਗ ਬਹਾਦਰ ਕੇ ਚਲਤ
ਭਇਓ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ
ਜੈ ਜੈ ਜੈ ਸੁਰ ਲੋਕ।

ਭਾਵੇਂ ਇਹ ਮਹਿਜ਼ ਅਲੰਕਾਰਤ ਉਪਮਾ ਹੀ ਹੋਵੇ ਪਰੰਤੂ ਜ਼ਮਾਨੇ ਨੇ ਪਹਿਲੀ ਵਾਰ ਤੱਕਿਆ ਸੀ ਕਿ ਕਿਵੇਂ ਸਤਿਗੁਰੂ ਜੀ ਦਾ ਸੀਸ, ਉਨ੍ਹਾਂ ਦੀ ਪਾਵਨ ਭੋਇੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਾਇਆ ਗਿਆ ਤੇ ਉਨ੍ਹਾਂ ਦੇ ਧੜ ਦਾ ਸਸਕਾਰ (ਭਾਈ ਲੱਖੀ ਸ਼ਾਹ ਵਣਜਾਰਾ ਜੀ ਨੇ) ਆਪਣੇ ਪੂਰੇ ਘਰ ਨੂੰ ਅਗਨ-ਭੇਟ ਕਰਕੇ ਕੀਤਾ ਸੀ। ਲੁਬਾਣਿਆਂ ਤੇ ਵਣਜਾਰਿਆਂ ਨੂੰ ਇਸ ਪਾਵਨ ਸ਼ਹੀਦੀ ਸ਼ਤਾਬਦੀ ਮੌਕੇ ਵੱਧ ਤੋਂ ਵੱਧ, ਮੁੱਖ ਧਾਰਾ ਨਾਲ ਜੋੜ ਕੇ ਉਨ੍ਹਾਂ ਦੇ ਵਡੇਰਿਆਂ ਦੀ ਘਾਲਣਾ, ਆਪਾਵਾਰਤਾ ਤੇ ਜਾਂਬਾਜ਼ੀ ਦਾ ਮੁੱਲ ਚੁਕਾਉਣਾ ਚਾਹੀਦਾ ਹੈ। ਗੁਰਦਵਾਰਾ ਰਕਾਬ ਗੰਜ ਸਾਹਿਬ ਇਸ ਸਾਕੇ ਦਾ ਜ਼ਾਹਰਾ ਸਬੂਤ ਹੈ।

ਅੰਤ ਵਿਚ ਇਹੀ ਕਹਿਣਾ ਚਾਹਾਂਗੀ ਕਿ ਸ੍ਰੀਨਗਰ ਵਿਚ ਆਯੋਜਿਤ ਕੀਤੇ ਸ਼ਹੀਦੀ ਸ਼ਤਾਬਦੀ ਪ੍ਰੋਗਰਾਮ ਭਾਵੇਂ ਪਹਿਲੇ ਸੈਸ਼ਨਾਂ ਦੌਰਾਨ ਢੁੱਕਵੇਂ, ਮਰਯਾਦਾ ਪੂਰਨ ਅਤੇ ਸੰਜੀਦਗੀ ਭਰੇ ਰਹੇ ਹੋਣਗੇ ਪਰੰਤੂ All is well that ends well ਦੀ ਅਖਾਣ ਮੁਤਾਬਕ, ਆਖ਼ਰੀ ਪ੍ਰੋਗਰਾਮ ਵਿਚਲਾ ਨਾਚ ਗਾਣਾ ਤੇ ਔਰਤਾਂ-ਮਰਦਾਂ ਦੇ ਥਿਰਕਦੇ ਜਿਸਮ ਇਸ ਪਵਿੱਤਰ ਤੇ ਗੰਭੀਰ ਸਮੇਂ ਨੂੰ ਦਾਗ਼ੀ ਕਰ ਗਏ। ਕੀ ਭਾਸ਼ਾ ਵਿਭਾਗ ਦੇ ਨਿਰਦੇਸ਼ਕ ਤੇ ਮੰਤਰੀ ਜੀ ਨੂੰ ਇਸ ਨੂੰ ਵਿਚੇ ਹੀ ਬੰਦ ਨਹੀਂ ਸੀ ਕਰਵਾ ਦੇਣਾ ਚਾਹੀਦਾ? ਸੰਗਤਾਂ ਦੀ ਆਲੋਚਨਾ ਤੇ ਨਾਰਾਜ਼ਗੀ ਤੇ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੀ ਕਾਰਵਾਈ 'ਤੇ ਲਾਹਨਤ ਜਾਇਜ਼ ਹੈ ਕਿਉਂਕਿ ਭਾਵੇਂ ਕੋਈ ਕਿੰਨਾ ਵੀ ਅਸਰ ਰਸੂਖ ਵਾਲਾ ਤੇ ਸ਼ਕਤੀਸ਼ਾਲੀ ਹੋਵੇ, ਗੁਰੂ-ਮਰਯਾਦਾ ਨਾਲ ਖਿਲਵਾੜ ਨਹੀਂ ਕਰ ਸਕਦਾ ਤੇ ਇਸ ਨਾਲ ਆਢਾ ਨਹੀਂ ਲੈ ਸਕਦਾ। ਪੰਥਕ-ਕਚਹਿਰੀ 'ਚ ਦੋਸ਼ੀਆਂ ਨੂੰ ਸਜ਼ਾ ਦੇਣੀ ਲਾਜ਼ਮੀ ਹੈ।

## ਸੰਸਦ ਦਾ ਮਾਨਸੂਨ ਸੈਸ਼ਨ-2025

# ਸੰਸਦ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਆਪ੍ਰੇਸ਼ਨ ਸਿੰਦੂਰ 'ਤੇ ਬੇਬਾਕ ਭਾਸ਼ਣ ਤੇ ਵਿਰੋਧੀ ਪਾਰਟੀਆਂ ਦੀ ਰਾਜਨੀਤੀ ਦੇ ਮੁੱਦੇ



ਪ੍ਰੋ . ਡਾ . ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਭਾਰਤੀ ਸੰਸਦ ਦੇ ਚੱਲ ਰਹੇ ਮਾਨਸੂਨ ਸੈਸ਼ਨ ਵਿੱਚ ਅੱਜ ਆਪਰੇਸ਼ਨ ਤੋਂ ਸਿੰਦੂਰ 'ਤੇ 16 ਘੰਟਿਆਂ ਦੀ ਬਹਿਸ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਬੜੀ ਬੇਬਾਕੀ ਨਾਲ ਭਾਸ਼ਣ ਕਰਦਿਆਂ ਹੋਇਆਂ ਆਪਰੇਸ਼ਨ ਸਿੰਦੂਰ ਦੇ ਬਾਰੇ ਵਿਰੋਧੀ ਧਿਰ ਵੱਲੋਂ ਫੈਲਾਈਆਂ ਗਈਆਂ ਬਹੁਤ ਸਾਰੀਆਂ ਗਲਤ ਫਹਿਮੀਆਂ ਅਤੇ ਉਹਨਾਂ ਬਿਆਨਬਾਜ਼ੀਆਂ ਨੂੰ ਸਿਰੇ ਤੋਂ ਖ਼ਾਰਜ ਕਰ ਦਿੱਤਾ ਜੋ ਆਪਰੇਸ਼ਨ ਸਿੰਦੂਰ ਨੂੰ ਲੈ ਕੇ ਫ਼ੌਜ, ਭਾਰਤੀ ਸਰਕਾਰ ਤੇ ਯੁੱਧ ਬੰਦੀ ਦੇ ਬਾਰੇ ਵਿੱਚ ਫੈਲਾਈਆਂ ਜਾ ਰਹੀਆਂ ਸਨ। ਉਹਨਾਂ ਨੇ ਇੱਕ ਵਾਰ ਫ਼ਿਰ ਹਰ ਸਵਾਲ ਦੇ ਜਵਾਬ ਨੂੰ ਜਿਸ ਬੇਬਾਕੀ ਨਾਲ ਦਿੱਤਾ ਉਸ ਦੀ ਤਾਰੀਫ਼ ਹੋ ਰਹੀ ਹੈ। ਆਪਣੇ ਇਸ ਸੈਸ਼ਨ ਵਿੱਚ ਗ੍ਰਹਿ ਮੰਤਰੀ ਨੇ ਵੀ ਇਸ ਤੋਂ ਪਹਿਲਾਂ ਬੇਬਾਕੀ ਨਾਲ ਹਵਾਲਿਆਂ ਦੇ ਨਾਲ ਭਾਸ਼ਣ ਕਰਕੇ ਆਪਣੀ ਤੇ ਸਰਕਾਰ ਦੀ ਸਥਿਤੀ ਨੂੰ ਸਾਫ਼ ਕੀਤਾ ਅਤੇ ਆਪਰੇਸ਼ਨ ਸਿੰਦੂਰ 'ਤੇ ਸਿਆਸੀ ਸੰਵਾਦ ਅਤੇ ਰਾਜਨੀਤਕ ਦਿਸ਼ਾ ਦਾ ਜ਼ਿਕਰ ਕੀਤਾ ਹੈ।

ਭਾਰਤੀ ਸੰਸਦ ਦਾ ਮੌਨਸੂਨ ਸੈਸ਼ਨ 2025, ਜੋ ਕਿ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ ਦੇ ਇਰਦ-ਗਿਰਦ ਚਰਚਾਵਾਂ ਦਾ ਕੇਂਦਰ ਰਿਹਾ, ਨੇ ਨਾ ਸਿਰਫ ਸਰਕਾਰ ਦੀਆਂ ਨੀਤੀਆਂ ਅਤੇ ਪ੍ਰਾਪਤੀਆਂ ਨੂੰ ਉਜਾਗਰ ਕੀਤਾ ਹੈ, ਸਗੋਂ ਸਫਾਈ ਵਿਰੋਧੀ ਧਿਰ ਦੀ ਭੂਮਿਕਾ ਅਤੇ ਭਾਰਤੀ ਰਾਜਨੀਤੀ ਦੀ ਅਗਲੀ ਦਿਸ਼ਾ ਨੂੰ ਵੀ ਸਪੱਸ਼ਟ ਕੀਤਾ।

ਇਸ ਸੈਸ਼ਨ ਵਿੱਚ ਆਪਰੇਸ਼ਨ ਸਿੰਦੂਰ ਨੂੰ ਲੈ ਕੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਅਤੇ ਗ੍ਰਹਿ ਮੰਤਰੀ ਦੇ ਭਾਸ਼ਣਾਂ ਨੇ ਸਿਆਸੀ ਮਾਹੌਲ ਨੂੰ ਗਰਮਾਇਆ, ਜਿਸ ਦੇ ਜਵਾਬ ਵਿੱਚ ਵਿਰੋਧੀ ਧਿਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਨ੍ਹਾਂ ਸਾਰੇ ਤੱਥਾਂ ਨੂੰ ਸੰਖੇਪ ਵਿੱਚ ਅਤੇ ਭਾਰਤੀ ਰਾਜਨੀਤੀ ਦੀ ਸੰਭਾਵੀ ਦਿਸ਼ਾ ਦਾ ਵਿਸ਼ਲੇਸ਼ਣ ਹੁਣ ਆਪਰੇਸ਼ਨ ਸਿੰਦੂਰ ਹੈ।

### ਦੇਸ਼ ਦੀ ਸੁਰੱਖਿਆ ਅਤੇ ਸਵਦੇਸ਼ੀ ਸਮਰੱਥਾ ਦਾ ਪ੍ਰਤੀਕ

ਆਪਰੇਸ਼ਨ ਸਿੰਦੂਰ, ਜਿਸ ਦਾ ਜ਼ਿਕਰ ਪ੍ਰਧਾਨ ਮੰਤਰੀ ਨੇ ਸੰਸਦ ਦੇ ਮੌਨਸੂਨ ਸੈਸ਼ਨ 2025 ਵਿੱਚ ਅੱਜ ਕੀਤਾ, ਉਹ ਭਾਰਤੀ ਸੈਨਾਵਾਂ ਦੀ ਇੱਕ ਮਹੱਤਵਪੂਰਨ ਸੁਰੱਖਿਆ ਕਾਰਵਾਈ ਸੀ। ਇਸ ਆਪਰੇਸ਼ਨ ਵਿੱਚ ਸੈਨਾਵਾਂ ਨੇ ਸਿਰਫ 22 ਮਿੰਟਾਂ ਵਿੱਚ ਦੁਸ਼ਮਣ ਦੇ ਮਹੱਤਵਪੂਰਨ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ, ਜੋ ਕਿ ਸਰਕਾਰ ਦੀ ਮੇਡ ਇਨ ਇੰਡੀਆ ਰੱਖਿਆ ਸਮਰੱਥਾਵਾਂ ਦੀ ਤਾਕਤ ਨੂੰ ਦਰਸਾਉਂਦਾ ਹੈ।

ਪ੍ਰਧਾਨ ਮੰਤਰੀ ਨੇ ਇਸ ਨੂੰ ਰਾਸ਼ਟਰੀ ਮਾਣ ਦਾ ਪ੍ਰਤੀਕ ਦੱਸਦਿਆਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ ਵਿਸ਼ਵ ਨੇਤਾਵਾਂ ਨੇ ਭਾਰਤ ਦੇ ਸਵਦੇਸ਼ੀ ਮਿਲਟਰੀ ਉਪਕਰਣਾਂ ਦੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸੰਸਦ ਦੇ ਇਸ ਸੈਸ਼ਨ ਵਿੱਚ ਸਾਰੇ ਸਿਆਸੀ ਦਲ ਇਸ ਜਿੱਤ ਦਾ ਜਸ਼ਨ ਮਨਾਉਣਗੇ, ਜੋ ਨਾ ਸਿਰਫ ਸੈਨਿਕ ਸ਼ਕਤੀ ਨੂੰ ਮਜ਼ਬੂਤ ਕਰੇਗਾ, ਸਗੋਂ ਨੌਜਵਾਨਾਂ ਲਈ ਰੱਖਿਆ ਖੇਤਰ ਵਿੱਚ ਨਵੇਂ ਰੁਜ਼ਗਾਰ ਦੇ ਮੌਕੇ ਵੀ ਪੈਦਾ ਕਰੇਗਾ।

ਪ੍ਰਧਾਨ ਮੰਤਰੀ ਦੇ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਮੌਨਸੂਨ ਸੈਸ਼ਨ ਦੀ ਸ਼ੁਰੂਆਤ ਵਿੱਚ ਆਪਣੇ ਸੰਬੋਧਨ ਵਿੱਚ ਨਾ ਸਿਰਫ ਆਪਰੇਸ਼ਨ ਸਿੰਦੂਰ 'ਤੇ ਚਾਨਣਾ ਪਾਇਆ, ਸਗੋਂ ਅਰਥਵਿਵਸਥਾ, ਖੇਤੀਬਾੜੀ ਅਤੇ ਸੁਰੱਖਿਆ ਨੀਤੀਆਂ ਦੀਆਂ ਪ੍ਰਾਪਤੀਆਂ ਨੂੰ ਵੀ ਉਜਾਗਰ ਕੀਤਾ ਸੀ।

ਅੱਜ ਉਨ੍ਹਾਂ ਨੇ ਕਿਹਾ ਕਿ 2014 ਵਿੱਚ ਜਦੋਂ ਉਨ੍ਹਾਂ ਦੀ ਸਰਕਾਰ ਨੇ ਸੱਤਾ ਸੰਭਾਲੀ ਸੀ, ਭਾਰਤ ਪੰਜ ਨਾਜ਼ੁਕ ਅਰਥਵਿਵਸਥਾਵਾਂ ਵਿੱਚ ਸੀ, ਪਰ ਅੱਜ ਇਹ ਦੁਨੀਆ ਦੀ ਤੀਸਰੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੀ ਦਿਸ਼ਾ ਵਿੱਚ ਅੱਗੇ ਵੱਧ ਰਿਹਾ ਹੈ। 25 ਕਰੋੜ ਲੋਕਾਂ ਦਾ ਗਰੀਬੀ ਤੋਂ ਬਾਹਰ ਨਿਕਲਣਾ ਅਤੇ ਮੁਦਰਾਸਫੀਤੀ ਦੀ ਦਰ 2% ਦੇ ਨੇੜੇ ਰਹਿਣ ਨੂੰ ਉਨ੍ਹਾਂ ਨੇ ਆਰਥਿਕ ਸਥਿਰਤਾ ਦਾ ਸੂਚਕ ਦੱਸਿਆ।

ਗ੍ਰਹਿ ਮੰਤਰੀ ਦੇ ਭਾਸ਼ਣ ਨੇ ਸੁਰੱਖਿਆ ਅਤੇ ਅੰਦਰੂਨੀ ਸਥਿਰਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਨਕਸਲਵਾਦ ਅਤੇ ਅੱਤਵਾਦ ਦੇ ਸੁੰਗੜਦੇ ਦਾਇਰੇ ਦਾ ਜ਼ਿਕਰ ਕੀਤਾ, ਜਿਸ ਨੂੰ ਪ੍ਰਧਾਨ ਮੰਤਰੀ ਨੇ ਵੀ ਆਪਣੇ ਸੰਬੋਧਨ ਵਿੱਚ ਦੁਹਰਾਇਆ। ਉਨ੍ਹਾਂ ਨੇ ਕਿਹਾ ਕਿ ਸੈਂਕੜੇ ਜ਼ਿਲ੍ਹੇ ਨਕਸਲਵਾਦ ਦੇ ਚੁੰਗਲ ਵਿੱਚੋਂ ਮੁਕਤ ਹੋਏ ਹਨ ਅਤੇ ਰੈਡ ਕੌਰੀਡੋਰ ਹੁਣ ਗ੍ਰੀਨ ਗ੍ਰੋਥ ਜ਼ੋਨ ਵਿੱਚ ਬਦਲ ਰਿਹਾ ਹੈ।

ਸੰਸਦ ਵਿੱਚ ਵਿਰੋਧੀ ਧਿਰ, ਜਿਸ ਵਿੱਚ ਮੁੱਖ ਤੌਰ 'ਤੇ ਕਾਂਗਰਸ ਅਤੇ ਹੋਰ ਖੇਤਰੀ ਦਲ ਸ਼ਾਮਲ ਹਨ, ਨੇ ਸਰਕਾਰ ਦੀਆਂ ਨੀਤੀਆਂ ਅਤੇ ਆਪਰੇਸ਼ਨ ਸਿੰਦੂਰ 'ਤੇ ਆਪਣੀ ਪ੍ਰਤੀਕਿਰਿਆ ਜ਼ਾਹਰ ਕੀਤੀ। ਵਿਰੋਧੀ ਧਿਰ ਨੇ ਸਰਕਾਰ ਦੀਆਂ ਸੁਰੱਖਿਆ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ, ਪਰ ਸਾਥ ਹੀ ਕੁਝ ਮੁੱਦਿਆਂ 'ਤੇ ਸਵਾਲ ਵੀ ਉਠਾਏ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੀਆਂ ਅਰਥਵਿਵਸਥਕ ਨੀਤੀਆਂ ਦਾ ਲਾਭ ਸਿਰਫ ਅਮੀਰ ਵਰਗ ਨੂੰ ਮਿਲ ਰਿਹਾ ਹੈ, ਜਦਕਿ ਗਰੀਬ ਅਤੇ ਮੱਧ ਵਰਗ ਅਜੇ ਵੀ ਆਰਥਿਕ ਤੰਗੀ ਨਾਲ ਜੂਝ ਰਿਹਾ ਹੈ। ਮੁਦਰਾਸਫੀਤੀ ਦੀ ਘੱਟ ਦਰ ਦੇ ਦਾਅਵੇ 'ਤੇ ਵਿਰੋਧੀ ਧਿਰ ਨੇ ਸਵਾਲ ਉਠਾਇਆ ਕਿ ਜਨਤਕ ਵੰਡ ਪ੍ਰਣਾਲੀ ਅਤੇ ਰੁਜ਼ਗਾਰ ਸਿਰਜਣ ਵਿੱਚ ਸਰਕਾਰ ਦੀਆਂ ਕਮੀਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ। ਆਪਰੇਸ਼ਨ ਸਿੰਦੂਰ ਨੂੰ ਲੈ ਕੇ ਵਿਰੋਧੀ ਧਿਰ ਨੇ ਸਰਕਾਰ ਦੀ ਸਵਦੇਸ਼ੀ ਰੱਖਿਆ ਨੀਤੀ ਦੀ ਸ਼ਲਾਘਾ ਕੀਤੀ, ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਸਰਕਾਰ ਨੂੰ ਸੁਰੱਖਿਆ ਬਲਾਂ ਦੀ ਸਮਰੱਥਾ ਵਧਾਉਣ ਅਤੇ ਸੈਨਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਹੋਰ ਜ਼ੋਰ ਦੇਣਾ ਚਾਹੀਦਾ ਹੈ। ਭਾਰਤੀ ਰਾਜਨੀਤੀ ਦੀ ਅਗਲੀ ਦਿਸ਼ਾ ਵੱਲ ਇਹ ਮੌਨਸੂਨ ਸੈਸ਼ਨ 2025 ਨੇ ਭਾਰਤੀ ਰਾਜਨੀਤੀ ਦੀ ਅਗਲੀ ਦਿਸ਼ਾ ਨੂੰ ਕਈ ਮਾਇਨਿਆਂ ਵਿੱਚ ਸਪੱਸ਼ਟ ਕੀਤਾ ਹੈ। ਪਹਿਲਾਂ ਸਰਕਾਰ ਦੀ ਆਤਮਨਿਰਭਰ ਭਾਰਤ ਅਤੇ ਮੇਡ ਇਨ ਇੰਡੀਆ ਨੀਤੀਆਂ 'ਤੇ ਜ਼ੋਰ ਨੇ ਸਵਦੇਸ਼ੀ ਸਮਰੱਥਾ ਅਤੇ ਅਰਥਵਿਵਸਥਕ ਸੁਤੰਤਰਤਾ ਨੂੰ ਮੁੱਖ ਏਜੰਡਾ ਬਣਾਇਆ ਹੈ। ਦੂਜਾ, ਸੁਰੱਖਿਆ ਅਤੇ ਅੰਦਰੂਨੀ ਸਥਿਰਤਾ 'ਤੇ ਸਰਕਾਰ ਦਾ ਜ਼ੋਰ, ਜਿਵੇਂ ਕਿ ਨਕਸਲਵਾਦ ਅਤੇ ਅੱਤਵਾਦ ਦੇ ਖਾਤਮੇ ਦੀਆਂ ਕੋਸ਼ਿਸ਼ਾਂ, ਭਾਰਤੀ ਰਾਜਨੀਤੀ ਨੂੰ ਸੁਰੱਖਿਅਤ ਅਤੇ ਸਸ਼ਕਤ ਭਾਰਤ ਦੀ ਦਿਸ਼ਾ ਵੱਲ ਲਿਜਾ ਰਿਹਾ ਹੈ। ਤੀਜਾ, ਵਿਰੋਧੀ ਧਿਰ ਦੀ ਰਣਨੀਤੀ ਵਿੱਚ ਵੀ ਬਦਲਾਅ ਦੇ ਸੰਕੇਤ ਮਿਲੇ ਹਨ। ਵਿਰੋਧੀ ਧਿਰ ਹੁਣ ਸਿਰਫ ਸਰਕਾਰ ਦੀ ਆਲੋਚਨਾ 'ਤੇ ਨਿਰਭਰ ਨਹੀਂ, ਸਗੋਂ ਸੁਰੱਖਿਆ ਅਤੇ ਵਿਕਾਸ ਦੇ ਮੁੱਦਿਆਂ 'ਤੇ ਸਕਾਰਾਤਮਕ ਸੁਝਾਅ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅੰਤਰਰਾਸ਼ਟਰੀ ਪੱਧਰ 'ਤੇ ਵੀ ਸਰਕਾਰ ਦੀਆਂ ਕੋਸ਼ਿਸ਼ਾਂ, ਜਿਵੇਂ ਕਿ ਜੀ-7 ਸਮਿਟ ਵਿੱਚ ਭਾਗੀਦਾਰੀ ਅਤੇ ਸਾਇਪ੍ਰਸ, ਕੈਨੇਡਾ, ਅਤੇ ਕ੍ਰੋਏਸ਼ੀਆ ਵਰਗੇ ਦੇਸ਼ਾਂ ਨਾਲ ਸਬੰਧ ਮਜ਼ਬੂਤ ਕਰਨ ਦੀਆਂ ਯੋਜਨਾਵਾਂ, ਭਾਰਤ ਨੂੰ ਵਿਸ਼ਵ ਪੱਧਰ 'ਤੇ ਇੱਕ ਮਜ਼ਬੂਤ ਸਥਿਤੀ ਵਿੱਚ ਲਿਜਾ ਰਹੀਆਂ ਹਨ। ਇਸ ਮੌਨਸੂਨ ਸੈਸ਼ਨ 2025 ਨੇ ਭਾਰਤੀ ਰਾਜਨੀਤੀ ਦੇ ਸਾਹਮਣੇ ਖੜ੍ਹੀਆਂ ਚੁਣੌਤੀਆਂ ਅਤੇ ਮੌਕਿਆਂ ਨੂੰ ਸਪੱਸ਼ਟ ਕੀਤਾ ਹੈ। ਸਰਕਾਰ ਦੀਆਂ ਸੁਰੱਖਿਆ, ਅਰਥਵਿਵਸਥਾ ਅਤੇ ਖੇਤੀਬਾੜੀ ਨੀਤੀਆਂ 'ਤੇ ਜ਼ੋਰ ਅਤੇ ਵਿਰੋਧੀ ਧਿਰ ਦੀ ਸਕਾਰਾਤਮਕ ਅਤੇ ਆਲੋਚਨਾਤਮਕ ਪਹੁੰਚ, ਭਾਰਤੀ ਰਾਜਨੀਤੀ ਨੂੰ ਇੱਕ ਨਵੀਂ ਦਿਸ਼ਾ ਵੱਲ ਲਿਜਾ ਰਹੀ ਹੈ। ਅੱਜ ਆਪਰੇਸ਼ਨ ਸਿੰਦੂਰ ਵਰਗੀਆਂ ਪ੍ਰਾਪਤੀਆਂ ਨੇ ਸਰਕਾਰ ਦੀ ਸੁਰੱਖਿਆ ਅਤੇ ਸਵਦੇਸ਼ੀ ਨੀਤੀਆਂ ਨੂੰ ਮਜ਼ਬੂਤ ਕੀਤਾ ਹੈ ਪਰ ਵਿਰੋਧੀ ਧਿਰ ਦੀਆਂ ਮੰਗਾਂ ਨੇ ਸਰਕਾਰ ਨੂੰ ਵਧੇਰੇ ਪਾਰਦਰਸ਼ਤਾ ਅਤੇ ਸਮਾਵੇਸ਼ੀ ਵਿਕਾਸ 'ਤੇ ਜ਼ੋਰ ਦੇਣ ਲਈ ਪ੍ਰੇਰਿਤ ਕੀਤਾ ਹੈ। ਅਗਲੇ ਸਮੇਂ ਵਿੱਚ, ਭਾਰਤੀ ਰਾਜਨੀਤੀ ਦਾ ਫੋਕਸ ਆਤਮਨਿਰਭਰਤਾ, ਸੁਰੱਖਿਆ, ਅਤੇ ਸਮਾਵੇਸ਼ੀ ਵਿਕਾਸ 'ਤੇ ਰਹੇਗਾ, ਜੋ ਦੇਸ਼ ਨੂੰ 2047 ਤੱਕ ਵਿਕਸਿਤ ਰਾਸ਼ਟਰ ਬਣਾਉਣ ਦੇ ਟੀਚੇ ਵੱਲ ਅਗਵਾਈ ਕਰੇਗਾ।

# ਬੰਦੀ ਸਿੰਘਾਂ ਦੀ ਰਿਹਾਈ ਦੇ ਸਬੱਬ ਤੋਂ ਹੁਣ ਨਾ ਖੁੰਝੀਏ

ਕਮਲਜੀਤ ਸਿੰਘ ਬਨਵੈਤ
98147 34035



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੀ 28 ਜੁਲਾਈ ਨੂੰ ਹੋਈ ਮੀਟਿੰਗ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਮੁੜ ਭਖ਼ਿਆ ਹੈ। ਇਹ ਪਹਿਲੀ ਵਾਰ ਨਹੀਂ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਚੁੱਕਿਆ ਗਿਆ ਹੈ। ਇਸ ਤੋਂ ਪਹਿਲਾਂ ਵੀ ਸਮੇਂ ਸਮੇਂ ਸ਼੍ਰੋਮਣੀ ਕਮੇਟੀ ਗਾਹੇ-ਬਗਾਹੇ ਜ਼ੋਰ ਮਾਰਦੀ ਰਹੀ ਹੈ। ਗੱਲ ਉਥੇ ਦੀ ਉਥੇ ਖੜੀ ਹੈ। ਬੰਦੀ ਸਿੰਘਾਂ ਦੀ ਰਿਹਾਈ ਲਈ ਮੁਹਾਲੀ ਵਿਖੇ ਪੌਣੇ ਦੋ ਸਾਲਾਂ ਤੋਂ ਕੌਮੀ ਇਨਸਾਫ਼ ਮੋਰਚਾ ਵੀ ਸਹਿਕ-ਸਹਿਕ ਕੇ ਚੱਲ ਰਿਹਾ ਹੈ। ਮੋਰਚੇ ਦੇ ਪ੍ਰਬੰਧਕਾਂ ਨੇ ਖਿੰਡਰ ਜਾਣ ਤੋਂ ਬਾਅਦ ਹੁਣ ਦੁਬਾਰਾ ਤੋਂ ਹੰਭਲਾ ਮਾਰਨ ਦਾ ਅਹਿਦ ਲਿਆ ਗਿਆ ਹੈ। ਹੋਰ ਕਈ ਜਥੇਬੰਦੀਆਂ ਵੀ ਆਪਣੇ ਪੱਧਰ 'ਤੇ ਯਤਨ ਕਰਦੀਆਂ ਆ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਨੇ ਤਾਂ ਇੱਥੋਂ ਤੱਕ ਦਾਅਵਾ ਕੀਤਾ ਹੈ ਕਿ ਲੋਕ ਸਭਾ ਦੀਆਂ ਚੋਣਾਂ ਵੇਲੇ ਬੰਦੀ ਸਿੰਘਾਂ ਦੀ ਰਿਹਾਈ ਦੀ ਸ਼ਰਤ ਰੱਖਣ ਕਰਕੇ ਭਾਰਤੀ ਜਨਤਾ ਪਾਰਟੀ ਨਾਲ ਚੋਣ ਗੱਠਜੋੜ ਸਿਰੇ ਨਹੀਂ ਸੀ ਚੜ੍ਹਿਆ। ਇਹ ਵੱਖਰੀ ਗੱਲ ਹੈ ਕਿ ਕੇਂਦਰ ਸਰਕਾਰ ਮੁੜ ਤੋਂ ਨਹੁੰ ਮਾਸ ਦਾ ਰਿਸ਼ਤਾ ਨਾ ਜੁੜਨ ਦੀ ਵਜ੍ਹਾ ਕੋਈ ਹੋਰ ਦੱਸਦੀ ਰਹੀ ਹੈ।

ਇਸ ਵਾਰ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਪਿੱਛੇ ਖ਼ਾਸ ਵਜ੍ਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਵੇਲੇ ਕੇਂਦਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬੰਦੀ ਸਿੰਘਾਂ ਦੀ ਰਿਹਾਈ ਤੋਂ ਉਕ ਗਈ ਸੀ। ਹੁਣ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਮੌਕੇ ਸਬੱਬ ਵੀ ਹੈ ਤੇ ਮੌਕਾ ਵੀ। ਉਸ ਵੇਲੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੰਦੀ ਸਿੰਘਾਂ ਦੀ ਰਿਹਾਈ ਬੋਲ ਨਾ ਪੁਗਾਏ। ਇੱਥੋਂ ਤੱਕ ਕਿ ਨੋਟੀਫਿਕੇਸ਼ਨ ਜਾਰੀ ਕਰਕੇ ਵੀ ਇਸ ਨੂੰ ਲਾਗੂ ਨਾ ਕੀਤਾ ਗਿਆ। ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਉੱਤੇ ਸਹੀ ਨਾ ਪਾਈ। ਆਪ ਦੇ ਸੁਪਰੀਮੋ 'ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹੁਣ ਤਾਂ ਰਿਹਾਈ ਦੀ ਪਟੀਸ਼ਨ ਨੂੰ ਰੱਦ ਕਰ ਚੁੱਕੇ ਹਨ। ਸਰਕਾਰਾਂ ਵੱਲੋਂ ਖ਼ਾਸ ਮੌਕਿਆਂ ਉਤੇ ਇਹੋ ਜਿਹੇ ਫੈਸਲੇ ਲਏ ਜਾਂਦੇ ਰਹੇ ਹਨ।

ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਲਈ ਬੰਦੀ ਸਿੰਘਾਂ ਦੀ ਰਿਹਾਈ ਪ੍ਰਤੀ ਨਰਮ ਪਹੁੰਚ ਅਪਣਾਉਣਾ ਇਸ ਕਰਕੇ ਵੀ ਜ਼ਰੂਰੀ ਹੈ ਕਿਉਂਕਿ ਇੱਕ ਤਾਂ 2027 ਦੀਆਂ ਚੋਣਾਂ ਜ਼ਿਆਦਾ ਦੂਰ ਨਹੀਂ ਰਹੀਆਂ ਹਨ, ਦੂਜਾ ਸਿੱਖਾਂ ਵਿੱਚ ਬੇਗਾਨਗੀ ਦੇ ਅਹਿਸਾਸ ਦੀ ਭਾਵਨਾ ਨੂੰ ਖ਼ਤਮ ਕਰਨ ਵੱਲ ਇਹ ਇੱਕ ਉਸਾਰੂ ਪਹਿਲ ਹੋ ਸਕਦੀ ਹੈ। ਭਾਰਤੀ ਜਨਤਾ ਪਾਰਟੀ ਸਿੱਖਾਂ ਲਈ ਦਿਲ ਵਿੱਚ ਵਿਸ਼ੇਸ਼ ਥਾਂ ਹੋਣ ਦਾ ਦਾਅਵਾ ਕਰ ਰਹੀ ਹੈ। ਦੂਜੇ ਬੰਨੇ ਸਿੱਖਾਂ ਅਜਿਹਾ ਕੁਝ ਮਹਿਸੂਸ ਨਹੀਂ ਕਰਨ ਲਈ ਹਾਮੀ ਨਹੀਂ ਭਰੀ ਹੈ। ਇਸ ਨੂੰ ਇੱਕ ਦੋਹਾਂ ਧਿਰਾਂ ਦੀ ਬਦਕਿਸਮਤੀ ਵਜੋਂ ਦੇਖਿਆ ਜਾਣਾ ਬਣਦਾ ਹੈ।

ਸ਼੍ਰੋਮਣੀ ਕਮੇਟੀ ਨੇ ਆਪਣੀ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਫਾਂਸੀ ਦੀ ਸਜ਼ਾ ਯਾਫਤਾ ਅਤੇ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਕੇਸ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਹੈ। ਭਾਈ ਰਾਜੋਆਣਾ, ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿੱਚ ਸੱਤ ਹੋਰ ਦੋਸ਼ੀਆਂ ਨਾਲ ਸਜ਼ਾ ਭੁਗਤ ਰਹੇ ਹਨ। ਬੇਅੰਤ ਹੱਤਿਆ ਕੇਸ ਦੇ ਫੈਸਲੇ ਵੇਲੇ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਭਾਈ ਹਵਾਰਾ ਦੀ ਹਾਈ ਕੋਰਟ ਵਿੱਚ ਦਾਇਰ ਪਟੀਸ਼ਨ 'ਤੇ ਫਾਂਸੀ ਦੀ ਸਜ਼ਾ ਨੂੰ ਤਾਂ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਭਾਈ ਬਲਵੰਤ ਸਿੰਘ ਰਾਜੋਆਣਾ ਫਾਂਸੀ ਦਾ ਰੱਸਾ ਚੁੰਮਣ ਲਈ ਕਾਹਲੇ ਪੈਂਦੇ ਰਹੇ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇਸ਼ ਦੇ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਇਰ ਕਰ ਦਿੱਤੀ ਗਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਰਹਿਮ ਦੀ ਅਪੀਲ ਮੁਲਕ ਦੀ ਸਿਖਰ ਲਈ ਅਦਾਲਤ ਸੁਪਰੀਮ ਕੋਰਟ, ਕੇਂਦਰ ਸਰਕਾਰ ਤੇ ਰਾਸ਼ਟਰਪਤੀ ਦਰਮਿਆਨ ਗੇੜੇ ਖਾ ਰਹੀ ਹੈ। ਦੂਜੇ ਬੰਨੇ ਭਾਈ ਬਲਵੰਤ ਸਿੰਘ ਰਾਜੋਆਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਪਟੀਸ਼ਨ ਵਾਪਸ ਲੈਣ ਲਈ ਵਾਰ ਵਾਰ ਅਪੀਲ ਹੀ ਨਹੀਂ ਕਰ ਰਹੇ ਸਗੋਂ ਜ਼ੋਰ ਵੀ ਪਾ ਰਹੇ ਹਨ। ਬੰਦੀ ਸਿੰਘਾਂ ਦੀ ਰਿਹਾਈ ਦੀ ਸੂਚੀ ਵਿੱਚ ਕੇਵਲ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀਆਂ, ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਦਾ ਹੀ ਨਾਂ ਨਹੀਂ ਸ਼ਾਮਿਲ ਸਗੋਂ ਦੂਜੇ ਹੋਰ ਕਈ ਸਿੰਘਾਂ ਦਾ ਨਾਂ ਵੀ ਦਿੱਤਾ ਗਿਆ ਹੈ, ਜਿਹੜੇ ਮੁਲਕ ਦੀਆਂ ਵੱਖ ਵੱਖ ਜੇਲ੍ਹਾਂ ਵਿੱਚ ਦਹਾਕਿਆਂ ਤੋਂ ਬੰਦ ਹਨ।

ਇੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਗਠਿਤ ਸਿੱਖ ਪੰਜ ਮੈਂਬਰੀ ਕਮੇਟੀ ਦਾ ਵੀ ਜ਼ਿਕਰ ਕਰਨਾ ਜ਼ਰੂਰੀ ਹੋਵੇਗਾ, ਜਿਸ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰਕੇ ਮਾਮਲਾ ਉਠਾਉਣ ਦੀ ਡਿਊਟੀ ਲਾਈ ਗਈ ਸੀ। ਬਦਕਿਸਮਤੀ ਇਹ ਕਿ ਪੰਜ ਮੈਂਬਰੀ ਕਮੇਟੀ ਵਲੋਂ ਮੁਲਾਕਾਤ ਲਈ ਭੇਜੀ ਈਮੇਲ ਦਾ ਮਹੀਨਿਆਂਬੱਧੀ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ। ਉਸ ਤੋਂ ਬਾਅਦ ਮਾਮਲਾ ਗ੍ਰਹਿ ਮੰਤਰੀ ਕੋਲ ਉਠਾਉਣ ਦੀ ਸੂਚਨਾ ਦੇ ਕੇ ਟਾਲ ਦਿੱਤਾ ਗਿਆ ਸੀ। ਇੱਥੇ ਹੋਰ ਕਦੇ ਹਾਕਮਾਂ ਵੱਲੋਂ ਸ਼੍ਰੋਮਣੀ ਕਮੇਟੀ ਸਮੇਤ ਸਿੱਖਾਂ ਦੀਆਂ ਸਰਬ ਉੱਚ ਸੰਸਥਾਵਾਂ ਨੂੰ ਅੱਖੋਂ ਪਰੋਖੇ ਕਰਨ ਉੱਤੇ ਵੀ ਚਿੰਤਾ ਕਰਨੀ ਬਣਦੀ ਹੈ। ਇੱਕ ਸਮਾਂ ਸੀ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਦਿੱਲੀ ਤੱਕ ਤੂਤੀ ਬੋਲਦੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਕੇਂਦਰ ਵਿੱਚ ਆਪਣਾ ਦਬਦਬਾ ਹੁੰਦਾ ਸੀ। ਬਹੁਤ ਪੁਰਾਣੀ ਗੱਲ ਨਹੀਂ, ਕੁਝ ਸਾਲ ਪਹਿਲਾਂ ਤੱਕ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਸਕੱਤਰੇਤ ਵਿੱਚ ਮੁਲਾਕਾਤ ਕਰਕੇ ਗਏ ਸਨ। ਤੁਹਾਡੀਆਂ ਸੰਸਥਾਵਾਂ ਦਾ ਕਦ ਏਨਾ ਛੋਟਾ ਕਿਉਂ ਹੋਇਆ ਹੈ, ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਤਾਬਦੀ ਪੁਰਬ ਵੇਲੇ ਕੀਤੇ ਜਾਣ ਵਾਲੇ ਸਮਾਗਮਾਂ ਵਿੱਚ ਮੁਲਕ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਗ੍ਰਹਿ ਮੰਤਰੀ, ਉਪ ਰਾਸ਼ਟਰਪਤੀ ਅਤੇ ਲੋਕ ਸਭਾ ਦੇ ਸਪੀਕਰ ਸਮੇਤ ਹੋਰ ਕਈ ਹਸਤੀਆਂ ਨੂੰ ਸੱਦਾ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਆਪਣੇ ਪੱਧਰ 'ਤੇ ਸ਼ਤਾਬਦੀ ਸਮਾਗਮ ਕਰਵਾ ਰਹੀ ਹੈ। ਹਰਿਆਣਾ ਸਰਕਾਰ ਵੀ ਆਪਣੇ ਪੱਧਰ 'ਤੇ ਤਿਆਰੀ ਕਰ ਰਹੀ ਹੈ।

ਨਿਰਸੰਦੇਹ ਦਾ ਸਰਕਾਰ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਰਚੇਗੀ। ਇਹ ਮੌਕਾ ਸਬੱਬ ਹੈ, ਜਦੋਂ ਸਿੱਖਾਂ ਦੇ ਨੌਵੇਂ ਗੁਰੂ ਨੂੰ ਸੱਚੀ ਸ਼ਰਧਾਂਜਲੀ ਦੇਣ ਦਾ ਮੌਕਾ ਹੈ, ਉਹ ਗੁਰੂ ਸਾਹਿਬ ਜਿਨ੍ਹਾਂ ਨੇ ਜ਼ੁਲਮ ਦੇ ਖਿਲਾਫ਼ ਆਪਣਾ ਸੀਸ ਦੇ ਦਿੱਤਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਰਿਵਾਰ ਦੀਆਂ ਕੁਰਬਾਨੀਆਂ ਦੀ ਲੜੀ ਉਹਨਾਂ ਦੇ ਆਪਣੇ ਆਪ ਤੋਂ ਸ਼ੁਰੂ ਹੋ ਕੇ ਪੋਤਰੇ ਬਾਬਾ ਫਤਿਹ ਸਿੰਘ ਤੱਕ ਤੁਰਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਆਮ ਨਹੀਂ ਸੀ। ਸਿੱਖਾਂ ਦੇ ਦਸਵੇਂ ਗੁਰੂ ਅਤੇ ਉਹਨਾਂ ਦੇ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਦੇ ਖਿਲਾਫ਼ ਆਪਣਾ ਪੂਰਾ ਪਰਿਵਾਰ ਵਾਰ ਦਿੱਤਾ ਸੀ।

ਇਹ ਨਹੀਂ ਕਿ ਸਿੱਖ ਬੰਦੀ ਸਿੰਘਾਂ ਦੀ ਰਿਹਾਈ ਲਈ ਕੋਈ ਜੱਗੋਂ ਤੇਰਵੀਂ ਜਾਂ ਸਰਕਾਰਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਮੰਗ ਕਰ ਰਹੇ ਹਨ। ਸਰਕਾਰਾਂ ਨੇ ਪ੍ਰਧਾਨ ਮੰਤਰੀ ਮਰਹੂਮ ਰਜੀਵ ਗਾਂਧੀ ਦੇ ਕਾਤਲਾਂ ਦੀ ਸਜ਼ਾ ਵੀ ਮੁਆਫ ਕੀਤੀ ਹੈ। ਪਿੰਕੀ ਕੈਟ ਨੂੰ ਵੀ ਕਤਲ ਦੇ ਦੋਸ਼ ਵਿੱਚ ਕੁਝ ਸਾਲਾਂ ਬਾਅਦ ਰਿਹਾਅ ਕਰ ਦਿੱਤਾ ਗਿਆ ਸੀ। ਹੋਰ ਵੀ ਕਈ ਪੁਲਿਸ ਮੁਲਾਜ਼ਮਾਂ ਦੀਆਂ ਉਦਾਹਰਨਾਂ ਹਨ, ਜਿਨ੍ਹਾਂ ਨੂੰ ਕੇਸਾਂ ਵਿੱਚ ਮਹੀਨਿਆਂ ਬਾਅਦ ਹੀ ਜੇਲ੍ਹ ਚੋਂ ਬਾਹਰ ਕੱਢ ਦਿੱਤਾ ਗਿਆ ਸੀ। ਵਕੀਲ ਹਰਬੰਸ ਸਿੰਘ ਮੰਝਪੁਰ ਵੱਲੋਂ ਕੇਂਦਰ ਸਰਕਾਰ ਨੂੰ ਉਨ੍ਹਾਂ ਬੰਦੀ ਸਿੰਘਾਂ ਦੀ ਸੂਚੀ ਦਿੱਤੀ ਜਾ ਚੁੱਕੀ ਹੈ ਜਿਹੜੇ ਉਮਰ ਕੈਦ ਦੀ ਸਜ਼ਾ ਪੂਰੀ ਕਰ ਚੁੱਕੇ ਹਨ ਅਤੇ ਸਬੰਧਤ ਜੇਲ੍ਹ ਦੇ ਸੁਪਰਡੈਂਟ ਵੱਲੋਂ ਚੰਗੇ ਆਚਰਨ ਦੀ ਰਿਪੋਰਟ ਦਿੱਤੀ ਜਾ ਚੁੱਕੀ ਹੈ। ਇੱਕ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਬੰਦੀ ਸਿੰਘਾਂ ਦੀ ਰਿਹਾਈ ਸਿੱਖਾਂ ਦੇ ਦਿਲਾਂ ਨਾਲ ਜੁੜੀ ਹੋਈ ਹੈ। ਸਰਕਾਰਾਂ ਦਾ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਹਾਂ ਪੱਖੀ ਫੈਸਲਾ ਲੈਂਦਿਆਂ ਸਭ ਨੂੰ ਬਰਾਬਰ ਪਲੜੇ ਵਿੱਚ ਤੋਲਣਾ ਬਣਦਾ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਮੁਆਫ਼ ਕਰਨ, ਜਗਤਾਰ ਸਿੰਘ ਹਵਾਰਾ ਨੂੰ ਤਿਹਾੜ ਜੇਲ੍ਹ ਤੋਂ ਪੰਜਾਬ ਤਬਦੀਲ ਕਰਨ ਤੇ ਅਤੇ ਹੋਰਾਂ ਨੂੰ ਪੈਰੋਲ ਦੇਣ ਨਾਲ ਹੀ ਮਾਹੌਲ ਸਦਭਾਵਨਾ ਵਾਲੇ ਪਾਸੇ ਨੂੰ ਚਾਲ ਫੜ ਲਵੇਗਾ। ਕੇਂਦਰ ਸਰਕਾਰ ਵਿੱਚ ਅਹਿਮ ਅਹੁੱਦਿਆਂ 'ਤੇ ਬੈਠੀਆਂ ਹਸਤੀਆਂ ਅਤੇ ਸਿੱਖ ਮੰਤਰੀ ਦੋਹਾਂ ਧਿਰਾਂ ਦੇ ਸਬੰਧ ਨਿੱਘੇ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੇ ਹਨ। ਇਸ ਲਈ ਆਪਣੇ ਨਿੱਜੀ ਸਵਾਰਥ ਲਾਂਭੇ ਰੱਖਣੇ ਪੈਣਗੇ। ਸਿੱਖਾਂ ਨੂੰ ਅਜਿਹੇ ਲੀਡਰ ਦੀ ਭਾਲ ਵੀ ਹੈ।

# ਨਸ਼ਿਆਂ ਦੇ ਪਸਾਰੇ ਤੋਂ ਦੁੱਖੀ ਹੋ ਕੇ ਵਿਦੇਸ਼ ਜਾਣ ਦਾ ਰੁਝਾਨ ਰੁੱਕਿਆ : ਧਾਲੀਵਾਲ



ਅੰਮ੍ਰਿਤਸਰ, 29 ਜੁਲਾਈ (ਬਬਲੂ ਮਹਾਜਨ): ਅਜਨਾਲਾ ਤੋਂ ਹਲਕਾ ਵਿਧਾਇਕ ਤੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਸਾਬਕਾ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਹਲਕੇ ਵਿਖੇ ਸੈਲਫ ਡਿਫੈਂਸ ਕਮੇਟੀਆਂ, ਗ੍ਰਾਮ ਪੰਚਾਇਤਾਂ, ਸਮਾਜ ਸੇਵੀ ਸੰਸਥਾਵਾਂ ਤੇ ਯੂਥ ਕਲੱਬਾਂ ਦੀ ਭਰਵੀਂ ਸ਼ਮੂਲੀਅਤ ਨਾਲ ਕੰਦੋਵਾਲੀ, ਸੰਤੂ ਨੰਗਲ, ਪਠਾਨ ਨੰਗਲ, ਤੇ ਚੇਤਨਪੁਰਾ ਪਿੰਡਾਂ 'ਚ ਕਰਵਾਈਆਂ ਗਈਆਂ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਮੁਕਤੀ ਯਾਤਰਾ ਪ੍ਰਭਾਵਸ਼ਾਲੀ ਰੈਲੀਆਂ ਦੌਰਾਨ ਸਮੂਹ ਹਾਜ਼ਰੀਨ, ਜਿਨ੍ਹਾਂ 'ਚ ਨੌਜੁਆਨਾ ਤੇ ਔਰਤਾਂ ਵੀ ਵੱਡੀ ਗਿਣਤੀ 'ਚ ਸ਼ਾਮਲ ਸਨ, ਨੂੰ ਨਸ਼ਿਆਂ ਦੇ ਖਾਤਮੇ ਲਈ ਛੇੜੀ ਗਈ ਜੰਗ ਦਾ ਪ੍ਰਮੁੱਖ ਹਿੱਸਾ ਬਣਨ ਲਈ ਸਮੂਹਿਕ ਸਹੁੰ ਚੁਕਵਾਈ। ਰੈਲੀਆਂ ਨੂੰ ਸੰਬੋਧਨ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਧਾਲੀਵਾਲ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਗੁਰੂਆਂ, ਪੀਰਾਂ, ਫਕੀਰਾਂ ਦੀ ਪਵਿੱਤਰ ਧਰਤੀ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਿੱਢਿਆ ਯੁੱਧ ਨਸ਼ਿਆਂ ਵਿਰੁੱਧ ਫੈਸਲਾਕੁੰਨ ਦੌਰ 'ਚ ਪੁੱਜ ਚੁੱਕਾ ਹੈ। 23 ਹਜ਼ਾਰ ਦੇ ਕਰੀਬ ਤਸਕਰਾਂ ਨੂੰ ਰੰਗੇ ਹੱਥੀਂ ਦਬੋਚ ਕੇ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਸਣੇ 12 ਕਰੋੜ ਰੁਪਏ ਤੋਂ ਵੱਧ ਦੀ ਡਰੱਗ ਮਨੀ ਬਰਾਮਦ ਕੀਤੇ ਜਾਣ ਨਾਲ ਨਸ਼ਾ ਤਸਕਰ ਪੰਜਾਬ ਤੋਂ ਬਾਹਰਲੇ ਸੂਬਿਆਂ ਨੂੰ ਜਾਣ ਲਈ ਵੀ ਮਜਬੂਰ ਹੋ ਰਹੇ ਹਨ। ਸੂਬਾ ਮਾਨ ਸਰਕਾਰ ਵੱਲੋਂ ਨਿਸ਼ਾਨਾ ਮਿੱਥ ਕੇ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਮਿਲ ਰਹੇ ਸਾਰਥਿਕ ਨਤੀਜਿਆਂ ਤੋਂ ਮਾਵਾਂ ਨੂੰ ਆਪਣੇ ਪੁੱਤ, ਭੈਣਾਂ ਨੂੰ ਭਰਾ ਅਤੇ ਪਤਨੀ ਨੂੰ ਆਪਣੇ ਪਤੀ ਦੇ ਨਸ਼ਿਆਂ ਤੋਂ ਬੱਚ ਜਾਣ ਦੀ ਪੱਕੀ ਉਮੀਦ ਬੱਝ ਗਈ ਹੈ ਅਤੇ ਨਸ਼ਿਆਂ ਦੇ ਪ੍ਰਕੋਪ ਦੀ ਚੁੰਗਲ 'ਚੋਂ ਬਚਾਉਣ ਲਈ ਘਰ, ਜ਼ਮੀਨਾਂ ਵੇਚ ਕੇ ਲੱਖਾਂ ਰੁਪਏ ਖਰਚ ਕਰਕੇ ਮਾਪਿਆਂ ਵੱਲੋਂ ਟਰੈਵਲ ਏਜੰਟਾਂ ਰਾਹੀਂ ਬੱਚਿਆਂ ਨੂੰ ਕਾਨੂੰਨੀ 'ਤੇ ਗੈਰ ਕਾਨੂੰਨੀ ਢੰਗ ਨਾਲ ਵਿਦੇਸ਼ਾਂ 'ਚ ਭੇਜਣ ਦੀ ਤਿੱਖੀ ਚੱਲ ਰਹੀ ਰਫ਼ਤਾਰ ਨੂੰ ਠੱਲ੍ਹ ਪਈ ਹੈ, ਜਿਸਦਾ ਪ੍ਰਤੱਖ ਪਰਮਾਣ ਆਈਲਟਸ ਕਰਨ ਪਿੱਛੋਂ ਵਿਦੇਸ਼ਾਂ ਵੱਲ ਉਡਾਰੀ ਭਰਨ ਲਈ ਨੌਜੁਆਨਾਂ ਵੱਲੋਂ ਬੈਂਕਾਂ ਤੋਂ ਲਏ ਜਾਂਦੇ ਕਰਜ਼ੇ ਦੇ ਅੰਕੜੇ 'ਚ 3 ਫ਼ੀਸਦ ਗਿਰਾਵਟ ਦਰਜ ਹੋਈ ਹੈ, ਤੇ ਅੰਕੜਿਆਂ 'ਚ ਆਈ ਗਿਰਾਵਟ ਕੌਮੀ ਪੱਧਰ 'ਤੇ ਬੈਂਕਾਂ ਦੇ ਜਾਰੀ ਹੋਏ ਕਰਜ਼ਿਆਂ 'ਚ ਦਰਸਾਏ ਗਏ ਹਨ, ਨੌਜੁਆਨ ਹੁਣ ਵਿਦੇਸ਼ਾਂ ਲਈ ਪਰਵਾਸ ਦੀ ਉਡਾਣ ਭਰਨ ਦੀ ਬਜਾਏ ਪੰਜਾਬ 'ਚ ਨੌਕਰੀਆਂ ਸਣੇ ਆਪਣੇ ਕੰਮ ਧੰਦੇ ਖੋਲ੍ਹਣ ਵੱਲ ਤੁਰ ਪਏ ਹਨ। ਜੋ ਸਰਕਾਰ ਦੀ ਇਕ ਮਹੱਤਵਪੂਰਨ ਪ੍ਰਾਪਤੀ ਹੈ। ਉਨ੍ਹਾਂ ਨੇ ਯੁੱਧ ਨਸ਼ਿਆਂ ਵਿਰੁੱਧ ਹਿੱਕ ਠੋਕ ਕੇ ਮਾਣ ਮੱਤੀਆਂ ਪ੍ਰਾਪਤੀਆਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਤੇ ਕਿਹਾ ਕਿ ਪਹਿਲੀ ਮਾਰਚ ਤੋਂ ਸ਼ੁਰੂ ਹੋਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 151 ਦਿਨ 'ਚ ਦਾਖ਼ਲ ਹੋ ਗਈ ਹੈ ਤੇ ਬੀਤੇ ਕੱਲ੍ਹ 150 ਦਿਨਾਂ 'ਚ 23 ਹਜ਼ਾਰ 800 ਤਸਕਰਾਂ ਨੂੰ ਰੰਗੇ ਹਥੀਂ ਗ੍ਰਿਫ਼ਤਾਰ ਕਰਕੇ 13 ਕਰੋੜ ਡਰੱਗ ਮਨੀ ਤੇ ਅਰਬਾਂ ਰੁਪਏ ਮੁੱਲ ਦੇ ਹੈਰੋਇਨ ਸਣੇ ਹੋਰ ਨਸ਼ੀਲੇ ਪਦਾਰਥ ਬਰਾਮਦ ਕਰਨ 'ਚ ਪੁਲਿਸ ਸਫਲ ਰਹੀ ਹੈ। ਇਸ ਮੌਕੇ 'ਤੇ ਖੁਸ਼ਪਾਲ ਸਿੰਘ ਧਾਲੀਵਾਲ, ਸਾਬਕਾ ਸਰਪੰਚ ਸੁੱਖ ਕੰਦੋਵਾਲੀ, ਗੁਰਜੰਟ ਸਿੰਘ ਸੋਹੀ, ਪੀ ਏ ਮੁਖਤਾਰ ਸਿੰਘ ਬਲੜਵਾਲ ਸਮੇਤ ਹੋਰ ਅਧਿਕਾਰੀ ਤੇ ਡਿਫੈਂਸ ਕਮੇਟੀਆਂ ਦੇ ਆਹੁਦੇਦਾਰ, ਪੰਚ ਸਰਪੰਚ, ਮੋਹਤਬਰ ਵੱਡੀ ਗਿਣਤੀ 'ਚ ਮੌਜੂਦ ਸਨ।

## ਜ਼ਿਲ੍ਹੇ ਦੇ ਡਾਕਘਰਾਂ 'ਚ ਆਈ.ਟੀ. 2.0 ਐਪਲੀਕੇਸ਼ਨ ਦਾ ਰੋਲਆਉਟ 4 ਅਗਸਤ ਨੂੰ

### 2 ਅਗਸਤ ਨੂੰ ਡਾਕਘਰਾਂ 'ਚ ਨਹੀਂ ਹੋਵੇਗਾ ਕੋਈ ਵੀ ਜਨਤਕ ਲੈਣ-ਦੇਣ



ਅੰਮ੍ਰਿਤਸਰ, 29 ਜੁਲਾਈ (ਬਬਲੂ ਮਹਾਜਨ): ਡਾਕ ਵਿਭਾਗ, ਅੰਮ੍ਰਿਤਸਰ ਡਾਕ ਮੰਡਲ ਦੇ ਸੀਨੀਅਰ ਸੁਪਰਡੈਂਟ ਪ੍ਰਵੀਨ ਪ੍ਰਸੂਨ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਡਾਕਘਰਾਂ 'ਚ ਅਗਲੀ ਪੀੜ੍ਹੀ ਦੇ (ਏ.ਪੀ.ਟੀ.) ਐਪਲੀਕੇਸ਼ਨ ਦਾ ਰੋਲਆਉਟ ਕੀਤਾ ਜਾ ਰਿਹਾ ਹੈ, ਜੋ ਕਿ ਡਿਜੀਟਲ ਉਤਕ੍ਰਿਸ਼ਟਤਾ ਤੇ ਰਾਸ਼ਟਰ ਨਿਰਮਾਣ ਦੀ ਯਾਤਰਾ 'ਚ ਇੱਕ ਮਹੱਤਵਪੂਰਣ ਕਦਮ ਹੈ। ਇਸ ਤਬਦੀਲੀ ਮੁਹਿੰਮ ਦੇ ਤਹਿਤ ਇਹ ਨਵੀਨਤਮ ਪ੍ਰਣਾਲੀ ਅੰਮ੍ਰਿਤਸਰ ਤੇ ਤਰਨਤਾਰਨ ਦੇ ਡਾਕਘਰਾਂ 'ਚ 4 ਅਗਸਤ ਤੋਂ ਲਾਗੂ ਕੀਤੀ ਜਾਵੇਗੀ।

ਇਸ ਤੋਂ ਇਲਾਵਾ, ਉਨ੍ਹਾਂ ਦੱਸਿਆ ਕਿ 2 ਅਗਸਤ ਨੂੰ ਡਾਕਘਰਾਂ 'ਚ ਕੋਈ ਵੀ ਜਨਤਕ ਲੈਣ-ਦੇਣ ਨਹੀਂ ਹੋ ਸਕੇਗਾ। ਸੇਵਾਵਾਂ ਦੀ ਇਹ ਅਸਥਾਈ ਰੁਕਾਵਟ ਡਾਟਾ ਮਾਈਗ੍ਰੇਸ਼ਨ, ਸਿਸਟਮ ਦੀ ਜਾਂਚ ਤੇ ਕਾਨਫ਼ਿਗਰੇਸ਼ਨ ਦੀ ਪ੍ਰਕਿਰਿਆ ਨੂੰ ਢੰਗ ਨਾਲ ਪੂਰਾ ਕਰਨ ਲਈ ਲਾਜ਼ਮੀ ਹੈ, ਤਾਂ ਜੋ ਨਵੀਂ ਪ੍ਰਣਾਲੀ ਨੂੰ ਸੁਚੱਜੇ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ੁਰੂ ਕੀਤਾ ਜਾ ਸਕੇ। ਉਨ੍ਹਾਂ ਇੱਕ ਦਿਨ ਲਈ ਡਾਕਘਰਾਂ ਦੇ ਕੰਮ 'ਚ ਆ ਰਹੀ ਰੁਕਾਵਟ ਲਈ ਨਾਗਰਿਕਾਂ ਦੇ ਸਹਿਯੋਗ ਦੀ ਅਪੀਲ ਕੀਤੀ ਹੈ, ਤਾਂ ਜੋ ਭਵਿੱਖ 'ਚ ਨਾਗਰਿਕਾਂ ਨੂੰ ਬਿਹਤਰ, ਤੇਜ਼ ਤੇ ਡਿਜੀਟਲ ਤਰੀਕੇ ਨਾਲ ਸਮਰਪਿਤ ਸੇਵਾਵਾਂ ਦਿੱਤੀਆਂ ਜਾ ਸਕਣ।

## ਵਿਧਾਇਕ ਧਾਲੀਵਾਲ ਵੱਲੋਂ ਨਵੀਆਂ ਚੁਣੀਆਂ ਪੰਚਾਇਤਾਂ ਦਾ ਸਨਮਾਨ



ਅਜਨਾਲਾ, 29 ਜੁਲਾਈ (ਸੁਖਦੇਵ ਸਿੰਘ ਖਾਲਸਾ): ਵਿਧਾਇਕ ਹਲਕਾ ਅਜਨਾਲਾ ਕੁਲਦੀਪ ਸਿੰਘ ਧਾਲੀਵਾਲ ਨੇ ਆਪਣੇ ਹਲਕੇ ਦੀਆਂ ਨਵੀਆਂ ਚੁਣੀਆਂ ਗਈਆਂ ਪੰਚਾਇਤਾਂ ਨੂੰ ਸੰਬੋਧਨ ਕਰਦਿਆਂ ਕਿਹਾ, ਕਿ ਤੁਸੀਂ ਵਿਕਾਸ ਕਾਰਜਾਂ ਲਈ ਡਟ ਕੇ ਖੜ੍ਹੇ ਹੋ ਜਾਓ, ਤੇ ਕਿਹਾ ਕਿ ਤੁਸੀਂ ਪਿੰਡਾਂ ਦੇ ਵਿਕਾਸ ਲਈ ਕੰਮ ਕਰੋ, ਪੈਸੇ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਧਾਲੀਵਾਲ ਨੇ ਪਿੰਡ ਦਿਆਲ ਭੱਟੀ ਦੀ ਨਵੀਂ ਚੁਣੀ ਗਈ ਸਰਪੰਚ ਰਾਜਵੰਤ ਕੌਰ ਮੈਂਬਰ ਰੀਬੀਕਾ, ਬਲਜੀਤ ਸਿੰਘ, ਹਰਜੀਤ ਸਿੰਘ, ਪਿੰਡ ਵੱਡਾ ਚੱਕ ਡੋਗਰਾ ਦੇ ਮੈਂਬਰ ਗਗਨਦੀਪ ਕੌਰ ਪੂਰਨ ਸਿੰਘ, ਸ਼ਰਨਜੀਤ ਕੌਰ, ਪਿੰਡ ਡਾਬਰ ਬਸਤੀ ਦੀ ਸਰਪੰਚ ਬਲਵਿੰਦਰ ਕੌਰ ਤੇ ਪਿੰਡ ਚੱਕ ਫੂਲਾ ਦੀ ਸਰਪੰਚ ਸੁਖਜੀਤ ਕੌਰ, ਮੈਂਬਰ ਰਾਜਬੀਰ ਸਿੰਘ, ਹਰਮਨਜੀਤ ਸਿੰਘ, ਮੈਡਮ ਤਲਵਿੰਦਰ ਕੌਰ ਨੂੰ ਜਿਮਨੀ ਚੋਣਾਂ ਦੌਰਾਨ ਜਿੱਤ ਦੀ ਵਧਾਈ ਦਿੱਤੀ, ਤੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ।

ਵਿਧਾਇਕ ਅਜਨਾਲਾ ਨੇ ਕਿਹਾ ਕਿ ਤੁਸੀਂ ਲੋਕਾਂ ਦੇ ਪ੍ਰਤੀਨਿਧੀ ਚੁਣ ਕੇ ਆਏ ਹੋ ਤੇ ਤੁਹਾਡਾ ਫਰਜ਼ ਬਣਦਾ ਹੈ ਕਿ ਤੁਸੀਂ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡਾਂ ਦੇ ਵਿਕਾਸ ਲਈ ਕੰਮ ਕਰੋ। ਉਨ੍ਹਾਂ ਕਿਹਾ ਕਿ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀਂ ਹੈ, ਤੇ ਤੁਹਾਨੂੰ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਤੁਸੀਂ ਸਰਕਾਰ ਵੱਲੋਂ ਮਿਲੇ ਪੈਸੇ ਦਾ ਸਹੀ ਵਰਤੋਂ ਕਰਨੀ ਹੈ। ਕਿਉਂਕਿ ਇਹ ਲੋਕਾਂ ਦਾ ਪੈਸਾ ਹੈ ਤੇ ਇੱਕ ਇੱਕ ਪੈਸਾ ਲੋਕਾਂ ਉੱਤੇ ਲੱਗਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇੱਛਾ ਹੈ ਕਿ ਪਿੰਡਾਂ ਦੇ 'ਚ ਉਹ ਸਹੂਲਤਾਂ ਦਿੱਤੀਆਂ ਜਾਣ ਜਿਨ੍ਹਾਂ ਦੀ ਪਿਛਲੇ 75 ਸਾਲਾਂ ਤੋਂ ਕਿਸੇ ਵੀ ਸਰਕਾਰ ਨੇ ਸੁਣਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਪਿੰਡਾਂ 'ਚ ਸਾਫ ਪਾਣੀ, ਗੰਦੇ ਪਾਣੀ ਦਾ ਨਿਕਾਸ, ਖੇਡ ਸਟੇਡੀਅਮ, ਕੂੜੇ ਦਾ ਪ੍ਰਬੰਧ ਆਦਿ ਉਹ ਸਾਰੇ ਕੰਮ ਕਰਵਾਏ ਜਾਣਗੇ, ਪਰ ਇਸ ਵਾਸਤੇ ਤੁਹਾਡੇ ਸਹਿਯੋਗ ਦੀ ਵੱਡੇ ਪੱਧਰ ਤੇ ਲੋੜ ਹੈ। ਉਨ੍ਹਾਂ ਕਿਹਾ ਕਿ ਮੈਂ ਖੁਦ ਪਿੰਡਾਂ ਵਿੱਚ ਇਹ ਕੰਮ ਵੇਖਣ ਲਈ ਆਵਾਂਗਾ।

## ਗੁਰਦੁਆਰਾ ਮੱਲ ਅਖਾੜਾ ਸਾਹਿਬ ਵਿਖੇ ਸ਼ਰਧਾ ਨਾਲ ਮਨਾਇਆ ਸਾਵਣ ਦਾ ਦਿਹਾੜਾ



ਅੰਮ੍ਰਿਤਸਰ, 29 ਜੁਲਾਈ (ਗੁਰਦਿਆਲ ਸਿੰਘ): ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਉਤਸ਼ਾਹ ਪ੍ਰੇਰਨਾ ਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁ. ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਗੁ. ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਸਾਵਣ ਮਹੀਨੇ ਦਾ ਅੱਜ ਮੰਗਲਵਾਰ ਦਿਹਾੜਾ ਬੀਬੀ ਹਰਪ੍ਰੀਤ ਕੌਰ ਰਾਣੋ ਮੁਖੀ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ, ਬਾਬਾ ਫੂਲਾ ਸਿੰਘ ਸੁਖਮਨੀ ਸੇਵਾ ਸੁਸਾਇਟੀ ਦੀ ਅਗਵਾਈ 'ਚ ਵੱਖ-ਵੱਖ ਸੁਖਮਨੀ ਸੇਵਾ ਸੁਸਾਇਟੀਆਂ ਦੀਆਂ ਬੀਬੀਆਂ ਵੱਲੋਂ ਗੁਰਮਤਿ ਜੁਗਤਿ 'ਚ ਗੁਰਬਾਣੀ ਕੀਰਤਨ ਕਰਦਿਆਂ ਪੂਰਨ ਸ਼ਰਧਾ ਸਤਿਕਾਰ ਤੇ ਨਿਮਰ ਭਾਵਨਾ ਨਾਲ ਮਨਾਇਆ। ਗੁਰਬਾਣੀ ਦੇ ਸ਼ਬਦ ਭੈਣੋ ਸਾਵਨ ਆਇਆ, ਸ਼ਬਦ ਸਮੂਹਕ ਤੌਰ 'ਤੇ ਗੁਰੂ ਦੇ ਜਸ ਗਾਉਂਦਿਆਂ ਮਨਾਇਆ ਗਿਆ।

ਇਸ ਮੌਕੇ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਸਭਿਆਚਾਰਕ ਅਤੇ ਗੁਰਮਤਿ ਅਨੁਸਾਰ ਸਾਵਣ ਮਹੀਨੇ ਦੀ ਮਹੱਤਤਾ ਸੰਗਤਾਂ ਨਾਲ ਸਾਂਝੀ ਕੀਤੀ। ਇਹ ਮਹੀਨਾ ਹਰ ਨਗਰ ਵਿੱਚ ਇਸਤਰੀਆਂ ਵੱਲੋਂ ਵਿਸ਼ੇਸ਼ ਪੱਧਰ 'ਤੇ ਮਨਾਇਆ ਜਾਂਦਾ ਸੀ। ਜੋ ਹੁਣ ਆਧੁਨਿਕਤਾ ਦੀ ਮਾਰ ਹੇਠ ਹੌਲੀ ਹੌਲੀ ਅਲੋਪ ਹੁੰਦਾ ਜਾ ਰਿਹਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਵੱਲੋਂ ਗੁਰੂ ਕੇ ਲੰਗਰ ਅਤੁੱਟ ਵਰਤਿਆ। ਇਸ ਸਮੇਂ ਬਾਬਾ ਭਗਤ ਸਿੰਘ, ਬਾਬਾ ਅਮਰੀਕ ਸਿੰਘ, ਪਰਮਜੀਤ ਸਿੰਘ ਬਾਜਵਾ ਆਦਿ ਹਾਜ਼ਰ ਸਨ।

## ਵਿਧਾਨ ਸਭਾ ਕਮੇਟੀ ਵੱਲੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਸੈਲਫ ਹੈਲਪ ਗਰੁੱਪਾਂ ਲਈ ਪ੍ਰਸ਼ਾਸਨ ਦੀ ਸ਼ਲਾਘਾ



ਅੰਮ੍ਰਿਤਸਰ, 29 ਜੁਲਾਈ (ਬਬਲੂ ਮਹਾਜਨ): ਪੰਚਾਇਤੀ ਰਾਜ ਸਬੰਧੀ ਬਣਾਈ ਗਈ ਵਿਧਾਨ ਸਭਾ ਦੀ ਵਿਸ਼ੇਸ਼ ਕਮੇਟੀ ਜਿਸ ਦੀ ਅਗਵਾਈ ਪ੍ਰਿੰਸੀਪਲ ਬੁੱਧ ਰਾਮ ਕਰ ਰਹੇ ਹਨ, ਵੱਲੋਂ ਅੰਮ੍ਰਿਤਸਰ ਜ਼ਿਲ੍ਹੇ 'ਚ ਪੰਚਾਇਤੀ ਰਾਜ ਅਧੀਨ ਕਰਵਾਏ ਜਾ ਰਹੇ ਕੰਮਾਂ ਦੀ ਸਮੀਖਿਆ ਲਈ ਉੱਚ ਪੱਧਰੀ ਮੀਟਿੰਗ ਕੀਤੀ ਗਈ। ਇਸ ਮੀਟਿੰਗ 'ਚ ਅੰਮ੍ਰਿਤਸਰ ਦੇ ਨਾਲ ਨਾਲ ਤਰਨ ਤਾਰਨ ਜ਼ਿਲ੍ਹੇ 'ਚ ਚੱਲ ਰਹੇ ਕੰਮਾਂ ਦੀ ਸਮੀਖਿਆ ਵੀ ਕੀਤੀ ਗਈ। ਕਮੇਟੀ ਮੈਂਬਰਾਂ 'ਚ ਵਿਧਾਇਕ ਦਿਨੇਸ਼ ਚੱਢਾ, ਸੁਖਵਿੰਦਰ ਸਿੰਘ ਕੋਟਲੀ, ਅਮੋਲਕ ਸਿੰਘ ਸ਼ਾਮਲ ਹਨ। ਇਸ ਮੌਕੇ ਕਮੇਟੀ ਮੈਂਬਰਾਂ ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪੰਚਾਇਤਾਂ ਅਧੀਨ ਚੱਲ ਰਹੇ ਕੰਮਾਂ ਦੀ ਸਮੀਖਿਆ ਕਰਦੇ ਹੋਏ ਪੰਚਾਇਤਾਂ ਨੂੰ ਪਿੰਡਾਂ ਦੇ ਵਿਕਾਸ ਕੰਮ ਕਰਨ, ਸਾਫ ਸਫਾਈ, ਛੱਪੜਾਂ ਦੀ ਸਫਾਈ, ਮਨਰੇਗਾ ਅਧੀਨ ਲੋੜਵੰਦਾਂ ਨੂੰ ਰੁਜ਼ਗਾਰ ਦੇ ਮੌਕੇ ਦੇਣ, ਲੋੜਵੰਦਾਂ ਨੂੰ ਘਰ ਦੇਣ ਦੀ ਅਪੀਲ ਕਰਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਨ੍ਹਾਂ ਕੰਮਾਂ ਲਈ ਪੰਚਾਇਤਾਂ ਦੀ ਅਗਵਾਈ ਕਰਨ।

ਇਸ ਮੌਕੇ ਕਮੇਟੀ ਮੈਂਬਰਾਂ ਨੇ ਅੰਮ੍ਰਿਤਸਰ ਜ਼ਿਲ੍ਹੇ 'ਚ ਸਫਲਤਾ ਨਾਲ ਚੱਲ ਰਹੇ ਸੈਲਫ ਹੈਲਪ ਗਰੁੱਪ, ਜਿਨ੍ਹਾਂ ਦੀ ਗਿਣਤੀ 2500 ਦੇ ਕਰੀਬ ਹੈ, ਦੇ ਕੰਮਾਂ ਦੀ ਸਮੀਖਿਆ ਕਰਦੇ ਹੋਏ ਪ੍ਰਸ਼ਾਸਨ ਦੀ ਸਰਾਹਨਾ ਕੀਤੀ। ਪ੍ਰਿੰਸੀਪਲ ਬੁੱਧਰਾਮ ਨੇ ਪਿੰਡਾਂ 'ਚ ਵੱਧ ਤੋਂ ਵੱਧ ਖੇਡ ਸਟੇਡੀਅਮ ਬਣਾਉਣ ਦੀ ਹਦਾਇਤ ਕਰਦੇ ਕਿਹਾ ਕਿ ਨੌਜਵਾਨਾਂ ਨੂੰ ਨਸ਼ੇ ਵਿੱਚੋਂ ਕੱਢ ਕੇ ਖੇਡਾਂ ਨਾਲ ਜੋੜਨਾ ਬਹੁਤ ਅਹਿਮ ਹੈ, ਇਸ ਲਈ ਮਨਰੇਗਾ ਅਧੀਨ ਵੱਧ ਤੋਂ ਵੱਧ ਕੰਮ ਕੀਤਾ ਜਾਵੇ। ਉਨ੍ਹਾਂ ਮਨਰੇਗਾ ਮਜ਼ਦੂਰਾਂ ਦੀਆਂ ਬਕਾਇਆ ਰਾਸ਼ੀ ਤੁਰੰਤ ਜਾਰੀ ਕਰਨ ਤੇ ਇਸ ਕੰਮ 'ਚ ਪਾਰਦਰਸ਼ਤਾ ਲਿਆਉਣ ਦੀ ਹਦਾਇਤ ਵੀ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਉਹ ਕਰਵਾਏ ਜਾਂਦੇ ਕੰਮ ਦੀ ਗੁਣਵੱਤਾ ਬਰਕਰਾਰ ਰੱਖਣ ਅਤੇ ਪਿੰਡਾਂ 'ਚ ਲਗਾਈਆਂ ਜਾ ਰਹੀਆਂ ਇੰਟਰਲੌਕ ਟਾਇਲਾਂ ਦੀ ਜਾਂਚ ਜ਼ਰੂਰ ਕਰਨ। ਇਸ ਮੌਕੇ ਡੀ.ਸੀ. ਸਾਕਸ਼ੀ ਸਾਹਨੀ ਨੇ ਕਮੇਟੀ ਮੈਂਬਰਾਂ ਨੂੰ ਦੱਸਿਆ ਕਿ ਉਹ ਪਿੰਡਾਂ ਦੇ ਵਿਕਾਸ ਲਈ ਸਰਕਾਰ ਵੱਲੋਂ ਆਈਆਂ ਹਦਾਇਤਾਂ ਦੇ ਅਨੁਸਾਰ ਖੇਡ ਸਟੇਡੀਅਮ ਅਤੇ ਪਿੰਡਾਂ ਦੀ ਸਫਾਈ ਲਈ ਕੰਮ ਨਿਰੰਤਰ ਜਾਰੀ ਰੱਖ ਰਹੇ ਹਨ। ਇਸ ਮੌਕੇ ਡੀਸੀਪੀ ਆਲਮ ਵਿਜੇ ਸਿੰਘ, ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਕੌਰ, ਡੀਡੀਪੀਓ ਸੰਦੀਪ ਮਲਹੋਤਰਾ, ਡੀਡੀਪੀਓ ਤਰਨ ਤਾਰਨ ਪਿਆਰਾ ਸਿੰਘ ਤੇ ਦੋਵਾਂ ਜ਼ਿਲ੍ਹਿਆਂ ਦੇ ਅਧਿਕਾਰੀ ਹਾਜ਼ਰ ਸਨ।

## ਹੈਰੋਇਨ ਸਮੇਤ ਇੱਕ ਕਾਬੂ

ਤਰਸਿੱਕਾ, 29 ਜੁਲਾਈ (ਦਵਿੰਦਰ ਸਿੰਘ ਤਰਸਿੱਕਾ): ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਐਸਐਸਪੀ ਅੰਮ੍ਰਿਤਸਰ ਦਿਹਾਤੀ ਮਨਜਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਪੁਲਿਸ ਥਾਣਾ ਤਰਸਿਕਾ ਦੇ ਐਸ. ਐਚ. ਓ. ਬਲਵਿੰਦਰ ਸਿੰਘ ਬਾਜਵਾ ਦੀ ਅਗਵਾਈ 'ਚ ਪੁਲਿਸ ਪਾਰਟੀ ਵੱਲੋਂ ਇੱਕ ਵਿਅਕਤੀ ਨੂੰ 10 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਵਿੰਦਰ ਸਿੰਘ ਬਾਜਵਾ ਮੁੱਖ ਅਫਸਰ ਥਾਣਾ ਨੇ ਦੱਸਿਆ, ਕਿ ਐਸਆਈ ਜਗਦੀਸ਼ ਜਗਜੀਤ ਸਿੰਘ ਦੀ ਅਗਵਾਈ 'ਚ ਪੁਲਿਸ ਪਾਰਟੀ ਪਿੰਡ ਡੇਹਰੀਵਾਲ ਵੱਲ ਨੂੰ ਗਸ਼ਤ 'ਤੇ ਜਾ ਰਹੀ ਸੀ, ਕਿ ਪਿੰਡ ਡੇਹਰੀਵਾਲ ਤੋਂ ਪੈਦਲ ਆ ਰਹੇ ਨੌਜਵਾਨ, ਜੋ ਕਿ ਪੁਲਿਸ ਪਾਰਟੀ ਨੂੰ ਦੇਖ ਕੇ ਇੱਕਦਮ ਪਿੱਛੇ ਨੂੰ ਮੁੜਨ ਲੱਗਾ, ਤੇ ਆਪਣੇ ਸੱਜੇ ਹੱਥ 'ਚੋਂ ਫੜੇ ਮੋਮੀ ਲਿਫਾਫੇ ਨੂੰ ਸੁੱਟਣ ਲੱਗਾ। ਜਿਸ ਨੂੰ ਪੁਲਿਸ ਪਾਰਟੀ ਨੇ ਕਾਬੂ ਕਰਕੇ ਉਸ ਦਾ ਨਾਂ ਪਤਾ ਪੁੱਛਿਆ, ਤਾਂ ਉਸਨੇ ਆਪਣਾ ਨਾਮ ਸੁਖਰਾਜ ਸਿੰਘ ਉਰਫ ਬਿੱਲੂ ਪੁੱਤਰ ਅਜੀਤ ਸਿੰਘ ਵਾਸੀ ਡੇਹਰੀਵਾਲ ਦੱਸਿਆ। ਜਦੋਂ ਮੋਮੀ ਲਿਫਾਫਾ ਚੈੱਕ ਕੀਤਾ ਗਿਆ, ਤਾਂ ਉਸ 'ਚੋ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਜਿਸ 'ਤੇ ਮੁਕੱਦਮਾ ਨੰ. 67 ਅ/ਧ 21-61-85 ਐਨਡੀਪੀਐਸ ਐਕਟ ਥਾਣਾ ਤਰਸਿੱਕਾ ਦਰਜ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਹ ਉਕਤ ਕਥਿਤ ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ 'ਤੇ ਲਿਆਂਦਾ ਗਿਆ ਹੈ, ਤੇ ਉਸ ਤੋਂ ਪੁੱਛਗਿੱਛ ਜਾਰੀ ਹੈ।




## ਚੀਫ਼ ਖ਼ਾਲਸਾ ਦੀਵਾਨ ਵੱਲੋਂ ਜਥੇ. ਗੜਗੱਜ ਦੇ ਜੀਜਾ ਜੀ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ



ਅੰਮ੍ਰਿਤਸਰ, 29 ਜੁਲਾਈ (ਬਬਲੂ ਮਹਾਜਨ): ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿ. ਕੁਲਦੀਪ ਸਿੰਘ ਗੜਗੱਜ ਦੇ ਜੀਜਾ ਜੀ ਗੁਰਵਿੰਦਰ ਸਿੰਘ ਦੇ ਸੜਕ ਹਾਦਸੇ ਦੌਰਾਨ ਹੋਏ ਦਿਹਾਂਤ 'ਤੇ ਗਹਿਰੇ ਦੁੱਖ ਤੇ ਸੋਗ ਦਾ ਪ੍ਰਗਟਾਵਾ ਕੀਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਸੰਵੇਦਨਾ ਪ੍ਰਗਟ ਕਰਦਿਆ ਕਿਹਾ ਕਿ ਸਿੱਖ ਧਰਮ ਤੇ ਪੰਥਕ ਕਾਰਜਾਂ 'ਚ ਮੱਹਤਵਪੂਰਨ ਯੋਗਦਾਨ ਦੇ ਰਹੇ ਜਥੇਦਾਰ ਗਿ. ਕੁਲਦੀਪ ਸਿੰਘ ਗੜਗੱਜ ਦੇ ਪਰਿਵਾਰ 'ਤੇ ਅਚਾਨਕ ਆਇਆ ਇਹ ਸੰਕਟ ਸਮਾਂ ਸਾਰਿਆਂ ਲਈ ਸਾਂਝਾ ਦੁੱਖ ਬਣ ਗਿਆ ਹੈ। ਇਸ ਦੁੱਖਦਾਈ ਖ਼ਬਰ ਨਾਲ ਸਮੁੱਚੇ ਸਿੱਖ ਪੰਥ 'ਚ ਸੋਗ ਦੀ ਲਹਿਰ ਹੈ। ਦੀਵਾਨ ਸਮੂਹ ਅਹੁਦੇਦਾਰਾਂ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਅਕਾਲ ਪੁਰਖ ਅੱਗੇ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ, ਤੇ ਪਿੱਛੋਂ ਪਰਿਵਾਰ ਨੂੰ ਦੁੱਖ ਸਹਿਣ ਦੀ ਹਿੰਮਤ ਤੇ ਗੁਰੂ ਕਾ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਰਦਾਸ ਕੀਤੀ।

## ਨਗਰ ਨਿਗਮ ਵੱਲੋਂ ਚਲਾਏ ਜਾ ਰਹੀ ਸੁੰਦਰਤਾ ਮੁਹਿੰਮ ਦੇ ਦੂਜੇ ਦਿਨ ਦੀ ਸ਼ੁਰੂਆਤ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਸਾਂਝੇ ਤੌਰ 'ਤੇ ਹੋਈ




ਅੰਮ੍ਰਿਤਸਰ, 29 ਜੁਲਾਈ (ਬਬਲੂ ਮਹਾਜਨ): ਨਗਰ ਨਿਗਮ ਅੰਮ੍ਰਿਤਸਰ ਵੱਲੋਂ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਸੁੰਦਰਤਾ ਮੁਹਿੰਮ ਨੂੰ ਲੋਕਾਂ ਵੱਲੋਂ ਬੇਹੱਦ ਵਧੀਆ ਸਹਿਯੋਗ ਮਿਲ ਰਿਹਾ ਹੈ। ਇਹ ਸੱਤ ਦਿਨਾਂ ਦੀ ਵਿਸ਼ੇਸ਼ ਮੁਹਿੰਮ ਜੋ ਸ਼ਹਿਰ ਦੇ ਮੁੱਖ ਦਰਵਾਜ਼ੇ 'ਗੋਲਡਨ ਗੇਟ' ਤੋਂ ਸ਼ੁਰੂ ਹੋਈ ਸੀ, ਉਹ ਸ੍ਰੀ ਦਰਬਾਰ ਸਾਹਿਬ 'ਤੇ ਸਮਾਪਤ ਹੋਵੇਗੀ। ਕਮਿਸ਼ਨਰ ਨਗਰ ਨਿਗਮ ਨੇ ਸ਼ਹਿਰ ਦੇ ਨਿਵਾਸੀਆਂ, ਸਮਾਜਿਕ ਸੇਵਕਾਂ, ਗੈਰ-ਸਰਕਾਰੀ ਸੰਸਥਾਵਾਂ ਤੇ ਉਦਯੋਗਿਕ ਅਸੋਸੀਏਸ਼ਨਾਂ ਨੂੰ ਇਸ ਮੁਹਿੰਮ ਵਿੱਚ ਭਰਪੂਰ ਭਾਗ ਲੈਣ ਦੀ ਅਪੀਲ ਕੀਤੀ। ਇਸ ਅਪੀਲ ਦਾ ਜਵਾਬ ਦਿੰਦਿਆਂ, ਪ੍ਰਮੁੱਖ "ਫੋਕਲ ਪੋਆਇੰਟ ਇੰਡਸਟਰੀਅਲ ਵੈਲਫੇਅਰ ਅਸੋਸੀਏਸ਼ਨ" ਨੇ ਉਤਸ਼ਾਹ ਨਾਲ ਭਾਗ ਲਿਆ। ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਤੇ ਫੋਕਲ ਪੁਆਇੰਟ ਅਸੋਸੀਏਸ਼ਨ ਦੇ ਅਧਿਕਾਰੀਆਂ ਨੇ ਸਾਂਝੇ ਤੌਰ 'ਤੇ ਕੀਤੀ। ਇਸ ਮੌਕੇ 'ਤੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ ਮੁੱਖ ਮਹਿਮਾਨ ਵਜੋਂ ਹਾਜ਼ਰ ਸਨ। ਇਹ ਮੁਹਿੰਮ ਡੇਰਾ ਬਾਬਾ ਭੂਰੀ ਵਾਲਿਆਂ ਜੀ ਦੇ ਸਹਿਯੋਗ ਨਾਲ ਚਲਾਈ ਜਾ ਰਹੀ ਹੈ।

ਫੋਕਲ ਪੁਆਇੰਟ ਅਸੋਸੀਏਸ਼ਨ ਨੇ ਮਹੱਤਵਪੂਰਨ ਭੂਮਿਕਾ ਨਿਭਾਉਂਦਿਆਂ ਜੀ.ਟੀ. ਰੋਡ 'ਤੇ ਦਰਖ਼ਤਾਂ ਦੀ ਪੇਂਟਿੰਗ ਕਰਨ ਅਤੇ ਆਲੇ-ਦੁਆਲੇ ਦੇ ਇਲਾਕੇ ਦੀ ਸਫਾਈ ਦੀ ਜ਼ਿੰਮੇਵਾਰੀ ਲਈ। ਇਸਦੇ ਨਾਲ-ਨਾਲ ਉਨ੍ਹਾਂ ਨੇ ਸਾਈਟ 'ਤੇ ਕੰਮ ਕਰ ਰਹੇ ਮਜ਼ਦੂਰਾਂ ਲਈ ਭੋਜਨ ਤੇ ਪਾਣੀ ਦੀ ਵੀ ਵਿਵਸਥਾ ਕੀਤੀ। ਉਨ੍ਹਾਂ ਨੇ ਨਿਵਾਸੀਆਂ ਤੇ ਸਮਾਜਿਕ ਸੰਸਥਾਵਾਂ ਨੂੰ ਅਪੀਲ ਕੀਤੀ, ਕਿ ਉਨ੍ਹਾਂ ਕਾਰਪੋਰੇਸ਼ਨ ਨਾਲ ਮਿਲ ਕੇ ਸ਼ਹਿਰ ਦੇ ਵਿਕਾਸ 'ਚ ਯੋਗਦਾਨ ਪਾਏ ਮੁਹਿੰਮ ਹੇਠ ਕੀਤੇ ਜਾ ਰਹੇ ਕੰਮਾਂ 'ਚ ਸੜਕਾਂ ਦੀ ਸਫਾਈ, ਮਲਬਾ ਤੇ ਕੂੜਾ ਹਟਾਉਣਾ, ਰੋਡ ਪੈਚ ਵਰਕ, ਫੁੱਟਪਾਥ ਤੇ ਮੱਧ ਰੇਖਾਵਾਂ ਦੀ ਮੁਰੰਮਤ, ਜੰਗਲੀ ਬੂਟਿਆਂ ਦੀ ਛੰਟਾਈ, ਪੌਦਿਆਂ ਨੂੰ ਪਾਣੀ ਦੇਣਾ, ਸਟ੍ਰੀਟ ਲਾਈਟਾਂ ਦੀ ਮੁਰੰਮਤ, ਤੇ ਗ਼ੈਰ-ਕਾਨੂੰਨੀ ਕਬਜਿਆਂ ਤੇ ਇਸ਼ਤਿਹਾਰਾਂ ਨੂੰ ਹਟਾਉਣਾ ਸ਼ਾਮਲ ਹਨ। ਇਹ ਸਭ ਕੁਝ ਸ਼ਹਿਰ ਨੂੰ ਸੈਲਾਨੀਆਂ ਤੇ ਸ਼ਰਧਾਲੂਆਂ ਲਈ ਸੁੰਦਰ ਬਣਾਉਣ ਦੀ ਕੋਸ਼ਿਸ਼ ਹੈ। ਕਮਿਸ਼ਨਰ ਨਗਰ ਨਿਗਮ ਨੇ ਸਾਰੀਆਂ ਸੋਸ਼ਲ ਤੇ ਰਿਹਾਇਸ਼ੀ ਵੈਲਫੇਅਰ ਅਸੋਸੀਏਸ਼ਨਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਅੱਗੇ ਆ ਕੇ ਨਗਰ ਨਿਗਮ ਦਾ ਸਾਥ ਦੇਣ, ਤੇ ਅੰਮ੍ਰਿਤਸਰ ਨੂੰ ਸਾਫ, ਹਰਾ-ਭਰਾ ਤੇ ਸੁੰਦਰ ਬਣਾਉਣ 'ਚ ਭਾਗੀਦਾਰ ਬਣਨ। ਇਸ ਮੌਕੇ ਕਈ ਸੀਨੀਅਰ ਅਧਿਕਾਰੀ ਐਡੀਸ਼ਨਲ ਕਮਿਸ਼ਨਰ ਸੁਰਿੰਦਰ ਸਿੰਘ, ਸੁਪਰਵਾਈਜ਼ਿੰਗ ਇੰਜੀਨੀਅਰ ਸੰਦੀਪ ਸਿੰਘ, ਐਗਜ਼ੀਕਿਊਟਿਵ ਇੰਜੀਨੀਅਰ ਭਲਿੰਦਰ ਸਿੰਘ, ਹੈਲਥ ਅਫਸਰ ਡਾ. ਕਿਰਨ, ਅਸਟੇਟ ਅਫਸਰ ਧਰਮਿੰਦਰਜੀਤ ਸਿੰਘ ਤੇ ਐਡਵਰਟਾਈਜ਼ਮੈਂਟ ਸੁਪਰਿੰਟੈਂਡੈਂਟ ਪੁਸ਼ਪਿੰਦਰ ਸਿੰਘ। ਫੋਕਲ ਪੁਆਇੰਟ ਅਸੋਸੀਏਸ਼ਨ ਦੇ ਪ੍ਰਧਾਨ ਸੰਦੀਪ ਖੋਸਲਾ, ਰੰਜਨ ਅਗਰਵਾਲ ਤੇ ਹੋਰ ਮੈਂਬਰ ਵੀ ਮੌਜੂਦ ਸਨ।

## ਜੋਧਬੀਰ ਸਿੰਘ ਵੱਲੋਂ ਰੱਖੜ ਪੁੰਨਿਆ ਮੇਲੇ ਦੀ ਕਾਨਫ਼ਰੰਸ ਸਬੰਧੀ ਵੱਖ-ਵੱਖ ਪਿੰਡਾਂ ਦੇ ਤੂਫ਼ਾਨੀ ਦੌਰੇ

ਰਈਆ, 29 ਜੁਲਾਈ (ਰਾਕੇਸ਼ ਸਲਵਾਨ): ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਐਮਪੀ ਖਡੂਰ ਸਾਹਿਬ ਦੀ ਅਗਵਾਈ ਹੇਠ 'ਅਕਾਲੀ ਦਲ ਵਾਰਿਸ ਪੰਜਾਬ ਦੇ' ਪਾਰਟੀ ਵੱਲੋਂ ਸਾਚਾ ਗੁਰੂ ਲਾਧੋ ਰੇ ਦਿਵਸ ਮੌਕੇ ਬਾਬਾ ਬਕਾਲਾ ਸਾਹਿਬ ਵਿਖੇ 9 ਅਗਸਤ ਨੂੰ ਹੋਣ ਵਾਲੀ ਪੰਥਕ ਕਾਨਫਰੰਸ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਕੀਤੀਆਂ ਜਾ ਰਹੀਆਂ ਨੇ। ਇਸੇ ਤਹਿਤ ਬਲਾਕ ਖਡੂਰ ਸਾਹਿਬ ਦੇ ਪਿੰਡ ਅੱਲੋਵਾਲ, ਸਰਾ, ਸ਼ਰਲੀ, ਨਾਗੋਕੇ, ਸੰਘਰ ਕਲਾ, ਏਕਲਗੱਡਾ ਆਦਿ ਵੱਖ-ਵੱਖ ਪਿੰਡਾਂ ਦੇ ਦੌਰੇ ਕੀਤੇ ਗਏ। ਜਿਸ 'ਚ ਖ਼ਾਸ ਤੌਰ 'ਤੇ ਪਾਰਟੀ ਦੇ ਮੁੱਖ ਬੁਲਾਰਾ ਪ੍ਰਗਟ ਸਿੰਘ ਮੀਆਵਿੰਡ ਜੋਧਬੀਰ ਸਿੰਘ ਤੇ ਬਲਦੇਵ ਸਿੰਘ (ਦੋਵੇਂ ਪਰਿਵਾਰਿਕ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ) ਹੁਣੀ ਪਹੁੰਚੇ ਪਿੰਡ ਵਾਸੀਆਂ ਨੂੰ ਕਾਨਫਰੰਸ 'ਚ ਪਹੁੰਚਣ ਦੀ ਬੇਨਤੀ ਕੀਤੀ, ਤੇ ਕਿਹਾ ਇਸ ਵਾਰ ਦੀ ਪੰਥਕ ਕਾਨਫਰੰਸ ਪਿਛਲੇ ਸਾਰੇ ਰਿਕਾਰਡ ਤੋੜਗੀ ਤੇ ਪਾਰਟੀ ਵੱਲੋਂ ਪਿੰਡ ਦੀ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ। ਇਸ ਮੌਕੇ ਗੁਰਦਰਸ਼ਨ ਸਿੰਘ ਖਲਚੀਆ, ਜਰਮਨਜੀਤ ਸਿੰਘ ਸਰਾਏ, ਹਰਜੀਤ ਸਿੰਘ ਅੱਲੋਵਾਲ ਸਤਨਾਮ ਸਿੰਘ ਮੀਆਵਿੰਡ, ਕੈਪਟਨ ਗੁਰਮੁੱਖ ਸਿੰਘ ਸੁਧਾਰ, ਦਲਬੀਰ ਸਿੰਘ ਖੋਜਕੀਪੁਰ, ਜਗਦੀਪ ਸਿੰਘ ਨਾਗੋਕੇ, ਸੂਬੇਦਾਰ ਬਲਕਾਰ ਸਿੰਘ ਤਖਤੂਚੱਕ, ਸੁਖਵੰਤ ਸਿੰਘ ਜਲਾਲਾਬਾਦ ਆਦਿ ਹਾਜ਼ਰ ਸਨ।

## ਬਠਿੰਡਾ ਸ਼ਹਿਰੀ ਵਿਧਾਨ ਸਭਾ ਹਲਕੇ ਤੋਂ ਮਨਪ੍ਰੀਤ ਬਾਦਲ ਤੇ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਤੇ ਸਰੂਪ ਚੰਦ ਸਿੰਗਲਾ 'ਚੋਂ ਕੌਣ ਹੋ ਸਕਦੈ ਟਿਕਟ ਦਾ ਅਸਲੀ ਦਾਵੇਦਾਰ ?

ਚੰਡੀਗੜ੍ਹ, 29 ਜੁਲਾਈ (ਚ.ਨ.ਸ.): ਪੰਜਾਬ 'ਚ ਬਠਿੰਡਾ ਸ਼ਹਿਰ ਨੂੰ ਲੈ ਕੇ ਅੱਗ ਵਾਂਗ ਉੱਠੀ ਚਰਚਾ ਕੀ ਲੋਕ ਜਨ ਸ਼ਕਤੀ ਪਾਰਟੀ ਰਾਮ ਬਿਲਾਸ ਦੇ ਬਠਿੰਡਾ ਜ਼ਿਲ੍ਹਾ ਪ੍ਰਧਾਨ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਦੀ ਸਿਆਸਤ ਵਿੱਚ ਹੋਈ ਧਮਾਕੇਦਾਰ ਐਂਟਰੀ ਨੇ ਬਠਿੰਡਾ ਸ਼ਹਿਰ ਤੋਂ ਭਾਜਪਾ ਦੇ ਸੰਭਾਵੀ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਸਾਬਕਾ ਮੰਤਰੀ ਤੇ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਦੇ ਸਿਆਸੀ ਸਮੀਕਰਨ ਪੂਰੀ ਤਰ੍ਹਾਂ ਨਾਲ ਵਿਗਾੜ ਕੇ ਰੱਖ ਦਿੱਤੇ ਹਨ। ਸੂਤਰਾਂ ਤੋਂ ਮਿਲੀ ਵਿਸ਼ੇਸ਼ ਜਾਣਕਾਰੀ ਮੁਤਾਬਿਕ ਕੇਂਦਰ ਦੀ ਮੋਦੀ ਸਰਕਾਰ 'ਚ ਕੇਂਦਰੀ ਮੰਤਰੀ ਚਿਰਾਗ ਪਾਸਵਾਨ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਬਹੁਤ ਜਿਆਦਾ ਪਰਿਵਾਰਿਕ ਸੰਬੰਧ ਹਨ ਅਤੇ ਆਪਸੀ ਭਾਈਚਾਰਾ ਹੋਣ ਕਰਕੇ ਮੋਦੀ ਸਰਕਾਰ ਵਿੱਚ ਚਿਰਾਗ ਪਾਸਵਾਨ ਬਹੁਤ ਵੱਡੇ ਕੈਬਨਟ ਮੰਤਰੀ ਦੇ ਅਹੁਦੇ ਤੇ ਬਿਰਾਜਮਾਨ ਵੀ ਹਨ। ਇੱਥੇ ਵਿਸ਼ੇਸ਼ ਤੌਰ 'ਤੇ ਦੱਸਣ ਯੋਗ ਬਣਦਾ ਹੈ ਕਿ ਅਗਰ ਪੰਜਾਬ ਵਿੱਚ ਲੋਕ ਜਨ ਸ਼ਕਤੀ ਪਾਰਟੀ ਤੇ ਭਾਜਪਾ 'ਚ ਆਪਸੀ ਗਠਜੋੜ ਹੁੰਦਾ ਹੈ ਤਾਂ ਬਠਿੰਡਾ ਸ਼ਹਿਰ ਤੋਂ ਤਿੰਨ ਮੁੱਖ ਦਾਅਵੇਦਾਰ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਅਤੇ ਬਠਿੰਡਾ ਤੋਂ ਐਮਐਲਏ ਦੇ ਚੁਣਾਵ ਲੜ ਚੁੱਕੇ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ



ਤੇ ਸਰੂਪ ਚੰਦ ਸਿੰਗਲਾ ਟਿਕਟ ਦੀ ਦੌੜ ਵਿੱਚ ਲੱਗ ਚੁੱਕੇ ਹਨ ਤੇ ਦੱਸਣ ਯੋਗ ਇਹ ਵੀ ਬਣਦਾ ਹੈ ਕਿ ਨੌਜਵਾਨ ਨੇਤਾ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਵੱਲੋਂ ਲੰਬੇ ਸਮੇਂ ਤੋਂ ਬਠਿੰਡਾ ਸ਼ਹਿਰ ਤੋਂ ਲੈ ਕੇ ਪੂਰੇ ਪੰਜਾਬ ਪੱਧਰ ਤੱਕ ਆਪਣੀ ਜਾਣ ਪਹਿਚਾਣ ਦੇ ਮੁਹਤਾਜ ਨਹੀਂ ਹਨ।

ਦੱਸਣਯੋਗ ਹੈ ਕਿ ਜੇਕਰ ਕੇਂਦਰ ਸਰਕਾਰ ਵਾਂਗ ਪੰਜਾਬ ਵਿੱਚ ਵੀ ਲੋਕ ਜਨ ਸ਼ਕਤੀ ਪਾਰਟੀ ਤੇ ਭਾਜਪਾ ਦਲ 'ਚ ਆਪਸੀ ਗਠਜੋੜ ਬਣਦਾ ਹੈ ਤਾਂ ਬਤੌਰ ਬਠਿੰਡਾ ਜ਼ਿਲ੍ਹਾ ਪ੍ਰਧਾਨ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਜੋ ਕਿ ਬਠਿੰਡਾ ਸ਼ਹਿਰ ਵਿੱਚ ਦਿਨ ਰਾਤ ਇੱਕ ਕਰਕੇ ਲੋਕਾਂ ਦੇ ਦੁੱਖ ਸੁੱਖ ਵਿੱਚ ਸ਼ਾਮਿਲ ਹੋ ਰਹੇ ਹਨ।

ਉਨ੍ਹਾਂ ਦਾ ਨੰਬਰ ਲੱਗਣਾ ਦੂਸਰੇ ਦੋਵੇਂ ਉਮੀਦਵਾਰਾ ਮਨਪ੍ਰੀਤ ਬਾਦਲ ਤੇ ਸਰੂਪ ਚੰਦ ਸਿੰਗਲਾ ਤੋਂ ਜਿਆਦਾ ਪ੍ਰਭਾਵਸ਼ਾਲੀ ਹੈ ਇਸ ਸਬੰਧ 'ਚ ਬਠਿੰਡਾ ਤੋਂ ਕੁਝ ਕੁ ਭਾਜਪਾ ਦੇ ਸੀਨੀਅਰ ਨੇਤਾਵਾਂ ਨੇ ਆਪਣਾ ਨਾਮ ਅਖਬਾਰ ਵਿੱਚ ਨਾਮ ਛੱਪਣ ਦੀ ਸ਼ਰਤ ਤੇ ਦੱਸਿਆ ਕਿ ਚੌਧਰੀ ਰਜੇਸ਼ ਕੁਮਾਰ ਗਹਿਰੀਵਾਲਾ ਬਹੁਤ ਤੇਜ਼ਧਾਰ ਸਿਆਸਤਦਾਨ ਹਨ ਉਹ ਗਠਜੋੜ ਹੋਣ ਤੋਂ ਬਾਅਦ ਮਨਪ੍ਰੀਤ ਬਾਦਲ ਤੇ ਸਰੂਪ ਚੰਦ ਸਿੰਗਲਾ ਨੂੰ ਸਿਆਸੀ ਤੌਰ ਤੇ ਕੱਟਣ ਦੀ ਤਾਕਤ ਰੱਖਦੇ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਪੰਜਾਬ 'ਚ ਕਦੋਂ ਲੋਕ ਜਨ ਸ਼ਕਤੀ ਪਾਰਟੀ ਤੇ ਭਾਜਪਾ ਦਾ ਆਪਸੀ ਗਠਜੋੜ ਤੇ ਸਹਿਮਤੀ ਬਣਦੀ ਹੈ ਤੇ ਤਿੰਨੇ ਉੱਘੇ ਸਿਆਸਤਦਾਨਾਂ ਮਨਪ੍ਰੀਤ ਬਾਦਲ ਤੇ ਸਰੂਪ ਚੰਦ ਸਿੰਗਲਾ ਤੇ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ 'ਚੋਂ ਬਠਿੰਡਾ ਸ਼ਹਿਰ ਦੀ ਸੇਵਾ ਕਿਸ ਦੇ ਹਿੱਸੇ ਆਉਂਦੀ ਹੈ ਇਸ ਤੇ ਸਿਆਸੀ ਨਜ਼ਰਾਂ ਟਿੱਕੀਆਂ ਹੋਈਆਂ ਹਨ।

## ਜਲੰਧਰ ਕੈਂਟ ਦੇ ਅਧੀਨ ਡਾਕ ਘਰਾਂ ਵੱਲੋਂ ਆਈ.ਟੀ. 2.0 ਐਪਲੀਕੇਸ਼ਨ ਦੀ ਸ਼ੁਰੂਆਤ 4 ਅਗਸਤ ਤੋਂ

ਜਲੰਧਰ, 29 ਜੁਲਾਈ (ਸੰਦੀਪ ਕੌਲ): ਡਾਕ ਵਿਭਾਗ ਵੱਲੋਂ ਡਿਜੀਟਲ ਬਦਲਾਅ ਦੀ ਲੜੀ ਹੇਠ ਏਪੀਟੀ ਐਪਲੀਕੇਸ਼ਨ ਦੀ ਸ਼ੁਰੂਆਤ ਦਾ ਐਲਾਨ ਕੀਤਾ ਗਿਆ ਹੈ, ਜੋ ਕਿ ਡਿਜ਼ੀਟਲ ਉੱਤਮਤਾ ਤੇ ਕੌਮੀ ਨਿਰਮਾਣ ਵੱਲ ਇਕ ਵੱਡੀ ਪਹਿਲ ਹੈ। ਇਸ ਬਦਲਾਅ ਪੂਰਨ ਪਹਿਲਕਦਮੀ ਵਜੋਂ, ਨਵੀਂ ਅੱਪਗ੍ਰੇਡ ਪ੍ਰਣਾਲੀ ਨੂੰ ਮਿਤੀ 04.08.2025 ਤੋਂ ਜਲੰਧਰ ਕੈਂਟ ਮੁੱਖ ਡਾਕ ਘਰ ਦੇ ਅਧੀਨ ਸਾਰੇ ਡਾਕ ਘਰਾਂ 'ਚ ਲਾਗੂ ਕੀਤਾ ਜਾਵੇਗਾ। ਇਸ ਆਧੁਨਿਕ ਡਿਜ਼ੀਟਲ ਪਲੇਟਫਾਰਮ ਉੱਤੇ ਸੁਰੱਖਿਅਤ ਅਤੇ ਸੁਚੱਜੇ ਬਦਲਾਅ ਯਕੀਨੀ ਬਣਾਉਣ ਲਈ ਮਿਤੀ 02.08.2025 ਨੂੰ ਨਿਸ਼ਚਿਤ ਡਾਊਨਟਾਈਮ ਰੱਖਿਆ ਗਿਆ ਹੈ। ਇਸ ਦਿਨ ਕੋਈ ਵੀ ਜਨਤਕ ਲੈਣ-ਦੇਣ ਨਹੀਂ ਕੀਤਾ ਜਾਵੇਗਾ। ਇਹ ਅਸਥਾਈ ਸੇਵਾਵਾਂ ਦੀ ਰੋਕਥਾਮ ਡਾਟਾ ਮਾਈਗ੍ਰੇਸ਼ਨ, ਸਿਸਟਮ ਵੈਰੀਫਿਕੇਸ਼ਨ ਅਤੇ ਕਨਫਿਗ੍ਰੇਸ਼ਨ ਪ੍ਰਕਿਰਿਆਵਾਂ ਲਈ ਜ਼ਰੂਰੀ ਹੈ, ਤਾਂ ਜੋ ਨਵਾਂ ਸਿਸਟਮ ਸੁਚੱਜੇ ਤੇ ਪ੍ਰਭਾਵਸ਼ਾਲੀ ਢੰਗ ਨਾਲ ਚਾਲੂ ਕੀਤਾ ਜਾ ਸਕੇ।

ਜਨਤਕ ਸਹੂਲਤ ਲਈ, ਜਲੰਧਰ ਸ਼ਹਿਰ ਮੁੱਖ ਡਾਕ ਘਰ ਦੇ ਅਧੀਨ ਆਉਣ ਵਾਲੇ ਦਫ਼ਤਰਾਂ ਦੀਆਂ ਸੇਵਾਵਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਏਪੀਟੀ ਐਪਲੀਕੇਸ਼ਨ ਨੂੰ ਚੰਗੇ ਉਪਭੋਗਤਾ ਅਨੁਭਵ, ਤੇਜ਼ ਸੇਵਾ ਪ੍ਰਦਾਨ ਤੇ ਗਾਹਕ-ਅਨੁਕੂਲ ਇੰਟਰਫੇਸ ਦੇਣ ਲਈ ਡਿਜ਼ਾਈਨ ਕੀਤਾ ਗਿਆ ਹੈ, ਜੋ ਸਾਡੀ ਸਮਰਪਿਤ ਵਚਨਬੱਧਤਾ ਨੂੰ ਦਰਸਾਉਂਦਾ ਹੈ, ਕਿ ਅਸੀਂ ਸੂਝਵਾਨ, ਨਿਪੁੰਨ ਤੇ ਭਵਿੱਖ ਲਈ ਚੰਗੀਆਂ ਡਾਕ ਸੇਵਾਵਾਂ ਦੇਣ ਲਈ ਤਿਆਰ ਹਾਂ। ਅਸੀਂ ਆਪਣੇ ਸਤਿਕਾਰਯੋਗ ਗਾਹਕਾਂ ਨੂੰ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਆਪਣੇ ਆਉਣ ਦੀ ਯੋਜਨਾ ਪਹਿਲਾਂ ਦਰਜ ਕਰਵਾਈ ਜਾਵੇ, ਤਾਂ ਜੋ ਇਸ ਅਸੁਵਿਧਾ ਦੌਰਾਨ ਸਾਡੇ ਨਾਲ ਸਹਿਯੋਗ ਕੀਤਾ ਜਾ ਸਕੇ। ਅਸੀਂ ਅਸੁਵਿਧਾ ਲਈ ਦੁੱਖ ਪ੍ਰਗਟਾਉਂਦੇ ਹਾਂ ਤੇ ਤੁਹਾਨੂੰ ਇਹ ਭਰੋਸਾ ਦਿੰਦੇ ਹਾਂ ਕਿ ਇਹ ਕਦਮ ਹਰ ਨਾਗਰਿਕ ਲਈ, ਚੰਗਾ, ਤੇਜ਼ ਅਤੇ ਡਿਜ਼ੀਟਲ ਤਰੀਕੇ ਨਾਲ ਸ਼ਕਤੀਸ਼ਾਲੀ ਸੇਵਾਵਾਂ ਪ੍ਰਦਾਨ ਕਰਨ ਲਈ ਚੁੱਕਿਆ ਜਾ ਰਿਹਾ ਹੈ।


**ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼**

ਡਰਾਅ ਸਮਾਂ : ਸ਼ਾਮ 06:00 ਵਜੇ ਤੋਂ ਪੰਜਾਬ ਸਟੇਟ ਡੀਅਰ 50 ਬਰੌਂਕੇ ਮੰਗਲਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ ਡਰਾਅ ਮਿਤੀ : 29.07.2025

ਮੁੱਲ ਰੁਪਏ 50/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 25 ਲੱਖ (ਲੜੀਆਂ ਨਾਲ 5 ਅੰਕਾਂ 'ਤੇ)
B 14772

ਦੂਜੇ ਇਨਾਮ ਦੀ ਰਾਸ਼ੀ (50) ਰੁਪਏ 9,000/- (5 ਅੰਕਾਂ 'ਤੇ)
21118 24741 34878 45433 58268 63911 65782 73576 81958 86602

ਤੀਜੇ ਇਨਾਮ ਦੀ ਰਾਸ਼ੀ (250) ਰੁਪਏ 5,000/- (ਆਖਰੀ 4 ਅੰਕਾਂ 'ਤੇ)
0046 0778 1080 7215 7492

ਚੌਥੇ ਇਨਾਮ ਦੀ ਰਾਸ਼ੀ (500) ਰੁਪਏ 2,000/- (ਆਖਰੀ 4 ਅੰਕਾਂ 'ਤੇ)
1330 1931 3458 4152 4257 4331 5995 6217 8136 8622

ਪੰਜਵੇਂ ਇਨਾਮ ਦੀ ਰਾਸ਼ੀ (500) ਰੁਪਏ 1000/- (ਆਖਰੀ 4 ਅੰਕਾਂ 'ਤੇ)
0220 1164 2218 2331 2940 4259 5238 7123 7694 9956

ਛੇਵੇਂ ਇਨਾਮ ਦੀ ਰਾਸ਼ੀ (500) ਰੁਪਏ 500/- (ਆਖਰੀ 4 ਅੰਕਾਂ 'ਤੇ)
0721 1368 1899 5223 5758 5839 6523 7214 7657 8567

ਛੇਵੇਂ ਇਨਾਮ ਦੀ ਰਾਸ਼ੀ (40,000) ਰੁਪਏ 100/- (ਆਖਰੀ 4 ਅੰਕਾਂ 'ਤੇ)

| | | | | | | | | | |
|---|---|---|---|---|---|---|---|---|---|
| 0005 | 0013 | 0021 | 0022 | 0024 | 0026 | 0037 | 0044 | 0055 | 0059 |
| 0067 | 0085 | 0086 | 0087 | 0138 | 0143 | 0153 | 0154 | 0163 | 0180 |
| 0239 | 0250 | 0268 | 0286 | 0288 | 0311 | 0326 | 0375 | 0387 | 0397 |
| 0400 | 0422 | 0436 | 0440 | 0448 | 0453 | 0458 | 0480 | 0498 | 0501 |
| 0516 | 0528 | 0533 | 0551 | 0558 | 0560 | 0577 | 0586 | 0598 | 0606 |
| 0610 | 0612 | 0631 | 0641 | 0645 | 0683 | 0687 | 0689 | 0698 | 0704 |
| 0708 | 0723 | 0728 | 0730 | 0738 | 0754 | 0757 | 0760 | 0761 | 0767 |
| 0791 | 0808 | 0810 | 0811 | 0824 | 0852 | 0857 | 0872 | 0880 | 0890 |
| 0891 | 0897 | 0908 | 0925 | 0938 | 0947 | 0979 | 0984 | 0995 | 1009 |
| 1014 | 1021 | 1034 | 1036 | 1040 | 1041 | 1055 | 1067 | 1068 | 1082 |
| 1117 | 1119 | 1130 | 1134 | 1158 | 1188 | 1218 | 1219 | 1224 | 1229 |
| 1248 | 1267 | 1284 | 1290 | 1311 | 1313 | 1318 | 1325 | 1334 | 1336 |
| 1381 | 1400 | 1406 | 1413 | 1417 | 1449 | 1451 | 1481 | 1502 | 1503 |
| 1504 | 1518 | 1526 | 1532 | 1537 | 1546 | 1558 | 1561 | 1583 | 1597 |
| 1605 | 1624 | 1641 | 1646 | 1649 | 1705 | 1720 | 1724 | 1746 | 1756 |
| 1805 | 1807 | 1829 | 1836 | 1846 | 1862 | 1883 | 1884 | 1886 | 1888 |
| 1918 | 1921 | 1925 | 1947 | 1961 | 1972 | 1976 | 1980 | 1987 | 1989 |
| 1990 | 1994 | 1995 | 1999 | 2014 | 2043 | 2054 | 2067 | 2088 | 2108 |
| 2130 | 2136 | 2146 | 2183 | 2187 | 2211 | 2221 | 2240 | 2253 | 2257 |
| 2301 | 2316 | 2322 | 2326 | 2330 | 2334 | 2342 | 2351 | 2353 | 2369 |
| 2371 | 2378 | 2409 | 2429 | 2438 | 2443 | 2444 | 2445 | 2446 | 2468 |
| 2502 | 2510 | 2511 | 2522 | 2529 | 2531 | 2542 | 2561 | 2596 | 2615 |
| 2623 | 2624 | 2653 | 2665 | 2668 | 2669 | 2694 | 2697 | 2704 | 2719 |
| 2720 | 2726 | 2729 | 2738 | 2740 | 2747 | 2749 | 2754 | 2764 | 2768 |
| 2789 | 2800 | 2804 | 2806 | 2821 | 2847 | 2854 | 2858 | 2916 | 2918 |
| 2933 | 2939 | 2945 | 2955 | 2968 | 2972 | 2999 | 3000 | 3005 | 3022 |
| 3024 | 3038 | 3039 | 3040 | 3074 | 3091 | 3103 | 3124 | 3140 | 3148 |
| 3162 | 3175 | 3180 | 3187 | 3216 | 3222 | 3238 | 3258 | 3276 | 3281 |
| 3295 | 3296 | 3307 | 3311 | 3313 | 3326 | 3355 | 3359 | 3365 | 3372 |
| 3378 | 3385 | 3386 | 3402 | 3416 | 3430 | 3434 | 3439 | 3447 | 3492 |
| 3495 | 3508 | 3542 | 3551 | 3580 | 3600 | 3604 | 3616 | 3653 | 3657 |
| 3685 | 3692 | 3697 | 3699 | 3702 | 3716 | 3730 | 3731 | 3748 | 3749 |
| 3763 | 3770 | 3777 | 3788 | 3796 | 3847 | 3850 | 3874 | 3886 | 3888 |
| 3891 | 3902 | 3915 | 3916 | 3939 | 3945 | 3953 | 3969 | 3995 | 3996 |
| 3998 | 4010 | 4017 | 4021 | 4033 | 4067 | 4073 | 4079 | 4082 | 4088 |
| 4092 | 4103 | 4126 | 4138 | 4182 | 4199 | 4263 | 4272 | 4280 | 4281 |
| 4314 | 4324 | 4332 | 4338 | 4365 | 4368 | 4378 | 4405 | 4416 | 4425 |
| 4439 | 4450 | 4485 | 4500 | 4502 | 4530 | 4534 | 4536 | 4538 | 4545 |
| 4548 | 4571 | 4572 | 4576 | 4606 | 4626 | 4629 | 4635 | 4640 | 4643 |
| 4654 | 4656 | 4684 | 4702 | 4715 | 4726 | 4737 | 4738 | 4755 | 4763 |
| 4776 | 4793 | 4799 | 4804 | 4841 | 4851 | 4879 | 4886 | 4889 | 4896 |
| 4904 | 4907 | 4910 | 4920 | 4932 | 4937 | 4964 | 4981 | 4983 | 4999 |
| 5006 | 5007 | 5008 | 5015 | 5031 | 5043 | 5047 | 5052 | 5061 | 5082 |
| 5095 | 5096 | 5097 | 5100 | 5107 | 5132 | 5137 | 5144 | 5151 | 5152 |
| 5158 | 5161 | 5165 | 5185 | 5212 | 5215 | 5248 | 5254 | 5261 | 5267 |
| 5271 | 5289 | 5298 | 5328 | 5329 | 5331 | 5336 | 5369 | 5376 | 5394 |
| 5401 | 5416 | 5426 | 5444 | 5457 | 5460 | 5466 | 5481 | 5489 | 5495 |
| 5498 | 5502 | 5504 | 5519 | 5536 | 5541 | 5561 | 5569 | 5570 | 5581 |
| 5588 | 5600 | 5640 | 5643 | 5644 | 5650 | 5668 | 5683 | 5699 | 5703 |
| 5710 | 5719 | 5746 | 5759 | 5764 | 5765 | 5767 | 5784 | 5802 | 5806 |
| 5808 | 5826 | 5827 | 5852 | 5865 | 5879 | 5884 | 5924 | 5925 | 5957 |
| 5963 | 6005 | 6008 | 6035 | 6051 | 6062 | 6068 | 6069 | 6086 | 6094 |
| 6117 | 6169 | 6173 | 6176 | 6189 | 6209 | 6215 | 6216 | 6220 | 6222 |
| 6231 | 6242 | 6251 | 6266 | 6291 | 6294 | 6312 | 6314 | 6320 | 6360 |
| 6368 | 6372 | 6373 | 6379 | 6385 | 6387 | 6396 | 6398 | 6417 | 6423 |
| 6432 | 6445 | 6476 | 6508 | 6519 | 6541 | 6589 | 6592 | 6598 | 6616 |
| 6633 | 6642 | 6647 | 6696 | 6710 | 6712 | 6734 | 6754 | 6815 | 6825 |
| 6876 | 6879 | 6882 | 6895 | 6921 | 6928 | 6931 | 6932 | 6957 | 6971 |
| 6985 | 7000 | 7002 | 7018 | 7022 | 7028 | 7036 | 7050 | 7056 | 7085 |
| 7090 | 7111 | 7121 | 7133 | 7137 | 7148 | 7155 | 7162 | 7164 | 7170 |
| 7196 | 7204 | 7228 | 7238 | 7258 | 7287 | 7302 | 7305 | 7306 | 7314 |
| 7337 | 7347 | 7407 | 7437 | 7440 | 7447 | 7448 | 7462 | 7491 | 7510 |
| 7520 | 7531 | 7534 | 7594 | 7597 | 7608 | 7634 | 7642 | 7660 | 7685 |
| 7701 | 7719 | 7731 | 7744 | 7748 | 7750 | 7753 | 7765 | 7766 | 7777 |
| 7790 | 7803 | 7821 | 7852 | 7867 | 7944 | 7965 | 7992 | 7998 | 8005 |
| 8031 | 8035 | 8072 | 8107 | 8121 | 8126 | 8129 | 8135 | 8144 | 8147 |
| 8150 | 8158 | 8168 | 8190 | 8195 | 8198 | 8208 | 8222 | 8229 | 8232 |
| 8233 | 8245 | 8246 | 8255 | 8261 | 8269 | 8296 | 8299 | 8307 | 8334 |
| 8373 | 8391 | 8409 | 8441 | 8445 | 8477 | 8487 | 8492 | 8496 | 8518 |
| 8531 | 8546 | 8556 | 8571 | 8573 | 8596 | 8619 | 8624 | 8625 | 8629 |
| 8637 | 8655 | 8661 | 8689 | 8693 | 8700 | 8714 | 8739 | 8746 | 8767 |
| 8772 | 8778 | 8785 | 8786 | 8803 | 8805 | 8819 | 8820 | 8827 | 8835 |
| 8864 | 8887 | 8897 | 8903 | 8915 | 8919 | 8923 | 8925 | 8937 | 8945 |
| 8955 | 8956 | 8959 | 8971 | 8984 | 9003 | 9005 | 9043 | 9061 | 9076 |
| 9083 | 9105 | 9119 | 9190 | 9205 | 9223 | 9228 | 9258 | 9268 | 9270 |
| 9273 | 9287 | 9295 | 9312 | 9316 | 9321 | 9332 | 9335 | 9352 | 9356 |
| 9365 | 9377 | 9390 | 9392 | 9423 | 9435 | 9475 | 9494 | 9502 | 9507 |
| 9511 | 9517 | 9538 | 9611 | 9667 | 9671 | 9673 | 9677 | 9689 | 9702 |
| 9730 | 9734 | 9738 | 9741 | 9768 | 9801 | 9821 | 9838 | 9852 | 9861 |
| 9878 | 9895 | 9898 | 9907 | 9910 | 9931 | 9960 | 9974 | 9978 | 9988 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

RO. No. PR-Advt. No. 1118/11/2025-26/1418/Dated CHD 28.7.2025

# ਚਿਲਡਰਨ ਟ੍ਰੈਫ਼ਿਕ ਟ੍ਰੇਨਿੰਗ ਪਾਰਕ ਦੀ 9ਵੀਂ ਵਰ੍ਹੇਗੰਢ ਮਨਾਈ

ਲੁਧਿਆਣਾ, 29 ਜੁਲਾਈ (ਰਵਿੰਦਰ ਸਿੰਘ ਨਿੱਝਰ) : ਵਿਦਿਆਰਥੀਆਂ, ਅਧਿਆਪਕਾਂ ਅਤੇ ਸੁਰੱਖਿਆ ਟਰੇਨਰਾਂ ਨੇ ਅੱਜ ਚਿਲਡਰਨ ਟਰੈਫਿਕ ਟਰੇਨਿੰਗ ਪਾਰਕ, ਲੁਧਿਆਣਾ ਦੀ 9ਵੀਂ ਵਰ੍ਹੇਗੰਢ ਮਨਾਈ। ਸਾਲਗਿਰਹ ਵਿਚ ਗੁਰੂ ਤੇਗ ਬਹਾਦੁਰ ਨਰਸਿੰਗ ਕਾਲਜ ਅਤੇ ਜੀ.ਐਨ. ਕੋ-ਏਜੂਕੇਸ਼ਨ ਸਕੂਲ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਉਹਨਾਂ ਨੇ ਦਿਨ ਭਰ ਸੇਫਟੀ ਟਰੇਨਰਾਂ ਨਾਲ ਗੱਲਬਾਤ ਕੀਤੀ ਅਤੇ ਸਿੱਖਿਆ ਕਿ ਸੜਕ ਸੁਰੱਖਿਆ ਬਾਰੇ ਸਿੱਖਣਾ ਕਿਵੇਂ ਮਨੋਰੰਜਕ, ਹਕੀਕਤੀ ਅਤੇ ਯਾਦਗਾਰ ਹੋ ਸਕਦਾ ਹੈ। ਵਿਦਿਆਰਥੀਆਂ ਨੇ ਇੰਟ ?ਰੈਕਟਿਵ ਮੋਡੀਊਲ ਜਿਵੇਂ ਕਿ ਥਿਊਰੀ ਬੇਸਡ ਟਰੈਫਿਕ ਲੈਸਨ ਅਤੇ ਸੇਫ ਰਾਈਡਿੰਗ ਅਵੇਅਰਨੈੱਸ ਦੇ ਰਾਹੀਂ ਅਸਲੀ ਸੜਕ ਹਾਲਾਤਾਂ ਦਾ ਅਨੁਭਵ ਕੀਤਾ।

ਜੁਲਾਈ 2016 ਵਿੱਚ, ਹੌਂਡਾ ਮੋਟਰਸਾਈਕਲ ਅਤੇ ਸਕੂਟਰ ਇੰਡੀਆ ਨੇ ਲੁਧਿਆਣਾ ਟਰੈਫਿਕ ਪੁਲਿਸ ਦੇ ਨਾਲ ਮਿਲ ਕੇ ਲੁਧਿਆਣਾ ਵਿੱਚ ਟਰੈਫਿਕ ਟਰੇਨਿੰਗ ਪਾਰਕ ਦੀ ਸ਼ੁਰੂਆਤ ਕੀਤੀ। ਇਹ ਪਾਰਕ ਸਾਲਾਂ ਤੋਂ ਸਿੱਖਣ ਦਾ ਇੱਕ ਵਿਕਾਸਸ਼ੀਲ ਕੇਂਦਰ ਬਣਿਆ ਹੋਇਆ ਹੈ ਜਿੱਥੇ ਸੁਰੱਖਿਅਤ ਰਾਈਡਿੰਗ ਦੀ ਸਿੱਖਿਆ ਛੋਟੀ ਉਮਰ ਤੋਂ ਹੀ ਸ਼ੁਰੂ ਕਰਵਾਈ ਜਾਂਦੀ ਹੈ ਅਤੇ ਸਿੱਖਣ ਵਾਲੇ ਦੀ ਉਮਰ ਅਤੇ ਅਨੁਭਵ ਨਾਲ ਨਾਲ ਅੱਗੇ ਵਧਦੀ ਰਹਿੰਦੀ ਹੈ। ਹੌਂਡਾ ਮੋਟਰਸਾਈਕਲ ਅਤੇ ਸਕੂਟਰ ਇੰਡੀਆ ਦੇ ਟਰੇਨਰ ਵੱਖ-ਵੱਖ ਉਮਰ ਸਮੂਹਾਂ ਲਈ ਨਿਯਮਿਤ ਤੌਰ 'ਤੇ ਸੈਸ਼ਨ ਕਰਦੇ ਹਨ, ਜਿਵੇਂ ਕਿ ਸਕੂਲ ਦੇ ਬੱਚੇ, ਕਾਲਜ ਦੇ ਵਿਦਿਆਰਥੀ ਅਤੇ ਰੋਜ਼ਾਨਾ ਯਾਤਰੀ। ਉਦੇਸ਼ ਇਹ ਹੈ ਕਿ ਸੜਕ ਸੁਰੱਖਿਆ ਇੱਕ ਆਦਤ ਬਣ ਜਾਵੇ— ਉਮਰ ਜਾਂ ਅਨੁਭਵ ਦੀ ਪਰਵਾਹ ਕੀਤੇ ਬਿਨਾਂ।

## ਸੰਗਤਾਂ ਨੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ




ਲੁਧਿਆਣਾ, 29 ਜੁਲਾਈ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਂਕ ਵਿਖੇ ਬੀਤੇ ਦਿਨ ਹਫਤਾਵਾਰੀ ਧਾਰਮਿਕ ਗੁਰਮਤਿ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ। ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਹਰਪ੍ਰੀਤ ਸਿੰਘ ਖਾਲਸਾ, ਭਾਈ ਗੁਰਸ਼ਰਨ ਸਿੰਘ , ਭਾਈ ਪਰਮਵੀਰ ਸਿੰਘ ਅਤੇ ਵਿਸ਼ੇਸ਼ ਤੌਰ 'ਤੇ ਸ਼ਾਮ ਦੇ ਸਮਾਗਮਾਂ ਵਿੱਚ ਗਗਨਦੀਪ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲਿਆਂ ਅਤੇ ਉਨ੍ਹਾਂ ਦੇ ਜੱਥੇ ਨੇ ਗੁਰੂ ਕੀ ਬਾਣੀ ਰਾਹੀਂ ਸੰਗਤਾਂ ਨੂੰ ਨਾਮ ਰਸ ਨਾਲ ਜੋੜਿਆ। ਇਸ ਮੌਕੇ ਗਿਆਨੀ ਕੇਵਲ ਸਿੰਘ ਜੀ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਾਲਿਆਂ ਨੇ ਗੁਰੂ ਘਰ ਨਤਮਸਤਕ ਹੋਈਆਂ ਸੰਗਤਾਂ ਨਾਲ ਗੁਰਮਤਿ ਵਿਚਾਰ ਦੀ ਸਾਂਝ ਪਾਈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਸੰਗਤਾਂ ਦਾ ਧੰਨਵਾਦ ਕੀਤਾ। ਗਿਆਨ ਪ੍ਰਗਾਸ ਟਰੱਸਟ ਬੁੱਡੇਵਾਲ (ਲੁਧਿਆਣਾ) ਦੇ ਬੱਚਿਆਂ ਵੱਲੋਂ ਸੰਗੀਤ ਰੂਪ ਵਿੱਚ ਰਾਗੀ ਜੱਥਿਆਂ ਨੂੰ ਸਿਰੋਪਾਓ ਭੇਟ ਕੀਤੇ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਭਾਈ ਮੰਝ ਸੇਵਕ ਜੱਥੇ ਨੇ ਲੜੀਵਾਰ ਕੀਰਤਨ ਸਮਾਗਮ ਕਰਵਾਇਆ



ਲੁਧਿਆਣਾ, 29 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸਿਮਰਨ ਅਭਿਆਸ ਪ੍ਰੋਗਰਾਮ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦਸ਼ਮੇਸ਼ ਨਗਰ ਵਿਖੇ ਭਾਈ ਮੰਝ ਸੇਵਕ ਜਥਾ ਮਾਡਲ ਗਰਾਮ ਲੁਧਿਆਣਾ ਵਲੋਂ ਲੜੀਵਾਰ ਕੀਰਤਨ ਸਮਾਗਮ ਸਿਮਰਨ ਅਭਿਆਸ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਭਾਈ ਗੁਰਚਰਨ ਸਿੰਘ, ਭਾਈ ਅਮਰੀਕ ਸਿੰਘ, ਭਾਈ ਇੰਦਰਪ੍ਰੀਤ ਸਿੰਘ, ਬੀਬੀ ਗੁਰਮੀਤ ਕੌਰ ਅਤੇ ਉਚੇਚੇ ਤੌਰ 'ਤੇ ਭਾਈ ਪ੍ਰਹਿਲਾਦ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਮੌਕੇ ਭਾਈ ਭੁਪਿੰਦਰ ਸਿੰਘ ਬੱਗਾ ਨੇ ਆਈਆਂ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਗੁਰਦੁਆਰਾ ਸਾਹਿਬ ਦੇ ਪ ?ਧਾਨ ਕੁਲਦੀਪ ਸਿੰਘ ਮਠਾੜੂ ਨੇ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਗੁਰਦੁਆਰਾ ਸਾਹਿਬ ਦੇ ਮੈਂਬਰ ਰਾਜਿੰਦਰ ਸਿੰਘ ਅਕਾਲ ਵਾਲੇ ਦਾ ਸਨਮਾਨ ਗੁਰਦੁਆਰਾ ਸਿੰਘ ਸਭਾ ਮਾਡਲ ਗਰਾਮ ਦੇ ਪ੍ਰਧਾਨ ਹਰਭਜਨ ਸਿੰਘ ਸਚਦੇਵਾ, ਅਰਵਿੰਦਰ ਪਾਲ ਸਿੰਘ ਬੰਟੀ, ਰਾਜਿੰਦਰ ਸਿੰਘ, ਪਰਮਜੀਤ ਸਿੰਘ, ਹਰਵਿੰਦਰ ਮੋਹਨ ਸਿੰਘ ਖਾਲਸਾ, ਭੁਪਿੰਦਰ ਸਿੰਘ ਬੱਗਾ, ਜਸਬੀਰ ਸਿੰਘ ਵਾਲੀਆ ਅਤੇ ਕੰਵਲਜੀਤ ਸਿੰਘ ਨੇ ਕੀਤਾ।

## ਮਿੱਠੇ ਚੌਲਾਂ ਦਾ ਲੰਗਰ ਲਗਾਇਆ



ਲੁਧਿਆਣਾ, 29 ਜੁਲਾਈ (ਰਵਿੰਦਰ ਸਿੰਘ ਨਿੱਝਰ) : ਬਾਬਾ ਜਸਵੰਤ ਸਿੰਘ ਲਾਲ ਬੱਤੀ ਵਾਲਿਆਂ ਨੇ ਸੰਗਤਾਂ ਦੇ ਸਹਿਯੋਗ ਨਾਲ ਗੁੜ ਵਾਲੇ ਮਿੱਠੇ ਚੌਲਾਂ ਦਾ ਲੰਗਰ ਲਗਾਇਆ। ਬਾਬਾ ਜੀ ਨੇ ਦੱਸਿਆ ਕਿ ਪੂਰੀ ਕਾਇਨਾਤ ਵਿੱਚ ਕੁਦਰਤੀ ਮੀਂਹ ਘੱਟ ਵੱਧ ਪੈ ਰਹੇ ਨੇ,ਜਿਸਦੇ ਨਤੀਜੇ ਵਜੋਂ ਕੁਦਰਤੀ ਢਾਂਚਾ ਵਿਗੜ ਚੁੱਕਾ,ਜਿਸ ਲਈ ਦਾਨ ਪੁੰਨ ਕਰ ਮੀਂਹਾਂ ਦੀ ਅਰਦਾਸ ਕੀਤੀ ਗਈ। ਏਸ ਲੰਗਰ ਵਿੱਚ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਲਵਪ੍ਰੀਤ ਸਿੰਘ, ਨਰਿੰਦਰ ਸਿੰਘ ਸੁਪਰ ਟਾਇਲ ਵਾਲੇ,ਗਗਨਪ੍ਰੀਤ ਸਿੰਘ ਖਾਲਸਾ, ਸੁਖਬੀਰ ਸਿੰਘ,ਅੰਮ੍ਰਿਤਪਾਲ ਸਿੰਘ ਮੰਡੇਰ, ਦਸਰਾਜ ਸਿੰਘ ਮੰਡੇਰ, ਹਰਜਿੰਦਰ ਸਿੰਘ,ਅਜੈਬ ਸਿੰਘ, ਕਰਨਪ੍ਰੀਤ ਸਿੰਘ, ਰਵਿੰਦਰ ਸਿੰਘ, ਜਸਪ੍ਰੀਤ ਸਿੰਘ, ਹਰਮਨ ਸਿੰਘ, ਰਤਨਜੋਤ ਸਿੰਘ,ਨਵਜੋਤ ਸਿੰਘ ਲੋਹਾਰਾ, ਜਸਪ੍ਰੀਤ ਸਿੰਘ,ਬਲਵੀਰ ਸਿੰਘ, ਸਵਰਨ ਸਿੰਘ, ਖੁਸ਼ਪ੍ਰੀਤ ਸਿੰਘ,ਗਰਸੇਵਕ ਸਿੰਘ ਆਦਿ ਸੰਗਤਾਂ ਨੇ ਸਹਿਯੋਗ ਕਰ ਸੇਵਾ ਕੀਤੀ।

## ਬਲੌਜ਼ਮਜ਼ ਕਾਨਵੈਂਟ ਸਕੂਲ ਦੀਆਂ ਕੁੜੀਆਂ ਨੇ ਵਾਲੀਬਾਲ ਅੰਡਰ 17 'ਚ ਮਾਰੀ ਬਾਜ਼ੀ



ਜਗਰਾਓਂ, 29 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ/ਦਵਿੰਦਰ ਜੈਨ) : ਬਲੌਜ਼ਮਜ਼ ਕਾਨਵੈਂਟ ਸਕੂਲ ਪੜ੍ਹਾਈ ਦੇ ਨਾਲ ਖੇਡਾਂ ਦੇ ਖੇਤਰ ਵਿੱਚ ਵੀ ਨਾਮਵਰ ਸੰਸਥਾ ਵਜੋਂ ਜਾਣਿਆ ਜਾਂਦਾ ਹੈ। ਜ਼ੋਨਲ ਲੈਵਲ ਵਿੱਚ ਵਾਲੀਬਾਲ ਦੀ ਖੇਡ ਵਿੱਚ ਅੰਡਰ 17 ਕੁੜੀਆਂ ਦੀ ਟੀਮ ਨੇ ਕਈ ਟੀਮਾਂ ਨੂੰ ਪਛਾੜਦੇ ਹੋਏ ਪਹਿਲਾ ਸਥਾਨ ਲੈ ਕੇ ਬਾਜ਼ੀ ਮਾਰੀ। ਇਸਦੇ ਨਾਲ ਹੀ ਅੰਡਰ 14 ਅਤੇ 19 ਨੇ ਵਾਲੀਬਾਲ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਇਹਨਾਂ ਦੇ ਕੋਚ ਸਾਹਿਬਾਨ ਮਿ. ਅਮਨਦੀਪ ਸਿੰਘ ਮਿ. ਸੁਖਜਿੰਦਰ ਸਿੰਘ ਅਤੇ ਮਿਸਿਜ਼ ਦਲਜੀਤ ਕੌਰ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹਨਾਂ ਛੋਟੇ ਮੈਦਾਨਾਂ ਦੇ ਵੱਡੇ ਖਿਡਾਰੀਆਂ ਨੇ ਆਪਣੀ ਮਿਹਨਤ ਸਦਕਾ ਇਕ ਦਿਨ ਬੁਲੰਦ ਉਚਾਈਆਂ 'ਤੇ ਪਹੁੰਚਣਾ ਹੈ। ਅਸੀਂ ਆਪਣੇ ਵੱਲੋਂ ਹਰ ਸੰਭਵ ਯਤਨ ਕਰਦੇ ਹਾਂ ਤਾਂ ਜੋ ਇਹਨਾਂ ਦੀ ਖੇਡ ਵਿੱਚ ਨਿਖਾਰ ਆ ਸਕੇ। ਇਹਨਾਂ ਦੀ ਮਿਹਨਤ ਦੇ ਇਹ ਨਤੀਜੇ ਮਾਪਿਆਂ ਦਾ ਧੀਆਂ ਪ੍ਰਤੀ ਮਾਣ ਵਧਾਉਂਦੇ ਹਨ। ਜਿਸ ਨਾਲ ਧੀਆਂ ਨੂੰ ਬਣਦਾ ਸਤਿਕਾਰ ਮਿਲਦਾ ਹੈ। ਇਹਨਾਂ ਦੇ ਮੈਡਲ ਇਹਨਾਂ ਨੂੰ ਕਿਸੇ ਦਿਨ ਅੰਤਰਰਾਸ਼ਟਰੀ ਖਿਡਾਰੀ ਬਣਾ ਕੇ ਦੇਸ਼ ਦਾ ਮਾਣ ਵਧਾਉਣਗੇ। ਇਸ ਮੌਕੇ ਸਕੂਲ ਦੇ ਚੇਅਰਮੈਨ ਸ.ਹਰਭਜਨ ਸਿੰਘ ਜੌਹਲ ਪ੍ਰੈਜ਼ੀਡੈਂਟ ਸ.ਮਨਪ੍ਰੀਤ ਸਿੰਘ ਬਰਾੜ, ਸ.ਰਛਪਾਲ ਸਿੰਘ ਅਤੇ ਸ.ਗੁਰਜਿੰਦਰ ਸਿੰਘ ਨੇ ਇਹਨਾਂ ਵਿਦਿਆਰਥਣਾਂ ਨੂੰ ਵਧਾਈ ਦਿੱਤੀ।

## ਸੀ.ਆਈ.ਏ. ਸਟਾਫ਼ ਵੱਲੋਂ 480 ਬੋਤਲਾਂ ਸ਼ਰਾਬ ਤੇ ਇਨੋਵਾ ਕਾਰ ਸਮੇਤ ਦੋਸ਼ੀ ਕਾਬੂ



ਜਗਰਾਓਂ, 29 ਜੁਲਾਈ (ਦਵਿੰਦਰ ਜੈਨ) : ਡਾਕਟਰ ਅੰਕੁਰ ਗੁਪਤਾ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਲੁਧਿਆਣਾ (ਦਿਹਾਤੀ) ਦੀਆਂ ਯੋਗ ਹਦਾਇਤਾਂ, ਹਰਕਮਲ ਕੌਰ, ਪੀ.ਪੀ.ਐਸ, ਕਪਤਾਨ ਪੁਲਿਸ(ਡੀ), ਲੁਧਿ.(ਦਿਹਾਤੀ) ਦੇ ਦਿਸ਼ਾ ਨਿਰਦੇਸ਼ਾਂ ਤੇ ਇੰਦਰਜੀਤ ਸਿੰਘ ਬੋਪਾਰਾਏ, ਪੀ.ਪੀ.ਐਸ., ਡੀ.ਐਸ.ਪੀ (ਡੀ), ਲੁਧਿ.(ਦਿਹਾਤੀ) ਦੀ ਨਿਗਰਾਨੀ ਅਧੀਨ ਥਾਣੇਦਾਰ ਬਲਵਿੰਦਰ ਸਿੰਘ ਖੱਟੜਾ ਸੀ.ਆਈ.ਏ ਸਟਾਫ ਜਗਰਾਓਂ ਦੀ ਅਗਵਾਈ ਵਾਲੀ ਟੀਮ ਵੱਲੋਂ ਗਗਨਦੀਪ ਸਿੰਘ ਉਰਫ ਗਗਨ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਪੱਖੋਵਾਲ ਦੇ ਕਬਜਾ ਵਿੱਚੋ 40 ਪੇਟੀਆਂ (480 ਬੋਤਲਾਂ ਸ਼ਰਾਬ) ਜਿਸ ਵਿੱਚੋਂ 15 ਪੇਟੀਆਂ ਬਿਨਜ ਰਸਭਰੀ ਸ਼ਰਾਬ ਅਤੇ 25 ਪੇਟੀਆਂ ਪੰਜਾਬ ਹੀਰ ਸੌਂਫੀ, ਜੋ ਕਿ ਦੋਸ਼ੀ ਗਗਨਦੀਪ ਸਿੰਘ ਉਰਫ ਗਗਨ ਆਪਣੀ ਗਰੇਅ ਰੰਗ ਦੀ ਇਨੋਵਾ ਕਾਰ ਨੰਬਰ PB13BA 7400 ਵਿੱਚ ਲੋਡ ਕਰਕੇ ਪਿੰਡ ਤੁਗਲ ਤੋਂ ਜੱਸੋਵਾਲ ਨੂੰ ਜਾ ਰਿਹਾ ਸੀ, ਬਰਾਮਦ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ। ਦੌਰਾਨੇ ਪੁੱਛਗਿਛ ਗਗਨਦੀਪ ਸਿੰਘ ਨੇ ਇਹ ਕਬੂਲ ਕੀਤਾ ਹੈ ਕਿ ਉਹ ਪਹਿਲਾਂ ਵੀ ਬੁਢੇਲ, ਹਲਵਾਰਾ ਐਤੀਆਣਾ ਅਤੇ ਤੁਗਲ ਪਿੰਡਾ ਵਿੱਚ ਸ਼ਰਾਬ ਸਸਤੇ ਰੇਟਾਂ 'ਤੇ ਵੇਚਦਾ ਰਿਹਾ ਹੈ। ਇਸ ਸਬੰਧੀ ਮੁਕੱਦਮਾ ਨੰਬਰ 96 ਮਿਤੀ 27.07.2025 ਅ/ਧ 61, 78(2) Excise Act, 1914 ਥਾਣਾ ਸੁਧਾਰ ਦਰਜ ਕੀਤਾ ਗਿਆ ਹੈ।

## ਸ਼ਿਵਾਲਿਕ ਮਾਡਲ ਸਕੂਲ 'ਚ ਤੀਜ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



ਜਗਰਾਓਂ, 29 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਸ਼ਿਵਾਲਿਕ ਮਾਡਲ ਸਕੂਲ ਵਿੱਚ ਤੀਜ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਤਿਉਹਾਰ ਲਈ ਵਿਦਿਆਰਥੀਆਂ ਦਾ ਉਤਸ਼ਾਹ ਦੇਖਣ ਯੋਗ ਸੀ। ਇਸ ਮੌਕੇ ਵਿਦਿਆਰਥੀਆਂ ਨੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ, ਜਿਸ ਵਿੱਚ ਗਿੱਧਾ ਭੰਗੜਾ, ਸੋਲੋ ਡਾਂਸ, ਗਰੁੱਪ ਡਾਂਸ ਅਤੇ ਹੋਰ ਕਈ ਤਰ੍ਹਾਂ ਦੇ ਪ੍ਰੋਗਰਾਮਾਂ ਨੇ ਸਾਰਿਆਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡੀ। ਇਸ ਸੱਭਿਆਚਾਰਕ ਮੌਕੇ 'ਤੇ ਸਕੂਲ ਹਾਲ ਦੀ ਸਜਾਵਟ ਨੇ ਇਸ ਪ੍ਰੋਗਰਾਮ ਦੀ ਸ਼ਾਨ ਨੂੰ ਹੋਰ ਵਧਾ ਦਿੱਤਾ। ਵਿਦਿਆਰਥੀਆਂ ਦੇ ਪਹਿਰਾਵੇ ਅਤੇ ਉਤਸ਼ਾਹੀ ਪੇਸ਼ਕਾਰੀਆਂ ਨੇ ਪੰਜਾਬੀ ਸੱਭਿਆਚਾਰ ਦੀ ਇੱਕ ਸ਼ਾਨਦਾਰ ਛਾਪ ਛੱਡੀ। ਡਾਇਰੈਕਟਰ ਸਰ ਡੀ.ਕੇ. ਸ਼ਰਮਾ, ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ ਅਤੇ ਉਪ ਪ੍ਰਧਾਨ ਇਸ਼ਿਤਾ ਗੁਪਤਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਇਕੱਠ ਸਾਨੂੰ ਨਵੀਂ ਪੀੜ੍ਹੀ ਦੇ ਰੀਤੀ-ਰਿਵਾਜ਼ਾਂ ਅਤੇ ਪੁਰਾਣੀ ਵਿਰਾਸਤ ਨਾਲ ਜੋੜਦਾ ਹੈ। ਸਾਨੂੰ ਇਸ ਵਿਰਾਸਤ ਨੂੰ ਸੰਭਾਲਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਸਨੂੰ ਅੱਗੇ ਲੈ ਜਾ ਸਕਣ। ਇਸ ਚੌਹਾਨ ਨੇ ਸਕੂਲ ਵਿੱਚ ਖੁਸ਼ੀ, ਆਪਣਾਪਨ ਅਤੇ ਅੰਦਰੂਨੀ ਖੁਸ਼ੀ ਦਾ ਮਾਹੌਲ ਪੈਦਾ ਕੀਤਾ। ਇਸ ਮੌਕੇ ਸੁਚੱਜਾ ਸਟਾਫ਼ ਮੌਜੂਦ ਸੀ। ਵਿਦਿਆਰਥਣਾਂ ਵਿੱਚੋਂ, ਗੁਰਪਰਨੀਤ ਕੌਰ ਨੇ ਮਿਸ ਤੀਜ, ਕਾਵਿਆ ਭਾਰਦਵਾਜ ਨੇ ਬੈਸਟ ਸਮਾਈਲ ਦਾ ਖਿਤਾਬ, ਬਰਿੰਦਰ ਕੌਰ ਨੇ ਮਿਸ ਪੰਜਾਬਣ ਅਤੇ ਪਲਕ ਬਠਲਾ ਨੇ ਬੈਸਟ ਪਰਾਂਦਾ ਦਾ ਖਿਤਾਬ ਜਿੱਤਿਆ।



ਬੀਤੇ ਦਿਨੀ ਲੁਧਿਆਣਾ ਵਿੱਚ ਇੱਕ ਘੰਟੇ ਦੇ ਕਰੀਬ ਮੀਂਹ ਪੈਣ ਨਾਲ ਜਨਜੀਵਨ ਪ੍ਰਭਾਵਿਤ ਹੋਇਆ। ਕਈ ਇਲਾਕਿਆਂ ਵਿੱਚ ਪਾਣੀ ਭਰ ਗਿਆ। ਰਾਹਗੀਰਾਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਪਾਣੀ ਵਿੱਚੋਂ ਲੰਘਣਾ ਪਿਆ। ਤਸਵੀਰ ਵਿੱਚ ਸਮਰਾਲਾ ਚੰਡੀਗੜ੍ਹ ਰੋਡ 'ਤੇ ਪੁਲਿਸ ਕਲੋਨੀ ਦੇ ਨਜ਼ਦੀਕ ਡੂੰਘੇ ਖੱਡੇ ਵਿੱਚ ਫਸੇ ਹੋਏ ਇੱਕ ਆਟੋ ਨੂੰ ਧੱਕਾ ਲਗਾ ਕੇ ਬਾਹਰ ਕੱਢਦੇ ਹੋਏ ਰਾਹਗੀਰ।

## ਗਿੱਲ ਰੋਡ ਵਿਖੇ ਫੈਂਸੀ ਜਿਊਲਰ ਦੇ ਨਵੇਂ ਸ਼ੋਅਰੂਮ ਦਾ ਉਦਘਾਟਨ



ਲੁਧਿਆਣਾ, 29 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸਥਾਨਕ ਗਿੱਲ ਰੋਡ ਵਿਖੇ ਫੈਂਸੀ ਜਿਊਲਰ ਦੇ ਨਵੇਂ ਸ਼ੋਅਰੂਮ ਦਾ ਉਦਘਾਟਨ ਕੀਤਾ ਗਿਆ। ਉਦਘਾਟਨ ਦੀ ਰਸਮ ਵਿਧਾਇਕ ਕੁਲਵੰਤ ਸਿੱਧੂ ਨੇ ਨਿਭਾਈ। ਫੈਂਸੀ ਜਿਊਲਰ ਦੇ ਮਾਲਕ ਅਵਤਾਰ ਸਿੰਘ ਕੰਡਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਨਵਪ੍ਰੀਤ ਸਿੰਘ ਕੰਡਾ ਅਤੇ ਵਿਸ਼ਵਪ੍ਰੀਤ ਸਿੰਘ ਕੰਡਾ ਨੇ ਦੱਸਿਆ ਕਿ ਇਸ ਸ਼ੋਅ ਰੂਮ ਵਿੱਚ ਸੋਨੇ ਅਤੇ ਡਾਇਮੰਡ ਦੇ ਹਰ ਪ੍ਰਕਾਰ ਦੇ ਅਸਲੀ ਗਹਿਣੇ ਜਾਇਜ਼ ਰੇਟਾਂ 'ਤੇ ਪ੍ਰਾਪਤ ਕੀਤੇ ਜਾ ਸਕਣਗੇ। ਇਸ ਮੌਕੇ ਮੇਅਰ ਨਗਰ ਨਿਗਮ ਲੁਧਿਆਣਾ ਇੰਦਰਜੀਤ ਕੌਰ, ਡਿਪਟੀ ਮੇਅਰ ਪ੍ਰਿੰਸ ਜੌਹਰ, ਡੀਐਸ ਪੀ ਸਤਵਿੰਦਰ ਵਿਰਕ, ਪਵਨ ਦੀਵਾਨ, ਮਨੀ ਭਗਤ, ਜਗਮੀਤ ਨੋਨੀ, ਡਾ ਮੰਨਣ, ਪਰਮਿੰਦਰ ਸੋਮਾ, ਸੁਖਦੇਵ ਸ਼ੀਰਾ, ਸੁਰਿੰਦਰ ਕਲਿਆਣ , ਯੁਵਰਾਜ ਸਿੱਧੂ, ਡਾ. ਓਂਕਾਰ ਚੰਦ ਸ਼ਰਮਾ, ਭੁਪਿੰਦਰ ਸਿੰਘ ਕ੍ਰਿਸਟਲ, ਰਾਜੇਸ਼ ਸੋਨੀ, ਕਮਲ ਕਪੂਰ, ਸਰਤਾਜ ਸਿੱਧੂ, ਗਿਫਟੀ ਜੋਹਰ, ਰਾਜਵੰਤ ਵੋਹਰਾ, ਲਾਇਨ ਅੰਮ੍ਰਿਤ ਪਾਲ ਸਿੰਘ ਜੰਡੂ , ਲਾਇਨ ਅਜੇ ਗੋਇਲ, ਲਾਇਨ ਨਰੇਸ਼ ਗੋਇਲ, ਲਾਇਨ ਪੀਆਰ ਜੈਰਥ, ਲਾਇਨ ਵਰਿੰਦਰ ਸੋਹਲ, ਲਾਇਨ ਸੰਜੀਵ ਸੂਦ, ਲਾਇਨ ਸੁਖਦੇਵ ਸਿੰਘ, ਲਾਇਨ ਗੁਰਵਿੰਦਰ ਸਿੰਘ, ਲਾਇਨ ਅਮਰੀਕ ਸਿੰਘ, ਰਜਿੰਦਰ ਸਿੰਘ ਕੰਡਾ, ਜਸਕਰਨ ਸਿੰਘ ਕੰਡਾ, ਯਸ਼ਪਾਲ ਸ਼ਰਮਾ, ਰੂਬੀ ਲੋਟੇ, ਧਰਮਿੰਦਰ ਸਰਾਂ, ਪਲਵਿੰਦਰ ਤੱਗੜ, ਕੁਲਵੰਤ ਸਿੰਘ ਚੌਹਾਨ, ਰਾਜਪੂਤ ਸਭਾ ਦੇ ਪ੍ਰਧਾਨ ਪਰਮਜੀਤ ਸਿੰਘ ਜੌੜਾ, ਜ਼ਿਲ੍ਹਾ ਪ੍ਰਧਾਨ ਪ੍ਰਦੀਪ ਅੱਪੂ ਅਤੇ ਜਸਪਾਲ ਸਿੰਘ ਕਾਨੂੰਗੋ ਆਦਿ ਵੀ ਮੌਜੂਦ ਸਨ।

## IMA ਨੇ ਦਿਮਾਗ ਅਤੇ ਰੀੜ੍ਹ ਦੀ ਸਰਜਰੀ 'ਚ ਨਵੀਆਂ ਤਕਨੀਕਾਂ 'ਤੇ ਵੱਡੀ ਸਫ਼ਲਤਾ ਹਾਸਲ ਕੀਤੀ



ਲੁਧਿਆਣਾ, 29 ਜੁਲਾਈ (ਵਿਸ਼ਾਲ ਸ਼ਰਮਾ/ਕਰਨੈਲ ਸਿੰਘ ਐੱਮ.ਏ.) : ਇੰਡੀਅਨ ਮੈਡੀਕਲ ਐਸੋਸੀਏਸ਼ਨ (IMA) ਲੁਧਿਆਣਾ ਨੇ ਦਿਮਾਗ ਅਤੇ ਰੀੜ੍ਹ ਦੀ ਸਰਜਰੀ ਵਿੱਚ ਨਵੀਆਂ ਤਕਨੀਕਾਂ ਅਤੇ ਆਟੋਇਮਿਊਨਟੀ ਦੇ ਰਹੱਸ 'ਤੇ ਇੱਕ ਬਹੁਤ ਹੀ ਸਫਲ ਨਿਰੰਤਰ ਮੈਡੀਕਲ ਸਿੱਖਿਆ (CME) ਪ੍ਰੋਗਰਾਮ ਦੀ ਮੇਜ਼ਬਾਨੀ ਕੀਤੀ। ਲੁਧਿਆਣਾ ਦੇ ਸੰਯੁਕਤ ਪੁਲਿਸ ਕਮਿਸ਼ਨਰ ਸ੍ਰੀ ਰੁਪਿੰਦਰ ਸਿੰਘ ਮੁੱਖ ਮਹਿਮਾਨ ਸਨ, ਡਾ. ਮਨੋਜ ਸੋਬਤੀ, ਪੈਟਰਨ ਆਈਐਮਏ ਲੁਧਿਆਣਾ, ਸੀਐਮਈ ਲਈ ਪੀਐਮਸੀ ਆਬਜ਼ਰਵਰ ਸਨ। ਡਾ. ਸੋਬਤੀ ਨੇ ਮੁੱਖ ਮਹਿਮਾਨ ਨਾਲ ਗੱਲਬਾਤ ਕੀਤੀ ਅਤੇ ਡਾਕਟਰਾਂ ਨੂੰ ਆਪਣੇ ਗਿਆਨ ਨੂੰ ਅਪਡੇਟ ਕਰਨ ਅਤੇ ਵਿਕਸਤ ਦੇਸ਼ਾਂ ਦੇ ਬਰਾਬਰ ਹੋਣ ਲਈ ਸੀਐਮਈ ਵਿੱਚ ਸ਼ਾਮਲ ਹੋਣ 'ਤੇ ਜ਼ੋਰ ਦਿੱਤਾ। ਆਈਐਮਏ ਲੁਧਿਆਣਾ ਦੇ ਪ੍ਰਧਾਨ ਡਾ. ਧੀਰਜ ਨੇ ਮੈਡੀਕਲ ਭਾਈਚਾਰੇ ਦੇ ਲੋਕਾਂ ਦੀ ਮੌਜੂਦਗੀ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਦੱਸਿਆ ਕਿ ਇਹ ਕਿੰਨਾ ਮਹੱਤਵਪੂਰਨ ਹੈ। ਡਾ. ਹਰਮਨ ਸੋਬਤੀ ਸੀਨੀਅਰ ਸਪਾਈਨ ਅਤੇ ਬ੍ਰੇਨ ਸਰਜਨ ਨੇ ਘੱਟੋ-ਘੱਟ ਹਮਲਾਵਰ ਨਿਊਰੋਸਰਜਰੀ ਬਾਰੇ ਗੱਲ ਕੀਤੀ। ਉਨ੍ਹਾਂ ਨੇ ਰੀੜ੍ਹ ਦੀ ਹੱਡੀ ਦੀ ਡਿਸਕ ਸਰਜਰੀ ਲਈ ਆਪਣੇ ਦੁਆਰਾ ਕੀਤੇ ਗਏ ਮਰੀਜ਼ਾਂ ਦੇ ਵੀਡੀਓ ਦਿਖਾਏ ਅਤੇ ਫਰੈਕਚਰ ਰੀੜ੍ਹ ਦੀ ਹੱਡੀ 'ਤੇ ਚਰਚਾ ਕੀਤੀ, ਇੱਕ ਛੋਟਾ ਜਿਹਾ ਕੱਟ ਸੁੱਟਿਆ ਅਤੇ ਮਰੀਜ਼ ਨੂੰ ਇੱਕ ਦਿਨ ਦੇ ਅੰਦਰ ਛੁੱਟੀ ਦੇ ਦਿੱਤੀ ਗਈ। ਉਨ੍ਹਾਂ ਨੇ ਹਾਈਡਰੋਸੇਫਾਲਸ (ਵੱਡਾ ਸਿਰ) ਅਤੇ ਬ੍ਰੇਨ ਟਿਊਮਰ ਲਈ ਕੀਤੇ ਗਏ ਮਰੀਜ਼ਾਂ ਲਈ ਐਂਡੋਸਕੋਪਿਕ ਸਰਜਰੀ ਬਾਰੇ ਚਰਚਾ ਕੀਤੀ।

ਡਾ. ਪੀ.ਐਸ. ਜੱਸਲ ਅਤੇ ਡਾ. ਭੁਪਿੰਦਰ ਸਿੰਘ ਨੇ ਇਸ ਸੈਸ਼ਨ ਦੀ ਪ੍ਰਧਾਨਗੀ ਕੀਤੀ, ਦੂਜਾ ਸੈਸ਼ਨ ਡਾ. ਅਜੇ ਗੁਪਤਾ ਦੁਆਰਾ ਆਟੋਇਮਿਊਨਟੀ ਦੇ ਰਹੱਸਾਂ ਦਾ ਸੀ ਅਤੇ ਇਸ ਸੈਸ਼ਨ ਦੀ ਪ੍ਰਧਾਨਗੀ ਡਾ. ਕਵਿਤਾ ਸ਼੍ਰੀਵਾਸਤਵ ਅਤੇ ਡਾ. ਪ੍ਰਸ਼ਾਂਤ ਅਗਰਵਾਲ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਡਾ. ਰੁਚੀ ਮੁਤਨੇਜਾ, ਸਕੱਤਰ ਆਈ.ਐਮ.ਏ. ਲੁਧਿਆਣਾ ਵੱਲੋਂ ਸਵਾਗਤ ਨਾਲ ਕੀਤੀ ਗਈ। ਡਾ: ਧੀਰਜ ਅਗਰਵਾਲ ਨੇ ਸਾਰੇ ਹਾਜ਼ਰੀਨ ਅਤੇ ਬੁਲਾਰਿਆਂ ਦੇ ਯੋਗਦਾਨ ਨੂੰ ਸਵੀਕਾਰ ਕਰਦੇ ਹੋਏ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਸਮਾਗਮ ਵਿੱਚ ਆਈਐਮਏ ਲੁਧਿਆਣਾ ਦੇ 150 ਤੋਂ ਵੱਧ ਡਾਕਟਰਾਂ ਨੇ ਸ਼ਿਰਕਤ ਕੀਤੀ।

## ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਵਿਖੇ ਮਰੀਜ਼ਾਂ ਦੀ ਸਹੂਲਤ ਲਈ ਨਵੀਆਂ ਐਕਸਰੇ ਮਸ਼ੀਨਾਂ ਸਥਾਪਤ : ਸਲੂਜਾ





ਲੁਧਿਆਣਾ, 29 ਜੁਲਾਈ (ਕਰਨੈਲ ਸਿੰਘ ਐੱਮ.ਏ./ਵਿਸ਼ਾਲ ਸ਼ਰਮਾ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਹਰਨਾਮ ਨਗਰ ਦੇ ਮੁੱਖ ਸੇਵਾਦਾਰ ਗੁਰਮੀਤ ਸਿੰਘ ਸਲੂਜਾ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੀ ਸੁਹਿਰਦਤ ਅਗਵਾਈ ਹੇਠ ਸੰਗਤਾਂ ਦੇ ਨਿੱਘੇ ਸਹਿਯੋਗ ਨਾਲ ਚੱਲ ਰਹੇ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਅੰਦਰ ਮਰੀਜ਼ਾਂ ਦੀ ਵੱਡੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ ਨਵੀਆਂ ਕੰਪਿਊਟਰਾਈਜ਼ਡ ਐਕਸਰੇ ਮਸ਼ੀਨਾਂ ਸਥਾਪਿਤ ਕਰ ਦਿੱਤੀਆਂ ਗਈਆਂ ਹਨ, ਜੋ ਕਿ ਲੋੜਵੰਦ ਮਰੀਜ਼ਾਂ ਦੇ ਲਈ ਆਧੁਨਿਕ ਇਲਾਜ ਵਿੱਚ ਸਹਾਈ ਸਿੱਧ ਹੋਣਗੀਆਂ । ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਅੰਦਰ ਸਥਾਪਿਤ ਕੀਤੀਆਂ ਗਈਆਂ ਨਵੀਆਂ ਕੰਪਿਊਟਰਾਈਜ਼ਡ ਐਕਸਰੇ ਮਸ਼ੀਨਾਂ ਦਾ ਰਸਮੀ ਤੌਰ 'ਤੇ ਉਦਘਾਟਨ ਕਰਨ ਲਈ ਆਯੋਜਿਤ ਕੀਤੇ ਸਮਾਗਮ ਦੌਰਾਨ ਇਕੱਤਰ ਹੋਈਆਂ ਪ੍ਰਮੁੱਖ ਸ਼ਖਸੀਅਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਸ੍ਰ: ਸਲੂਜਾ ਨੇ ਕਿਹਾ ਕਿ ਹੱਡੀਆਂ ਦੇ ਹਰ ਤਰੀਕੇ ਦੇ ਐਕਸਰੇ ਕਰਨ ਲਈ ਲੇਟੈਸਟ ਅਲੇਂਜਰ ਕੰਪਨੀ ਦੀ ਐਕਸਰੇ ਮਸ਼ੀਨ- ਅੱਖਾਂ ਦਾ ਕਾਲਾ ਮੋਤੀਆ ਚੈਕ ਕਰਨ ਵਾਲੀ ਨਾਈਡਕ ਕੰਪਨੀ ਦੀ ਟੋਨੋ ਮੀਟਰ ਕੰਪਿਊਟਰਾਈਜ਼ਡ ਮਸ਼ੀਨ ਅਤੇ ਅਲੇਂਜਰ ਕੰਪਨੀ ਦੀ ਹਾਰਟ ਦੀ ਈ.ਸੀ.ਜੀ.ਮਸ਼ੀਨ ਮਰੀਜ਼ਾਂ ਦੇ ਇਲਾਜ ਲਈ ਆਰੰਭ ਕਰ ਦਿੱਤੀਆਂ ਹਨ । ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਸਾਹਿਬ ਨੇ ਆਰੰਭਤਾ ਦੀ ਅਰਦਾਸ ਕੀਤੀ।ਉਪਰੰਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਰਿਬਨ ਕੱਟ ਕੇ ਰਸਮੀ ਤੌਰ 'ਤੇ ਨਵੀਆਂ ਐਕਸਰੇ ਮਸ਼ੀਨਾਂ ਦਾ ਉਦਘਾਟਨ ਕੀਤਾ । ਇਸ ਮੌਕੇ ਸ੍ਰ: ਗੁਰਮੀਤ ਸਿੰਘ ਸਲੂਜਾ ਨੇ ਆਪਣੇ ਸਾਥੀਆਂ ਦੇ ਨਾਲ ਉਕਤ ਵੱਡੇ ਸੇਵਾ ਕਾਰਜ ਵਿੱਚ ਸਹਿਯੋਗ ਦੇਣ ਵਾਲੀਆਂ ਸ਼ਖ਼ਸੀਅਤਾਂ ਤੇ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਪ੍ਰਗਟ ਕੀਤਾ ਅਤੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ। ਇਸ ਸਮੇਂ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਬਲਦੇਵ ਸਿੰਘ, ਗੁਰਚਰਨ ਸਿੰਘ ਚੰਨ ਸੀਨੀਅਰ ਮੀਤ ਪ੍ਰਧਾਨ, ਅਮਰਜੀਤ ਸਿੰਘ ਟੋਨੀ ਮੱਕੜ, ਕੁਲਵਿੰਦਰ ਸਿੰਘ ਲਾਡੀ, ਦਿਲਜੰਗ ਸਿੰਘ, ਅਮਰਜੀਤ ਸਿੰਘ ਪਰੂਥੀ, ਜਗਤਾਰ ਸਿੰਘ ਸੋਨੀ, ਮਹਿੰਦਰਪਾਲ ਸਿੰਘ ਗਲਹੋਤਰਾ, ਕੁਲਦੀਪ ਸਿੰਘ ਦੀਪਾ, ਭੁਪਿੰਦਰ ਸਿੰਘ ਸਲੂਜਾ, ਰਜਿੰਦਰ ਸਿੰਘ ਸਲੂਜਾ, ਸੁਰਿੰਦਰਪਾਲ ਸਿੰਘ ਜਸਬੀਰ ਸਿੰਘ ਜੇ ਸੰਨਜ਼, ਹਰਕ੍ਰਿਸ਼ਨ ਸਿੰਘ ਮੱਕੜ, ਹਰਮਨਦੀਪ ਸਿੰਘ, ਭੁਪਿੰਦਰ ਸਿੰਘ ਛਾਬੜਾ, ਕੰਵਲਜੀਤ ਸਿੰਘ ਛਾਬੜਾ, ਅਮਰੀਕ ਸਿੰਘ ਬੱਤਰਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਲੈਂਡ ਪੂਲਿੰਗ ਨੀਤੀ ਤਹਿਤ ਪੰਜਾਬ ਸਰਕਾਰ ਨੂੰ ਨਹੀਂ ਦੇਵਾਂਗੇ ਆਪਣੀਆਂ ਜ਼ਮੀਨਾਂ : ਸੰਦੀਪ ਸਿੰਘ



ਸਾਹਨੇਵਾਲ ਕੁਹਾੜਾ, 29 ਜੁਲਾਈ (ਕੁਲਦੀਪ ਸਿੰਘ ਕੁਹਾੜਾ) : ਅੱਜ ਪਿੰਡ ਲਾਟੋ ਜੋਗਾ ਦੇ ਵਾਸੀਆਂ ਨੇ ਸਹਿਮਤੀ ਨਾਲ ਆਪਣੇ ਪਿੰਡ ਦੀ ਸਾਂਝੀ ਜਗਾਹ ਇਕੱਤਰ ਹੋਕੇ ਗ੍ਰਾਮ ਸਭਾ ਬੁਲਾਈ ਗਈ, ਜਿਸ ਵਿੱਚ ਸਮੂਹ ਗ੍ਰਾਮ ਪੰਚਾਇਤ ਮੈਂਬਰਾਂ ਨੇ ਭਾਰੀ ਗਿਣਤੀ ਵਿੱਚ ਇਕੱਤਰ ਹੋਏ ਪਿੰਡ ਵਾਸੀਆਂ ਦੀ ਸਹਿਮਤੀ ਨਾਲ ਇੱਕ ਲਿਖਤੀ ਮਤਾ ਪਾਇਆ ਗਿਆ। ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਸਕੀਮ ਤਹਿਤ ਪਿੰਡ ਲਾਟੋ ਜੋਗਾ ਦੀ ਜ਼ਮੀਨ ਪੰਜਾਬ ਸਰਕਾਰ ਨੂੰ ਨਾ ਦੇਣ ਦੀ ਸਹਿਮਤੀ ਪ੍ਰਗਟਾਈ। ਇਸ ਮੌਕੇ ਕਿਸਾਨ ਆਗੂ ਤੇ ਸਾਬਕਾ ਸਰਪੰਚ ਸੰਦੀਪ ਸਿੰਘ ਨੇ ਦੱਸਿਆ ਕਿ ਸਾਡੇ ਪਿੰਡ ਅਤੇ ਨਾਲ ਲਗਦੇ ਕਈ ਪਿੰਡਾਂ ਦੀਆਂ ਜ਼ਮੀਨਾਂ ਮੌਜੂਦਾ ਸਰਕਾਰ ਵੱਲੋਂ ਖੋਹੀਆਂ ਜਾ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਜ਼ਮੀਨਾਂ ਨੂੰ ਖੋਹ ਕੇ ਅੱਗੇ ਵੱਡੇ ਵੱਡੇ ਬਿੱਲਡਰਾਂ ਤੇ ਉਦਯੋਗਪਤੀਆਂ ਨੂੰ ਦੇਣ ਜਾ ਰਹੀ ਹੈ ਜ਼ਮੀਨਾਂ ਜਾਣ ਨਾਲ ਸਾਡੇ ਪਿੰਡਾਂ ਦੇ ਗਰੀਬ ਮਜ਼ਦੂਰ ਜੋ ਖੇਤਾਂ ਵਿੱਚ ਕੰਮ ਕਰਕੇ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਕਰ ਰਹੇ ਹਨ, ਉਨ੍ਹਾਂ ਦੀ ਦੋ ਟਾਈਮ ਦੀ ਰੋਟੀ ਵੀ ਚਲੇ ਜਾਵੇਗੀ ਅਤੇ ਕਿਸਾਨ ਮਜ਼ਦੂਰ ਦਾ ਰਿਸ਼ਤਾ ਵੀ ਹਮੇਸ਼ਾ ਲਈ ਖ਼ਤਮ ਹੋ ਜਾਵੇਗਾ। ਸਰਕਾਰ ਲੋਕਾਂ ਨੂੰ ਉਜਾੜਨ ਦੀ ਜਗ੍ਹਾ 'ਤੇ ਪੰਜਾਬ ਵਿੱਚ ਵਿਕਾਸ ਦੇ ਕੰਮ ਕਰੇ। ਉਹਨਾਂ ਸਰਕਾਰ ਨੂੰ ਵੰਗਾਰਦਿਆਂ ਕਿਹਾ ਅਸੀਂ ਕਿਸੇ ਵੀ ਕੀਮਤ ਉਤੇ ਅਪਣੀਆਂ ਜ਼ਮੀਨਾਂ ਨਹੀਂ ਛੱਡਾਂਗੇ ਭਾਵੇਂ ਕੋਈ ਵੀ ਕੁਰਬਾਨੀ ਦੇਣੀ ਪਵੇ। ਇਸ ਮੌਕੇ ਭਾਰੀ ਗਿਣਤੀ ਵਿੱਚ ਨਗਰ ਨਿਵਾਸੀ ਤੇ ਸਰਪੰਚ ਗੁਰਜੰਟ ਸਿੰਘ. ਸੁਖਪ੍ਰੀਤ ਸਿੰਘ (ਰੂਬੀ) ਪੰਚ ਸਮਸ਼ੇਰ ਸਿੰਘ ਪੰਚ ਤੇਜਿੰਦਰ ਸਿੰਘ, ਰਾਜਵਿੰਦਰ ਸਿੰਘ ਪੰਚ, ਬਚਿੱਤਰ ਸਿੰਘ, ਸਨਦੀਪ ਸਿੰਘ (ਸੀਪਾ) ਸਾਬਕਾ ਸਰਪੰਚ, ਜਸਵੀਰ ਸਿੰਘ, ਰਣਜੀਤ ਸਿੰਘ, ਹਰਦੇਵ ਸਿੰਘ, ਰਘਵੀਰ ਸਿੰਘ, ਬਲਜੀਤ ਸਿੰਘ ਹਾਕਮ ਸਿੰਘ ਝਲਮਲ ਸਿੰਘ, ਬਲਵਿੰਦਰ ਸਿੰਘ, ਰਮਨ, ਲਛਮਣ ਸਿੰਘ, ਗੁਰਚਰਨ ਸਿੰਘ, ਰਣਜੋਧ ਸਿੰਘ ਆਦਿ ਹਾਜ਼ਰ ਸਨ।

## ਪੱਖੋਵਾਲ ਰੋਡ ਵਿਖੇ ਤੀਆਂ ਦਾ ਤਿਉਹਾਰ ਮਨਾਇਆ



ਲੁਧਿਆਣਾ, 29 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸਥਾਨਕ ਪੱਖੋਵਾਲ ਰੋਡ ਨਜ਼ਦੀਕ ਪੈਂਦੇ ਇੱਕ ਨਿੱਜੀ ਹੋਟਲ ਵਿੱਚ ਇਲਾਕੇ ਦੀਆਂ ਔਰਤਾਂ ਨੇ ਰਲ ਮਿਲ ਕੇ ਤੀਆਂ ਦਾ ਤਿਉਹਾਰ ਮਨਾਇਆ। ਸਰੋਜ ਕਲੋਜੀਆ ਇਸ ਸਮਾਗਮ ਦੇ ਆਰਗੇਨਾਈਜ਼ਰ ਸਨ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਵਿਮੈਨ ਜਸਟਿਸ ਆਰਗੇਨਾਈਜੇਸ਼ਨ ਦੇ ਪ੍ਰਧਾਨ ਕਮਲਜੀਤ ਕੌਰ ਕਮਲ, ਮਨਜੀਤ ਕੌਰ ਸਰੋਏ, ਨਰਿੰਦਰ ਕੌਰ ਜੁਝਾਰ ਅਤੇ ਸਾਨੀਆ ਸ਼ਰਮਾ ਸ਼ਾਮਿਲ ਹੋਏ ਇਸ ਮੌਕੇ ਔਰਤਾਂ ਅਤੇ ਛੋਟੀਆਂ ਬੱਚੀਆਂ ਨੇ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਕਈ ਲੜਕੀਆਂ ਨੇ ਵੱਖ ਵੱਖ ਫਿਲਮੀ ਅਤੇ ਗੈਰ ਫਿਲਮੀ ਗੀਤਾਂ ਉੱਤੇ ਨਾਚ ਕਰਕੇ ਆਪੋ ਆਪਣੀ ਕਲਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸੱਭਿਆਚਾਰਕ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਵਿੱਚ ਜੇਤੂ ਰਹਿਣ ਵਾਲੀਆਂ ਲੜਕੀਆਂ ਨੂੰ ਇਨਾਮ ਵੰਡੇ ਗਏ। ਸ਼੍ਰੀਮਤੀ ਸਰੋਜ ਨੇ ਆਏ ਮਹਿਮਾਨਾਂ ਨੂੰ ਵਿਸ਼ੇਸ਼ ਤੌਰ 'ਤੇ ਫੁਲਕਾਰੀਆਂ ਅਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ।

## ਬੇਸਹਾਰਾ ਇਸਤਰੀਆਂ ਨੂੰ ਵੰਡੀਆਂ ਰਾਸ਼ਨ ਦੀਆਂ ਕਿੱਟਾਂ



ਲੁਧਿਆਣਾ, 29 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸ੍ਰੀ ਕੀਰਤਨ ਸੇਵਾ ਸੁਸਾਇਟੀ ਵੱਲੋਂ ਅੱਜ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਸਥਿਤ ਆਪਣੇ ਦਫਤਰ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਹੋਇਆਂ ਬੇਸਹਾਰਾ ਇਸਤਰੀਆਂ ਦੀ ਮਦਦ ਕਰਨਾ ਹਿੱਤ ਉਨ੍ਹਾਂ ਨੂੰ ਸੁਸਾਇਟੀ ਦੇ ਵੱਲੋਂ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ ਤੇ ਮੁੱਖ ਸੇਵਾਦਾਰ ਸ.ਪ੍ਰੇਮ ਸਿੰਘ ਨੇ ਸਾਂਝੇ ਤੌਰ ਤੇ ਕਿਹਾ ਕਿ 36 ਦੇ ਕਰੀਬ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਦਿਆਂ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਤਕਸੀਮ ਕੀਤੀਆਂ ਹਨ। ਇਸ ਸਮੇਂ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ, ਸ.ਪ੍ਰੇਮ ਸਿੰਘ ਮੁੱਖ ਸੇਵਾਦਾਰ, ਮਨਪ੍ਰੀਤ ਸਿੰਘ ,ਰਮਨਜੋਤ ਸਿੰਘ ਸੋਨੂੰ, ਰਮਨਦੀਪ ਸਿੰਘ, ਪਵਨਪ੍ਰੀਤ ਸਿੰਘ,ਗੁਰਿੰਦਰ ਸਿੰਘ ਦੀਪ,ਮਨਿੰਦਰ ਸਿੰਘ, ਆਦਿ ਹਾਜ਼ਰ ਸਨ।

## ਜ਼ਮੀਨ ਮਾਲਕ ਨੇ ਨਵੀਂ ਸ਼ਹਿਰੀ ਜਾਇਦਾਦ ਲਈ ਸਹਿਮਤੀ ਜਮ੍ਹਾਂ ਕਰਵਾਈ



ਲੁਧਿਆਣਾ, 29 ਜੁਲਾਈ (ਵਿਸ਼ਾਲ ਸ਼ਰਮਾ) : ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਵਿੱਚ ਪੂਰਾ ਵਿਸ਼ਵਾਸ ਦਿਖਾਉਂਦੇ ਹੋਏ, ਲੁਧਿਆਣਾ ਦੇ ਵਸਨੀਕ ਐਚਐਸ ਬਾਵਾ ਨੇ ਮੰਗਲਵਾਰ ਨੂੰ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਨੂੰ ਇੱਕ ਨਵੀਂ ਸ਼ਹਿਰੀ ਜਾਇਦਾਦ ਦੇ ਵਿਕਾਸ ਲਈ ਆਪਣੀ ਸਹਿਮਤੀ ਜਮ੍ਹਾਂ ਕਰਵਾਈ। ਬਾਵਾ ਨੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੂੰ ਆਪਣਾ ਸਹਿਮਤੀ ਪੱਤਰ ਦਿੱਤਾ, ਜੋ ਗਲਾਡਾ ਦੇ ਮੁੱਖ ਪ੍ਰਸ਼ਾਸਕ ਵਜੋਂ ਵੀ ਕੰਮ ਕਰਦੇ ਹਨ। ਜੈਨ ਨੇ ਲੈਂਡ ਪੂਲਿੰਗ ਨੀਤੀ ਰਾਹੀਂ ਸ਼ਹਿਰੀ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਬਾਵਾ ਦੀ ਭਾਗੀਦਾਰੀ ਇਸ ਨਵੀਨਤਾਕਾਰੀ ਨੀਤੀ ਵਿੱਚ ਵੱਧ ਰਹੇ ਵਿਸ਼ਵਾਸ ਨੂੰ ਉਜਾਗਰ ਕਰਦੀ ਹੈ, ਜੋ ਜ਼ਮੀਨ ਮਾਲਕਾਂ ਨੂੰ ਸ਼ਹਿਰੀ ਵਿਕਾਸ ਪ੍ਰੋਜੈਕਟਾਂ ਵਿੱਚ ਸਰਕਾਰ ਨਾਲ ਭਾਈਵਾਲੀ ਕਰਨ ਲਈ ਉਤਸ਼ਾਹਿਤ ਕਰਦੀ ਹੈ। ਬਾਵਾ ਨੇ ਇਸ ਪਰਿਵਰਤਨਸ਼ੀਲ ਪ੍ਰੋਜੈਕਟ ਵਿੱਚ ਯੋਗਦਾਨ ਪਾਉਣ ਦੇ ਮੌਕੇ ਲਈ ਪੰਜਾਬ ਸਰਕਾਰ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਨੇ ਆਪਣੇ ਸਾਥੀਆਂ ਵਿੱਚ ਲੈਂਡ ਪੂਲਿੰਗ ਨੀਤੀ ਦੇ ਫਾਇਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਆਪਣੇ ਯਤਨਾਂ ਨੂੰ ਉਜਾਗਰ ਕੀਤਾ ਅਤੇ ਹੋਰ ਜ਼ਮੀਨ ਮਾਲਕਾਂ ਨੂੰ ਇਸ ਪਹਿਲਕਦਮੀ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ, ਜਿਸ ਨਾਲ ਸ਼ਹਿਰੀ ਵਿਕਾਸ ਵਿੱਚ ਸਮੂਹਿਕ ਤਰੱਕੀ ਨੂੰ ਹੁਲਾਰਾ ਮਿਲਿਆ।

## ਗੁਨਜੀਤ ਰੁਚੀ ਬਾਵਾ ਵੱਲੋਂ ਬਾਲ ਭਿਖਾਰੀਆਂ ਦੀ ਸਥਿਤੀ ਦਾ ਜਾਇਜ਼ਾ



ਲੁਧਿਆਣਾ, 29 ਜੁਲਾਈ (ਵਿਸ਼ਾਲ ਸ਼ਰਮਾ) : ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ (ਪੀ.ਐਸ.ਸੀ.ਪੀ. ਸੀ.ਆਰ) ਦੀ ਵਾਈਸ ਚੇਅਰਪਰਸਨ ਸ਼੍ਰੀਮਤੀ ਗੁਨਜੀਤ ਰੁਚੀ ਬਾਵਾ ਨੇ ਹਾਲ ਹੀ ਵਿੱਚ ਦੇਖਭਾਲ ਅਤੇ ਸੁਰੱਖਿਆ ਅਧੀਨ ਲਿਆਂਦੇ ਗਏ ਬਚੇ ਹੋਏ ਬਾਲ ਭਿਖਾਰੀਆਂ ਦੀ ਸਥਿਤੀ ਅਤੇ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਚਾਈਲਡ ਕੇਅਰ ਇੰਸਟੀਚਿਊਸ਼ਨ (ਸੀ.ਸੀ.ਆਈ) ਹੈਵਨਲੀ ਏਂਜਲਸ ਦੋਰਾਹਾ ਦਾ ਦੌਰਾ ਕੀਤਾ। ਆਪਣੇ ਦੌਰੇ ਦੌਰਾਨ ਸ਼੍ਰੀਮਤੀ ਬਾਵਾ ਨੇ ਬੱਚਿਆਂ ਦੇ ਰਹਿਣ-ਸਹਿਣ, ਸਲਾਹ ਸਹਾਇਤਾ, ਵਿਦਿਅਕ ਪ੍ਰਬੰਧਾਂ ਅਤੇ ਪੁਨਰਵਾਸ ਯਤਨਾਂ ਦੀ ਬਾਰੀਕੀ ਨਾਲ ਜਾਂਚ ਕੀਤੀ। ਉਨ੍ਹਾਂ ਨੇ ਸਟਾਫ ਅਤੇ ਬਚਾਏ ਗਏ ਬੱਚਿਆਂ ਨਾਲ ਗੱਲਬਾਤ ਕਰਦਿਆਂ ਇਹ ਯਕੀਨੀ ਬਣਾਇਆ ਕਿ ਸਾਰੇ ਜ਼ਰੂਰੀ ਉਪਾਅ ਕਿਸ਼ੋਰ ਨਿਆਂ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲਾਗੂ ਕੀਤੇ ਜਾ ਰਹੇ ਹਨ। ਸ਼੍ਰੀਮਤੀ ਬਾਵਾ ਨੇ ਬਚੇ ਹੋਏ ਬੱਚਿਆਂ ਲਈ ਸਮੇਂ ਸਿਰ ਮਨੋਵਿਗਿਆਨਕ ਸਹਾਇਤਾ ਅਤੇ ਸਹੀ ਪੁਨਰਗਠਨ ਯੋਜਨਾਵਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਉਨ੍ਹਾਂ ਅਧਿਕਾਰੀਆਂ ਨੂੰ ਅੱਗੇ ਹਦਾਇਤ ਕੀਤੀ ਕਿ ਉਹ ਹਰੇਕ ਬੱਚੇ ਦੇ ਪਿਛੋਕੜ, ਸਿਹਤ ਸਥਿਤੀ ਅਤੇ ਭਵਿੱਖੀ ਪੁਨਰਵਾਸ ਯੋਜਨਾ ਬਾਰੇ ਇੱਕ ਵਿਆਪਕ ਰਿਪੋਰਟ ਕਮਿਸ਼ਨ ਨੂੰ ਈਮੇਲ scpcr. pb @ punjab.gov.in 'ਤੇ ਜਮ੍ਹਾਂ ਕਰਵਾਉਣ।

## ਲਿੰਗ ਜਾਂਚ .ਗੈਰ-ਕਾਨੂੰਨੀ ਅਤੇ ਸਜ਼ਾਯੋਗ ਅਪਰਾਧ : ਡਾ. ਅਮਨਪ੍ਰੀਤ ਕੌਰ



ਲੁਧਿਆਣਾ, 29 ਜੁਲਾਈ (ਕਰਨੈਲ ਸਿੰਘ ਐੱਮ.ਏ.) : ਮਾਦਾ ਭਰੂਣ ਹੱਤਿਆ ਨਾ ਸਿਰਫ਼ ਇੱਕ ਨੈਤਿਕ ਅਤੇ ਕਾਨੂੰਨੀ ਅਪਰਾਧ ਹੈ, ਸਗੋਂ ਇਹ ਔਰਤਾਂ ਦੀ ਸਿਹਤ ਅਤੇ ਸਮਾਜਕ ਸੰਤੁਲਨ ਲਈ ਵੀ ਇੱਕ ਗੰਭੀਰ ਖ਼ਤਰਾ ਹੈ। ਭਰੂਣ ਹੱਤਿਆ ਅਕਸਰ ਗੈਰਕਾਨੂੰਨੀ ਢੰਗ ਨਾਲ ਕੀਤੀ ਜਾਂਦੀ ਹੈ ਜੋ ਕਿ ਮਾਂ ਦੀ ਸਰੀਰਕ ਸਿਹਤ 'ਤੇ ਵੀ ਭਾਰੀ ਅਸਰ ਪਾਉਂਦੀ ਹੈ। ਗਲਤ ਢੰਗ ਨਾਲ ਕੀਤੇ ਗਏ ਗਰਭਪਾਤ ਔਰਤਾਂ ਦੀ ਜ਼ਿੰਦਗੀ ਲਈ ਖ਼ਤਰਾ ਵੀ ਬਣ ਸਕਦੇ ਹਨ। ਇਸ ਨਾਲ ਮਾਂ ਨੂੰ ਗੰਭੀਰ ਇਨਫੈਕਸ਼ਨ, ਬਾਂਝਪਨ ਜਾਂ ਮੌਤ ਵੀ ਹੋ ਸਕਦੀ ਹੈ। ਇਸ ਸਬੰਧੀ ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਡਾਕਟਰ ਰਮਨਦੀਪ ਕੌਰ ਦੀ ਅਗਵਾਈ ਹੇਠ ਜ਼ਿਲ੍ਹੇ ਭਰ ਵਿੱਚ ਆਮ ਲੋਕਾਂ ਅਤੇ ਸਕੂਲਾਂ ਕਾਲਜਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਲਗਾਤਾਰ ਜਾਗਰੂਕ ਕਰਨ ਲਈ ਸੈਮੀਨਾਰ ਆਯੋਜਿਤ ਕੀਤੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ: ਅਮਨਪ੍ਰੀਤ ਕੌਰ ਨੇ ਦੱਸਿਆ ਕਿ ਪੀ ਸੀ ਪੀ ਐਨ ਡੀ ਟੀ ਐਕਟ (1994) ਤਹਿਤ ਲਿੰਗ ਨਿਰਧਾਰਨ ਦੀ ਜਾਂਚ 'ਤੇ ਪੂਰਨ ਪਾਬੰਦੀ ਹੈ। ਇਸ ਐਕਟ ਦੀ ਉਲੰਘਣਾ ਕਰਨ ਵਾਲਾ ਬਖਸ਼ਿਆ ਨਹੀਂ ਜਾਵੇਗਾ। ਸਿਹਤ ਵਿਭਾਗ ਵੱਲੋਂ ਸਾਰੇ ਨਿੱਜੀ ਅਤੇ ਸਰਕਾਰੀ ਹਸਪਤਾਲਾਂ ਵਿੱਚ ਚੱਲ ਰਹੇ, ਡਾਇਗਨੋਸਟਿਕ ਸੈਂਟਰ, ਐਕਟ ਅਧੀਨ ਰਜਿਸ਼ਟਰ ਹਨ, ਜਿਨ੍ਹਾਂ ਦੀ ਲਗਾਤਾਰ ਜਾਂਚ ਕੀਤੀ ਜਾਂਦੀ ਹੈ। ਉਹਨਾਂ ਦੱਸਿਆ ਕਿ ਲਿੰਗ ਜਾਂਚ ਗੈਰ-ਕਾਨੂੰਨੀ ਅਤੇ ਇੱਕ ਸਜ਼ਾਯੋਗ ਅਪਰਾਧ ਹੈ। ਲੋਕਾਂ ਨੂੰ ਗਰਭਪਾਤ ਜਾਂ ਲਿੰਗ ਨਿਰਧਾਰਨ ਜਾਂਚ ਅਜਿਹੀਆਂ ਗੈਰਕਾਨੂੰਨੀ ਸਰਗਰਮੀਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਨਾਗਰਿਕਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਪੂਰਨ ਲਾਭ ਲੈਣ, ਕੁੜੀ-ਮੁੰਡੇ ਵਿੱਚ ਕੋਈ ਭੇਦਭਾਵ ਨਹੀਂ ਕਰਨਾ ਚਾਹੀਦਾ।

## ਸਰਕਾਰ ਸੂਬੇ ਦੀ ਇੰਡਸਟਰੀ ਨੂੰ ਸਾਜਗਾਰ ਮਾਹੌਲ ਪ੍ਰਦਾਨ ਕਰਨ ਲਈ ਯਤਨਸ਼ੀਲ : ਠਾਕੁਰ

ਲੁਧਿਆਣਾ, 29 ਜੁਲਾਈ (ਵਿਸ਼ਾਲ ਸ਼ਰਮਾ) : ਪੰਜਾਬ ਸਰਕਾਰ ਸੂਬੇ ਦੀ ਇੰਡਸਟਰੀ ਨੂੰ ਕਾਰੋਬਾਰ ਲਈ ਸਾਜਗਾਰ ਮਾਹੌਲ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਇੰਡਸਟਰੀ ਨੂੰ ਪ੍ਰਫੁੱਲਤ ਕਰਨ ਲਈ ਇਸ ਦਿਸ਼ਾ ਵਿੱਚ ਸਰਕਾਰ ਵੱਲੋਂ ਤੇਜ਼ੀ ਨਾਲ ਸਾਰਥਕ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ, ਚੇਅਰਮੈਨ, ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ (ਵਿਭਾਗ - ਆਬਕਾਰੀ ਅਤੇ ਕਰ) ਪੰਜਾਬ ਸਰਕਾਰ ਅਨਿਲ ਠਾਕੁਰ ਵੱਲੋਂ ਸਥਾਨਕ ਬੱਚਤ ਭਵਨ ਵਿਖੇ ਇੰਡਸਟਰੀਅਲ ਐਸੋਸੀਏਸ਼ਨਾਂ ਦੇ ਪ੍ਰਤੀਨਿੱਧੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਮੈਂਬਰ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ (ਪੀ.ਐਸ.ਟੀ.ਸੀ.) ਰਾਜ ਕੁਮਾਰ ਅਗਰਵਾਲ, ਡਾ. ਅਨਿਲ ਭਾਰਦਵਾਜ, ਸਟੇਟ ਸੰਯੁਕਤ ਸਕੱਤਰ ਟਰੇਡ ਵਿੰਗ ਪਰਮਪਾਲ ਸਿੰਘ ਬਾਵਾ, ਮੈਂਬਰ ਅਡਵਾਇਜਰੀ ਕਮੇਟੀ ਚਿਰਾਗ ਥਾਪਰ, ਡਾਇਰੈਕਟਰ ਯੂਥ ਡਿਵੈਲਪਮੈਂਟ ਬੋਰਡ ਗੁਰਬੀਰ ਬਾਜਵਾ ਵੀ ਮੌਜੂਦ ਸਨ। ਉਦਯੋਗ ਦੀਆਂ ਸਮੱਸਿਆਵਾਂ ਦੇ ਢੁਕਵੇਂ ਹੱਲ ਕਰਕੇ ਉਨ੍ਹਾਂ ਨੂੰ ਹੋਰ ਹੁਲਾਰਾ ਦੇਣ ਦੇ ਮਕਸਦ ਨਾਲ ਵੱਖ-ਵੱਖ ਇੰਡਸਟਰੀਅਲ ਐਸੋਸੀਏਸ਼ਨਾਂ ਦੇ ਪ੍ਰਤੀਨਿੱਧੀਆਂ ਨਾਲ ਮੀਟਿੰਗ ਦੌਰਾਨ ਚੇਅਰਮੈਨ ਠਾਕੁਰ ਵੱਲੋਂ ਉਦਯੋਗਪਤੀਆਂ ਦੀਆਂ ਮੁਸ਼ਕਲਾਂ ਨੂੰ ਬੜੇ ਗਹੁ ਨਾਲ ਸੁਣਿਆ ਅਤੇ ਇੰਡਸਟਰੀ ਨੂੰ ਪ੍ਰਫੁੱਲਿਤ ਕਰਨ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਇੰਡਸਟਰੀ ਦੇ ਪ੍ਰਤੀਨਿਧੀਆਂ ਤੋਂ ਸੁਝਾਅ ਵੀ ਲਏ।


## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਨੌਵੇਂ ਪਾਤਸ਼ਾਹ ਜੀ ਦੇ ਨਾਂ 'ਤੇ ਚੇਅਰ ਸਥਾਪਤ ਕਰਨ ਦਾ ਕਾਰਜ ਸ਼ਲਾਘਾਯੋਗ: ਪ੍ਰੋ. ਬਡੂੰਗਰ

ਫਤਹਿਗੜ੍ਹ ਸਾਹਿਬ, 29 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੇਅਰ' ਸਥਾਪਤ ਕਰਨ ਨੂੰ ਸਿਧਾਂਤਕ ਪ੍ਰਵਾਨਗੀ ਦਿੱਤੇ ਜਾਣ ਦੀ ਸ਼ਲਾਘਾ ਕੀਤੀ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸਮੁੱਚੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਇਸ ਉੱਦਮ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਨੌਵੇਂ ਪਾਤਸ਼ਾਹ ਜੀ ਦੇ ਜੀਵਨ, ਯਾਤਰਾਵਾਂ ਅਤੇ ਸ਼ਹਾਦਤ ਬਾਰੇ ਮੌਲਿਕ ਅਤੇ ਖੋਜ ਕਾਰਜ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਦੀ ਪਾਵਨ ਗੁਰਬਾਣੀ ਬਾਰੇ ਦਾਰਸ਼ਨਿਕ ਅਧਿਐਨ ਦਾ ਕਮ ਕੀਤਾ ਜਾਵੇਗਾ, ਜਿਸ ਨਾਲ ਆਉਣ ਵਾਲੀ ਪੀੜੀ ਅਤੇ ਖਾਸ ਕਰ ਯੂਨੀਵਰਸਿਟੀ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਗੁਰੂ ਸਾਹਿਬਾਨ ਦੇ ਜੀਵਨ ਸਬੰਧੀ ਨੇੜੇ ਤੋਂ ਜਾਣਕਾਰੀ ਪ੍ਰਾਪਤ ਕਰ ਸਕਣਗੇ। ਉਹਨਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਵਿਸ਼ਵ ਦੀ ਇੱਕੋ ਇੱਕ ਅਜਿਹੀ ਯੂਨੀਵਰਸਿਟੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਂ 'ਤੇ ਬਣੀ ਹੈ ਅਤੇ ਤੇ ਇਸ ਯੂਨੀਵਰਸਿਟੀ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਚੇਅਰ ਸਥਾਪਤ ਕਰਨਾ ਆਪਣੇ ਆਪ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੱਡਾ ਕਾਰਜ ਹੈ। ਉਹਨਾਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪਰਿਤਪਾਲ ਸਿੰਘ ਅਤੇ ਪ੍ਰਬੰਧਕ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਯੋਗ ਕਾਰਵਾਈ ਮੁਕੰਮਲ ਕਰਨ ਉਪਰੰਤ ਇਸ ਨੂੰ ਕਾਰਜਸ਼ੀਲ ਕਰਨ ਦੀ ਅਪੀਲ ਵੀ ਕੀਤੀ।



## ਚੀਨ ਦੇ ਮਸ਼ਹੂਰ ਸ਼ਾਓਲਿਨ ਮੰਦਰ ਦੇ ਮੁੱਖ ਮਹੰਤ ਸ਼ੀ ਯੋਂਗਸਿਨ ਬਰਖਾਸਤ

ਬੀਜਿੰਗ, 29 ਜੁਲਾਈ (ਚ.ਨ.ਸ.): ਚੀਨ ਦੇ ਮਸ਼ਹੂਰ ਸ਼ਾਓਲਿਨ ਮੰਦਰ ਦੇ ਮੁੱਖ ਮਹੰਤ ਸ਼ੀ ਯੋਂਗਸਿਨ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਉਸ 'ਤੇ ਮੰਦਰ ਦੀ ਜਾਇਦਾਦ ਘਪਲਾ ਕਰਨ, ਨਾਲ ਨਾਜਾਇਜ਼ ਅਤੇ ਨਾਜਾਇਜ਼ ਪਿਤਾ ਹੋਣ ਵਰਗੇ ਹਨ। ਚਾਈਨਾ ਰਿਪੋਰਟ ਅਨੁਸਾਰ ਏਜੰਸੀਆਂ ਮਿਲ ਕੇ ਜਾਂਚ ਕਰ ਰਹੀਆਂ ਦਰਮਿਆਨ ਚੀਨ ਸੋਮਵਾਰ ਨੂੰ ਉਸ ਸਰਟੀਫਿਕੇਟ ਲਿਆ ਹੈ। ਸੰਘ ਬਿਆਨ 'ਚ ਕਿਹਾ ਅਤੇ ਫੰਡਾਂ 'ਚ ਕਈ ਔਰਤਾਂ ਸਬੰਧ ਰੱਖਣ ਬੱਚਿਆਂ ਦੇ ਗੰਭੀਰ ਦੋਸ਼ ਲੱਗੇ ਭੋਲੀ ਦੀ ਕਈ ਸਰਕਾਰੀ ਇਨ੍ਹਾਂ ਦੋਸ਼ਾਂ ਦੀ ਹਨ। ਇਸ ਦੀ ਬੋਧ ਸੰਘ ਨੇ ਦਾ ਦੀਕਸ਼ਾ ਵਾਪਸ ਲੈ ਨੇ ਆਪਣੇ ਕਿ ਸ਼ੀ ਯੋਂਗਸਿਨ ਦੇ ਕੰਮਾਂ ਨੇ ਬੋਧੀ ਭਾਈਚਾਰੇ ਅਤੇ ਭਿਕਸ਼ੂਆਂ ਦੇ ਅਕਸ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ। ਸ਼ਾਓਲਿਨ ਮੰਦਰ ਸੈਂਟਰਲ ਚੀਨ ਦੇ ਹੇਨਾਨ ਸੂਬੇ ਦੀਆਂ ਪਹਾੜੀਆਂ ਵਿੱਚ ਸਥਿਤ ਹੈ। 1500 ਸਾਲ ਪੁਰਾਣਾ ਇਹ ਮੰਦਰ ਨਾ ਸਿਰਫ਼ ਧਾਰਮਿਕ ਕਾਰਨਾਂ ਕਰ ਕੇ ਸਗੋਂ ਆਪਣੀ ਮਾਰਸ਼ਲ ਆਰਟ ਪ੍ਰੰਪਰਾ, ਖ਼ਾਸ ਕਰ ਕੇ ਕੁੰਗ ਫੂ ਲਈ ਵੀ ਦੁਨੀਆਭਰ ਵਿਚ ਮਸ਼ਹੂਰ ਹੈ। ਹਰ ਸਾਲ ਦੇਸ਼-ਵਿਦੇਸ਼ ਤੋਂ ਲੱਖਾਂ ਲੋਕ ਇਸ ਬੋਧੀ ਮੰਦਰ ਨੂੰ ਦੇਖਣ ਲਈ ਆਉਂਦੇ ਹਨ।



## ਨਸ਼ਾ ਮੁਕਤੀ ਯਾਤਰਾ ਤਹਿਤ ਜਨ ਜਾਗਰੂਕਤਾ ਮੁਹਿੰਮ ਜਾਰੀ

ਫਿਰੋਜ਼ਪੁਰ, 29 ਜੁਲਾਈ (ਤਿਵਾੜੀ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਡਾ. ਅਮਨਦੀਪ ਕੌਰ ਗੋਸਲ (ਕੋਆਰਡੀਨੇਟਰ ਨਸ਼ਾ ਮੁਕਤੀ ਮੋਰਚਾ ਹਲਕਾ ਫਿਰੋਜ਼ਪੁਰ ਸ਼ਹਿਰੀ) ਦੀ ਅਗਵਾਈ ਹੇਠ ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡ ਬਸਤੀ ਵਕੀਲਾਂ ਵਾਲੀ, ਜੀਵਾਂ ਭੇਡੀਆਂ ਅਤੇ ਬਸਤੀ ਮੱਖਣ ਸਿੰਘ 'ਚ ਜਨ ਸਭਾਵਾਂ ਆਯੋਜਿਤ ਕੀਤੀਆਂ ਗਈਆਂ। ਇਨ੍ਹਾਂ ਜਨ ਸਭਾਵਾਂ ਦੌਰਾਨ ਡਾ. ਅਮਨਦੀਪ ਕੌਰ ਗੋਸਲ ਨੇ ਨਸ਼ੇ ਵੇਚਣ ਦਾ ਕਾਲਾ ਕਾਰੋਬਾਰ ਕਰਨ ਵਾਲਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਤੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਨਸ਼ਾ ਨੌਜਵਾਨੀ ਨੂੰ ਤਬਾਹ ਕਰ ਰਿਹਾ ਹੈ ਤੇ ਇਸ ਬੁਰਾਈ ਨੂੰ ਜੜ੍ਹੋਂ ਮੁਕਾਉਣ ਲਈ ਹਰ ਵਿਅਕਤੀ ਨੂੰ ਆਪਣੀ ਭੂਮਿਕਾ ਨਿਭਾਉਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਵਿਰੁੱਧ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਅਤੇ ਇਸ ਮੁਹਿੰਮ ਨੂੰ ਪੂਰੀ ਵਚਨਬੱਧਤਾ ਨਾਲ ਅੱਗੇ ਵਧਾ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਮੂਹਿਕ ਯਤਨ ਜ਼ਰੂਰੀ ਹਨ ਅਤੇ ਜਨਤਕ ਭਾਗੀਦਾਰੀ ਇਸ ਦਿਸ਼ਾ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਸਮਾਜ ਨੂੰ ਨਸ਼ੇ ਦੀ ਗ੍ਰਿਫਤ ਤੋਂ ਮੁਕਤ ਕਰਨ ਲਈ ਸਖ਼ਤ ਕਦਮ ਚੁੱਕੇ ਜਾ ਰਹੇ ਹਨ ਅਤੇ ਅਜਿਹੇ ਸਮੇਂ ਵਿੱਚ ਨਸ਼ਾ ਮੁਕਤੀ ਯਾਤਰਾਵਾਂ ਲੋਕਾਂ ਨੂੰ ਪ੍ਰੇਰਿਤ ਕਰਨ ਵਿਚ ਬਹੁਤ ਸਹਾਈ ਸਾਬਤ ਹੋ ਰਹੀਆਂ ਹਨ। ਇਸ ਮੌਕੇ ਉਨ੍ਹਾਂ ਪੰਚਾਇਤਾਂ, ਪੇਂਡੂ ਸੁਰੱਖਿਆ ਕਮੇਟੀਆਂ, ਯੂਥ ਕਲੱਬਾਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਪਿੰਡਾਂ ਦੇ ਪਹਿਰੇਦਾਰ ਵਜੋਂ ਕੰਮ ਕਰ ਕੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਲੋਕਾਂ ਦੇ ਇਲਾਜ ਤੇ ਪੁਨਰਵਾਸ ਲਈ ਸਰਕਾਰ ਦਾ ਸਹਿਯੋਗ ਕਰਨ ਤਾਂ ਜੋ ਨਸ਼ਾ ਪੀੜਤਾਂ ਨੂੰ ਤੰਦਰੁਸਤ ਕਰ ਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕੀਤਾ ਜਾ ਸਕੇ। ਇਸ ਦੌਰਾਨ ਉਨ੍ਹਾਂ ਲੋਕਾਂ ਨੂੰ ਆਪਣੇ ਪਿੰਡਾਂ 'ਚ ਨਸ਼ਾ ਨਾ ਵਿਕਣ ਦੇਣ ਅਤੇ ਨਸ਼ਿਆਂ ਦੇ ਖ਼ਾਤਮੇ ਲਈ ਸਹਿਯੋਗ ਦੇਣ ਦੀ ਸਹੁੰ ਵੀ ਚੁਕਵਾਈ। ਇਸ ਮੌਕੇ ਹਿਮਾਂਸ਼ੂ ਠੱਕਰ, ਸੋਨੂੰ ਲਖਰਾ, ਹਰਪ੍ਰੀਤ ਸਿੰਘ ਵਕੀਲਾਂ ਵਾਲੀ, ਸੁਖਵਿੰਦਰ ਸਿੰਘ ਸਰਪੰਚ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।



## ਕਾਸੋ ਓਪਰੇਸ਼ਨ ਤਹਿਤ ਰੇਲਵੇ ਸਟੇਸ਼ਨ 'ਤੇ ਪੁਲਿਸ ਨੇ ਕੀਤੀ ਚੈਕਿੰਗ

ਮੰਡੀ ਗੋਬਿੰਦਗੜ੍ਹ, 29 ਜੁਲਾਈ (ਸੂਦ): ਪੰਜਾਬ ਪੁਲਿਸ ਵੱਲੋਂ ਨਸ਼ਾ ਤਸਕਰਾਂ ਅਤੇ ਭੈੜੇ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਦੇ ਤਹਿਤ ਜ਼ਿਲ੍ਹਾ ਪੁਲਿਸ ਮੁੱਖੀ ਸ਼ੁਭਮ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਰਚ ਅਭਿਆਨ ਚਲਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਮੰਡੀ ਗੋਬਿੰਦਗੜ੍ਹ ਦੇ ਰੇਲਵੇ ਸਟੇਸ਼ਨ 'ਤੇ ਥਾਣਾ ਮੰਡੀ ਗੋਬਿੰਦਗੜ੍ਹ ਦੇ ਐਸ.ਐਚ.ਓ ਮਨਪ੍ਰੀਤ ਸਿੰਘ ਦਿਓਲ ਦੀ ਨਿਗਰਾਨੀ ਅਤੇ ਗੁਰਦੀਪ ਸਿੰਘ ਡੀ.ਐਸ.ਪੀ ਅਮਲੋਹ ਦੀ ਅਗਵਾਈ ਵਿੱਚ ਪੁਲਿਸ ਪਾਰਟੀ ਵੱਲੋਂ ਸਰਚ ਅਭਿਆਨ ਚਲਾਇਆ ਗਿਆ ਅਤੇ ਸ਼ੱਕੀ ਲੋਕਾਂ ਦੀ ਤਲਾਸ਼ੀ ਲਈ ਗਈ। ਡੀ ਐਸ.ਪੀ ਗੁਰਦੀਪ ਸਿੰਘ ਨੇ ਕਿਹਾ ਕਿ ਪੁਲਿਸ ਮੁਖੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ 'ਤੇ ਜ਼ਿਲ੍ਹਾ ਭਰ ਵਿੱਚ ਸਰਚ ਅਭਿਆਨ ਚਲਾਇਆ ਗਿਆ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਰੇਲਵੇ ਸਟੇਸ਼ਨ 'ਤੇ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਲਈ ਗਈ। ਇਸ ਮੌਕੇ ਸਹਾਇਕ ਥਾਣੇਦਾਰ ਰਣਜੀਤ ਸਿੰਘ, ਸਹਾਇਕ ਥਾਣੇਦਾਰ ਸੁਦੇਸ਼ ਕੁਮਾਰ, ਹੌਲਦਾਰ ਕਰਨੈਲ ਸਿੰਘ ਅਤੇ ਹੌਲਦਾਰ ਸਦੀਕ ਆਦਿ ਹਾਜ਼ਰ ਸਨ।



## ਵਿਧਾਇਕ ਬੜਿੰਗ ਨੇ ਗੁਰਦੁਆਰਾ ਸਾਹਿਬ ਦੀ ਨਵੀਂ ਬਣੀ ਕਮੇਟੀ ਤੇ ਸੁਪਰ ਕਮੇਟੀ ਦਾ ਕੀਤਾ ਸਨਮਾਨ



ਅਮਲੋਹ, 29 ਜੁਲਾਈ (ਜਸਵਿੰਦਰ ਸਿੰਘ): ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਵੱਲੋਂ ਗੁਰਦੁਆਰਾ ਸ੍ਰੀ ਸਿੰਘ ਸਭਾ ਅਮਲੋਹ ਦੀ ਨਵੀਂ ਬਣੀ ਕਮੇਟੀ ਅਤੇ ਸੁਪਰ ਕਮੇਟੀ ਦੇ ਮੈਂਬਰਾਂ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਨਵੀਂ ਕਮੇਟੀ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬ ਸਿੱਖ ਧਰਮ ਦੇ ਪ੍ਰਚਾਰ-ਪਸਾਰ ਦਾ ਕੇਂਦਰ ਹੈ ਅਤੇ ਇਹ ਸਾਡੀ ਸਾਂਝੀ ਵਿਰਾਸਤ ਹੈ। ਉਨ੍ਹਾਂ ਨਵੀਂ ਕਮੇਟੀ ਨੂੰ ਗੁਰਦੁਆਰਾ ਸਾਹਿਬ ਦੀ ਸੇਵਾ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਦੀ ਗੱਲ ਆਖੀ ਅਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿਤਾ। ਇਸ ਮੌਕੇ ਸੁਪਰ ਕਮੇਟੀ ਦੇ ਮੈਂਬਰ ਦਰਸ਼ਨ ਸਿੰਘ ਚੀਮਾ, ਮਾਨ ਸਿੰਘ, ਹਰਨੇਕ ਸਿੰਘ, ਪਰਮਿੰਦਰ ਸਿੰਘ ਨੀਟਾ ਸੰਧੂ, ਦਰਸ਼ਨ ਸਿੰਘ ਔਲਖ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਮਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ, ਸੈਕਟਰੀ ਮਨਜੀਤ ਸਿੰਘ, ਮੀਤ ਪ੍ਰਧਾਨ ਲਛਮਣ ਸਿੰਘ, ਕੈਸ਼ੀਅਰ ਲਖਵਿੰਦਰ ਸਿੰਘ, ਮੈਂਬਰ ਇੰਦਰ ਸਿੰਘ, ਗੁਰਲਾਲ ਸਿੰਘ, ਗੁਰਦੀਪ ਸਿੰਘ ਅਤੇ ਬਲਦੇਵ ਸਿੰਘ ਆਦਿ ਮੌਜੂਦ ਸਨ।

## ਐਸ.ਡੀ.ਐਮ. ਅਰਵਿੰਦ ਗੁਪਤਾ ਵੱਲੋਂ ਸ਼ਹੀਦ ਉਧਮ ਸਿੰਘ ਦੇ ਜ਼ਿਲ੍ਹਾ ਪੱਧਰੀ ਸ਼ਹੀਦੀ ਦਿਵਸ ਨੂੰ ਮਨਾਉਣ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ



ਫਤਹਿਗੜ੍ਹ ਸਾਹਿਬ, 29 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਮੌਕੇ 31 ਜੁਲਾਈ ਨੂੰ ਰੇਲਵੇ ਸਟੇਸ਼ਨ ਦੇ ਨਾਲ ਸਥਿਤ ਸ਼ਹੀਦ ਊਧਮ ਸਿੰਘ ਜੀ ਦੇ ਸਮਾਰਕ ਵਿਖੇ ਸ਼ਹੀਦ ਊਧਮ ਸਿੰਘ ਜੀ ਨੂੰ ਸ਼ਰਧਾਂਜਲੀਆਂ ਭੇਂਟ ਕਰਨ ਲਈ ਜ਼ਿਲ੍ਹਾ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ। ਇਹ ਜਾਣਕਾਰੀ ਐਸ. ਡੀ. ਐਮ. ਫਤਹਿਗੜ੍ਹ ਸਾਹਿਬ ਸ੍ਰੀ ਅਰਵਿੰਦ ਕੁਮਾਰ ਗੁਪਤਾ ਨੇ ਅੱਜ ਅਧਿਕਾਰੀਆਂ ਨਾਲ ਪ੍ਰਬੰਧਾਂ ਬਾਰੇ ਸਮੀਖਿਆ ਮੀਟਿੰਗ ਦੌਰਾਨ ਦਿੱਤੀ। ਉਨ੍ਹਾਂ ਕਿਹਾ ਕਿ ਦੇਸ਼ ਦੇ ਮਹਾਨ ਨਾਇਕ, ਸੂਰਵੀਰ ਯੋਧੇ ਅਤੇ ਦੇਸ਼ ਲਈ ਆਪਣੀ ਜਾਨ ਵਾਰਨ ਵਾਲੇ ਸ਼ਹੀਦ ਊਧਮ ਸਿੰਘ ਜੀ ਦੀ ਕੁਰਬਾਨੀ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਸ੍ਰੀ ਗੁਪਤਾ ਨੇ ਦੱਸਿਆ ਕਿ ਸ਼ਹੀਦੀ ਸਮਾਗਮ ਮੌਕੇ ਡਿਪਟੀ ਕਮਿਸ਼ਨਰ ਫਤਹਿਗੜ੍ਹ ਸਾਹਿਬ ਡਾ. ਸੋਨਾ ਥਿੰਦ ਤੋਂ ਇਲਾਵਾ ਹੋਰ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ, ਧਾਰਮਿਕ ਅਤੇ ਸਿਆਸੀ ਸ਼ਖ਼ਸੀਅਤਾਂ ਵੱਲੋਂ ਸ਼ਹੀਦ ਊਧਮ ਸਿੰਘ ਜੀ ਦੇ ਸਮਾਰਕ ਵਿਖੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ। ਉਪ ਮੰਡਲ ਮੈਜਿਸਟਰੇਟ ਨੇ ਦੱਸਿਆ ਕਿ ਇਸ ਉਪਰੰਤ ਸ਼ਹੀਦ ਦੀ ਯਾਦ ਨੂੰ ਸਮਰਪਿਤ ਇਕ ਸਾਇਕਲ ਰੈਲੀ ਵੀ ਕੀਤੀ ਜਾਵੇਗੀ, ਜਿਸ ਵਿੱਚ ਸਕੂਲੀ ਵਿਦਿਆਰਥੀਆਂ ਦੇ ਨਾਲ ਹੋਰ ਸ਼ਹਿਰ ਵਾਸੀ ਵੀ ਵਧ ਚੜ੍ਹ ਕੇ ਹਿੱਸਾ ਲੈਣਗੇ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸ਼ਹੀਦੀ ਸਮਾਰਕ ਦੇ ਆਲੇ ਦੁਆਲੇ ਦੀ ਸਾਫ ਸਫਾਈ ਸਮੇਤ ਹੋਰ ਪ੍ਰਬੰਧਾਂ ਨੂੰ ਸਮੇਂ ਸਿਰ ਯਕੀਨੀ ਬਣਾਉਣ।

### ਸਿਹਤ ਵਿਭਾਗ ਨੇ ਜ਼ਿਲ੍ਹਾ ਹਸਪਤਾਲ ਵਿਖੇ ਮਨਾਇਆ 'ਓ.ਆਰ.ਐੱਸ. ਦਿਵਸ'

## ਦਸਤਾਂ ਕਾਰਨ ਹੋਣ ਵਾਲੀਆਂ ਮੌਤਾਂ ਨੂੰ ਜੀਵਨ ਰੱਖਿਅਕ ਘੋਲ ਨਾਲ ਰੋਕਿਆ ਜਾ ਸਕਦੈ: ਜ਼ਿਲ੍ਹਾ ਸਿਹਤ ਅ਼ਫਸਰ




ਫਤਹਿਗੜ੍ਹ ਸਾਹਿਬ, 29 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਡਾ. ਕੰਵਲਦੀਪ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਹਸਪਤਾਲ ਵਿਖੇ ਓ.ਆਰ.ਐਸ. ਦਿਵਸ ਮਨਾਇਆ ਗਿਆ ਤੇ ਐਮਰਜੈਂਸੀ ਵਿੱਚ ਓ.ਆਰ.ਐਸ ਕਾਰਨਰ ਸਥਾਪਤ ਕੀਤਾ ਗਿਆ। ਇਸ ਕਾਰਨਰ ਦਾ ਨਿਰੀਖਣ ਕਰਨ ਮੌਕੇ ਜ਼ਿਲ੍ਹਾ ਸਿਹਤ ਅਫਸਰ ਡਾ. ਅਮਨਦੀਪ ਸਿੰਘ ਨੇ ਕਿਹਾ ਕਿ ਦਸਤ ਲੱਗਣ ਨਾਲ ਬੱਚਿਆਂ ਵਿੱਚ ਪਾਣੀ ਦੀ ਘਾਟ ਹੋ ਜਾਂਦੀ ਹੈ ਜੋ ਕਿ ਮੌਤ ਦਾ ਵੱਡਾ ਕਾਰਨ ਬਣਦੀ ਹੈ ਪਰ ਓ.ਆਰ.ਐੱਸ. ਦੀ ਵਰਤੋਂ ਨਾਲ ਇਨ੍ਹਾਂ ਮੌਤਾਂ ਨੂੰ ਰੋਕਿਆ ਜਾ ਸਕਦਾ ਹੈ। ਇਸ ਲਈ ਦਸਤ ਲੱਗਣ ਦੀ ਹਾਲਤ ਵਿੱਚ ਬੱਚੇ ਨੂੰ ਤੁਰੰਤ ਓਆਰਐਸ ਦਾ ਘੋਲ (ਜੀਵਨ ਰੱਖਿਅਕ ਘੋਲ) ਅਤੇ ਬੱਚੇ ਦੀ ਉਮਰ ਮੁਤਾਬਕ 14 ਦਿਨ ਲਈ ਜ਼ਿੰਕ ਦੀਆਂ ਗੋਲੀਆਂ ਦੇਣੀਆਂ ਸ਼ੁਰੂ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਇਹ ਓ.ਆਰ.ਐੱਸ ਦੇ ਪੈਕੇਟ ਅਤੇ ਜ਼ਿੰਕ ਦੀਆਂ ਗੋਲੀਆਂ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁਫ਼ਤ ਮਿਲਦੇ ਹਨ। ਐਸ.ਐਮ.ਓ. ਡਾ. ਕੇਡੀ ਸਿੰਘ ਨੇ ਬੱਚਿਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਤੇ ਬੱਚਿਆਂ ਦਾ ਸੰਪੂਰਨ ਟੀਕਾਕਰਨ ਕਰਾਉਣ ਲਈ ਪ੍ਰੇਰਿਤ ਕੀਤਾ ਤੇ ਉਨ੍ਹਾਂ ਨੇ ਘਰ ਵਿਚ ਓ.ਆਰ.ਐੱਸ ਦਾ ਘੋਲ ਤਿਆਰ ਕਰਨ ਦੀ ਵਿਧੀ ਬਾਰੇ ਵੀ ਜਾਣਕਾਰੀ ਦਿੱਤੀ। ਜ਼ਿਲ੍ਹਾ ਡੈਂਟਲ ਸਿਹਤ ਅਫਸਰ ਡਾ. ਪਾਰੁਲ ਗੁਪਤਾ ਨੇ ਦਸਤਾਂ ਦੌਰਾਨ ਬੱਚੇ ਨੂੰ ਜੀਵਨ ਰੱਖਿਆਕ ਘੋਲ ਤੇ ਮਾਂ ਦੇ ਦੁੱਧ ਦੀ ਮਹੱਤਤਾ ਸਬੰਧੀ ਵਿਸ਼ੇਸ਼ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਜ਼ਿਲ੍ਹਾ ਐਪੀਡਿਮਾਲੋਜਿਸਟ ਡਾ. ਸੰਪੰਨ ਅਤਰੀ, ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਡਿਪਟੀ ਐਮਈਆਈਓ ਅਮਨਪ੍ਰੀਤ ਸਿੰਘ, ਚੀਫ ਫਾਰਮੇਸੀ ਅਫਸਰ ਸੰਦੀਪ ਸਿੰਘ, ਨਰਸਿੰਗ ਸਿਸਟਰ ਪਰਵਿੰਦਰ ਕੌਰ, ਫਾਸਿਲਟੀ ਮੈਨੇਜਰ ਕੁਲਵਿੰਦਰ ਕੌਰ, ਰਾਕੇਸ਼ ਕੁਮਾਰ ਇਸ ਤੋਂ ਇਲਾਵਾ ਨਰਸਿੰਗ ਵਿਦਿਆਰਥੀ, ਮਾਵਾਂ ਤੇ ਬੱਚੇ ਆਦਿ ਹਾਜ਼ਰ ਸਨ।

## ਪੱਤਰਕਾਰਾਂ ਤੇ ਡੀ.ਸੀ. ਵਿਚਕਾਰ ਚੱਲ ਰਿਹਾ ਰੇੜਕਾ ਹੋਇਆ ਖ਼ਤਮ

### ☛ਡੀ.ਸੀ. ਵੱਲੋਂ ਪੱਤਰਕਾਰਾਂ ਨੂੰ ਬਣਦਾ ਮਾਣ-ਸਤਿਕਾਰ ਦੇਣ ਦਾ ਭਰੋਸਾ



ਫਾਜ਼ਿਲਕਾ, 29 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਜ਼ਿਲ੍ਹਾ ਫਾਜ਼ਿਲਕਾ ਨਾਲ ਸਬੰਧਤ ਪੱਤਰਕਾਰਾਂ ਤੇ ਡਿਪਟੀ ਕਮਿਸ਼ਨਰ ਫਾਜ਼ਿਲਕਾ ਵਿੱਚ ਚੱਲ ਰਿਹਾ ਰੇੜਕਾ ਅੱਜ ਖਤਮ ਹੋ ਗਿਆ ਹੈ। ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਨੇ ਪੱਤਰਕਾਰਾਂ ਦੇ ਵਿੱਚ ਪਹੁੰਚ ਕੇ ਇਸ ਗੱਲ ਦਾ ਵਿਸ਼ਵਾਸ ਦਿਵਾਇਆ ਹੈ ਕਿ ਉਹ ਭਵਿੱਖ ਵਿੱਚ ਕਿਸੇ ਤਰ੍ਹਾਂ ਵੀ ਪੱਤਰਕਾਰ ਭਾਈਚਾਰੇ ਨੂੰ ਮੁਸ਼ਕਲ ਨਹੀਂ ਆਉਣ ਦੇਣਗੇ। ਉਨ੍ਹਾਂ ਅੱਗੇ ਕਿਹਾ ਕਿ ਪੱਤਰਕਾਰ ਭਾਈਚਾਰੇ ਦੇ ਲਈ ਉਨ੍ਹਾਂ ਦੇ ਦਫਤਰ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰਹਿਣਗੇ। ਉਨ੍ਹਾਂ ਕਿਹਾ ਕਿ ਮੀਡੀਆ ਲੋਕਤੰਤਰ ਦਾ ਚੌਥਾ ਥੰਮ ਹੈ ਇਸ ਲਈ ਮੀਡੀਆ ਤੋਂ ਬਿਨਾਂ ਪ੍ਰਸ਼ਾਸਨ ਆਪਣੇ ਕੰਮ ਕਰਨ ਵਿੱਚ ਕਾਮਯਾਬ ਨਹੀਂ ਹੋ ਸਕਦਾ। ਇਸ ਮੌਕੇ ਗੱਲਬਾਤ ਕਰਦਿਆਂ ਜ਼ਿਲ੍ਹਾ ਪੁਲਿਸ ਮੁਖੀ ਗੁਰਮੀਤ ਸਿੰਘ ਨੇ ਕਿਹਾ ਕਿ ਪੱਤਰਕਾਰ ਭਾਈਚਾਰਾ ਪ੍ਰਸ਼ਾਸਨ ਨੂੰ ਸ਼ੀਸ਼ਾ ਦਿਖਾਉਣ ਦਾ ਕੰਮ ਕਰਦਾ ਹੈ। ਪੱਤਰਕਾਰਾਂ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਪ੍ਰਸ਼ਾਸਨ ਤੱਕ ਪਹੁੰਚਾਇਆ ਜਾਂਦਾ ਹੈ ਤੇ ਪ੍ਰਸ਼ਾਸਨ ਆਪਣੀ ਯੋਗ ਕਾਰਵਾਈ ਕਰਦਿਆਂ ਲੋਕਾਂ ਦੇ ਮਸਲੇ ਹੱਲ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ। ਪੱਤਰਕਾਰਾਂ ਤੇ ਡੀਸੀ ਦਰਮਿਆਨ ਲੰਬੇ ਸਮੇਂ ਤੋਂ ਚੱਲ ਰਿਹਾ ਰੇੜਕਾ ਖਤਮ ਹੋਣ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਪਰਮਜੀਤ ਢਾਬਾਂ, ਰਾਜੀਵ ਰਹੇਜਾ, ਪ੍ਰਫੁੱਲ ਨਾਗਪਾਲ, ਸੁਰਿੰਦਰ ਗੋਇਲ, ਸੰਜੀਵ ਝਾਂਬ, ਰਜਨੀਸ਼ ਰਵੀ, ਟੋਨੀ ਛਾਬੜਾ, ਕੁਲਦੀਪ ਬਰਾੜ, ਬਿੱਟੂ ਡੂਮੜਾ, ਨਿਸ਼ਾਨ ਸੰਧੂ, ਸੁਖਦੀਪ ਸਿੰਘ ਘੁੜਿਆਣਾ ਤੇ ਬਖਸ਼ੀਸ਼ ਸਿੰਘ ਹੈਪੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੱਤਰਕਾਰ ਭਾਈਚਾਰਾ ਆਪਣੇ ਮਾਣ ਸਨਮਾਨ ਦੀ ਲੜਾਈ ਲੜ ਰਿਹਾ ਸੀ, ਜਿਸ ਵਿੱਚ ਉਨਾਂ ਦੀ ਜਿੱਤ ਹੋਈ ਹੈ। ਪੱਤਰਕਾਰ ਆਗੂਆਂ ਨੇ ਕਿਹਾ ਕਿ ਉਨ੍ਹਾਂ ਦਾ ਡਿਪਟੀ ਕਮਿਸ਼ਨਰ ਨਾਲ ਕੋਈ ਵੀ ਨਿੱਜੀ ਵਿਰੋਧ ਨਹੀਂ ਸੀ। ਪੱਤਰਕਾਰ ਆਪਣੀ ਖਬਰ ਦੀ ਪੂਰਤੀ ਲਈ ਕਿਸੇ ਮੁੱਦੇ ਨੂੰ ਲੈ ਕੇ ਪੱਖ ਲੈਣਾ ਚਾਹੁੰਦੇ ਸੀ, ਪ੍ਰੰਤੂ ਡਿਪਟੀ ਕਮਿਸ਼ਨਰ ਵੱਲੋਂ ਪੱਖ ਨਾ ਦੇਣ ਕਾਰਨ ਇਹ ਵਿਵਾਦ ਵਧਿਆ ਸੀ। ਪਰੰਤੂ ਅੱਜ ਜਦੋਂ ਡਿਪਟੀ ਕਮਿਸ਼ਨਰ ਵੱਲੋਂ ਸਮੂਹ ਪੱਤਰਕਾਰਾਂ ਨੂੰ ਪੱਖ ਦੇਣ ਤੇ ਉਨ੍ਹਾਂ ਨਾਲ ਸਹਿਯੋਗ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ ਹੈ ਤਾਂ ਉਨ੍ਹਾਂ ਵਿਚਾਲੇ ਚੱਲ ਲਿਆ ਵਿਵਾਦ ਹੁਣ ਖਤਮ ਹੋ ਚੁੱਕਿਆ ਹੈ। ਪੱਤਰਕਾਰਾਂ ਤੇ ਡਿਪਟੀ ਕਮਿਸ਼ਨਰ ਫਾਜ਼ਿਲਕਾ ਵਿੱਚ ਚੱਲ ਰਹੇ ਵਿਵਾਦ ਨੂੰ ਖਤਮ ਕਰਾਉਣ ਵਿੱਚ ਜ਼ਿਲ੍ਹਾ ਪੁਲਿਸ ਮੁਖੀ ਗੁਰਮੀਤ ਸਿੰਘ ਤੇ ਡੀਪੀਆਰਓ ਅਮਰੀਕ ਸਿੰਘ ਦਾ ਅਹਿਮ ਰੋਲ ਰਿਹਾ ਹੈ।

## ਜ਼ਿਲ੍ਹਾ ਸਿੱਖਿਆ ਅ਼ਫਸਰ ਨੇ ਸਕੂਲਾਂ ਦੀ ਕੀਤੀ ਜਾਂਚ

ਫਿਰੋਜ਼ਪੁਰ, 29 ਜੁਲਾਈ (ਤਿਵਾੜੀ): ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਮੈਡਮ ਮੁਨੀਲਾ ਅਰੋੜਾ ਵੱਲੋਂ ਅੱਜ ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਫਿਰੋਜ਼ਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਟਾਰੀ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਰਿਫ-ਕੇ ਦਾ ਦੌਰਾ ਕੀਤਾ ਗਿਆ। ਚੈਕਿੰਗ ਦੌਰਾਨ ਉਨ੍ਹਾਂ ਨੇ ਸਕੂਲਾਂ ਵਿੱਚ ਚੱਲ ਰਹੀ ਅਕਾਦਮਿਕ ਕਾਰਗੁਜ਼ਾਰੀ, ਵਿਦਿਆਰਥੀਆਂ ਦੀ ਰੋਜ਼ਾਨਾ ਤੇ ਮਹੀਨਾਵਾਰ ਹਾਜ਼ਰੀ, ਸਟਾਫ ਦਾ ਹਾਜ਼ਰੀ ਰਜਿਸਟਰ, ਵਿਦਿਆਰਥੀਆਂ ਦੀ ਅਕਾਦਮਿਕ-ਪ੍ਰਾਪਤੀ ਅਤੇ ਅਕਾਦਮਿਕ-ਟੈਸਟਿੰਗ ਦੀ ਪ੍ਰਕਿਰਿਆ ਦਾ ਗੰਭੀਰਤਾਪੂਰਕ ਜਾਇਜ਼ਾ ਲਿਆ। ਮੈਡਮ ਅਰੋੜਾ ਨੇ ਸਿਵਲ ਵਰਕਸ ਦੀ ਪੜਤਾਲ ਕਰਦੇ ਹੋਏ ਸਕੂਲਾਂ ਵਿੱਚ ਜਾਰੀ ਕੰਮਾਂ ਦੀ ਜਾਂਚ ਕੀਤੀ। ਇਨ੍ਹਾਂ ਕੰਮਾਂ ਨੂੰ ਜਲਦੀ ਤੋਂ ਜਲਦੀ ਸੰਪੂਰਨ ਕਰਨ ਲਈ ਕਿਹਾ ਗਿਆ। ਇਸ ਦੌਰਾਨ ਉਨ੍ਹਾਂ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਜੇ ਕੋਈ ਕਮਰੇ ਜਾਂ ਬਿਲਡਿੰਗਾਂ 'ਅਨਸੇਫ' ਹਨ, ਤਾਂ ਉਨ੍ਹਾਂ ਦੀ ਜਾਣਕਾਰੀ ਤੁਰੰਤ ਸਮਰੱਥ ਅਧਿਕਾਰੀਆਂ ਤੱਕ ਪਹੁੰਚਾਈ ਜਾਵੇ। ਵਿਦਿਆਰਥੀਆਂ ਦੀਆਂ ਪਾਠਕ੍ਰਮਕ ਕੁਸ਼ਲਤਾਵਾਂ ਨੂੰ ਸਮਝਣ ਲਈ ਟੈਸਟਿੰਗ ਪ੍ਰਕਿਰਿਆ ਦੀ ਸਮੀਖਿਆ ਕੀਤੀ ਗਈ। ਮਿਡ ਡੇ ਮੀਲ ਸਕੀਮ ਦੇ ਅਧੀਨ ਮਿਲਣ ਵਾਲੇ ਖਾਣੇ ਦੀ ਟੈਸਟਿੰਗ ਕੀਤੀ ਗਈ ਅਤੇ ਖਾਣੇ ਦੀ ਗੁਣਵੱਤਾ ਸਬੰਧੀ ਰਿਕਾਰਡ ਦੀ ਜਾਂਚ ਵੀ ਕੀਤੀ ਗਈ। ਇਸ ਦੌਰਾਨ ਸਕੂਲਾਂ ਦੇ ਪ੍ਰਿੰਸੀਪਲ ਤੇ ਸਟਾਫ ਨੇ ਮੁਨੀਲਾ ਅਰੋੜਾ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਉਹ ਸਾਰੇ ਨਿਰਦੇਸ਼ਾਂ 'ਤੇ ਪੂਰੀ ਗੰਭੀਰਤਾ ਨਾਲ ਅਮਲ ਕਰਨਗੇ।



## ਬਜ਼ੁਰਗ ਮਹਿਲਾ ਨੇ ਨਹਿਰ 'ਚ ਛਾਲ ਮਾਰ ਕੇ ਕੀਤੀ ਜੀਵਨ ਲੀਲ੍ਹਾ ਸਮਾਪਤ, 4 ਵਿਰੁੱਧ ਕੇਸ ਦਰਜ

ਜ਼ੀਰਾ, 29 ਜੁਲਾਈ (ਦੀਪਕ ਭਾਰਗੋ): ਮਖੂ ਨੇੜੇ ਲਗਾਤਾਰ ਤੰਗ ਪ੍ਰੇਸ਼ਾਨ ਕੀਤੇ ਜਾਣ ਤੋਂ ਬਾਅਦ ਇਕ ਬਜ਼ੁਰਗ ਮਹਿਲਾ ਨੇ ਹਰੀਕੇ ਹੈੱਡ ਸਥਿਤ ਰਾਜਸਥਾਨ ਫੀਡਰ ਨਹਿਰ ਵਿਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪੁਲਿਸ ਨੇ ਮ੍ਰਿਤਕ ਮਹਿਲਾ ਦੇ ਪਰਿਵਾਰਿਕ ਮੈਂਬਰਾਂ ਦੇ ਬਿਆਨਾਂ 'ਤੇ ਕਾਰਵਾਈ ਕਰਦਿਆਂ, ਮ੍ਰਿਤਕ ਦੇ ਚਾਰ ਰਿਸ਼ੇਤਦਾਰ ਮੈਂਬਰਾਂ ਖ਼ਿਲਾਫ਼ ਬੀਐੱਨਐੱਸ ਦੀ ਧਾਰਾ 108 ਤਹਿਤ ਮਾਮਲਾ ਦਰਜ ਕਰ ਲਿਆ ਹੈ। ਮ੍ਰਿਤਕ ਮਹਿਲਾ ਦੀ ਪਛਾਣ ਬਲਵੀਰ ਕੌਰ ਪਤਨੀ ਨਰਿੰਦਰਪਾਲ ਸਿੰਘ ਵਾਸੀ ਗੰਡੀ ਵਿੰਡ ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ ਹੈ। ਗੁਰਵੇਲ ਸਿੰਘ ਅਨੁਸਾਰ ਇਹ ਘਟਨਾ 21 ਜੁਲਾਈ, 2025 ਨੂੰ ਵਾਪਰੀ ਜਦੋਂ ਬਲਵੀਰ ਕੌਰ ਨੇ ਹਰੀਕੇ ਹੈੱਡ ਰਾਜਸਥਾਨ ਫੀਡਰ ਨਹਿਰ ਵਿੱਚ ਛਾਲ ਮਾਰ ਦਿੱਤੀ। ਪੁਲਿਸ ਨੂੰ ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਬਰਾਮਦ ਕੀਤਾ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਿਕਾਇਤਕਰਤਾ ਗੁਰਵੇਲ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਉਕਤ ਚਾਰੇ ਦੋਸ਼ੀਆਨ ਖਿਲਾਫ਼ ਧਾਰਾ 108 ਬੀਐੱਨਐੱਸ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਿਸ ਵੱਲੋਂ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਉਸ ਨੇ ਦੱਸਿਆ ਕਿ ਇਹਨਾਂ ਦਾ ਸਸਕਾਰ ਕਰਨ ਉਪਰੰਤ 30 /07/2025 ਨੂੰ ਅੰਤਿਮ ਅਰਦਾਸ ਕੀਤੀ ਜਾਵੇਗੀ।



## ਸੜੀਆਂ ਕਣਕਾਂ ਦਾ ਮੁਆਵਜ਼ਾ ਸਰਕਾਰ ਵੱਲੋਂ ਨਹੀਂ ਦਿੱਤਾ ਜਾ ਰਿਹਾ, ਸੰਘਰਸ਼ ਕਰਾਂਗੇ ਤੇਜ਼

### ☛ਕੁਝ ਤਕਨੀਕੀ ਕਾਰਨਾਂ ਕਰਕੇ ਰੁਕੇ ਨੇ ਚੈੱਕ: ਤਹਿਸੀਲਦਾਰ

ਜ਼ੀਰਾ, 29 ਜੁਲਾਈ (ਦੀਪਕ ਭਾਰਗੋ): ਅਪ੍ਰੈਲ ਮਹੀਨੇ ਵਿੱਚ ਪੁੱਤਾਂ ਵਾਂਗ ਪਾਲੀ ਕਣਕ ਦੀ ਫਸਲ ਨੂੰ ਅਚਾਨਕ ਅੱਗ ਲੱਗ ਜਾਣ ਕਾਰਨ ਭਾਰੀ ਨੁਕਸਾਨ ਹੋਇਆ ਤੇ ਇਸ ਦੌਰਾਨ ਇੱਕ ਠੇਕੇਦਾਰ ਵੱਲੋਂ ਬਣਾਈ ਜਾ ਰਹੀ ਸੜਕ 'ਤੇ ਮੁਲਾਜ਼ਮ ਵੱਲੋਂ ਅੰਗੀਠੀ ਬਾਲਣ ਨਾਲ ਅੱਗ ਲੱਗ ਜਾਣ ਨਾਲ ਵੀ ਕਾਫੀ ਵੱਡਾ ਨੁਕਸਾਨ ਹੋਇਆ। ਇਸ ਬਾਬਤ ਜਦ ਪੰਜਾਬ ਸਰਕਾਰ ਦੇ ਨੁਮਾਇੰਦੇ ਵਿਧਾਇਕ ਨਰੇਸ਼ ਕਟਾਰੀਆ ਤੇ ਐਸਡੀਐਮ ਜ਼ੀਰਾ ਤਹਿਸੀਲਦਾਰ ਤੇ ਹੋਰ ਅਧਿਕਾਰੀ ਮੌਕੇ 'ਤੇ ਪਹੁੰਚੇ, ਜਿਨ੍ਹਾਂ ਵੱਲੋਂ ਇਸ ਦਾ ਜਾਇਜ਼ਾ ਲਿਆ ਗਿਆ ਤੇ ਜਥੇਬੰਦੀਆਂ ਨਾਲ ਗੱਲਬਾਤ ਕੀਤੀ ਤੇ ਮੁਆਵਜ਼ਾ ਦੇਣ ਦੀ ਗੱਲ ਕਹੀ ਗਈ ਪਿਛਲਾ ਲੰਬਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਕਿਸਾਨਾਂ ਨੂੰ 15 ਹਜ਼ਾਰ ਰੁਪਏ ਮੁਆਵਜ਼ਾ ਜੋ ਸਰਕਾਰ ਨੇ ਐਲਾਨ ਕੀਤਾ ਸੀ, ਨਹੀਂ ਦਿੱਤਾ ਗਿਆ, ਜਿਸ ਨੂੰ ਲੈ ਕੇ ਅੱਜ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਮਹਿਮਾ ਤੇ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਦੇਵ ਸਿੰਘ ਰਾਈਆਂ ਵਾਲਾ ਵੱਲੋਂ ਐਸਡੀਐਮ ਦਫਤਰ ਜ਼ੀਰਾ ਦੇ ਬਾਹਰ ਧਰਨਾ ਦਿੱਤਾ ਗਿਆ, ਜਿਸ ਦੌਰਾਨ ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਅਪ੍ਰੈਲ ਮਹੀਨੇ ਵਿੱਚ ਜ਼ੀਰੇ ਹਲਕੇ ਦੀਆਂ ਕਣਕ ਦੀਆਂ ਕਾਫੀ ਏਕੜ ਫਸਲਾਂ ਸੜ ਕੇ ਸਵਾਹ ਹੋ ਗਈਆਂ, ਜਿਨ੍ਹਾਂ ਦਾ ਮੁਆਵਜ਼ਾ ਦੇਣ ਦੀ ਗੱਲ ਸਰਕਾਰ ਵੱਲੋਂ ਕਹੀ ਗਈ ਸੀ ਪਰ ਕੁਝ ਸਮਾਜਿਕ ਧਾਰਮਿਕ ਬਿਰਤੀ ਦੇ ਲੋਕਾਂ ਵੱਲੋਂ ਤਾਂ ਇਹਨਾਂ ਕਿਸਾਨਾਂ ਦੀ ਬਾਂਹ ਫੜੀ ਗਈ ਪਰ ਸਰਕਾਰ ਵੱਲੋਂ ਕੀਤਾ ਵਾਅਦਾ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ। ਉਹਨਾਂ ਕਿਹਾ ਕਿ ਇੱਕ ਉਸ ਠੇਕੇਦਾਰ 'ਤੇ ਬਣਦੀ ਕਾਰਵਾਈ ਵੀ ਕੀਤੀ ਜਾਵੇ ਜਿਸ ਦੇ ਮੁਲਾਜ਼ਮ ਵੱਲੋਂ ਫਸਲ ਸਾੜੀ ਗਈ ਜੇ ਸਰਕਾਰ ਜਲਦੀ ਮੁਆਵਜ਼ਾ ਨਹੀਂ ਦਿੰਦੀ ਤਾਂ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ। ਇਸ ਬਾਬਤ ਜਦ ਤਹਿਸੀਲਦਾਰ ਰਾਜਕੁਮਾਰ ਚੱਢਾ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਮੁਆਵਜ਼ੇ ਦੀਆਂ ਗਰਦੌਰੀਆਂ ਕਰਵਾ ਕੇ ਚੈੱਕ ਬਣ ਚੁੱਕੇ ਹਨ। ਕੁਝ ਤਕਨੀਕੀ ਕਾਰਨਾਂ ਕਰਕੇ ਇਹ ਖਜ਼ਾਨੇ ਵਿੱਚੋਂ ਪਾਸ ਨਹੀਂ ਹੋ ਸਕੇ ਤੇ ਜਲਦ ਹੀ ਇਨਾਂ ਕਿਸਾਨਾਂ ਦੇ ਘਰ ਪਹੁੰਚਦੇ ਕੀਤੇ ਜਾਣਗੇ।



## ਨਰਕ ਭਰੀ ਜ਼ਿੰਦਗੀ ਜੀਅ ਰਹੇ ਨੇ ਗੁਰੂ ਰਾਮਦਾਸ ਨਗਰ ਦੇ ਲੋਕ

ਭੋਗਪੁਰ, 29 ਜੁਲਾਈ (ਅਮਰਜੀਤ ਸਿੰਘ ਸੈਣੀ): ਹਲਕਾ ਆਦਮਪੁਰ ਦਾ ਭੋਗਪੁਰ ਸ਼ਹਿਰ ਮਹੱਲਾ ਗੁਰੂ ਰਾਮਦਾਸ ਨਗਰ ਦੇ ਲੋਕ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ, ਜੀ ਹਾਂ ਗੁਰੂ ਰਾਮਦਾਸ ਨਗਰ ਦੇ ਲੋਕ ਮੁਹੱਲੇ ਵਿੱਚ ਗੰਦਾ ਪਾਣੀ ਖਲੋਣ ਕਰਕੇ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਪਰ ਪ੍ਰਸ਼ਾਸਨ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕ ਰਹੀ। ਇਸ ਮੁਹੱਲੇ ਵਿੱਚ ਪ੍ਰਵਾਸੀ ਦਾ ਮਕਾਨ ਬਣਿਆ ਹੋਇਆ ਹੈ ਅਤੇ ਪ੍ਰਵਾਸੀ ਦਾ ਮਕਾਨ ਹਾਈ ਵੋਲਟੇਜ਼ ਦੀਆਂ ਤਾਰਾਂ ਥੱਲੇ ਬਣਿਆ ਹੋਇਆ ਹੈ, ਮਕਾਨ ਵਿੱਚ ਪ੍ਰਵਾਸੀ ਭਈਏ ਨੂੰ ਮੀਟਰ ਵੀ ਲਗਾ ਕੇ ਦਿੱਤਾ ਹੋਇਆ ਹੈ। ਜਦ ਕਿ ਕਾਨੂੰਨੀ ਤੌਰ 'ਤੇ ਹਾਈਵੋਲਟੇਜ਼ ਤਾਰਾਂ ਥੱਲੇ ਬਿਜਲੀ ਮੀਟਰ ਦੀ ਪਰਮਿਸ਼ਨ ਨਹੀਂ ਮਿਲ ਸਕਦੀ ਅਤੇ ਇਸ ਪ੍ਰਵਾਸੀ ਭਈਏ ਨੇ ਕੁਝ ਸਿਆਸੀ ਲੋਕਾਂ ਦੀ ਸ਼ੈਅ ਨਾਲ ਆਪਣੇ ਘਰ ਦੇ ਦਰਵਾਜ਼ੇ ਲਾਗੇ ਪੱਕੇ ਤੌਰ 'ਤੇ ਨੱਕੇ ਲਗਾਏ ਹੋਏ ਹਨ ਅਤੇ ਖਾਲੀ ਪਲਾਟ ਦੇ ਵਿੱਚ ਡੰਗਰਾਂ ਲਈ ਪੱਠੇ ਵੀ ਬੀਜੇ ਹੋਏ ਹਨ ਤੇ ਪੱਠਿਆਂ ਵਾਸਤੇ ਸਰਕਾਰੀ ਪਾਣੀ ਦੀ ਗਲਤ ਵਰਤੋਂ ਵੀ ਕੀਤੀ ਜਾਂਦੀ ਹੈ। ਅਤੇ ਇਸ ਪ੍ਰਵਾਸੀ ਭਈਏ ਵੱਲੋਂ ਲੋਕਾਂ ਦੇ ਘਰਾਂ ਦਾ ਪਾਣੀ ਬੰਨੇ ਲਗਾਉਣ ਕਰਕੇ ਗਲੀ ਵਿੱਚ ਖਲੋਤਾ ਹੋਇਆ ਹੈ। ਜਿਸ ਦੇ ਸਬੰਧ ਵਿੱਚ ਨਗਰ ਕੌਂਸਲ ਈਓ ਸਾਹਿਬ ਨੂੰ ਬਹੁਤ ਵਾਰ ਮਿਲਿਆ ਜਾ ਚੁੱਕਾ ਹੈ। ਪਰ ਲੋਕਾਂ ਨੂੰ ਲਾਰਿਆਂ ਤੋਂ ਸਿਵਾਏ ਕੁਝ ਨਹੀਂ ਮਿਲਿਆ ਤੇ ਲੋਕ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ, ਗੰਦੇ ਪਾਣੀ ਦੇ ਛੱਪੜ ਕਰਕੇ ਬੱਚਿਆਂ ਨੂੰ ਭਿਆਨਕ ਬਿਮਾਰੀਆਂ ਲੱਗ ਰਹੀਆਂ ਹਨ, ਮੁਹੱਲਾ ਨਿਵਾਸੀਆਂ ਨੇ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ, ਕਿਹਾ ਕਿ ਮੁਹੱਲੇ ਵਿੱਚ ਲੜਾਈ ਦਾ ਮਾਹੌਲ ਨਾ ਬਣਾਇਆ ਜਾਵੇ, ਸੀਮਿੰਟ ਦੇ ਪੱਕੇ ਬੰਨੇ ਜੋ ਕਿ ਸਿਆਸੀ ਲੋਕਾਂ ਦੀ ਸ਼ਹਿ ਨਾਲ ਬਣਾਏ ਗਏ ਹਨ। ਜਲਦ ਤੁੜਵਾਏ ਜਾਣ ਅਤੇ ਇਸ ਮਹੱਲੇ ਵੱਲ ਤੁਰੰਤ ਧਿਆਨ ਦਿੱਤਾ ਜਾਵੇ । ਇਸ ਦੇ ਸਬੰਧ ਵਿੱਚ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਵਿਸ਼ਵਾਸ ਦਿਵਾਇਆ ਕਿ ਜਲਦ ਹੀ ਮਸਲੇ ਹੱਲ ਕੀਤਾ ਜਾਵੇਗਾ। ਇਸ ਮੌਕੇ 'ਤੇ ਜਸਵਿੰਦਰ ਕੌਰ, ਪਰਮਜੀਤ ਕੌਰ, ਸੁਖਵਿੰਦਰ ਕੌਰ, ਗਗਨ, ਅੰਮ੍ਰਿਤਪਾਲ, ਜਸਬੀਰ, ਬਿੱਟੂ ਆਦਿ ਹਾਜ਼ਰ ਸਨ



## ਪੂਜਾ ਲੂਥਰਾ ਸੱਚਦੇਵਾ ਨੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ ਆਯੋਜਿਤ ਕ੍ਰਿਕਟ ਟੂਰਨਾਮੈਂਟ 'ਚ ਕੀਤੀ ਸ਼ਿਰਕਤ

ਫਾਜ਼ਿਲਕਾ, 29 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਪਿੰਡ ਚੁਵਾੜਿਆਂਵਾਲੀ ਵਿੱਚ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ ਕਰਵਾਏ ਗਏ ਕ੍ਰਿਕੇਟ ਟੂਰਨਾਮੈਂਟ ਵਿੱਚ ਆਮ ਆਦਮੀ ਪਾਰਟੀ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਅਤੇ ਕੌਂਸਲਰ ਪੂਜਾ ਲੂਥਰਾ ਸਚਦੇਵਾ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ। ਇਸ ਮੌਕੇ ਉਨ੍ਹਾਂ ਨੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕੀਤੀ ਅਤੇ ਕਲੱਬ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਸਰਾਹਣਾ ਕੀਤੀ। ਇਸ ਮੌਕੇ ਪੂਜਾ ਲੂਥਰਾ ਸਚਦੇਵਾ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਦੀ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਖੇਡਾਂ ਨਾ ਸਿਰਫ਼ ਸਿਹਤਮੰਦ ਜੀਵਨਸ਼ੈਲੀ ਲਈ ਮਹੱਤਵਪੂਰਨ ਹਨ, ਸਗੋਂ ਇਹ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰੱਖਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਪਿੰਡ ਪੱਧਰ 'ਤੇ ਇਸ ਤਰ੍ਹਾਂ ਦੇ ਟੂਰਨਾਮੈਂਟ ਕਰਵਾ ਕੇ ਨੌਜਵਾਨ ਪ੍ਰਤਿਭਾਵਾਂ ਨੂੰ ਉਭਰਨ ਦਾ ਮੌਕਾ ਮਿਲਦਾ ਹੈ। ਨੌਜਵਾਨਾਂ ਲਈ ਸਟੇਡੀਅਮ, ਖੇਡ ਮੈਦਾਨ ਅਤੇ ਸਹੂਲਤਾਂ ਮੁਹੱਈਆ ਕਰਵਾਉਣ ਲਈ ਯਤਨ ਜਾਰੀ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਯਤਨਾਂ ਨਾਲ ਪਿੰਡ ਪੱਧਰ 'ਤੇ ਖੇਡਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਅਤੇ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਰਸਾਉਣ ਦੇ ਵੱਧ ਮੌਕੇ ਮਿਲਣਗੇ। ਪੂਜਾ ਲੂਥਰਾ ਸਚਦੇਵਾ ਨੇ ਖਿਡਾਰੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਉਹ ਖੇਡਾਂ ਨੂੰ ਆਪਣੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣਾਉਣ ਅਤੇ ਮਿਹਨਤ ਨਾਲ ਅੱਗੇ ਵਧਣ। ਉਨ੍ਹਾਂ ਕਿਹਾ ਕਿ ਪਿੰਡ ਪੱਧਰ ਤੋਂ ਸ਼ੁਰੂ ਹੋਏ ਖਿਡਾਰੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚ ਕੇ ਪੰਜਾਬ ਦਾ ਨਾਮ ਰੌਸ਼ਨ ਕਰ ਸਕਦੇ ਹਨ। ਇਸ ਮੌਕੇ ਸਰਪੰਚ ਮਹਿੰਦਰ ਸਿੰਘ (ਚੁਵਾੜਿਆਂਵਾਲੀ), ਜਗਦੀਸ਼ ਕੁਮਾਰ ਸਰਪੰਚ (ਜੋੜ ਕੀ ਕੰਕਰ), ਸਾਰੇ ਪੰਚ ਸਾਹਿਬਾਨ ਸਮੇਤ ਪਿੰਡ ਵਾਸੀਆਂ ਦੀ ਵੱਡੀ ਗਿਣਤੀ ਹਾਜ਼ਰ ਰਹੀ। ਮੁੱਖ ਮਹਿਮਾਨ ਪੂਜਾ ਲੂਥਰਾ ਸਚਦੇਵਾ ਨੇ ਜੇਤੂ ਟੀਮ ਨੂੰ ਕੱਪ ਅਤੇ ਨਗਦ ਇਨਾਮ ਦੇ ਕੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕੀਤੀ ਅਤੇ ਕਲੱਬ ਦੇ ਮੈਂਬਰਾਂ ਨੂੰ ਨਗਦ ਰਾਸ਼ੀ ਦੇ ਕੇ ਉਨ੍ਹਾਂ ਦੇ ਯਤਨਾਂ ਦੀ ਵੀ ਪ੍ਰਸ਼ੰਸਾ ਕੀਤੀ।



## ਐੱਸ.ਪੀ.ਐੱਨ. ਕਾਲਜ ਦਾ ਬੀ.ਸੀ.ਏ. ਚੌਥੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ

ਮੁਕੇਰੀਆਂ, 29 ਜੁਲਾਈ (ਧਰਮ ਚੰਦ): ਸਵਾਮੀ ਪ੍ਰੇਮਾਨੰਦ ਮਹਾਂਵਿਦਿਆਲਾ ਮੁਕੇਰੀਆ ਦੇ ਬੀ.ਸੀ.ਏ. ਚੌਥੇ ਸਮੈਸਟਰ ਦਾ ਨਤੀਜਾ 100% ਸ਼ਾਨਦਾਰ ਰਿਹਾ। ਇਸ ਸਬੰਧੀ ਕਾਲਜ ਦੇ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਜੀ ਨੇ ਦੱਸਿਆ ਕਿ ਇਨ੍ਹਾਂ ਨਤੀਜਿਆਂ ਵਿੱਚ ਸਿਮਰਨ ਕੌਰ ਨੇ 90.66% ਅੰਕਾਂ ਨਾਲ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਪਲਕ ਨੇ 84.26% ਅੰਕਾਂ ਨਾਲ ਕਾਲਜ ਵਿੱਚ ਦੂਜਾ ਸਥਾਨ ਅਤੇ ਸਲਵੋਨੀ ਨੇ 82.66% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਕੰਪਿਊਟਰ ਸਾਇੰਸ ਵਿਭਾਗ ਇਸ ਤੋਂ ਪਹਿਲਾਂ ਵੀ ਯੂਨੀਵਰਸਿਟੀ ਵਿੱਚ ਸ਼ਾਨਦਾਰ ਨਤੀਜੇ ਪ੍ਰਾਪਤ ਕਰਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਲਜ ਵਿੱਚ 2025-26 ਦੀਆਂ ਸਾਰੀਆਂ ਯੂ.ਜੀ. ਅਤੇ ਪੀ.ਜੀ. ਕਲਾਸਾਂ ਲਈ ਦਾਖਲਾ ਪ੍ਰਕਿਰਿਆ ਤੇਜ਼ੀ ਨਾਲ ਚੱਲ ਰਹੀ ਹੈ। ਦਿਲਚਸਪੀ ਰੱਖਣ ਵਾਲੇ ਉਮੀਦਵਾਰ ਜਲਦੀ ਤੋਂ ਜਲਦੀ ਦਾਖਲਾ ਲੈ ਕੇ ਆਪਣੀ ਸੀਟ ਯਕੀਨੀ ਬਣਾ ਸਕਦੇ ਹਨ। ਵਿਦਿਆਰਥੀਆਂ ਦੀ ਇਸ ਸ਼ਾਨਦਾਰ ਸਫਲਤਾ ਲਈ ਕਾਲਜ ਪ੍ਰਬੰਧਕ ਕਮੇਟੀ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਜੀ ਨੇ ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਪ੍ਰੋ. ਪੰਕਜ ਸਰੀਨ ਅਤੇ ਹੋਰ ਅਧਿਆਪਕਾਂ ਦੇ ਨਾਲ-ਨਾਲ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ।



## ਐੱਸ.ਐੱਨ.ਏ.ਐੱਸ. ਆਰੀਆ ਸਕੂਲ 'ਚ ਉਤਸ਼ਾਹ ਨਾਲ ਮਨਾਇਆ 'ਤੀਜ' ਦਾ ਤਿਉਹਾਰ




ਮੰਡੀ ਗੋਬਿੰਦਗੜ੍ਹ, 29 ਜੁਲਾਈ (ਸੂਦ): ਮੰਡੀ ਗੋਬਿੰਦਗੜ੍ਹ ਦੇ ਪੁਰਾਣੇ ਅਤੇ ਮਸ਼ਹੂਰ ਐਸ.ਐਨ.ਏ.ਐਸ. ਆਰੀਆ ਸੀਨੀਅਰ ਸੈਕੰਡਰੀ ਸਕੂਲ ਵਿਖੇ 'ਤੀਜ' ਦਾ ਤਿਉਹਾਰ ਉਤਸ਼ਾਹ ਅਤੇ ਰਵਾਇਤੀ ਭਾਵਨਾ ਨਾਲ ਮਨਾਇਆ ਗਿਆ। ਸਕੂਲ ਦਾ ਵਿਹੜਾ ਲੋਕ ਸੰਗੀਤ, ਨਾਚ ਅਤੇ ਸੱਭਿਆਚਾਰਕ ਪ੍ਰਦਰਸ਼ਨਾਂ ਨਾਲ ਗੂੰਜ ਉੱਠਿਆ। ਜਸ਼ਨ ਦੀ ਸ਼ੁਰੂਆਤ ਰਵਾਇਤੀ ਰਸਮਾਂ ਨਾਲ ਹੋਈ, ਜਿਸ ਉਪਰੰਤ ਗਿੱਧਾ, ਭੰਗੜਾ ਅਤੇ ਲੋਕ ਗੀਤਾਂ ਸਮੇਤ ਮਨਮੋਹਕ ਸੱਭਿਆਚਾਰਕ ਪ੍ਰਦਰਸ਼ਨ ਕੀਤੇ ਗਏ। ਰੰਗੀਨ ਰਵਾਇਤੀ ਪਹਿਰਾਵੇ ਵਿੱਚ ਸਜੇ ਵਿਦਿਆਰਥੀਆਂ ਨੇ ਸਮਾਗਮ ਵਿੱਚ ਸੁਹਜ ਅਤੇ ਪ੍ਰਮਾਣਿਕਤਾ ਸ਼ਾਮਲ ਕੀਤੀ, ਜਿਸ ਨੇ ਨਾ ਸਿਰਫ਼ ਅਮੀਰ ਪੰਜਾਬੀ ਵਿਰਾਸਤ ਨੂੰ ਪ੍ਰਦਰਸ਼ਿਤ ਕੀਤਾ ਸਗੋਂ ਨੌਜਵਾਨ ਪੀੜ੍ਹੀ ਵਿੱਚ ਏਕਤਾ, ਪਰੰਪਰਾ ਅਤੇ ਜਸ਼ਨ ਦੀਆਂ ਕਦਰਾਂ-ਕੀਮਤਾਂ ਨੂੰ ਵੀ ਉਤਸ਼ਾਹਿਤ ਕੀਤਾ। ਵਿਸ਼ਾਲੀ ਗੋਇਲ ਅਤੇ ਮਮਤਾ ਨੇ ਸਟੇਜ ਸਕੱਤਰ ਦੀ ਵਧੀਆ ਭੂਮਿਕਾ ਨਿਭਾਈ। ਸਮਾਗਮ ਦੀ ਸਫਲਤਾ ਪ੍ਰਾਇਮਰੀ ਵਿਭਾਗ, ਕਲਾ ਅਤੇ ਸ਼ਿਲਪਕਾਰੀ ਅਧਿਆਪਕ ਅਤੇ ਵਿਦਿਆਰਥੀਆਂ ਦੀ ਮਿਹਨਤ ਦਾ ਨਤੀਜਾ ਸੀ। ਪ੍ਰਿੰਸੀਪਲ ਹਿੰਮਤ ਸਿੰਘ ਹੁੰਦਲ ਨੇ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਨੂੰ ਸੱਭਿਆਚਾਰਕ ਜੜ੍ਹਾਂ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਅਧਿਆਪਕਾਂ ਅਤੇ ਪ੍ਰਬੰਧਕ ਟੀਮ ਦੀ ਸ਼ਲਾਘਾ ਕੀਤੀ, ਜਿਸ ਨਾਲ ਸਮਾਗਮ ਨੂੰ ਜੀਵੰਤ ਅਤੇ ਪ੍ਰਭਾਵਸ਼ਾਲੀ ਬਣਾਇਆ ਗਿਆ। ਉਨ੍ਹਾਂ ਪੰਜਾਬੀ ਸੱਭਿਆਚਾਰ ਵਿੱਚ 'ਸਾਉਣ ਮਹਿਨਾ ਅਤੇ ਤੀਆਂ' ਦੀ ਮਹੱਤਤਾ 'ਤੇ ਵੀ ਚਾਨਣਾ ਪਾਇਆ। ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਗੋਪਾਲ ਸਿੰਗਲਾ ਨੇ ਸ਼ੁਭਕਾਮਨਾਵਾਂ ਦਿੱਤੀਆਂ। ਜਸ਼ਨਾਂ ਦਾ ਸਮਾਪਨ ਰਵਾਇਤੀ ਪੰਜਾਬੀ ਮਠਿਆਈਆਂ, ਮਾਲਪੂੜੇ ਅਤੇ ਖੀਰ ਨਾਲ ਹੋਇਆ। ਇਸ ਮੌਕੇ ਵਾਈਸ ਪ੍ਰਿੰਸੀਪਲ ਮੋਨਿਕਾ ਲੱਖਣਪਾਲ, ਵਰਿੰਦਰ ਵੜੈਚ, ਗੁਰਪ੍ਰੀਤ ਸਿੰਘ ਚਹਿਲ, ਸ਼ਮਾ ਕੈਂਥ, ਸੀਮਾ ਦੁੱਗਲ, ਹਰਪ੍ਰੀਤ ਕੌਰ, ਦੇਸ਼ਵਿੰਦਰ ਕੌਰ, ਮੰਜੂ ਸ਼ਰਮਾ, ਪੁਨੀਤ ਕੌਰ, ਅਨੁਲਮ ਸ਼ਰਮਾ, ਸ਼੍ਰੀਮਤੀ ਰਾਨੀ, ਵੰਦਨਾ ਬਾਂਸਲ, ਮੋਨਿਕਾ ਪਾਠਕ, ਪ੍ਰਭਜੋਤ ਕੌਰ, ਸੰਦੀਪ ਕੌਰ, ਸਿਮਰਨ ਕੌਰ, ਨਿਤਾਸ਼ਾ ਮਹਿਤਾ, ਨਿਤਿਕਾ ਅਰੋੜਾ, ਗਗਨਦੀਪ ਕੌਰ, ਮਮਤਾ ਰਾਣੀ, ਹਰਪ੍ਰੀਤ ਕੌਰ, ਸ਼੍ਰੀਮਤੀ ਸ਼ਰਮਾ, ਗੁਰਕਮਲਪ੍ਰੀਤ ਸਿੰਘ, ਵਿਕਰਮ ਕੁਮਾਰ, ਕਰਮਜੀਤ ਸਿੰਘ, ਗੋਵਿੰਦ ਰਾਮ, ਨਵਪ੍ਰੀਤ ਸਿੰਘ, ਸੰਜੀਵ ਕੁਮਾਰ, ਨਰਿੰਦਰ ਸਿੰਘ, ਜਗਜੀਤ ਸਿੰਘ ਅਤੇ ਰਮਾ ਸ਼ਰਮਾ ਆਦਿ ਹਾਜ਼ਰ ਸਨ।

## ਗੁਰਮਤਿ ਪ੍ਰਚਾਰ ਲੜੀ ਦੇ ਤਹਿਤ ਪਿੰਡ ਬੂੜਾ ਵਿਖੇ ਦੋ ਰੋਜ਼ਾ ਗੁਰਮਤਿ ਸਮਾਗਮ ਹੋਇਆ: ਬਾਬਾ ਤਰਨਜੀਤ ਸਿੰਘ ਖ਼ਾਲਸਾ

☛ ਗੁਰਮਤਿ ਸਮਾਗਮਾਂ ਦਾ ਨੌਜਵਾਨ ਲਾਹਾ ਲੈਣ: ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲੇ



ਬਟਾਲਾ, 29 ਜੁਲਾਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਗੁਰਦੁਆਰਾ ਤਪ ਅਸਥਾਨ ਸੰਤ ਬਾਬਾ ਹਜ਼ਾਰਾ ਸਿੰਘ ਜੀ ਨਿੱਕੇ ਘੁੰਮਣਾਂ ਤੋਂ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਤੇ ਬਾਬਾ ਤਰਨਜੀਤ ਸਿੰਘ ਖ਼ਾਲਸਾ ਵੱਲੋਂ ਸਮੂਹ ਇਲਾਕਾ ਨਿਵਾਸੀ ਤੇ ਸੰਗਤਾਂ ਦੇ ਸਹਿਯੋਗ ਨਾਲ ਸਿੱਖੀ ਤੋਂ ਦੂਰ ਹੋਏ ਸਿੱਖ ਨੌਜਵਾਨ ਤੇ ਸੰਗਤਾਂ ਨੂੰ ਸ੍ਰੀ ਨਿਸ਼ਾਨ ਸਾਹਿਬ ਦੇ ਝੰਡੇ ਹੇਠ ਇਕੱਤਰ ਕਰਨ ਲਈ ਬਾਬਾ ਤਰਨਜੀਤ ਸਿੰਘ ਖ਼ਾਲਸਾ ਵੱਲੋਂ ਵਿਸ਼ੇਸ਼ ਉਪਰਾਲਾ ਕਰਕੇ ਪਿੰਡ-ਪਿੰਡ ਗੁਰਮਤਿ ਸਮਾਗਮ ਰੱਖੇ ਗਏ ਹਨ। ਇਸ ਤਹਿਤ ਕਲਾਨੌਰ ਬੈਲਟ ਅੰਦਰ ਦੋ ਰੋਜ਼ਾ ਗੁਰਮਤਿ ਦੀਵਾਨ ਪਿੰਡ ਬੂੜਾ ਵਿਖੇ ਸਜਾਏ ਗਏ। ਇਨ੍ਹਾਂ ਦੀਵਾਨਾਂ ਵਿੱਚ ਬਾਬਾ ਤਰਨਜੀਤ ਸਿੰਘ ਖ਼ਾਲਸਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜਿਆ ਖ਼ਾਲਸਾ ਬਣਨਾ ਚਾਹੀਦਾ ਹੈ ਤੇ ਖੰਡੇ ਬਾਟੇ ਦੀ ਪਾਹੁਲ ਲੈ ਕੇ ਗੁਰੂ ਵਾਲੇ ਬਣਨਾ ਚਾਹੀਦਾ ਹੈ। ਸਿੱਖ ਸੰਗਤਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ ਤੇ ਜਿਹੜੇ ਲੋਕ ਕਿਸੇ ਲਾਲਚ ਜਾਂ ਕਿਸੇ ਹੋਰ ਕਾਰਨ ਸਿੱਖ ਧਰਮ ਨੂੰ ਛੱਡ ਕੇ ਕਿਸੇ ਹੋਰ ਧਰਮਾਂ ਦਾ ਆਸਰਾ ਲੈ ਰਹੇ ਹਨ, ਉਹ ਆਪਣੇ ਘਰਾਂ ਵਿੱਚ ਵਾਪਸੀ ਕਰਨ ਕਿਉਂਕਿ ਇਹ ਸਿੱਖ ਧਰਮ ਉਨ੍ਹਾਂ ਦਾ ਆਪਣਾ ਧਰਮ ਹੈ ਤੇ ਖੰਡੇ ਬਾਟੇ ਦੀ ਪਾਹੁਲ ਲੈਣ। ਬਾਬਾ ਤਰਨਜੀਤ ਸਿੰਘ ਨੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਆ। ਬਾਬਾ ਤਰਨਜੀਤ ਸਿੰਘ ਖ਼ਾਲਸਾ ਨੇ ਦੱਸਿਆ ਕਿ ਇਹ ਗੁਰਮਤਿ ਸਮਾਗਮ ਨਿਰੋਲ ਨਿਸ਼ਕਾਮ ਹੋ ਰਹੇ ਹਨ ਤੇ ਕਿਸੇ ਵੀਰ ਤਰ੍ਹਾਂ ਦੀ ਕੋਈ ਵੀ ਭੇਟਾ ਨਹੀਂ ਲਈ ਜਾ ਰਹੀ ਇੱਥੋਂ ਤੱਕ ਕਿ ਸਮਾਗਮਾਂ ਲਈ ਟੈਂਟ, ਸਟੇਜ ਦੀ ਤਿਆਰੀ ਤੇ ਸਾਊਂਡ ਆਦਿ ਵੀ ਗੁਰਦੁਆਰਾ ਤਪ ਅਸਥਾਨ ਸਾਹਿਬ ਵੱਲੋਂ ਹੀ ਲਗਾਇਆ ਜਾਂਦਾ ਹੈ। ਬਾਬਾ ਤਰਨਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਉਦੇਸ਼ ਬਸ ਵੱਧ ਤੋਂ ਵੱਧ ਸੰਗਤਾਂ ਨੂੰ ਸਿੱਖੀ ਨਾਲ ਜੋੜਨਾ ਹੈ। ਇਸ ਮੌਕੇ 'ਤੇ ਪਰਮਿੰਦਰ ਸਿੰਘ ਪੰਮਾ, ਸਤਨਾਮ ਸਿੰਘ ਘੁੰਮਣ, ਜਥੇਦਾਰ ਹਰਪਾਲ ਸਿੰਘ ਕੈਲੇ ਕਲਾਂ, ਨਰਿੰਦਰ ਸਿੰਘ ਘੁੰਮਣ, ਸਰਦੂਲ ਸਿੰਘ ਘੁੰਮਣ, ਕਰਮਜੀਤ ਸਿੰਘ ਘੁੰਮਣ, ਸੁਰਜੀਤ ਸਿੰਘ, ਜਤਿੰਦਰ ਸਿੰਘ ਵੜੈਚ, ਮਨਜੀਤ ਸਿੰਘ ਘੁੰਮਣ, ਮਨਜੀਤ ਸਿੰਘ ਸੋਨੀ ਜੋੜਾ ਆਦਿ ਹਾਜ਼ਰ ਹੋਏ।

## ਕ੍ਰਿਤਿਕਾ ਗੋਇਲ ਨੇ ਐੱਸ.ਡੀ.ਐੱਮ. ਵਜੋਂ ਅਹੁਦਾ ਸੰਭਾਲਿਆ



ਬਲਾਚੌਰ, 29 ਜੁਲਾਈ (ਸੁਖਦੇਵ ਸਿੰਘ ਉੜਾਪੜ): ਭਾਰਤੀ ਪ੍ਰਸ਼ਾਸਨਿਕ ਸੇਵਾਵਾਂ ਦੇ 2023 ਬੈਚ ਦੇ ਅਧਿਕਾਰੀ ਕ੍ਰਿਤਿਕਾ ਗੋਇਲ ਨੇ ਅੱਜ ਇੱਥੇ ਬਤੌਰ ਸਬ-ਡਵੀਜ਼ਨਲ ਮੈਜਿਸਟ੍ਰੇਟ ਵਜੋਂ ਅਹੁਦਾ ਸੰਭਾਲਦਿਆਂ ਕਿਹਾ ਕਿ ਲੋਕਾਂ ਨੂੰ ਨਾਗਰਿਕ ਸੇਵਾਵਾਂ ਹੋਰ ਵੀ ਸੁਚੱਜੇ ਢੰਗ ਨਾਲ ਪ੍ਰਦਾਨ ਕਰਵਾਉਣਾ, ਭਲਾਈ ਸਕੀਮਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਪਹੁੰਚਾਉਣਾ ਤੇ ਹੋਰ ਵੀ ਬਿਹਤਰ ਢੰਗ ਨਾਲ ਪ੍ਰਸ਼ਾਸਨਿਕ ਕੰਮ ਕਰਨਾ ਉਨ੍ਹਾਂ ਦੀ ਤਰਜੀਹ ਰਹੇਗੀ। ਐੱਸ.ਡੀ.ਐੱਮ. ਕ੍ਰਿਤਿਕਾ ਗੋਇਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਵੀ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਉਪਰਾਲੇ ਕੀਤੇ ਜਾਣਗੇ ਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕੀਤਾ ਜਾਵੇਗਾ। ਪੰਜਾਬ ਦੇ ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਆਈ.ਏ.ਐੱਸ. ਕ੍ਰਿਤਿਕਾ ਗੋਇਲ ਐੱਸ.ਡੀ.ਐੱਮ. ਵਜੋਂ ਚਾਰਜ ਲੈਣ ਤੋਂ ਪਹਿਲਾਂ ਲੁਧਿਆਣਾ ਵਿਖੇ ਬਤੌਰ ਸਹਾਇਕ ਕਮਿਸ਼ਨਰ ਸੇਵਾਵਾਂ ਦੇ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜਨਤਕ ਮਸਲਿਆਂ ਦਾ ਸਮਾਂਬੱਧ ਨਿਪਟਾਰਾ ਤੇ ਲੋਕਾਂ ਦੇ ਰੋਜ਼ਾਨਾ ਦੇ ਕੰਮਾਂ ਨੂੰ ਘੱਟੋ-ਘੱਟ ਸਮੇਂ ਵਿੱਚ ਕਰਵਾਉਣ ਲਈ ਵੀ ਵਿਸ਼ੇਸ਼ ਤਵੱਜੋ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਆਈ.ਏ.ਐੱਸ. ਕ੍ਰਿਤਿਕਾ ਗੋਇਲ ਦੇ ਪਤੀ ਆਯੁਸ਼ ਗੋਇਲ ਵੀ 2023 ਬੈਚ ਦੇ ਆਈ.ਏ.ਐੱਸ. ਅਧਿਕਾਰੀ ਹਨ ਤੇ ਅਹੁਦਾ ਸੰਭਾਲਣ ਸਮੇਂ ਉਹ ਵੀ ਮੌਜੂਦ ਰਹੇ। ਐੱਸ.ਡੀ.ਐੱਮ. ਗੋਇਲ ਦੇ ਪਿਤਾ ਸੇਵਾਮੁਕਤ ਜੱਜ ਤੇ ਮਾਤਾ ਸੇਵਾਮੁਕਤ ਅਧਿਆਪਕ ਹਨ, ਜਦਕਿ ਉਨ੍ਹਾਂ ਦੇ ਭਰਾ ਆਈ.ਪੀ.ਐੱਸ. ਅਧਿਕਾਰੀ ਹਨ।

## ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦੇ ਮੈਂਬਰ ਪ੍ਰੀਤੀ ਚਾਵਲਾ ਵੱਲੋਂ ਸਕੂਲਾਂ ਤੇ ਆਂਗਨਵਾੜੀ ਕੇਂਦਰਾਂ ਦਾ ਅਚਨਚੇਤ ਦੌਰਾ



ਸ਼ਹੀਦ ਭਗਤ ਸਿੰਘ ਨਗਰ, 29 ਜੁਲਾਈ (ਸੁਖਦੇਵ ਸਿੰਘ ਉੜਾਪੜ): ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦੇ ਮੈਂਬਰ ਪ੍ਰੀਤੀ ਚਾਵਲਾ ਨੇ ਅੱਜ ਸ਼ਹੀਦ ਭਗਤ ਸਿੰਘ ਨਗਰ ਦੇ ਵੱਖ-ਵੱਖ ਸਰਕਾਰੀ ਸਕੂਲਾਂ ਤੇ ਆਂਗਨਵਾੜੀ ਕੇਂਦਰਾਂ ਦਾ ਅਚਨਚੇਤ ਦੌਰਾ ਕੀਤਾ ਤੇ ਲਾਭਕਾਰੀ ਸਕੀਮਾਂ ਦਾ ਨਿਰੀਖਣ ਕੀਤਾ। ਕਮਿਸ਼ਨ ਦੇ ਮੈਂਬਰ ਪ੍ਰੀਤੀ ਚਾਵਲਾ ਨੇ ਪਿੰਡ ਸਨਾਵਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਮਿਡ-ਡੇ-ਮੀਲ ਤੇ ਆਂਗਨਵਾੜੀ ਕੇਂਦਰ ਦੀ ਚੈਕਿੰਗ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ, ਸਰਕਾਰੀ ਪ੍ਰਾਇਮਰੀ ਹਾਈ ਸਕੂਲ ਸਲੋਹ ਤੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਜੇਠੂ ਮਜਾਰਾ ਦਾ ਅਚਨਚੇਤ ਦੌਰਾ ਕੀਤਾ। ਉਨ੍ਹਾਂ ਸਕੂਲਾਂ ਵਿਚ ਮਿਡ-ਡੇ-ਮੀਲ ਫੂਡ ਸੇਫਟੀ ਰਜਿਸਟਰ ਨੂੰ ਮੇਨਟੇਨ ਰੱਖਣ, ਬੱਚਿਆਂ ਨੂੰ ਸਾਫ਼-ਸੁਥਰਾ ਭੋਜਨ ਮੁਹੱਈਆ ਕਰਵਾਉਣ ਤੇ ਖਾਣਾ ਬਣਾਉਣ ਤੇ ਪਰੋਸਣ ਸਮੇਂ ਸਾਫ਼-ਸਫ਼ਾਈ ਦਾ ਧਿਆਨ ਰੱਖਣ ਦੀਆਂ ਹਦਾਇਤਾਂ ਦਿੱਤੀਆਂ। ਕਮਿਸ਼ਨ ਦੇ ਮੈਂਬਰ ਨੇ ਸਕੂਲੀ ਵਿਦਿਆਰਥੀਆਂ ਨਾਲ ਮਿਡ-ਡੇ-ਮੀਲ ਬਾਰੇ ਗੱਲਬਾਤ ਕੀਤੀ ਤੇ ਬੱਚਿਆਂ ਨਾਲ ਮਿਡ-ਡੇ-ਮੀਲ ਖ਼ੁਦ ਵੀ ਖਾਧਾ। ਉਨ੍ਹਾਂ ਹਦਾਇਤ ਕੀਤੀ ਕਿ ਸਕੂਲਾਂ ਵਿਚ ਟੀ.ਡੀ.ਐੱਸ. ਤੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਦੀ ਜਾਂਚ ਸਬੰਧਤ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਕੀਤੀ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਸਕੂਲੀ ਵਿਦਿਆਰਥੀਆਂ ਦੀ ਸਿਹਤ ਜਾਂਚ ਕਰਵਾਉਣ ਦੇ ਨਿਰਦੇਸ਼ ਦਿੱਤੇ ਤੇ ਮਿਡ-ਡੇ-ਮੀਲ ਵਰਕਰਾਂ ਦਾ ਮੈਡੀਕਲ ਚੈਕਅੱਪ ਕਰਨ ਦੇ ਵੀ ਨਿਰਦੇਸ਼ ਦਿੱਤੇ। ਆਂਗਨਵਾੜੀ ਕੇਂਦਰਾਂ ਦੀ ਚੈਕਿੰਗ ਕਰਦਿਆਂ ਉਨ੍ਹਾਂ ਇੰਚਾਰਜਾਂ ਤੇ ਹੈਲਪਰਾਂ ਨੂੰ ਹਦਾਇਤ ਕੀਤੀ ਕਿ ਉਹ ਵੱਧ ਤੋਂ ਵੱਧ ਲਾਭਪਾਤਰੀਆਂ ਨੂੰ ਸਰਕਾਰ ਦੀਆਂ ਨਵੀਨਤਮ ਸਕੀਮਾਂ ਬਾਰੇ ਜਾਣਕਾਰੀ ਦੇਣ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ, ਸਰਕਾਰੀ ਰਾਸ਼ਨ ਡਿਪੂਆਂ ਤੇ ਆਂਗਨਵਾੜੀ ਕੇਂਦਰਾਂ ਵਿਚ ਪੰਜਾਬ ਰਾਜ ਖ਼ੁਰਾਕ ਕਮਿਸ਼ਨ ਦਾ ਹੈਲਪਲਾਈਨ ਨੰਬਰ ਲਗਾਉਣ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਵੀ ਲਾਭਪਾਤਰੀ ਨੂੰ ਰਾਸ਼ਟਰੀ ਖ਼ੁਰਾਕ ਸੁਰੱਖਿਆ ਐਕਟ ਦੀਆਂ ਸਕੀਮਾਂ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਉਹ ਕਮਿਸ਼ਨ ਦੇ ਹੈਲਪ ਲਾਈਨ ਨੰਬਰ 9876764545 'ਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ।

## ਲੈਂਡ ਪੂਲਿੰਗ ਪਾਲਿਸੀ ਵਾਪਸ ਲਵੇ ਸਰਕਾਰ, ਅੱਜ ਹੋਵੇਗਾ ਟਰੈਕਟਰ ਮਾਰਚ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 29 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਹੱਕਾਂ 'ਤੇ ਵੱਡਾ ਡਾਕਾ ਮਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਕਿਸਾਨਾਂ ਦੇ ਵਿਰੋਧ ਵਿਚ ਸਰਕਾਰ ਵੱਲੋਂ ਗਲਤ ਫੈਸਲੇ ਕੀਤੇ ਜਾ ਰਹੇ ਹਨ। ਇਨ੍ਹਾਂ ਗੱਲਾਂ ਦਾ ਪੱਤਰਕਾਰਾਂ ਨਾਲ ਪ੍ਰਗਟਾਵਾ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਸੂਬਾ ਸਲਾਹਕਾਰ ਸਾਹਿਬ ਸਿੰਘ ਘੁਮਾਣ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਹੱਕਾਂ 'ਤੇ ਡਾਕਾ ਮਾਰਿਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਪਾਲਿਸੀ ਨੂੰ ਕਿਸਾਨਾਂ 'ਤੇ ਧੱਕੇ ਨਾਲ ਥੋਪਿਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਕਿਸਾਨਾਂ ਦੀ ਜ਼ਮੀਨ ਨੂੰ ਐਕਵਾਇਰ ਨਹੀਂ ਕੀਤਾ ਜਾਣ ਦੇਵਾਂਗਾ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਲੈਂਡ ਪੂਲਿੰਗ ਪਾਲਿਸੀ ਨੂੰ ਤੁਰੰਤ ਰੱਦ ਕਰੇ ਨਹੀਂ ਤਾਂ ਤਿੰਨੇ ਖੇਤੀ ਕਾਨੂੰਨਾਂ ਨੂੰ ਲੈ ਕੇ ਜਿਵੇਂ ਦਿੱਲੀ ਧਰਨਾ ਲਗਾਇਆ ਸੀ ਉਸੇ ਤਰ੍ਹਾਂ ਹੀ ਧਰਨਾ ਪੰਜਾਬ ਸਰਕਾਰ ਖ਼ਿਲਾਫ਼ ਲਗਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਪਿੰਡੋਂ-ਪਿੰਡ ਮੀਟਿੰਗਾਂ ਕਰਕੇ ਕਿਸਾਨਾਂ ਨੂੰ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਸਬੰਧੀ ਲਾਮਬੰਦ ਕੀਤਾ ਜਾਵੇਗਾ ਤੇ 30 ਤਰੀਕ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਵੱਲੋਂ ਕੱਢੇ ਜਾ ਰਹੇ ਟਰੈਕਟਰ ਮਾਰਚ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਘੁਰਾਲਾ ਵਿਖੇ ਵੱਡੀ-ਵੱਡੀ ਗਿਣਤੀ ਵਿਚ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਆਗੂ ਤੇ ਵਰਕਰ ਸ਼ਮੂਲੀਅਤ ਕਰਨਗੇ।

## ਲੋਕਾਂ ਦੇ ਸਹਿਯੋਗ ਨਾਲ ਪੰਜਾਬ ਨੂੰ ਨਸ਼ਾ ਮੁਕਤ ਬਣਾਵਾਂਗੇ: ਵਿਧਾਇਕ ਅਮਰਪਾਲ ਸਿੰਘ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 29 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਿਆਂ ਨੂੰ ਖਤਮ ਕਰਕੇ ਰੰਗਲਾ ਪੰਜਾਬ ਦੀ ਸਿਰਜਣਾ ਲਈ ਆ ਰਹੇ ਸਾਰਥਿਕ ਨਤੀਜਿਆਂ ਵਜੋਂ ਪੰਜਾਬ ਦੇ ਨੌਜਵਾਨਾਂ ਦੀ ਸਿਹਤਮੰਦ ਸੋਚ 'ਤੇ ਸੁਚੱਜੀ ਜ਼ਿੰਦਗੀ ਜਿਊਣ ਸਬੰਧੀ ਉਸਾਰੂ ਤਬਦੀਲੀ ਆਈ ਹੈ ਤੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਹੋ ਰਹੀਆਂ 'ਨਸ਼ਾ ਮੁਕਤੀ ਜਾਗਰੂਕਤਾ ਯਾਤਰਾਵਾਂ' ਤੋਂ ਪ੍ਰੇਰਿਤ ਹੋ ਕੇ ਲੋਕ ਨਸ਼ਿਆਂ ਤੋਂ ਕਿਨਾਰਾ ਕਰਨ ਲਈ ਅੱਗੇ ਆ ਰਹੇ ਹਨ। ਉਨ੍ਹਾਂ ਪਿੰਡ ਕੋਟਲਾ ਬੱਝਾ ਸਿੰਘ ਵਿਖੇ ਕੀਤੀ 'ਨਸ਼ਾ ਮੁਕਤੀ ਯਾਤਰਾ' ਦੌਰਾਨ ਪਿੰਡ ਵਾਸੀਆਂ ਨੂੰ ਨਸ਼ਿਆਂ ਦੇ ਖਾਤਮੇ ਲਈ ਅੱਗੇ ਆਉਣ ਦੀ ਅਪੀਲ ਕਰਦਿਆਂ ਸਹੁੰ ਵੀ ਚੁਕਾਈ। ਵਿਧਾਇਕ ਅਮਰਪਾਲ ਸਿੰਘ ਨੇ ਕਿਹਾ ਕਿ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਆਪਣੇ ਪਿੰਡ ਵਿੱਚ ਨਸ਼ਿਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਤੇ ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਪੰਜਾਬ ਨੂੰ ਨਸ਼ਾ ਮੁਕਤ ਬਣਾਵਾਂਗੇ। ਨਸ਼ਾ ਤਸਕਰ ਪੁਲਿਸ ਦੀ ਗ੍ਰਿਫਤ ਵਿੱਚ ਆ ਰਹੇ ਹਨ ਤੇ ਤਸਕਰਾਂ ਵੱਲੋਂ ਨਸ਼ਿਆਂ ਦੀ ਕਾਲੀ ਕਮਾਈ ਤੋਂ ਕੀਤੀਆਂ ਗਈਆਂ ਨਾਜਾਇਜ਼ ਉਸਾਰੀਆਂ ਨੂੰ ਬੁਲਡੋਜ਼ਰ ਨਾਲ ਤਹਿਸ-ਨਹਿਸ ਕੀਤਾ ਜਾ ਰਿਹਾ ਹੈ। ਇਸ ਮੌਕੇ 'ਤੇ ਪੀ.ਏ. ਸੁਖਦੇਵ ਸਿੰਘ ਰੋਮੀ, ਪੀ.ਏ. ਨਵ ਢਿੱਲਣ, ਸਰਪੰਚ ਸੁਖਰਾਜ ਸਿੰਘ ਕਾਹਲੋਂ, ਸੋਸ਼ਲ ਮੀਡੀਆ ਇੰਚਾਰਜ ਮੁਖਤਾਰ ਸਿੰਘ ਬੋਹਜਾ, ਬਲਾਕ ਪ੍ਰਧਾਨ ਨਰਿੰਦਰ ਸਿੰਘ ਰੰਧਾਵਾ, ਜ਼ਿਲ੍ਹਾ ਮੀਡੀਆ ਇੰਚਾਰਜ ਪਰਮਜੀਤ ਸਿੰਘ ਰਾਣਾ ਘੁਮਾਣ, ਜ਼ਿਲ੍ਹਾ ਸਕੱਤਰ ਬਲਜੀਤ ਸਿੰਘ ਸੋਨੀ ਘੁਮਾਣ, ਸਰਪੰਚ ਜੀਵਨ ਸਿੰਘ ਘੁਮਾਣ, ਸਰਪੰਚ ਗੁਰਮੀਤ ਸਿੰਘ ਪੰਨੂੰ, ਸਾਬਕਾ ਸਰਪੰਚ ਮਨਜੀਤ ਸਿੰਘ ਹਰਦਾਨ, ਸਾਬਕਾ ਸਰਪੰਚ ਸਿਕੰਦਰ ਸਿੰਘ ਕਰਨਾਮਾ, ਸਰਪੰਚ ਨਿਸ਼ਾਨ ਸਿੰਘ ਪਾਰਸ, ਸੋਸ਼ਲ ਮੀਡੀਆ ਇੰਚਾਰਜ ਸੁਖਦੇਵ ਸਿੰਘ ਸੱਖੋਵਾਲ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਤੇ ਮੋਹਤਬਰ ਹਾਜ਼ਰ ਸਨ।

## ਬਾਬਾ ਸ੍ਰੀ ਚੰਦ੍ਰ ਜੀ ਦੇ 531ਵੇਂ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਸਬੰਧੀ ਤਿਆਰੀਆਂ ਆਰੰਭ



ਬਟਾਲਾ, 29 ਜੁਲਾਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਉਦਾਸੀਨ ਪਿੱਤਾ ਧੰਨ-ਧੰਨ ਬਾਬਾ ਸ੍ਰੀ ਚੰਦ ਜੀ ਦਾ 531ਵਾਂ ਪ੍ਰਕਾਸ਼ ਦਿਹਾੜਾ ਮਨਾਉਣ ਦੇ ਸਬੰਧ 'ਚ ਮੀਟਿੰਗ ਮਹੰਤ ਹਰੀ ਕ੍ਰਿਸ਼ਨ ਦਾਸ ਦੀ ਰਹਿਨੁਮਾਈ 'ਚ ਤਪ ਅਸਥਾਨ ਮੰਦਰ ਬਾਬਾ ਸ੍ਰੀ ਚੰਦ੍ਰ ਜੀ ਨਾਨਕ ਚੱਕ 'ਚ ਹੋਈ। ਗੱਦੀ ਨਸ਼ੀਨ ਮਹੰਤ ਹਰੀ ਕ੍ਰਿਸ਼ਨ ਦਾਸ ਜੀ ਨੇ ਜਾਣਕਾਰੀ ਦਿੰਦੇ ਹੋਇਆ ਦੱਸਿਆ ਕਿ ਧੰਨ-ਧੰਨ ਬਾਬਾ ਸ੍ਰੀ ਚੰਦ੍ਰ ਜੀ ਦਾ 531ਵਾਂ ਪ੍ਰਕਾਸ਼ ਦਿਹਾੜਾ ਮਨਾਉਣ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆ ਹਨ। ਸੰਗਤਾਂ ਦੇ ਪ੍ਰਬੰਧ ਕਰਨ ਵਾਸਤੇ ਸੇਵਾਦਾਰਾਂ ਦੀਆਂ ਵੱਖ-ਵੱਖ ਥਾਵਾਂ 'ਤੇ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਤਾਂ ਕਿ ਨਤਮਸਤਕ ਹੋਣ ਆ ਰਹੀਆਂ ਸੰਗਤਾਂ ਨੂੰ ਕਿਸੇ ਵੀ ਪ੍ਰੇਸ਼ਾਨੀ ਜਾਂ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਮਹੰਤ ਜੀ ਨੇ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 13 ਅਗਸਤ ਤੋਂ ਆਰੰਭ ਹੋ ਕੇ 2 ਸਤੰਬਰ ਨੂੰ ਸਮਾਪਤੀ ਹੋਵੇਗੀ, ਅਖੰਡ ਪਾਠ ਸਾਹਿਬ ਜੀ ਦੀ ਲੜੀ ਧੰਨ-ਧੰਨ ਬਾਬਾ ਸ੍ਰੀ ਚੰਦ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਚਲਾਈ ਜਾਵੇਗੀ। ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਨਵ-ਨਿਰਮਾਣ ਦੀਵਾਨ ਹਾਲ ਵਿੱਚ ਪ੍ਰਸਿੱਧ ਰਾਗੀ-ਢਾਡੀ, ਕਥਾ ਵਾਚਕ, ਕਵੀਸ਼ਰ ਜੱਥੇ, ਸੰਤ ਮਹਾਂਪੁਰਸ਼ ਗੁਰਬਾਣੀ ਤੇ ਬਾਬਾ ਜੀ ਦੀ ਜੀਵਨ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਉਣਗੇ। ਇਸ ਮੌਕੇ 'ਤੇ ਸੇਵਾਦਾਰਾਂ 'ਚ ਰਵਿੰਦਰ ਮੁਨੀ, ਦੁਰਗਾ ਪ੍ਰਸਾਦ, ਰੰਮੀ ਅਲੀਵਾਲ, ਮਾਸਟਰ ਸੰਦੀਪ ਸਿੰਘ, ਸੰਦੀਪ ਬੇਦੀ ਸਾਬਕਾ ਸਰਪੰਚ, ਯਾਦਵਿੰਦਰ ਕਾਦੀਆਂ, ਜਸ ਲੋਧੀਨੰਗਲ, ਗੁਰਲਾਲ ਸਿੰਘ ਫੌਜੀ ਗੁੱਜਰਪੁਰਾ, ਦੁਰਲੱਭਜੀਤ ਸਿੰਘ ਸਾਬਕਾ ਸਰਪੰਚ ਪਤੀ ਪਖੋਕਾਂ, ਜਗਜੀਤ ਸਿੰਘ ਪ੍ਰਿੰਸ ਢੱਲਾ, ਰਣਜੋਧ ਸਿੰਘ, ਜੱਸ ਲੋਧੀਨੰਗਲ, ਮਨਪ੍ਰੀਤ ਸਿੰਘ ਪਟਵਾਰੀ, ਗੁਰਲਾਲ ਸਿੰਘ ਗੋਲਾ, ਨੀਰਜ ਬੇਦੀ ਸਾਬਕਾ ਸਰਪੰਚ, ਮਨਪ੍ਰੀਤ ਪਟਵਾਰੀ, ਇੰਦਰਜੀਤ ਸਿੰਘ ਐੱਸ.ਜੀ.ਪੀ.ਸੀ., ਰਣਜੀਤ ਸਿੰਘ ਸਾਬਕਾ ਸਰਪੰਚ ਕੋਟਲੀ ਥਾਬਲਾਂ, ਸਤਨਾਮ ਸਿੰਘ ਕਾਦਰਾਬਾਦ, ਜਗਰੂਪ ਸਿੰਘ, ਜਗਪ੍ਰੀਤ ਸਿੰਘ, ਹੁਸਨ ਜਾਂਗਲਾ, ਗੁਰੀ ਘਣੀਆ ਕਰਨ ਲੰਗਰਵਾਲ ਕੁਲਬੀਰ ਜਾਂਗਲਾ ਰਜਿੰਦਰ ਸਿੰਘ ਪਵਨ ਗੁਜਰਪੂਰਾ, ਅੰਮ੍ਰਿਤਪਾਲ ਸਿੰਘ ਸ਼ੈਕੀ ਜਸ਼ਨ ਕੋਟਲਾ ਬਾਮਾ ਧਰਮਵੀਰ ਆਦਿ ਸ਼ਾਮਲ ਸਨ।

## ਸ.ਫ਼ਾਈ ਕਰਮਚਾਰੀਆਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਹੋਣਗੀਆਂ: ਦਲਜੀਤ ਸਿੰਘ ਲੱਕੀ



ਬਟਾਲਾ, 29 ਜੁਲਾਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਹਲਕਾ ਇੰਚਾਰਜ ਸੰਗਠਨ ਦਲਜੀਤ ਸਿੰਘ ਲੱਕੀ ਵੱਲੋਂ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਤਹਿਤ ਨਗਰ ਕੌਂਸਲ ਦਫ਼ਤਰ ਫਤਹਿਗੜ੍ਹ ਚੂੜੀਆਂ ਵਿਖੇ ਪਹੁੰਚ ਕੇ ਸਫਾਈ ਕਰਮਚਾਰੀਆਂ ਦੀ ਸਮੱਸਿਆਵਾਂ ਸੁਣੀਆਂ ਤੇ ਮੌਕੇ 'ਤੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਸਿਫਾਰਸ਼ ਕੀਤੀ ਤੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਮੁਸ਼ਕਿਲਾਂ ਜਲਦ ਹੱਲ ਹੋ ਜਾਣਗੀਆਂ। ਇਸ ਮੌਕੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਿੱਥੇ ਪਾਰਟੀ ਵਰਕਰ ਦਿਨ ਰਾਤ ਇੱਕ ਕਰ ਰਹੇ ਹਨ, ਉਥੇ ਪਿੰਡਾਂ ਵਿੱਚ ਪਹੁੰਚ ਕੇ ਆਮ ਲੋਕਾਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਝ ਸਮਾਂ ਪਹਿਲਾਂ ਘਰਾਂ ਵਿੱਚ ਨਿਰਾਸ਼ਾ ਦੇ ਆਲਮ 'ਚ ਬੈਠ ਗਏ ਸਨ। ਅੱਜ ਫਿਰ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਇੱਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੇਰੇ ਹਲਕੇ ਦੇ ਸੀਨੀਅਰ ਆਗੂ ਤੇ ਪੁਰਾਣੇ ਵਰਕਰ ਉਹ ਮੇਰੇ ਭਰਾਵਾਂ ਵਾਂਗ ਹਨ ਤੇ ਮੇਰਾ ਹਲਕਾ ਪੂਰਾ ਪਰਿਵਾਰ ਦੀ ਤਰ੍ਹਾਂ ਹੈ, ਜੇ ਕਿਸੇ ਨੂੰ ਕੋਈ ਵੀ ਮੁਸ਼ਕਿਲ ਆਉਂਦੀ ਹੈ ਤਾਂ ਉਹ ਮੈਨੂੰ ਦੱਸ ਸਕਦਾ ਹੈ ਤੇ ਮੈਂ ਉਸਦੀ ਸਮੱਸਿਆ ਦਾ ਹੱਲ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗਾ। ਇਸ ਤੋਂ ਇਲਾਵਾ ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ



ਕਾਹਨੂੰਵਾਨ, 29 ਜੁਲਾਈ (ਕੁਲਜੀਤ ਸਿੰਘ ਖੋਖਰ): ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ. 295 ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੀ ਮਹੀਨਾਵਾਰ ਮੀਟਿੰਗ ਸੁੱਕਾ ਤਲਾਬ ਪਾਰਕ ਗੁਰਦਾਸਪੁਰ ਵਿਖੇ ਜ਼ਿਲ੍ਹਾ ਪ੍ਰਧਾਨ ਡਾ. ਪਿਆਰਾ ਸਿੰਘ ਹੰਬੋਵਾਲ ਦੀ ਰਹਿਨੁਮਾਈ ਹੇਠ ਹੋਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਡਾ. ਪਿਆਰਾ ਸਿੰਘ ਹੰਬੋਵਾਲ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ 1917 ਦੀ ਇਲੈਕਸ਼ਨ ਦੌਰਾਨ ਵੀ ਤੇ 2022 ਦੀਆਂ ਵੋਟਾ ਦੌਰਾਨ ਆਮ ਪਾਰਟੀ ਦੇ ਉਮੀਦਵਾਰਾਂ ਵੱਲੋਂ ਪੰਜਾਬ ਭਰ ਮੈਡੀਕਲ ਪ੍ਰੈਕਟੀਸ਼ਨਰਾਂ ਨਾਲ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਬਣਨ 'ਤੇ ਇਸ ਮਸਲੇ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਪਰ ਅਫਸੋਸ ਕਿ ਤਿੰਨ ਸਾਲ ਬੀਤ ਜਾਣ ਦੇ ਬਾਵਜੂਦ ਵੀ ਸਾਡਾ ਮਸਲਾ ਹਲ ਨਹੀਂ ਕੀਤਾ ਗਿਆ। ਉਨ੍ਹਾਂ ਪੰਜਾਬ ਸਰਕਾਰ ਨੂੰ ਪੁਰਜ਼ੋਰ ਬੇਨਤੀ ਕਰਦਿਆਂ ਕਿਹਾ ਕਿ ਸਾਡੀ ਇੱਕੋ ਮੰਗ ਆ ਕਿ ਪੰਜਾਬ ਵਿੱਚ ਲਗਭਗ ਡੇਢ ਤੋਂ ਦੋ ਲੱਖ ਦੇ ਕਰੀਬ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਰਜਿਸਟਰਡ ਕੀਤਾ ਜਾਵੇ ਤਾਂ ਜੋ ਬਿਨਾਂ ਕਿਸੇ ਡਰ 'ਤੇ ਪ੍ਰੈਕਟਿਸ ਕਰ ਸਕਣ। ਇਸ ਮੌਕੇ ਜ਼ਿਲ੍ਹਾ ਗੁਰਦਾਸਪੁਰ ਦੇ ਸੀਨੀਅਰ ਆਗੂਆਂ ਵਿੱਚੋਂ ਪੰਜਾਬ ਦੇ ਸੀਨਅਰ ਮੀਤ ਪ੍ਰਧਾਨ ਡਾ. ਅਵਤਾਰ ਸਿੰਘ ਕਿਲਾ ਲਾਲ ਸਿੰਘ, ਜ਼ਿਲ੍ਹਾ ਚੇਅਰਮੈਨ ਡਾ. ਗੁਰਨੇਕ ਸਿੰਘ ਹਰਚੋਵਾਲ, ਜ਼ਿਲ੍ਹਾ ਜਨਰਲ ਸਕੱਤਰ ਡਾ. ਭੁਪਿੰਦਰ ਸਿੰਘ ਗਿੱਲ, ਜ਼ਿਲ੍ਹਾ ਕੈਸ਼ੀਅਰ ਡਾ. ਕਸ਼ਮੀਰ ਸਿੰਘ ਕਾਹਲੋਂ, ਮੁੱਖ ਸਲਾਹਕਾਰ ਡਾ. ਸਤਪਾਲ ਡਡਵਾਂ, ਸਹਾਇਕ ਚੇਅਰਮੈਨ ਡਾ. ਸ਼ਾਮ ਲਾਲ ਦੀਨਾਨਗਰ, ਸਹਾਇਕ ਸਲਾਹਕਾਰ ਡਾ. ਜਗਜੀਵਨ ਭੁੰਬਲੀ, ਬਲਾਕ ਕਲਾਨੌਰ ਦੇ ਪ੍ਰਧਾਨ ਡਾ. ਅਜੀਜ ਮਸੀਹ, ਜ਼ਿਲ੍ਹਾ ਕਮੇਟੀ ਮੈਂਬਰ ਡਾ. ਪਵਨ ਕੁਮਾਰ ਦੀਨਾਨਗਰ, ਜ਼ਿਲ੍ਹਾ ਕਮੇਟੀ ਮੈਂਬਰ ਡਾ. ਰਜਿੰਦਰਪਾਲ ਸਿੰਘ ਕਲਿਆਣਪੁਰ, ਡਾ. ਰਛਪਾਲ ਸਿੰਘ ਛੋਟੇਪੁਰ, ਡਾ. ਅਸ਼ੋਕ ਸ਼ਰਮਾ ਦੀਨਨਗਰ, ਡਾ. ਪ੍ਰੇਮ ਕੁਮਾਰ ਦੀਨਾਨਗਰ, ਡਾ. ਅਸ਼ੋਕ ਬਲੱਗਣ, ਡਾ. ਰਕੇਸ਼ ਕੁਮਾਰ ਦੀਨਾਨਗਰ, ਡਾ. ਜਰਮਨ ਸਿੰਘ ਕਲਾਨੌਰ ਆਦਿ ਆਗੂ ਹਾਜ਼ਰ ਹੋਏ।

## ਇੱਕ ਕਰੋੜ 97 ਲੱਖ ਦੀ ਲਾਗਤ ਨਾਲ ਤਿੰਨ ਕਿਲੇ ਜ਼ਮੀਨ 'ਚ ਲੱਗੇਗਾ ਵਾਟਰ ਟਰੀਟਮੈਂਟ ਪਲਾਂਟ



ਕਾਦੀਆਂ, 29 ਜੁਲਾਈ (ਸਲਾਮ ਤਾਰੀ/ਸਿਕੰਦਰ ਸੰਧੂ): ਪੰਜਾਬ ਸਰਕਾਰ ਵੱਲੋਂ ਕਾਦੀਆਂ ਨਿਵਾਸੀਆਂ ਨੂੰ ਵੱਡਾ ਤੋਹਫਾ ਮਿਲਣ ਜਾ ਰਿਹਾ ਹੈ। ਇੱਕ ਕਰੋੜ 97 ਲੱਖ ਦੀ ਲਾਗਤ ਨਾਲ ਧਿੰਦ ਧਾਰੀਵਾਲ ਦੀ ਨਹਿਰ 'ਤੇ ਵਾਟਰ ਸਪਲਾਈ ਵਿਭਾਗ ਵੱਲੋਂ ਵਾਟਰ ਪਲਾਂਟ ਲਗਾਇਆ ਜਾ ਰਿਹਾ ਹੈ। ਇਹ ਪਲਾਂਟ ਤਿੰਨ ਕਿੱਲੇ ਜ਼ਮੀਨ ਵਿੱਚ ਲਗਾਇਆ ਜਾ ਰਿਹਾ, ਜਿਸ ਦੇ ਲਈ ਇੱਕ ਕਰੋੜ 97 ਲੱਖ ਰੁਪਏ ਸਰਕਾਰ ਨੇ ਰਿਲੀਜ਼ ਵੀ ਕਰ ਦਿੱਤੇ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਨਾਇਬ ਤਹਿਸੀਲਦਾਰ ਸਤਨਾਮ ਸਿੰਘ ਨੇ ਕਿਹਾ ਕਿ ਇਸ ਵਾਟਰ ਪਲਾਂਟ ਨਾਲ ਕਾਦੀਆਂ ਤੇ ਆਸ-ਪਾਸ ਦੇ ਪਿੰਡਾਂ ਨੂੰ ਸਾਫ ਪਾਣੀ ਦੀ ਸਪਲਾਈ ਮਿਲੇਗੀ। ਇਸ ਸਬੰਧੀ ਈ.ਓ. ਕਾਦੀਆਂ ਤੇ ਨਾਇਬ ਤਹਿਸਲਿਦਾਰ, ਕਾਦੀਆਂ ਨੇ ਐਕਵਾਇਰ ਕੀਤੀ ਜ਼ਮੀਨ ਦਾ ਚੈੱਕ ਜ਼ਮੀਨ ਮਾਲਿਕ ਦੇ ਹਵਾਲੇ ਕੀਤਾ। ਇਸ ਮੌਕੇ 'ਤੇ ਜੁਗਿੰਦਰਪਾਲ, ਕਮਲਪ੍ਰੀਤ ਸਿੰਘ, ਇੰਦਰਪ੍ਰੀਤ ਸਿੰਘ, ਅਸ਼ੋਕ ਕੁਮਾਰ, ਇੰਦਰਪ੍ਰੀਤ ਸਿੰਘ ਨਗਰ ਕੌਂਸਲ ਦਾ ਸਟਾਫ ਹਾਜ਼ਰ ਸੀ।

## ਪੀ.ਐੱਮ. ਸ੍ਰੀ ਸਰਕਾਰੀ ਸੀਨੀ. ਸੈਕੰ. ਸਕੂਲ ਦੇ ਵਿਦਿਆਰਥੀਆਂ ਨੂੰ ਡਿਕਸ਼ਨਰੀਆਂ ਵੰਡੀਆਂ



ਹਰਚੋਵਾਲ/ਸ੍ਰੀ ਹਰਗੋਬਿੰਦਪੁਰ ਸਾਹਿਬ, 29 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੀ.ਐੱਮ. ਸ੍ਰੀ ਸਕੀਮ ਤਹਿਤ ਸਰਕਾਰੀ ਦਿਸ਼ਾ-ਨਿਰਦੇਸ਼ਾਂ ਤੇ ਨਿਯਮਾਂ ਮੁਤਾਬਿਕ ਸਕੂਲ ਵਿਦਿਆਰਥੀਆਂ ਨੂੰ ਡਿਕਸ਼ਨਰੀਆਂ ਦੇਣ ਦੀ ਸਮੁੱਚੀ ਅਗਵਾਈ ਕਰਦਿਆਂ ਪੀ.ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਹਾਦਰਪੁਰ ਰਜੋਆ ਦੇ ਪ੍ਰਿੰਸੀਪਲ ਰਾਮ ਲਾਲ ਤੇ ਸਕੂਲ ਸਟਾਫ ਮੈਂਬਰਾਂ ਨੇ ਅੱਜ ਸਕੂਲ ਦੇ ਛੇਵੀਂ ਤੋਂ ਬਾਰ੍ਹਵੀਂ ਕਲਾਸ ਤੱਕ ਦੇ ਹਰ ਵਿਦਿਆਰਥੀ ਨੂੰ ਡਿਕਸ਼ਨਰੀਆਂ ਵੰਡੀਆਂ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਦੇ ਗਿਆਨ ਵਿੱਚ ਵਾਧਾ ਕਰਨ ਲਈ ਡਿਕਸ਼ਨਰੀ ਦੀ ਮਹੱਤਤਾ ਤੇ ਡਿਕਸ਼ਨਰੀ ਨੂੰ ਵਰਤਣ ਦੀ ਜਾਣਕਾਰੀ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਿੰਦਰ ਪਾਲ ਸਿੰਘ, ਕੁਲਭੂਸ਼ਨ ਸਲੋਤਰਾ, ਰਜਿੰਦਰ ਸਿੰਘ, ਕਮਲਜੀਤ ਕੌਰ, ਮੋਨੀਕਾ, ਅਮਨਦੀਪ ਕੌਰ ਨਵਜੀਤ ਕੌਰ ਜਸਵੰਤ ਕੌਰ, ਸੁਨੀਤਾ, ਹਰਸਿਮਰਨ ਕੌਰ ਸਮੇਤ ਸਮੂਹ ਸਟਾਫ ਮੌਜੂਦ ਸੀ।

## ਵਿਧਾਇਕ ਕਲਸੀ ਨੇ ਵਾਰਡ ਨੰਬਰ 9 ਦੇ ਵਾਸੀਆਂ ਨੂੰ ਨਸ਼ਿਆਂ ਖਿਲਾਫ਼ ਕੀਤਾ ਜਾਗਰੂਕ



ਬਟਾਲਾ, 29 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ ਧੰਨਪਾਲ) ਕਲਸੀ): ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਹਲਕੇ ਅੰਦਰ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ਼ ਜਾਗਰੂਕ ਕੀਤਾ ਜਾ ਰਿਹਾ ਹੈ, ਜਿਸ ਦੇ ਚੱਲਦਿਆਂ ਉਨ੍ਹਾਂ ਨੇ ਵਾਰਡ ਨੰਬਰ 9 ਵਿਖੇ 'ਨਸ਼ਾ ਮੁਕਤੀ ਯਾਤਰਾ' ਤਹਿਤ ਲੋਕਾਂ ਨੂੰ ਨਸ਼ਿਆਂ ਖਿਲਾਫ਼ ਲਾਮਬੰਦ ਕਰਦਿਆਂ ਨਸ਼ਿਆਂ ਖਿਲਾਫ਼ ਇੱਕਜੁੱਟ ਹੋ ਕੇ ਲੜਨ ਦੀ ਸਹੁੰ ਚੁਕਾਈ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਜੇਕਰ ਤੁਹਾਡੇ ਕਿਸੇ ਵੀ ਵਾਰਡ ਵਿੱਚ ਕੋਈ ਵੀ ਵਿਅਕਤੀ ਨਸ਼ਾ ਵੇਚਦਾ ਹੈ ਤਾਂ ਉਹ ਬੇਝਿਜਕ ਹੋ ਕੇ ਪੁਲਿਸ ਪ੍ਰਸ਼ਾਸਨ, ਉਨ੍ਹਾਂ ਨੂੰ ਜਾਂ ਫਿਰ ਪੰਜਾਬ ਸਰਕਾਰ ਵੱਲੋਂ ਜਾਰੀ ਵਟਸਐਪ ਨੰਬਰ 97791-00200 'ਤੇ ਇਤਲਾਹ ਕਰਨ। ਸੂਚਨਾ ਦੇਣ ਵਾਲੇ ਦਾ ਨਾਮ ਤੇ ਪਹਿਚਾਣ ਗੁਪਤ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜੋ ਲੋਕ ਕਿਸੇ ਕਾਰਨ ਨਸ਼ਿਆਂ ਦੀ ਭੈੜੀ ਗ੍ਰਿਫਤ ਵਿੱਚ ਆ ਗਏ ਹਨ, ਉਨ੍ਹਾਂ ਦਾ ਨਸ਼ਾ ਛੁਡਵਾਉਣ ਲਈ ਪੰਜਾਬ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰ ਸਥਾਪਤ ਕੀਤੇ ਗਏ ਹਨ, ਜਿੱਥੇ ਮਰੀਜ਼ਾਂ ਨੂੰ ਮੁਫਤ ਦਵਾਈਆਂ, ਖਾਣਾ, ਰਹਿਣ-ਸਹਿਣ ਆਦਿ ਸਾਰੇ ਪ੍ਰਬੰਧ ਦਿੱਤੇ ਜਾ ਰਹੇ ਹਨ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਨਸ਼ਿਆਂ ਦੇ ਖਾਤਮੇ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਛੇੜੀ ਗਈ ਹੈ, ਉਥੇ ਹੀ ਸਕੂਲਾਂ ਵਿੱਚ ਵੀ 'ਸਿੱਖਿਆ ਕ੍ਰਾਂਤੀ' ਨਾਲ ਬਦਲਦਾ ਪੰਜਾਬ ਮੁਹਿੰਮ ਤਹਿਤ ਸਾਰੇ ਸਰਕਾਰੀ ਸਕੂਲਾਂ ਵਿੱਚ ਆਧੁਨਿਕ ਢਾਂਚਾ ਜਿਵੇਂ ਕਿ ਨਵੇਂ ਕਲਾਸ ਰੂਮ, ਲਾਇਬ੍ਰੇਰੀ, ਖੇਡਣ ਲਈ ਗਰਾਊਂਡ ਆਦਿ ਸਥਾਪਤ ਕਰਕੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਹੈ। ਇਸ ਮੌਕੇ 'ਤੇ ਅੰਮ੍ਰਿਤ ਕਲਸੀ, ਚੇਅਰਮੈਨ ਮਾਣਿਕ ਮਹਿਤਾ, ਸੀਨੀਅਰ ਆਗੂ ਮਾਸਟਰ ਤਿਲਕ ਰਾਜ, ਮਨਜੀਤ ਸਿੰਘ ਬੁਮਰਾਹ ਵਾਈਸ ਕੋਆਰਡੀਨੇਟਰ ਨਸ਼ਾ ਮੁਕਤੀ ਯਾਤਰਾ, ਭੁਪਿੰਦਰ ਸਿੰਘ, ਵੀਨੂੰ ਕਾਹਲੋਂ, ਆਪ ਆਗੂ, ਵਰਕਰ ਤੇ ਵੱਡੀ ਗਿਣਤੀ ਵਿਚ ਵਾਰਡ ਵਾਸੀ ਵੀ ਮੌਜੂਦ ਸਨ।

## ਲਾਭਪਾਤਰੀਆਂ ਤੱਕ ਸਰਕਾਰੀ ਅਨਾਜ ਪੁੱਜਦਾ ਕਰਨ ਲਈ ਕੋਈ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ: ਹਰਮੀਤ ਸਿੰਘ



ਫ਼ਤਹਿਗੜ੍ਹ ਚੂੜੀਆਂ, 29 ਜੁਲਾਈ (ਰਾਜਨ ਸ਼ਰਮਾ): ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲਾਭਪਾਤਰੀਆਂ ਤੱਕ ਸਰਕਾਰੀ ਅਨਾਜ ਪੁੱਜਦਾ ਕਰਨ ਲਈ ਕੋਈ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਲਾਭਪਾਤਰੀਆਂ ਨੂੰ ਬਣਦਾ ਹੱਕ ਦਿਵਾਉਣ ਲਈ ਵਿਭਾਗ ਹਮੇਸ਼ਾ ਤੱਤਪਰ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਖ਼ੁਰਾਕ ਤੇ ਸਪਲਾਈ ਵਿਭਾਗ ਫ਼ਤਹਿਗੜ੍ਹ ਚੂੜੀਆਂ ਦੇ ਇੰਸਪੈਕਟਰ ਹਰਮੀਤ ਸਿੰਘ ਨੇ ਵੱਖ-ਵੱਖ ਡਿਪੂਆਂ ਦੀ ਚੈਕਿੰਗ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸਹਾਇਕ ਖ਼ੁਰਾਕ ਤੇ ਸਪਲਾਈ ਅਫ਼ਸਰ ਅਮਰਜੀਤ ਰਾਮ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਲਾਭਪਾਤਰੀਆਂ ਨੂੰ ਸਮੇਂ-ਸਮੇਂ ਸਸਤਾ ਅਨਾਜ ਦਿੱਤਾ ਜਾ ਰਿਹਾ ਹੈ ਤੇ ਇਸ ਵਿੱਚ ਕਿਸੇ ਵੀ ਡਿਪੂ ਹੋਲਡਰ ਵੱਲੋਂ ਲਾਭਪਾਤਰੀਆਂ ਦਾ ਸੋਸ਼ਣ ਤੇ ਮਨਮਰਜ਼ੀ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕਿਹਾ ਕਿ ਉਹ ਖੁਦ ਪਿੰਡਾਂ ਤੇ ਸ਼ਹਿਰਾਂ ਵਿੱਚ ਡਿਪੂਆਂ ਦੀ ਚੈਕਿੰਗ ਕਰ ਰਹੇ ਹਨ ਤਾਂ ਜੋ ਗਰੀਬ ਲੋਕਾਂ ਤੱਕ ਉਨ੍ਹਾਂ ਦਾ ਬਣਦਾ ਲਾਭ ਸਮੇਂ ਨਾਲ ਪੁੱਜਦਾ ਕੀਤਾ ਜਾ ਸਕੇ। ਇੰਸਪੈਕਟਰ ਹਰਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਡਿਪੂ ਹੋਲਡਰਾਂ ਨੂੰ ਪਹਿਲਾਂ ਤੋਂ ਨਿਰਦੇਸ਼ ਦਿੱਤੇ ਗਏ ਹਨ ਕਿ ਕਿਸੇ ਲਾਭਪਾਤਰੀ ਨੂੰ ਘੱਟ ਅਨਾਜ ਨਾ ਦਿੱਤਾ ਜਾਵੇ ਤੇ ਜਿਹੜੇ ਲਾਭਪਾਤਰੀ ਦੀ ਈ-ਕੇ.ਵਾਈ.ਸੀ. ਹੋਈ ਹੈ, ਉਸਨੂੰ ਉਸਦਾ ਬਣਦਾ ਲਾਭ ਹਰ ਹਾਲ ਵਿੱਚ ਦੇਣ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਜਿਹੜੇ ਲਾਭਪਾਤਰੀ ਅੱਜ ਵੀ ਆਪਣੀ ਈ-ਕੇ.ਵਾਈ.ਸੀ. ਕਰਵਾਉਣ ਵਿੱਚ ਢਿੱਲ ਵਰਤ ਰਹੇ ਹਨ, ਉਹ ਜਲਦ ਈ-ਕੇ.ਵਾਈ.ਸੀ. ਕਰਵਾਉਣ ਨਹੀਂ ਤਾਂ ਆਉਣ ਵਾਲੇ ਸਮੇਂ ਦੌਰਾਨ ਉਨ੍ਹਾਂ ਦਾ ਰਾਸ਼ਨ ਕਾਰਡ ਪੋਰਟਲ ਵਿੱਚੋਂ ਨਾਮ ਵੀ ਕੱਟਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਫ਼ਤਹਿਗੜ੍ਹ ਚੂੜੀਆਂ ਸ਼ਹਿਰ ਤੇ ਪਿੰਡਾਂ ਵਿੱਚ ਕਣਕ ਦੀ ਨਿਰਵਿਘਨ ਵੰਡ ਜਾਰੀ ਹੈ ਤੇ ਲਾਭਪਾਤਰੀਆਂ ਨੂੰ ਜੁਲਾਈ ਤੋਂ ਸਤੰਬਰ ਮਹੀਨੇ ਤੱਕ ਦਾ ਅਨਾਜ ਦੇਣ ਦੀ ਪ੍ਰਕਿਰਿਆ ਪਾਰਦਰਸ਼ਤਾ ਨਾਲ ਚੱਲ ਰਹੀ ਹੈ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਦੂਨ ਇੰਟਰਨੈਸ਼ਨਲ ਸਕੂਲ ਵਿਖੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ




ਗੁਰਦਾਸਪੁਰ, 29 ਜੁਲਾਈ (ਜਸਵਿੰਦਰ ਸਿੰਘ): ਮਾਣਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਰਪ੍ਰੀਤ ਸਿੰਘ, ਮਾਣਯੋਗ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਦੂਨ ਇੰਟਰਨੈਸ਼ਨਲ ਸਕੂਲ, ਗੁਰਦਾਸਪੁਰ ਵਿਖੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਹ ਜਾਗਰੂਕਤਾ ਪ੍ਰੋਗਰਾਮ ਪੋਕਸੋ ਪੀੜਤਾਂ, ਡੀ-ਫੈਕਟੋ ਪੀੜਤਾਂ ਦੀ ਜਾਗਰੂਕਤਾ ਸਬੰਧੀ ਕਰਵਾਇਆ ਗਿਆ। ਇਸ ਜਾਗਰੂਕਤਾ ਪ੍ਰੋਗਰਾਮ ਵਿੱਚ ਦੂਨ ਇੰਟਰਨੈਸ਼ਨਲ ਸਕੂਲ ਦੇ ਨੌਵੀਂ ਤੋਂ ਗਿਆਰ੍ਹਵੀਂ ਕਲਾਸ ਦੇ ਬੱਚਿਆਂ ਤੇ ਅਧਿਆਪਕਾਂ ਵੱਲੋਂ ਹਿੱਸਾ ਲਿਆ ਗਿਆ। ਇਸ ਜਾਗਰੂਕਤਾ ਪ੍ਰੋਗਰਾਮ ਵਿੱਚ ਗੁਰਲਾਲ ਸਿੰਘ ਪੰਨੂੰ, ਪੈਨਲ ਐਡਵੋਕੇਟ ਦੁਆਰਾ ਹਿੱਸਾ ਲਿਆ ਗਿਆ। ਹਰਪ੍ਰੀਤ ਸਿੰਘ, ਮਾਣਯੋਗ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਤੇ ਪੈਨਲ ਐਡਵੋਕੇਟ ਦੁਆਰਾ ਸਕੂਲ ਦੇ ਵਿਦਿਆਰਥੀਆਂ ਨੂੰ ਪੋਕਸੋ ਪੀੜਤ- ਡੀ-ਫੈਕਟੋ ਪੀੜਤ ਤੇ ਪਾਕਸੋ ਐਕਟ, 2012 ਸਬੰਧੀ ਵਿਸਥਾਰ ਵਿੱਚ ਦੱਸਿਆ ਗਿਆ। ਉਨ੍ਹਾਂ ਕਿਹਾ ਕਿ 18 ਸਾਲ ਤੋਂ ਘੱਟ ਉਮਰ ਦੀ ਕੋਈ ਵੀ ਕੁੜੀ/ਮੁੰਡਾ ਕਾਨੂੰਨੀ ਤੌਰ 'ਤੇ ਬੱਚਾ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਸਮਝਾਇਆ ਗਿਆ ਕਿ 18 ਸਾਲ ਤੋਂ ਘੱਟ ਉਮਰ ਦਾ ਕੁੜੀ/ਮੁੰਡੇ ਨਾਲ ਕਿਸੇ ਵੀ ਜਿਨਸੀ ਗਤੀਵਿਧੀ ਨੂੰ ਕਾਨੂੰਨੀ ਤੌਰ 'ਤੇ ਅਪਰਾਧ ਮੰਨਿਆ ਜਾਂਦਾ ਹੈ, ਭਾਵੇਂ ਉਸਦੀ ਆਪਣੀ ਸਹਿਮਤੀ ਹੋਵੇ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜੇਕਰ ਲੜਕੀ ਨਾਬਾਲਗ ਹੈ ਤਾਂ ਪੋਕਸੋ ਐਕਟ ਅਧੀਨ ਇਰਾਦਾ ਜਾਂ ਸਹਿਮਤੀ ਬਚਾਅ ਨਹੀਂ ਹੈ। ਇਸ ਜਾਗਰੂਕਤਾ ਪ੍ਰੋਗਰਾਮ ਵਿੱਚ ਲਗਭਗ 300 ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਹਿੱਸਾ ਲਿਆ ਗਿਆ। ਇਸ ਮੌਕੇ ਡਾਇਰੈਕਟਰ ਦੇ ਗਗਨਦੀਪ ਸਿੰਘ ਤੇ ਪ੍ਰਿੰਸੀਪਲ ਊਸ਼ਾ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਨੂੰ ਸਨਮਾਨਤ ਕੀਤਾ।

## ਮੁ.ਫ਼ਤ ਮੈਗਾ ਮੈਡੀਕਲ ਕੈਂਪ ਲਗਾਇਆ

ਧਾਰੀਵਾਲ, 29 ਜੁਲਾਈ (ਅਸ਼ੋਕ ਕੁਮਾਰ): ਸਥਾਨਕ ਮਿਸ਼ਨ ਹਸਪਤਾਲ ਰੋਡ ਨੇੜੇ ਬੇਬੇ ਨਾਨਕੀ ਕਾਲਜ ਡਾਕਟਰ ਕਲੋਨੀ ਕਾਦੀਆਂ ਵਾਲਾ ਅੱਡਾ ਵਿਖੇ ਏਜਿਲਸ ਡਾਇਗਨੋਸਟਿਕ ਸਰਬੱਤ ਦਾ ਭਲਾ ਚੈਰੀਟੇਬਲ ਲੈਬੋਰਟਰੀ ਵੱਲੋਂ ਦਿਲ, ਸ਼ੂਗਰ ਤੇ ਜਨਰਲ ਰੋਗਾਂ ਨਾਲ ਸਬੰਧਤ ਮੁ.ਫ਼ਤ ਮੈਗਾ ਮੈਡੀਕਲ ਕੈਂਪ ਲੈਬ ਦੇ ਸੰਚਾਲਕ ਜੇਮਸ ਨਾਹਰ ਤੇ ਡਾ. ਨਿਰਮਲ ਸਿੰਘ ਦੀ ਅਗਵਾਈ ਹੇਠ ਲਗਾਇਆ ਗਿਆ, ਜੋ ਸਵੇਰੇ 10 ਵਜੇ ਤੋਂ 3 ਵਜੇ ਤੱਕ ਲਗਾਇਆ ਗਿਆ। ਜਿਸ ਵਿੱਚ ਅੰਮ੍ਰਿਤਸਰ ਨੋਵਾ ਮੈਡੀਸਿਟੀ ਦੇ ਮਾਹਿਰ ਡਾ. ਗੁਰਿੰਦਰ ਸਿੰਘ, ਜੋ ਦਿਲ ਤੇ ਸ਼ੂਗਰ ਦੇ ਰੋਗਾਂ ਦੇ ਮਾਹਿਰ ਨੇ ਤੇ ਡਾ. ਚੇਤਨ ਸ਼ਰਮਾ ਜੋ ਜਨਰਲ ਰੋਗਾਂ ਦੇ ਮਾਹਿਰ ਹਨ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਕੇ ਸੈਂਕੜੇ ਦੇ ਕਰੀਬ ਮਰੀਜ਼ਾਂ ਦਾ ਮੁ.ਫ਼ਤ ਚੈੱਕਅੱਪ ਕੀਤਾ ਗਿਆ ਤੇ ਮਰੀਜ਼ਾਂ ਨੂੰ ਮੁ.ਫ਼ਤ ਦਵਾਈਆਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਈ.ਸੀ.ਜੀ. ਮੁ.ਫ਼ਤ ਕੀਤੀ ਗਈ ਤੇ ਏਜਿਲਸ ਡਾਇਗਨੋਸਟਿਕ ਸਰਬੱਤ ਦਾ ਭਲਾ ਚੈਰੀਟੇਬਲ ਲੈਬੋਰਟਰੀ ਵੱਲੋਂ ਅੱਧੇ ਰੇਟਾਂ 'ਤੇ ਮਰੀਜ਼ਾਂ ਦੇ ਖ਼ੂਨ ਦੇ ਨਮੂਨੇ ਲੈ ਕੇ ਰਿਪੋਰਟਾਂ ਦਿੱਤੀਆਂ ਗਈਆਂ। ਇਸ ਮੈਗਾ ਮੈਡੀਕਲ ਕੈਂਪ ਦੇ ਵਿਚ ਅੰਮ੍ਰਿਤ ਬਲੱਡ ਅੰਮ੍ਰਿਤਸਰ ਵੱਲੋਂ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ, ਜਿਸ ਵਿੱਚ 10 ਯੂਨਿਟ ਦੇ ਕਰੀਬ ਲੋਕਾਂ ਨੇ ਖ਼ੂਨ ਦਾਨ ਕੀਤਾ। ਉਪਰੰਤ ਲੈਬ ਦੇ ਸੰਚਾਲਕ ਜੇਮਸ ਨਾਹਰ ਤੇ ਡਾ. ਨਿਰਮਲ ਸਿੰਘ ਵੱਲੋਂ ਆਏ ਡਾਕਟਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਅਸ਼ਵਨੀ ਕੁਮਾਰ ਹੈਪੀ ਦੁੱਗਲ, ਸਰਪੰਚ ਰਾਮ ਸਵਰੂਪ ਭਗਤ ਫੱਜੂਪੁਰ, ਸਰਪੰਚ ਰਚਨਾ ਭਗਤ ਦੇ ਪਤੀ ਜਤਿੰਦਰ ਭਗਤ, ਕੌਂਸਲਰ ਪਵਨ ਅਬਰੋਲ ਤੇ ਹੋਰ ਵੱਖ-ਵੱਖ ਜਥੇਬੰਦੀਆਂ ਦੇ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਖਾਦ ਦੀ ਕਾਲਾਬਾਜ਼ਾਰੀ ਨੂੰ ਰੋਕਣ ਲਈ ਕਿਸਾਨਾਂ ਲਈ ਹੈਲਪ ਲਾਈਨ ਨੰਬਰ 1800-180-1852 ਜਾਰੀ



ਗੁਰਦਾਸਪੁਰ, 29 ਜੁਲਾਈ (ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਜ਼ਿਲ੍ਹੇ ਵਿੱਚ ਯੂਰੀਆ ਖਾਦ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਅਧਿਕਾਰੀਆਂ ਵੱਲੋਂ ਨਿੱਜੀ ਖਾਦ ਵਿਕ੍ਰੇਤਾਵਾਂ ਦੇ ਸਟਾਕ ਦੀ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ। ਜ਼ਿਲ੍ਹੇ ਵਿੱਚ ਯੂਰੀਆ ਖਾਦ ਦੀ ਕੋਈ ਕਮੀ ਨਾ ਆਵੇ ਇਸ ਲਈ ਕਿਸਾਨਾਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੈਲਪ ਲਾਈਨ ਨੰਬਰ ਜਾਰੀ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖਾਦ ਦੀ ਕਾਲਾਬਾਜ਼ਾਰੀ ਨੂੰ ਰੋਕਣ ਲਈ ਕਿਸਾਨਾਂ ਲਈ ਇੱਕ ਹੈਲਪ ਲਾਈਨ ਨੰਬਰ 1800-180-1852 ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਗੁਰਦਾਸਪੁਰ ਵਿਖੇ ਸਥਾਪਤ ਇਸ ਕੰਟਰੋਲ ਰੂਮ ਵਿੱਚ ਅਧਿਕਾਰੀ ਤੇ ਕਰਮਚਾਰੀ ਦਿਨ-ਰਾਤ ਡਿਊਟੀ ਉੱਪਰ ਤਾਇਨਾਤ ਕੀਤੇ ਗਏ ਹਨ ਤੇ ਉਨ੍ਹਾਂ ਵੱਲੋਂ ਕੰਟਰੋਲ ਰੂਮ ਦੇ ਹੈਲਪ ਲਾਈਨ ਨੰਬਰ ਉੱਪਰ ਆਉਣ ਵਾਲੀ ਹਰ ਕਾਲ ਨੂੰ ਸੁਣ ਕੇ ਤੁਰੰਤ ਉਸ ਉੱਪਰ ਢੁੱਕਵੀਂ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸਾਨ ਇਸ ਹੈਲਪ ਲਾਈਨ ਨੰਬਰ ਉੱਪਰ ਖਾਦ ਦੀ ਜਮ੍ਹਾਂਖੋਰੀ ਜਾਂ ਕਾਲਾਬਜ਼ਾਰੀ ਦੀ ਸੂਚਨਾ ਦੇ ਸਕਦੇ ਹਨ। ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਯੂਰੀਆ ਖਾਦ ਦੀ ਕੋਈ ਕਮੀਂ ਨਹੀਂ ਹੈ। ਉਨ੍ਹਾਂ ਸਮੂਹ ਡੀਲਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੈਂਸ ਤੇ ਹੋਰ ਜ਼ਰੂਰੀ ਦਸਤਾਵੇਜ਼ ਪੂਰੇ ਕਰਕੇ ਰੱਖਣ ਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤੀ ਜਾਵੇ ਤੇ ਸਟਾਕ ਬੋਰਡ ਉੱਪਰ ਰੋਜ਼ਾਨਾ ਖਾਦ ਦਾ ਸਟਾਕ 'ਤੇ ਰੇਟ ਲਿਖਿਆ ਜਾਵੇ।

# ਸਿਰਲੇਖਵਾਰ ਇਸ਼ਤਿਹਾਰ /Classified Advertisement

**(U/o 5 Rule 20 CPC)**
**In the Court of Ms. Chinu Sharma Civil Judge Jr. Divn. Chandigarh**
CNR No:- CHCH02-002494-2022
Next Date: 01.08.2025
Raj Kumar
Versus
Sonu
For Recovery of Rs. 1,06,096/-
Notice to: Sonu Son:- Chander Pal R/o 582 Ram Darbar Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.**08.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 28-07-2025
**Sd/- Civil Judge Jr. Divn. Chandigarh**

---

**(U/o 5 Rule 20 CPC)**
**In the Court of Sh. H.S. Grewal District and Sessions Judge, Chandigarh**
CNR No. CHCH01-000724-2023
Next Date: 19.08.2025
Reshan Devi
Versus
Abhishek Kumar
For Grant of Compensation
Notice to: Ravneet Sandhu Spouse:- K.J. Sandhu flat No. 4112, ATS Casa Espana Sector 121, SAS Nagar Mohali PB.
In above titled case the respondent no. 2 could not be served. It is ordered that respondent no. 2 should appear in person or through counsel on **19.**08.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 29-05-2025
**Sd/- District and Sessions Judge, Chandigarh**

---

**(U/o 5 Rule 20 CPC)**
**In the Court of Ms. Parminder Kaur Bains Civil Judge (Junior Division), Amritsar**
CNR No.PBAS02-003211-2025
Next Date: 22.08.2025
Anu Puri W/o Sh. Anil Puri R.O H.No. 31-A Near Pro Office, Rani Ka Bagh Distt. Amritsar Punjab
Versus
General Public
CS DECL
Notice to: General Public:- Whom May its Concern
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **22.**08.2025 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 24-07-2025
**Sd/- Civil Judge (Senior Division), Amritsar**

---

**(U/o 5 Rule 20 CPC)**
**In the Court of Ms. Simranpreet Kaur Civil Judge Junior Division-5 Rajpura,**
CNR No.PBPTA0-000460-2022
Next Date: 22.08.2025
State Bank of India
Versus
Manpreet Kaur
Suit for Recovery
Notice to: Manpreet Kaur W/o Hardeep Singh Village Haryon, P.O. Ugani, Tehsil Rajpura, District Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **22.**08.2025 at 10:00 A.M.
For details logon to https://highcourtchd.gov.in/?mod=district_notice&district=patiala
Dated, this day of 16-07-2025
**Sd/- Civil Judge Junior Division-5 Rajpura,**

---

**(U/o 5 Rule 20 CPC)**
**In the Court of Ms. Neha Goel Civil Judge (Senior Division), Ferozepur**
CNR No.PBFZ02-001182-2025
Next Date: 20.08.2025
Jamila
Versus
General Public
Petition u/s 372 of Indian Succession Act
Notice to: Respondent:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **20.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 22-07-2025
**Sd/- Civil Judge (Senior Division), Ferozepur**

---

**(U/o 5 rule 20 CPC)**
**In the Court of Sh. Rajinder Singh-I Additional Civil Judge (Senior Division), Samrala**
CNR No.PBLDC0-000528-2024
Next Date: 20.08.2025
State Bank of India, Branch Samrala, Tehsil Samrala, District Ludhiana
Versus
Chhinder Singh Son of Nirmal Singh R/o Village Balion, Tehsil Samrala, District Ludhiana
Notice to: 3. Kiran Kaur D/o Nirmal Singh R/o Village Balion Tehsil Samrala, District Ludhiana 4. Satpal Singh Son of Prithvi Ram R/o Khamano, Tehsil Khamano, District Fatehgarh Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **20.**08.2025 at 10:00 A.M.
For details logon to https://highcourtchd.gov.in/?mod=district_notice&district=ludhianacourt
Dated, this day of 28-07-2025
**Sd/- Additional Civil Judge (Senior Division), Samrala**

---

**(U/o 5 rule 20 CPC)**
**In the Court of Ms.Sumandeep Kaur Civil Judge (Junior Division), Malout**
CNR No.PBSMB0-000249-2024
Next Date: 20.08.2025
Canara Bank
Versus
Arshdeep Singh
Notice to: Arshdeep Singh Father:- Karaj Singh Son of Bhagwan Singh Resident of V.P.O. Gurusar, Tehsil Malout, District Sri Muktsar Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **20.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 26-07-2025
**Sd/- Civil Judge (Junior Division), Malout**

---

**(U/o 5 Rule 20 CPC)**
**In the Court of Ms. Rachna Bhari Civil Judge (Junior Division), Jalandhar**
CNR No.PBJL02-002163-2024
Next Date: 19.08.2025
Punjab National Bank
Versus
Super Engg. Works
Suit for grant of decree for recovery of Rs. 984177 alongwith interest as prayed for.
Notice to: 01 Asha Gupta W/o Vinod Gupta 02 Chetan Gupta S/o Vinod Gupta 03 Ankur Gupta S/o Vinod Gupta All R/o H.No. 04, Mohalla No. 13, Jalandhar Cantt.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **19.**08.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 16-07-2025
**Sd/- Civil Judge (Junior Division), Jalandhar**

---

**(U/o 5 Rule 20 CPC)**
**In the Court of Ms. Neha Goel Civil Judge (Senior Division), Ferozepur**
CNR No.PBFZ02-001651-2024
Next Date: 19.08.2025
State Bank of India
Versus
Sukhdev Singh
Civil Suit for the Recovery of Rs. 11,49,391/-
Notice to: Defendant:- Sukhdev Singh Son of Narinder Singh, resident of Tehsil Puranpur, Jammia, Jagatpur T. Ghungohahai, Pilibhit, Uttar Pardesh -262122 and 408, Gun Missile Regiment, C/o 56 APO, Ferozepur Cantt. 926408
In above titled Case the defendant(s)/respondent(s) could not be served. It is ordered that defendant(s)/respondent(s) should appear in person or through counsel on **19.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 19-07-2025
**Sd/- Civil Judge (Senior Division), Ferozepur**

---

**(U/o 5 Rule 20 CPC)**
**(Succession Case)**
**In the Court of Ms. Neha Goel Civil Judge (Senior Division), Ferozepur**
CNR No.PBFZ02-000449-2025
Next Date: 12.08.2025
Gurmeet Kaur
Versus
General Public
Application under Section 372 of Indian Succession Act
Notice to: Respondent:- General Public
In above titled Case the defendant(s)/respondent(s) could not be served. It is ordered that defendant(s)/respondent(s) should appear in person or through counsel on **12.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 19-07-2025
**Sd/- Civil Judge (Senior Division), Ferozepur**

---

**(U/o 5 Rule 20 CPC)**
**In the Court of Ms. Jasmine Civil Judge (Junior Division), Dera Bassi**
CNR No.PBSAB0-000038-2023
Next Date: 14.08.2025
CS/19/2023
Harpreet Kaur
Versus
Indian Bank & Ors.
Suit for PI
Notice to: 2. M/s Gupta Builder and Promoters Pvt Ltd. SCO 196-197, Sector 34-A Chandigarh through its Managing Director 3. Gaurav Kumar S/o Sh. Chaman Lal R/o Mubarikpur, Tehsil Dera Bassi, Distt. S.A.S Nagar 4. Ajay Kumar Gupta S/o Sh. Prem Chand Gupta R/o H.No. 131, Partap Nagar, Sector5, Ambala, Haryana 134007
In above titled Case the defendant(s)/respondent(s) could not be served. It is ordered that defendant(s)/respondent(s) should appear in person or through counsel on **14.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 29-07-2025
**Sd/- Civil Judge (Junior Division), Dera Bassi**

---

**In the Court of Sh. Palwinder Singh Sub Divisional Judicial Magistrate Ajnala**
CNR No.PBASA10016742021
Next Date: 08.08.2025
M/s Crop Health Biotech, Head office Second Floor, J.S. Gill Tower, Opp. Radha Swami Satsang Bhawan Ajnala Distt. Amritsar through its General Manager Sh. Kanwaljot Singh.
Petitioner/Complainant
Versus
M/s Bading Pesticides.
Accused/Respondents
Complaint U/s 138 of the Negotiable Insturment Act.
Notice to: 1. M/s Bading Pesticides village Malvi Kalan, Samana Road, District Patiala through its Proprieter Gurjit Singh (147102) 2. Gurjit Singh S/o Karnial Singh VPO Bajrak, Tehsil Samana District Patiala. (147102)
In above titled Complaint, accused could not be served. It is ordered that the accused/respondent should appear in person or through counsel on 08.08.2025 at 10:00 A.M.
For details logon to https://highcourtchd.gov.in/?trs=district_notice&district=amritsar
Given under my hand and the seal of the Court, this 28-07-2025
**Sd/- Sub Divisional Judicial Magistrate Ajnala**

---

**(U/o 5 Rule 20 CPC)**
**In the Court of Ms. Sumukhi Additional Civil Judge (Senior Division), Malout**
CNR No.PBSMB0-000671-2025
Next Date: 03.09.2025
Yogita
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **03.**09.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 25-07-2025
**Sd/- Additional Civil Judge (Senior Division), Malout**

---

## Change of Name

I, Pooja Chauhan of 103 Wood Thorne Road South, Wolverhampton,West Midlands WV6 8XL. (UK) here by give Notice of my name change from Pooja Chauhan to Pooja Sidhu with subject to the approval of Consulate General of India at Birmingham.

---

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

---

ਅਦਾਲਤ ਸ੍ਰੀ ਬਲਜਿੰਦਰ ਸਿੰਘ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਇਮ ਅਬੋਹਰ

ਨੋਟਿਸ ਬਨਾਮ ਆਮ ਪਬਲਿਕ

[illegible]

... ਸੁਰਜਨ ਸਿੰਘ 22)ਮਨਜੀਤ ਕੌਰ ਪਤਨੀ ਪ੍ਰਤਾਪ ਸਿੰਘ ਪੁੱਤਰ ਸੁਰਜੀਤ ਸਿੰਘ 23)ਹਰਵਿੰਦਰ ਕੌਰ ਪਤਨੀ ਗੁਰਦੀਪ ਸਿੰਘ ਪੁੱਤਰ ਸੁਰਜੀਤ ਸਿੰਘ 24 ਜੰਡ ਸਿੰਘ ਪੁੱਤਰ ਚੂਹੜ ਸਿੰਘ ਪੁੱਤਰ ਗੁਰਦਿੱਤ ਸਿੰਘ 25)ਪਿੱਪਲ ਸਿੰਘ ਪੁੱਤਰ ਚੂਹੜ ਸਿੰਘ ਪੁੱਤਰ ਗੁਰਦਿੱਤ ਸਿੰਘ 26 ਦਲੀਪ ਕੌਰ ਵਿਧਵ ਮੰਗਲ ਸਿੰਘ ਪੁੱਤਰ ਅਰੂੜ ਸਿੰਘ ਵਾਸੀਆਨ ਪਿੰਡ ਪਟੀਸਦੀਕ ਤਹਿਸੀਲ ਅਬੋਹਰ ਜ਼ਿਲ੍ਹਾ ਫਾਜ਼ਿਲਕਾ 27)ਐਕਸਿਸ ਬੈਂਕ ਲਿਮਟਿਡ ਬਰਾਂਚ ਅਬੋਹਰ ਬਜਰੀਆ ਬਰਾਚ ਮੈਨੇਜਰ I..ਫਰੀਕਸਾਨੀਆਨਇਹ ਨੋਟਿਸ ਮੇਰੇ ਹੁਕਮ ਦਾ ਮੋਹਰ ਅਦਾਲਤ ਨਾਲ ਅੱਜ ਮਿਤੀ 23/7/25 ਨੂੰ ਜਾਰੀ ਕੀਤਾ ਗਿਆ।
ਸਹਾਇਕ ਕੁਲੈਕਟਰ ਦਰਜਾ-ਦੋਇਮ ਅਬੋਹਰ।

---

## ਨਾਮ ਦੀ ਬਦਲੀ

ਮੈਂ, ਅਨੂਪਮਾ ਰਾਵਤ ਪਤਨੀ ਰਾਜੇਸ਼ ਕੁਮਾਰ ਵਾਸੀ ਮਕਾਨ ਨੰ. 27, ਗਰੀਨ ਵਿਊ ਕਲੋਨੀ ਪਟਿਆਲਾ ਪੰਜਾਬ ਬਿਆਨ ਕਰਦੀ ਹਾਂ ਕਿ ਮੈਂ ਆਪਣਾ ਨਾਮ ਅਨੂਪਮਾ ਰਾਵਤ ਤੋਂ ਬਦਲ ਕੇ ਅਨੂਪਮਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

---

ਮੈਂ, ਰਾਜੇਸ਼ ਕੁਮਾਰ ਪੁੱਤਰ ਜਗਦੀਸ਼ ਕੁਮਾਰ ਵਾਸੀ ਮਕਾਨ ਨੰ. 27, ਗਰੀਨ ਵਿਊ ਕਲੋਨੀ ਪਟਿਆਲਾ ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਨਾਬਾਲਗ ਪੁੱਤਰ ਹਰਸ਼ ਰਾਵਤ ਦਾ ਨਾਮ ਬਦਲ ਕੇ ਹਰਸ਼ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

---

ਮੈਂ, ਰਾਜੇਸ਼ ਕੁਮਾਰ ਰਾਵਤ ਪੁੱਤਰ ਜਗਦੀਸ਼ ਕੁਮਾਰ ਵਾਸੀ ਮਕਾਨ ਨੰ. 27, ਗਰੀਨ ਵਿਊ ਕਲੋਨੀ ਪਟਿਆਲਾ ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਰਾਜੇਸ਼ ਕੁਮਾਰ ਰਾਵਤ ਤੋਂ ਬਦਲ ਕੇ ਰਾਜੇਸ਼ ਕੁਮਾਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

---

## ਬੇਦਖਲੀ ਸੂਚਨਾ

ਮੈਂ, ਰਾਜਿੰਦਰ ਸਿੰਘ ਪੁੱਤਰ ਕਰਮ ਸਿੰਘ ਵਾਸੀ ਨੇੜੇ ਗਲੀ ਨੰ-3, ਭੀਮ ਨਗਰ ਮੈਨ ਰੋਡ, ਪੁਰਹੀਰਾਂ ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਪੁੱਤਰ ਤਨਵੀਰ ਸਿੰਘ ਅਤੇ ਉਸਦੀ ਪਤਨੀ ਹਰਮਨਦੀਪ ਕੌਰ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਹਨ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

---

## ਉੱਤਰ ਰੇਲਵੇ

### ਟੈਂਡਰ ਸੂਚਨਾ

ਮੁੱਖ ਚਿਕਿਤਸਾ ਸੁਪਰੀਡੈਂਟ, ਉੱਤਰ ਰੇਲਵੇ ਅੰਬਾਲਾ ਕੈਂਟ, ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੇ ਕੰਮ ਦੇ ਲਈ ਨਿਰਧਾਰਿਤ ਪ੍ਰਪੱਤਰ ਉਤੇ ਖੁਲੀ ਟੈਂਡਰਾ ਮੰਗ ਕਰਦੇ ਹਨ।

| | |
|---|---|
| 1 | **ਟੈਂਡਰ ਨੰਬਰ :** ਐਲਪੀ-ਮੇਡ-01-ਡੀਐਚ-ਯੂਐਮਬੀ, ਐਲਪੀ-ਸਰਜ-01-ਡੀਐਚ-ਯੂਐਮਬੀ, ਐਲਪੀ-ਕਾਂਸ-01-ਡੀਐਚ-ਯੂਐਮਬੀ |
| 2 | **ਕੰਮ ਦਾ ਨਾਮ :** ਮੰਡਲ ਰੇਲਵੇ ਹਸਪਤਾਲ ਅੰਬਾਲਾ ਛਾਵਣੀ ਵਿਚ ਦਵਾਈਆਂ, ਸਰਜੀਕਲ ਆਇਟਮ ਅਤੇ ਕਾਂਸੁਮੇਬਲ ਦੀ ਦੈਨਿਕ ਸਥਾਨੀਯ ਖਰੀਦ ਦੇ ਲਈ ਰਿਟੇਲ ਸਪਲਾਈਯਰਸ ਦਾ ਦੋ ਸਾਲ ਦੇ ਲਈ ਰੇਟ ਅਨੁਬੰਧ ਵਿਚ ਪ੍ਰਵੇਸ਼ ਕਰਨ ਦੇ ਲਈ ਆਵੇਦਨ। |
| 3 | **ਬਿਆਨਾ ਰਾਸ਼ੀ :** ਰੁ: 2,27,100/- ਮੇਡਿਸਨ ਦੇ ਲਈ, ਰੁ: 57,100/- ਸਰਜੀਕਲ ਦੇ ਲਈ, ਰੁ: 15,300/- ਕਾਂਸੁਮੇਬਲ ਦੇ ਲਈ IREPS Portal ਉਤੇ ਉਪਲਬਧ ਆਨਲਾਈਨ ਭੁਗਤਾਨ ਦੇ ਦੁਵਾਰਾ ਤੋਂ |
| 4 | **ਕੰਮ ਸਮਾਂ :** ਦੋ ਸਾਲ |
| 5 | **ਟੈਂਡਰ ਪਾਉਣ ਤੇ ਖੁਲਣ ਦੀ ਆਖਰੀ ਮਿਤੀ ਤੇ ਸਮਾਂ :** ਟੈਂਡਰ ਪਾਉਣ ਦਾ ਸਮਾਂ ਮਿਤੀ 18.08.2025 ਨੂੰ 15.00 ਵਜੇ ਤਕ ਹੈ ਅਤੇ ਟੈਂਡਰ ਮਿਤੀ 18.08.2025 ਨੂੰ 15.10 ਵਜੇ ਮੁੱਖ ਚਿਕਿਤਸਾ ਸੁਪਰੀਡੈਂਟ, ਉੱਤਰ ਰੇਲਵੇ, ਅੰਬਾਲਾ ਛਾਵਣੀ ਦੇ ਦਫਤਰ ਵਿਚ ਖੋਲੀ ਜਾਵੇਗੀ। |
| 6 | **ਉੱਤਰ ਰੇਲਵੇ ਦੀ ਵੈੱਬਸਾਈਟ :** https://ireps.gov.in. ਟੈਂਡਰਕਾਰ ਮਿਤੀ 19.07.2025 ਤੋਂ ਅਪਣੇ ਖੁਦ ਦੇ ਜੋਖਿਮ ਉਤੇ ਬੋਲੀ ਸ਼ੁਰੂ ਕਰ ਸਕਦੇ ਹਨ। |

ਨੰ: ਐਨ.ਆਈ.ਟੀ./ਮੇਡ/ਐਲ.ਪੀ./01/ਅੰਬਾਲਾ/2025 ਮਿਤੀ : 19.07.2025 2198/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

---

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਵਰਕਸ਼ਾਪ ਇਲੈਕਟ੍ਰੀਕਲ ਇੰਜੀਨੀਅਰ (ਆਈ/ਸੀ) ਉਤਰ ਰੇਲਵੇ, ਜਗਾਧਰੀ ਵਰਕਸ਼ਾਪ, ਯਮੁਨਾ ਨਗਰ, ਹਰਿਆਣਾ-135002, ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਤੋਂ ਕੇਵਲ ਹੇਠਾਂ ਲਿਖਤ ਕੰਮ ਦੇ ਲਈ ਕੇਵਲ ਆਨਲਾਈਨ ਮੋਡ ਦੇ ਮਾਧਿਅਮ ਨਾਲ ਈ-ਨਿਵਿਦਾਵਾਂ ਦੀ ਮੰਗ ਕਰਦੇ ਹਨ:-

| | | | |
|---|---|---|---|
| ਕੰਮ ਦਾ ਨਾਮ | "ਉਤਮਤਾ ਕੇਂਦਰ ਵਿਕਸਿਤ ਕਰਨ ਦੇ ਲਈ ਟੀਐਲ ਵਾਯਰਿੰਗ ਅਨੁਭਾਗ ਦਾ ਆਧੁਨਿਕੀਕਰਨ" | | |
| ਨਿਵਿਦਾ ਪ੍ਰਕਾਰ | ਖੁਲ੍ਹਾ | ਬੋਲੀ ਪ੍ਰਣਾਲੀ | ਸਿੰਗਲ ਪੈਕੇਟ ਸਿਸਟਮ |
| ਨਿਵਿਦਾ ਵਿਕਰੀ ਸਮਾਪਨ ਮਿਤੀ | 21.08.2025 ਨੂੰ ਸਵੇਰੇ 11.30 ਵਜੇ | ਨਿਵਿਦਾ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 28.07.2025 17:17 ਵਜੇ |
| ਪੂਰਵ-ਬੋਲੀ ਜਰੂਰੀ ਹੈ | ਨਹੀਂ | ਅੱਜ ਤਕ ਪ੍ਰੀ ਬਿਡ ਕਵੇਰੀ | ਨਹੀਂ |
| ਵਿਗਿਆਪਨ ਮੁੱਲ | ਰੁ. 21,55,624/- ਸਾਰੇ ਕਰ ਜੀਐਸਟੀ ਆਦਿ ਸਮੇਤ | ਨਿਵਿਦਾ ਅਨੁਭਾਗ | ਨਿਵਿਦਾ 'ਤੇ ਕੰਮ/ ਬਿਜਲੀ ਸ਼ਾਖਾ ਜਗਾਧਰੀ ਕਾਰਜਸ਼ਾਲਾ। |
| ਅਗਾਊਂ ਧਨ | ਰੁ. 43,100/- | ਆਫਰ ਦੀ ਵੈਲੇਡਿਟੀ | 60 ਦਿਨ |
| ਨਿਵਿਦਾ ਦਸਤਾਵੇਜ ਲਾਗਤ | NIL ਅਪ੍ਰੈਲ 2022 ਦੇ ਭਾਗ-। ਖੰਡ ਸੰਖਿਆ 3 ਦੇ ਅਨੁਸਾਰ) | ਪੂਰਾ ਕਰਨ ਦੀ ਅਵਧੀ | 03 ਮਹੀਨੇ |
| ਬੋਲੀ ਸ਼ੁਰੂ ਮਿਤੀ | 07.08.2025 | ਬੋਲੀ ਸਮਾਪਨ ਮਿਤੀ | 21.08.2025 ਨੂੰ 11.30 ਵਜੇ ਤਕ |
| ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ | ਉਸ ਦੇ ਬਾਅਦ ਕਿਸੇ ਵੀ ਸਮੇਂ ਨਿਵਿਦਾ ਨੂੰ ਬੰਦ ਕੀਤਾ ਜਾ ਸਕਦਾ ਹੈ। ਨਿਵਿਦਾਤਾਵਾਂ ਨੂੰ ਉਦਘਾਟਨ ਦੇ ਦੌਰਾਨ ਮੌਜੂਦ ਰਹਿਣ ਦੀ ਜਰੂਰਤ ਨਹੀਂ ਹੈ। ਟੈਂਡਰ ਬੰਦ ਹੋਣ ਦੇ ਬਾਅਦ ਕਿਸੇ ਵੀ ਸਮੇਂ ਟੈਂਡਰ ਖੋਹਲਣ ਦਾ ਅਧਿਕਾਰ ਰੇਲਵੇ ਦੇ ਕੋਲ ਸੁਰੱਖਿਅਤ ਹੈ। | | |
| ਵੈਬਸਾਈਟ | www.ireps.gov.in 'ਤੇ ਜਾਓ। | | |

ਨੰ.: 56/ਡਬਲਯੂ/ਇਲੈਕਟ/24-25/ਟੀ-24/ਟੀਐਲ ਸੇਕਸ਼ਨ ਦਾ ਆਧੁਨਿਕੀਕਰਨ 2308/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

---

## OFFICE OF THE DISTRICT & SESSIONS JUDGE, AMRITSAR

**PUBLIC NOTICE**

Subject: Absence from duty of St.Gurwinder Singh, Orderly (S/o Sh.Rajinder Singh, R/o H.No.12, Preet Avenue, Near Bharaiwal O/s Gate Hakima, Amritsar, M.No.78372-07206) in the Court of Sh.Amandeep Singh Ghuman, Judicial Magistrate Ist Class, Amritsar.

Sh.Gurwinder Singh, Orderly in the Court of Sh.Amandeep Singh Ghuman, Judicial Magistrate Ist Class, Amritsar, failed to join his duties in this office despite declining of his application for grant of extension of earned leave from 18.05.2024 and ramined unauthorizedly absent from duty without any intimation. Charge sheet was served upon him but he failed to furnish his reply. Copy of regular enquiry report submitted by the concerned Enquiry Officer, Amritsar alongwith show cause notice bearing no.4979 dated 11.07.2025 for major punishment issued to him but same was received back with report that his father Sh.Rajinder Singh had received show cause notice and informed that his son was not at home and notice sent through registered post received back with report 'OUT OF COUNTRY'. I am satisfied that the service of show cause notice of major punishment is not possible through ordinary process. Therefore, through this publication, show cause notice of major punishment alongwith copy of regular enquiry report is served upon him with the directions to furnish his reply to show cause notice within Seven (7) days from the date of pulication of this notice failing which it shall be persumed that he has nothing to say in this regard and action as provided under rules would be taken against him.

July 29,2025

**Sd/- District and Sessions Judge, Amritsar**

---

GRIHUM HOUSING FINANCE Apna Ghar, Apni Pehchan

## ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ

(ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ)
ਪੰਜੀਕ੍ਰਿਤ ਦਫ਼ਤਰ : 6ਵੀਂ ਮੰਜ਼ਿਲ, ਬੀ-ਬਿਲਡਿੰਗ, ਗੰਗਾ ਟਰੂਨੋ ਬਿਜ਼ਨਸ ਪਾਰਕ, ਲੋਹੇਗਾਓਂ, ਪੁਣੇ-411014

ਅੰਤਿਕਾ 4 (ਨਿਯਮ 8 (1) ਦੇਖੋ)
ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ (ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ ਜਿਵੇਂ ਕਿ 17 ਨਵੰਬਰ 2023 ਤੋਂ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਬਦਲ ਕੇ ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ ਹੋ ਗਿਆ ਹੈ) (ਬੀਤੇ ਵਿਚ ਮੈਗਮਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ ਅਤੇ ਮੂਲ ਰੂਪ ਵਿਚ ਜੀਈ ਮਨੀ ਹਾਊਸਿੰਗ ਫਾਇਨਾਂਸ ਪਬਲਿਕ ਅਨਲਿਮਟਿਡ ਕੰਪਨੀ ਦੇ ਨਾਮ ਨਾਲ ਨਿਗਮਿਤ)** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ (ਾਂ) ਨੂੰ ਅਦਾ ਕਰਨ ਲਈ ਉਨ੍ਹਾਂ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰਾਂ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰਾਂ ਰਕਮ ਦਾ ਭੁਗਤਾਨ ਕਰਨ ਵਿਚ ਨਾਕਾਮ ਰਹੇ ਹਨ, ਕਰਜ਼ਦਾਰਾਂ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਦਰਸਾਈ ਮਿਤੀ ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ **ਧਾਰਾ** 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ 24 ਜੁਲਾਈ ਸਾਲ 2025 ਨੂੰ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਉਸ ਉਪਰ ਵਿਆਜ ਦੇ ਲਈ ਸੁਰੱਖਿਅਤ ਕਰਜ਼ਦਾਤਾ ਦੇ ਚਾਰਜ ਨਾਲ ਸਬੰਧਤ ਹੋਵੇਗੀ।

ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ। ਕਬਜ਼ੇ ਵਿਚ ਲਈ ਗਈ ਸੰਪੱਤੀ ਦਾ ਵੇਰਵਾ ਨਿਮਨ ਅਨੁਸਾਰ ਹੈ।

| ਲ. ਨੰ. | ਕਰਜ਼ਦਾਰਾਂ ਦੇ ਨਾਮ | ਸੰਪੱਤੀ ਦਾ ਵੇਰਵਾ | ਕਬਜ਼ੇ ਲੈਣ ਦੀ ਮਿਤੀ | ਵਿਧਾਨਿਕ ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਵਿਚ ਰਕਮ (ਰੁਪਏ) |
|---|---|---|---|---|---|
| 1. | ਜਤਿੰਦਰ ਪਾਲ ਸਿੰਘ ਬਲਬੀਰ ਸਿੰਘ, ਬਲਬੀਰ ਸਿੰਘ, ਸਿਮਰਨ ਜਿਤੇਂਦਰ ਪਾਲ | ਜਾਇਦਾਦ ਦਾ ਸਾਰੇ ਭਾਗ ਅਤੇ ਹਿੱਸੇ ਪਲਾਟ ਨੰਬਰ 1929, ਰਕਬਾ ਮਾਪਣ ਵਾਲਾ 387.5 ਵਰਗ ਗਜ਼ 9.5. 0 ਕਨਾਲ 12.9/10 ਮਰਲੇ ਵਾਲਾ ਖੇਵਟ ਨੰਬਰ 190/203 ਜਿਸ ਵਿੱਚ ਖਸਰਾ ਨੰਬਰ 15//11(4-10) 16//14(8-0) 15(8-0) ਕਿੱਤੇ 3 ਸ਼ਾਮਲ ਹੈ। ਖੇਤਰ 20 ਕਨਾਲ 10 ਮਰਲੇ ਹਿੱਸੇ ਵਿੱਚੋਂ 129/4100 ਹਿੱਸਾ ਮਾਪਣ ਵਾਲਾ 0 ਕਨਾਲ 12.9/10 ਮਰਲੇ ਪਿੰਡ ਜੰਡਪੁਰ ਤਹਿਸੀਲ-ਖਰੜ ਜ਼ਿਲ੍ਹਾ- ਐਸਏਐਸ ਨਗਰ ਮੋਹਾਲੀ ਵਿਖੇ ਸਥਿਤ ਹੈ। (ਇਸ ਤੋਂ ਬਾਅਦ ਸਵਾਲ ਵਿੱਚ ਜਾਇਦਾਦ ਦਾ ਹਵਾਲਾ ਦਿੱਤਾ ਗਿਆ ਹੈ) ਹੱਦਾਂ:- ਪੂਰਬ-, ਹੋਰ ਮਾਲਕ ਪੱਛਮ-, ਹੋਰ ਮਾਲਕ ਉੱਤਰੀ ਸੜਕ, ਦੱਖਣ- ਪ੍ਰਦਾਨ ਕੀਤੇ ਗਏ ਵਿਕਰੀ ਡੀਡ ਅਨੁਸਾਰ ਹੋਰ ਮਾਲਕ। | 24-07-2025 | 10-05-2025 | Loan No. HL00634000000005052298 10/05/2025 ਨੂੰ 1505310/- ਰੁਪਏ (ਪੰਦਰਾਂ ਲੱਖ ਪੰਜ ਹਜ਼ਾਰ ਤਿੰਨ ਸੌ ਦਸ ਰੁਪਏ ਸਿਰਫ਼) ਵਿਆਜ ਸਮੇਤ 12.85 ਪ੍ਰਤੀ ਸਾਲ ਵਸੂਲੀ ਤੱਕ। ਕਰਜ਼ਾ ਨੰਬਰ HL00634000000005037544 ਰੁਪਏ 3667865/- ਰੁਪਏ (ਛੱਤੀ ਲੱਖ ਸਤਾਹਠ ਹਜ਼ਾਰ ਅੱਠ ਸੌ ਪੈਂਹਠ ਰੁਪਏ ਸਿਰਫ਼) ਵਿਆਜ ਸਮੇਤ 10/05/2025 ਨੂੰ 12.85 ਪ੍ਰਤੀ ਸਾਲ ਵਸੂਲੀ ਤੱਕ। |

ਸਥਾਨ : ਮੋਹਾਲੀ, ਪੰਜਾਬ
ਮਿਤੀ : 30.07.2025

ਸਹੀ/- ਅਧਿਕਾਰਤ ਅਧਿਕਾਰੀ,
ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ
(ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਵਜੋਂ ਜਾਣੂੰ)

---

# ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

---

ਇੰਡੀਅਨ ਬੈਂਕ Indian Bank
ਇਲਾਹਾਬਾਦ ALLAHABAD

ਜ਼ੋਨਲ ਦਫ਼ਤਰ : ਐਸਸੀਓ 96, ਜ਼ਿਲ੍ਹਾ ਸ਼ਾਪਿੰਗ ਸੈਂਟਰ, ਚੌਥੀ ਮੰਜ਼ਿਲ, ਰਣਜੀਤ ਐਵੇਨਿਊ, ਅੰਮ੍ਰਿਤਸਰ-1430001
Ph.: 0183-2830600; Fax: 0183-2500108,
E-mail: zoamritsar@indianbank.co.in

### ਮੰਗ ਸੂਚਨਾ

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ (ਸਰਫਾਇਸੀ) ਧਾਰਾ 13 (2) ਦੇ ਅਧੀਨ ਸੂਚਨਾ**

ਇਸ ਦੁਆਰਾ ਇੱਕ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਲਿਖੇ ਕਰਜ਼ਦਾਰ (ਾਂ)/ਜ਼ਾਮਨ(ਾਂ)/ਗਿਰਵੀਕਾਰ (ਾਂ) ਨੇ ਹੇਠਾਂ ਦੱਸੀ ਗਈ ਰਕਮ ਜਿਵੇਂ ਕਿ ਬੁੱਕ ਬੈਲੇਂਸ + ਐਮਓਆਈ ਹੇਠਾਂ ਦੱਸੀ ਗਈ ਮਿਤੀ ਤੋਂ ਮੁੜ ਅਦਾਇਗੀ ਦੀ ਮਿਤੀ ਤੱਕ ਸਹਿਮਤ ਦਰ 'ਤੇ ਹੋਰ ਵਿਆਜ ਸਮੇਤ, ਕਰਜ਼ਿਆਂ ਦੀ ਅਦਾਇਗੀ ਵਿੱਚ ਡਿਫਾਲਟ ਕੀਤਾ ਹੈ। ਬੈਂਕ ਨੇ ਐਕਟ ਦੇ ਤਹਿਤ ਨੋਟਿਸ ਜਾਰੀ ਕੀਤਾ ਹੈ, ਜਿਸ ਵਿੱਚ ਕਰਜ਼ਦਾਰ (ਾਂ)/ਜ਼ਾਮਨ(ਾਂ)/ਗਿਰਵੀਕਾਰ (ਾਂ) ਨੂੰ ਬਕਾਇਆ ਰਕਮ ਵਾਪਸ ਕਰਨ ਲਈ ਕਿਹਾ ਗਿਆ ਹੈ ਅਤੇ ਸਪੀਡ ਪੋਸਟ ਦੁਆਰਾ ਤੁਹਾਨੂੰ ਭੇਜਿਆ ਗਿਆ ਨੋਟਿਸ ਬਿਨਾਂ ਸੇਵਾ ਕੀਤੇ ਵਾਪਸ ਕਰ ਦਿੱਤਾ ਗਿਆ ਹੈ, ਇਸਦੀ ਇੱਕ ਕਾਪੀ ਹੇਠਾਂ ਦੱਸੇ ਗਏ ਪਤੇ 'ਤੇ ਚਿਪਕਾਈ ਗਈ ਹੈ:-

| ਸ਼ਾਖਾ ਅਤੇ ਕਰਜ਼ਦਾਰ (ਾਂ), ਜ਼ਾਮਨ (ਾਂ) ਅਤੇ ਗਿਰਵੀਕਾਰ (ਾਂ) ਦਾ ਨਾਮ | ਗਿਰਵੀ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਅਨੁਸਾਰ ਬਕਾਇਆ ਰਕਮ (ਰੁਪਏ) |
|---|---|---|---|---|
| **ਸ਼ਾਖਾ ਦਫ਼ਤਰ :- ਸਰਕੂਲਰ ਰੋਡ ਅੰਮ੍ਰਿਤਸਰ** (1) **ਸ੍ਰੀਮਤੀ ਰਛਪਾਲ ਕੌਰ** ਸੁਪਤਨੀ ਸ੍ਰੀ ਗੁਰਵਿੰਦਰ ਸਿੰਘ, ਵਾਰਡ ਨੰ. 2, ਮਾਨ, ਅੰਮ੍ਰਿਤਸਰ, ਪੰਜਾਬ-143502 (ਕਰਜ਼ਦਾਰ/ਗਿਰਵੀਕਾਰ) (2) **ਸ੍ਰੀ ਗੁਰਵਿੰਦਰ ਸਿੰਘ** ਸਪੁੱਤਰ ਸ੍ਰੀ ਧਿਆਨ ਸਿੰਘ, ਵਾਰਡ ਨੰ. 2, ਮਾਨ, ਅੰਮ੍ਰਿਤਸਰ, ਪੰਜਾਬ-143502 (ਸਹਿ-ਕਰਜ਼ਦਾਰ) | ਦਸਤਾਵੇਜ਼ ਨੰ. 3293, ਬਹੀ ਨੰ. 1, ਜਿਲਦ ਨੰ. 14596, ਸਫਾ ਨੰ. 46 ਦੇ ਅਧੀਨ ਸਬ-ਰਜਿਸਟਰਾਰ, ਤਹਿਸੀਲ ਅੰਮ੍ਰਿਤਸਰ ਦੇ ਦਫ਼ਤਰ ਵਿਚ ਪੰਜੀਕ੍ਰਿਤ ਵਿਕਰੀ ਡੀਡ ਮਿਤੀ 08.07.2016 ਦੇ ਅਧੀਨ ਖਾਨ ਕੋਟ, ਆਬਾਦੀ ਹਰਦੇਵ ਨਗਰ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਖਸਰਾ ਨੰ. 21//21/, 30//1 ਮਿਨ ਦੇ ਅਧੀਨ 152 ਵਰਗ ਗਜ਼ ਮਾਪ ਵਾਲੀ ਸੰਪੱਤੀ/ਮਕਾਨ ਨੰ. 180 ਦੇ ਸਾਰੇ ਭਾਗ ਅਤੇ ਹਿੱਸੇ। ਅਸਲ ਸਾਈਟ ਅਨੁਸਾਰ ਹੱਦਾਂ :- ਉਤਰ :ਗੌਰਵ ਕੁਮਾਰ ਦੀ ਮਲਕੀਅਤ, ਦੱਖਣ : ਰਸਤਾ 20 ਫੁੱਟ, ਪੂਰਬ : ਹਰੀਸ਼ ਕੁਮਾਰ ਦੀ ਮਲਕੀਅਤ, ਪੱਛਮ : ਅਮਨਦੀਪ ਸਿੰਘ ਅਤੇ ਮੌਜੂਦ ਤੌਰ 'ਤੇ ਰਮਨ ਕੁਮਾਰ ਦੀ ਮਲਕੀਅਤ। | 05.06.2025 | 02.07.2025 | ਰੁ. 17,17,704/-, 11.06.2025 ਦੇ ਅਨੁਸਾਰ ਭੁਗਤਾਨ ਦੀ ਮਿਤੀ ਤੱਕ ਇਸ ਮਿਤੀ ਤੋਂ ਵਿਆਜ ਸਮੇਤ। |

ਬਦਲਵੇਂ ਨੋਟਿਸ ਦੀ ਸੇਵਾ ਲਈ ਕਦਮ ਚੁੱਕੇ ਜਾ ਰਹੇ ਹਨ। ਉਪਰੋਕਤ ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ(ਾਂ) ਨੂੰ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸ ਵਿੱਚ ਦੱਸੀ ਗਈ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ, ਜਿਸ ਵਿੱਚ ਅਸਫਲ ਰਹਿਣ 'ਤੇ ਬੈਂਕ ਉੱਪਰ ਦੱਸੇ ਗਏ ਸੁਰੱਖਿਅਤ ਸੰਪਤੀਆਂ ਦੇ ਵਿਰੁੱਧ ਐਕਟ ਦੀ ਧਾਰਾ 13 (4) ਦੇ ਤਹਿਤ ਆਪਣੇ ਲਾਗੂ ਕਰਨ ਦੇ ਅਧਿਕਾਰਾਂ ਦੀ ਵਰਤੋਂ ਕਰੇਗਾ।
ਭਾਰਤੀ ਰਿਜ਼ਰਵ ਬੈਂਕ ਦੁਆਰਾ ਜਾਰੀ ਕੀਤੇ ਗਏ ਸੰਪਤੀ ਵਰਗੀਕਰਣ ਨਾਲ ਸਬੰਧਤ ਨਿਰਦੇਸ਼ਾਂ/ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਕਰਜ਼ਾ ਖਾਤੇ ਨੂੰ ਗੈਰ-ਪ੍ਰਦਰਸ਼ਨ ਕਰਨ ਵਾਲੀ ਸੰਪਤੀ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ।
ਇਹ ਨੋਟਿਸ ਸੁਰੱਖਿਅਤ ਲੈਣਦਾਰ ਨੂੰ ਉਪਲਬਧ ਕਿਸੇ ਵੀ ਹੋਰ ਅਧਿਕਾਰ/ਉਪਾਅ ਪ੍ਰਤੀ ਪੱਖਪਾਤ ਤੋਂ ਬਿਨਾਂ ਹੈ।
ਹੇਠਾਂ ਹਸਤਾਖਰ ਕਰਨ ਵਾਲਾ ਬੈਂਕ ਦਾ ਇੱਕ ਅਧਿਕਾਰਤ ਅਧਿਕਾਰੀ ਹੈ ਜੋ ਇਸ ਨੋਟਿਸ ਨੂੰ ਜਾਰੀ ਕਰਨ ਅਤੇ ਉਪਰੋਕਤ ਧਾਰਾ 13 ਦੇ ਤਹਿਤ ਸ਼ਕਤੀਆਂ ਦੀ ਵਰਤੋਂ ਕਰਨ ਲਈ ਹੈ।
ਅਸੀਂ SARFAESI ਐਕਟ ਦੀ ਧਾਰਾ 13(8) ਦੇ ਉਪਬੰਧਾਂ ਅਤੇ ਉੱਥੇ ਨਿਯਮਾਂ ਦੇ ਢਾਂਚੇ ਵੱਲ ਧਿਆਨ ਖਿੱਚਦੇ ਹਾਂ ਜੋ ਪ੍ਰਤੀਭੂਤੀਆਂ ਉੱਤੇ ਛੁਟਕਾਰਾ ਪਾਉਣ ਦੇ ਤੁਹਾਡੇ ਅਧਿਕਾਰਾਂ ਨਾਲ ਸੰਬੰਧਿਤ ਹਨ।
ਇਹ ਨੋਟਿਸ ਬੈਂਕ ਦੇ DRT/DRAT/ਅਦਾਲਤ ਦੇ DRT/RO ਸਾਹਮਣੇ ਮੌਜੂਦਾ ਸਮੇਂ ਵਿੱਚ ਲੰਬਿਤ ਕਾਰਵਾਈਆਂ ਨੂੰ ਅੱਗੇ ਵਧਾਉਣ ਅਤੇ ਪ੍ਰਾਪਤ/ਪ੍ਰਾਪਤ ਕੀਤੇ ਜਾਣ ਵਾਲੇ ਆਦੇਸ਼/ਫਰਮਾਨ ਨੂੰ ਲਾਗੂ ਕਰਨ ਦੇ ਅਧਿਕਾਰ ਨੂੰ ਪ੍ਰਭਾਵਿਤ ਕੀਤੇ ਬਿਨਾਂ ਜਾਰੀ ਕੀਤਾ ਜਾਂਦਾ ਹੈ।

ਮਿਤੀ : 29.07.2025 ਸਥਾਨ : ਅੰਮ੍ਰਿਤਸਰ ਅਧਿਕਾਰਤ ਅਧਿਕਾਰੀ

---

**MANAPPURAM FINANCE LTD.**
CIN : L65910KL1992PLC006623
Registered Office: W - 4/ 638A, Manappuram House, P.O. Valapad, Thrissur - 680 567, Kerala, India

## स्वर्ण नीलामी सूचना

ਗਿਰਵੀਕਰਤਾ ਨੂੰ, ਖਾਸ ਅਤੇ ਸਮਾਜਕ ਰੂਪ ਵਿੱਚ, ਆਮ ਤੌਰ ਤੇ, ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਿੱਤੇ ਖਾਤਿਆਂ ਵਿੱਚ ਗਿਰਵੀ ਰੱਖੇ ਸੋਨੇ ਦੇ ਜੇਵਰਾਂ ਦੀ ਸਮਾਜਕ ਨਿਲਾਮੀ ਨੂੰ ਸਵੇਰੇ 10.00 ਵਜੇ ਤੋਂ ਲੈ ਕੇ 16/08/2025 ਨੂੰ ਹੇਠਾਂ ਦਿਤੀਆਂ ਸ਼ਾਖਾਵਾਂ ਤੇ ਸੰਚਾਲਤ ਕੀਤੇ ਜਾਣ ਦਾ ਪ੍ਰਸਤਾਵ ਦਿੱਤਾ ਜਾਂਦਾ ਹੈ। ਅਸੀਂ ਅਜਿਹੇ ਡਿਫਾਲਟਰ ਗਾਹਕਾਂ ਦੇ ਸੋਨੇ ਦੇ ਜੇਵਰਾਂ ਦੀ ਨਿਲਾਮੀ ਕਰਨ ਜਾ ਰਹੇ ਹਾਂ ਜਿਨ੍ਹਾਂ ਨੇ ਰਜਿਸਟਰਡ ਪੱਤਰ ਸੂਚਿਤ ਕੀਤੇ ਜਾਣ ਦੇ ਬਾਵਜੂਦ ਆਪਣੇ ਲੋਨ ਦੀ ਰਕਮ ਨਹੀਂ ਚੁਕਾਈ ਹੈ। ਜਿਨ੍ਹਾਂ ਆਇਟਮਾਂ ਦੀ ਨਿਲਾਮੀ ਨਹੀਂ ਹੋ ਪਾਵੇਗੀ, ਉਨ੍ਹਾਂ ਦੀ ਨਿਲਾਮੀ ਕਿਸੇ ਹੋਰ ਦਿਨ ਬਿਨਾਂ ਕੋਈ ਹੋਰ ਸੂਚਨਾ ਦਿੱਤੇ ਕੀਤੀ ਜਾਵੇਗੀ। ਨਿਲਾਮੀ ਦੇ ਸਥਾਨ ਅਤੇ ਮਿਤੀ (ਜੇ ਕੋਈ ਹੋਵੇ) ਵਿੱਚ ਤਬਦੀਲੀਆਂ ਦੀ ਕੋਈ ਸੂਚਨਾ ਨਿਲਾਮੀ ਕੇਂਦਰ ਜਾਂ ਵੈਬਸਾਇਟ ਤੇ ਲਗਾਈ ਜਾਵੇਗੀ ਅਤੇ ਇਸ ਬਾਰੇ ਕੋਈ ਹੋਰ ਸੂਚਨਾ ਨਹੀਂ ਦਿੱਤੀ ਜਾਵੇਗੀ।

ਗਿਰਵੀਆਂ ਦੀ ਸੂਚੀ :

ਅੰਮ੍ਰਿਤਸਰ, ਅਕਾਸ਼ ਐਵਿਨਿਊ, 109990700051301, 7501, 7843, 8904, 109990730071214, 1773, 2075, 2127, 2184, 2308, 2383, ਅੰਮ੍ਰਿਤਸਰ, 103890730013435, 3524, 3525, ਸਿਟੀ ਸੈਂਟਰ, ਅੰਮ੍ਰਿਤਸਰ, 126490700007868, 7928, 7929, 7931, 7984, 7985, 8010, 8011, 8100, 8101, 8102, 8103, 8104, 8105, 8115, 8121, 8137, 8138, 8139, 8140, 8151, 8152, 8518, ਢਾਬ ਖੜਿਕਾ, ਅੰਮ੍ਰਿਤਸਰ, 128370700001305, 128370700019063, 9070, 128370730008536, 8587, 8588, ਹਾਲ ਬਜ਼ਾਰ ਅੰਮ੍ਰਿਤਸਰ, 110580730011002, 1026, ਕਬੀਰ ਪਾਰਕ, 124280730020678, 0686, 0889, ਮਜੀਠਾ ਰੋਡ, ਅੰਮ੍ਰਿਤਸਰ, 126770700018944, 9660, 126770700020687, ਪੁਤਲੀਘਰ ਅੰਮ੍ਰਿਤਸਰ, 110950700035358, 5368, 5643, 5651, 110950730040758, 0795, 0907, ਰੰਜੀਤ ਐਵਿਨਿਊ, ਅੰਮ੍ਰਿਤਸਰ, 128390700010762, 128390730009032, 9036, 9037, ਤਰਨ ਤਾਰਨ ਰੋਡ, 124980700017520, 124980730030393, 0394, 0395, 0396, ਬਰਨਾਲਾ, ਪੱਕਾ ਕਾਲਜ ਰੋਡ ਬਰਨਾਲਾ, 131830700021913, 1923, 2008, 2033, 2131, 2153, 2164, 2193, 131830730086359, 6388, 6396, 6430, 6431, 6511, 6583, 6588, 6640, 6670, 6707, ਬਠਿੰਡਾ, ਅਮ੍ਰੀਕ ਸਿੰਘ ਰੋਡ, ਬਠਿੰਡਾ, 132030700014782, 132030730063826, 5438, 5589, ਬੈਂਕ ਬਜ਼ਾਰ, ਬਠਿੰਡਾ, 131950700012975, 131950730048233, 8485, 8492, 8497, 9298, ਬਿਬਿਵਾਲਾ ਬਠਿੰਡਾ, 132050700013017, 132050730046552, ਜੀਟੀ ਰੋਡ, ਬਠਿੰਡਾ, 132320700014530, 4577, 4637, 4647, 4648, 132320730057149, ਫਰੀਦਕੋਟ, ਨਾਨੀਆ ਮੋਹੱਲਾ, ਫਰੀਦਕੋਟ, 133500730019665, ਕਮੇਟਾ ਰੋਡ, ਫਰੀਦਕੋਟ, 132860700016987, ਫਤਿਹਗੜ੍ਹ ਸਾਹਿਬ, ਸਰਹਿੰਦੀ, 119770700019042, 9045, 119770730058577, 8578, 8586, 8594, 8595, ਗੁਰਦਾਸਪੁਰ, ਪਠਾਨਕੋਟ ਡਲਹੌਜ਼ੀ ਰੋਡ, 120310700011714, 120310730017456, 7692, 7718, ਪਠਾਨਕੋਟ ਰੇਲਵੇ ਰੋਡ, 120640700014136, 4175, 4217, 4227, 120640730024631, 4804, 4929, 4931, 4953, 4960, ਹੁਸ਼ਿਆਰਪੁਰ, ਹੁਸ਼ਿਆਰਪੁਰ, 135140730021932, ਜਲੰਧਰ, ਅਜੀਤ ਨਗਰ, 123670700006850, ਕੈਂਟ ਮਾਰਕਿਟ, 115150730018836, 8872, 8876, 8944, 8945, 8993, 9011, 9016, 9025, 9033, 9034, ਜਲੰਧਰ ਰੋਡ ਜਲੰਧਰ, 121470700016205, 6835, 121470730030973, 1068, 1089, 1113, ਮਕਸੂ ਸਦਨ, 114920700012573, 114920730015702, 5703, 5709, ਨਕੋਦਰ, ਜਲੰਧਰ, 133560700013398, 133560730005151, ਪਟੇਲ ਚੌਂਕ, 124290700019032, 9089, 124290730013316, ਪਠਾਨਕੋਟ ਚੌਂਕ, ਜਲੰਧਰ, 125720700016344, 6351, 6376, 6399, 7215, 125720730010399, 0491, 0544, 0549, ਰਾਮਾ ਮੰਡੀ ਜਲੰਧਰ, 114810700018582, 114810730009572, 9619, ਸ਼ਾਸਤਰੀ ਮਾਰਕਿਟ ਜਲੰਧਰ, 122910730006502, ਵਿਜੇਨਗਰ ਖੰਨਾ, 119800730011581, 1715, ਕਪੂਰਥਲਾ, ਕਪੂਰਥਲਾ, ਪੰਜਾਬ, 129160700012361, 2527, ਫਗਵਾੜਾ ਹਿਰਨੀ ਟਾਵਰ, 118030700008627, 8632, ਲੁਧਿਆਣਾ, ਬ੍ਰਾਊਨ ਰੋਡ, 123760700017949, 123760730018754, ਚੌਂਕ ਬਸਤੀ, ਲੁਧਿਆਣਾ, 128250700054798, 4970, 5085, 128250730030151, 1233, 1470, 1589, 1596, 1632, 1633, 1928, 2019, 2022, ਦਸਮੇਸ਼ ਨਗਰ, 113380700021442, 1507, 1515, 1529, 113380730017496, 7497, 7865, 7891, ਫੋਕਲ ਪੁਆਇੰਟ, 111410700039346, 9619, 9620, 9794, 9908, ਜੀ.ਟੀ ਰੋਡ, ਖੰਨਾ, 127970780000119, ਗੁਰੂ ਸ਼ਾਲਾ ਰੋਡ, ਲੁਧਿਆਣਾ, 133540700012620, ਜਗਰਾਓਂ ਲੁਧਿਆਣਾ, 132090700014291, 132090730019712, ਜਨਤਪੁਰੀ- ਲੁਧਿਆਣਾ, 124040730020739, 0829, 1002, 1035, 1055, ਮਾਡਾ ਗਾਰੀ ਚੌਂਕ, 123950700041576, 1578, 1639, 1724, 123950730029580, 9709, 123950730030195, 0468, 0470, 0823, 1059, 1094, ਮਾਡਲ ਟਾਊਨ ਲੁਧਿਆਣਾ, 121580730018140, 8219, 8260, ਰਾਮ ਨਗਰ ਲੁਧਿਆਣਾ, 110690700028546, 110690730021741, 1775, 2015, 2086, ਸਮਰਾਲਾ, ਲੁਧਿਆਣਾ, 134490700011954, 134490730017200, ਫਿਰੋਜ਼ ਗਾਂਧੀ ਮਾਰਕਿਟ ਲੁਧਿਆਣਾ, 115940700023571, 115940730018968, ਮੋਗਾ ਸ਼ਾਖਾ, ਅੰਮ੍ਰਿਤਸਰ ਰੋਡ ਮੋਗਾ, ਪੰਜਾਬ, 133600700012247, 2249, ਮੋਹਾਲੀ, ਬਾਲਟਾਨਾ, ਜ਼ਿਰਕਪੁਰ, ਮੋਹਾਲੀ, 128770730008479, 8493, ਚੰਡੀਗੜ੍ਹ ਰੋਡ, ਕੁਰਾਲੀ, 134000700011530, 1562, 1575, ਮੋਹਾਲੀ, 101750700025398, 101750730013715, 3830, 4161, 4174, 4175, 4258, 101750750000120, ਫੇਜ਼ 9, ਮੋਹਾਲੀ, 126400700013324, 126400730010634, 0715, 0765, 0778, 0779, 0784, 0803, 0804, 0812, 0881, 126400750000115, ਨਵਾਂਸ਼ਹਿਰ ਬਸ, ਨਵਾਂਸ਼ਹਿਰ, 133730700007366, 133730730004578, ਨਵਾਂਸ਼ਹਿਰ ਬਸ ਸਟੈਂਡ ਚੌਂਕ, 116040730005737, ਪਟਿਆਲਾ, ਛੋਟੀ ਬਾਰਾਦਰੀ ਗਲੀ, ਪਟਿਆਲਾ, 125870700016943, ਗਗਨ ਚੌਂਕ, ਰਾਜਪੁਰਾ, 132620700027431, 7439, 7498, ਗੁਰਬਖਸ਼ ਕੋਲੋਨੀ, ਪਟਿਆਲਾ, 131930730021046, 1077, ਜਚਰ ਰੋਡ ਪਾਤੜਾਂ, 132120700033963, 4227, 132120730067618, 132120780000102, ਸੀਲ ਬਾਜ਼, ਪਟਿਆਲਾ, 128820730022191, ਪਟਿਆਲਾ, 101370730015900, ਪਟਿਆਲਾ ਬਸ ਸਟੈਂਡ, 127950730017579, ਰਾਜਪੁਰਾ, 101340700052195, 2398, 101340730042701, 2840, ਰਾਜਪੁਰਾ ਟਾਊਨ, 128450700036523, 6566, 6586, 6672, 128450730022163, 2344, 2392, ਸਮਾਣਾ ਪਟਿਆਲਾ, 134440700021479, 1611, 1612, 1643, 134440730049075, 9197, 9213, ਅਰਬਨ ਅੱਸਟੇਟ ਫੇਜ਼ 11-ਪਟਿਆਲਾ, 131940700017481, 131940730021205, ਰੂਪਨਗਰ, ਰੂਪਨਗਰ ਪੰਜਾਬ, 135920700009979, 9991, 135920730011147, 1261, ਸੁਤਰ ਮਿਲ ਰੋਡ, ਮੋਰਿੰਡਾ, 133890700012715, 3900, 3952, 133890730009585, ਸੰਗਰੂਰ, ਨਿੰਮਾ ਰੋਡ ਬਰਨਾਲਾ, 132580700019214, 9231, 132580730056361, 6420, 7219, 7220, ਮਾਤਾ ਸੀਰੀ ਰੋਡ, ਸੁਨਾਮ ਸੰਗਰੂਰ, 134810730043168, 3203, 3204, 3422, 3646, ਸ਼ਹੀਦ ਭਗਤ ਸਿੰਘ ਚੌਂਕ, ਸੰਗਰੂਰ, 127060700020902, 0905, ਚੰਡੀਗੜ੍ਹ, ਬੁਰੈਲ ਚੰਡੀਗੜ੍ਹ, 121780700031497, 121780730014475, 4511, 4581, 4582, ਚੰਡੀਗੜ੍ਹ ਮੋਟਰ ਮਾਰਕਿਟ, 122500700019822, 9828, 122500730007450, 7515, ਧਨਾਸ ਚੰਡੀਗੜ੍ਹ, 126910700028595, 8662, 8664, 126910730011278, 2466, 2476, 2483, 2553, 2554, 2588, 2641, 2762, 2815, 2835, 2913, 2916, ਪਿਪਲਵਾਲਾ ਟਾਊਨ, 122220700028363, 8364, 8555, 8597, 8598, 8626, 122220730015216, 5294, 5310, 5312,

ਉਪਰ ਦਿੱਤੀ ਨਿਲਾਮੀ ਵਿੱਚ ਭਾਗ ਲੈਣ ਦੇ ਇੱਛੁਕ ਵਿਅਕਤੀ ਹੇਠਾਂ ਦੀ ਪਾਲਣਾ ਕਰਨਗੇ:- ਦਿਲਚਸਪੀ ਰੱਖਣ ਵਾਲੇ ਬੋਲੀ ਲਗਾਉਣ ਵਾਲੇ ਵਿਅਕਤੀਆਂ ਨੂੰ ਨਿਲਾਮੀ ਵਾਲੇ ਦਿਨ ਨੂੰ ਨਕਦੀ ਵਿੱਚ ਈਐਮਡੀ (ਅਸਲ ਬੋਲੀ ਲਗਾਉਣ ਵਾਲਿਆਂ ਨੂੰ ਰਿਫੰਡ ਕਰਨ ਯੋਗ) ਵਜੋਂ ਰੁ. 10,000/- ਜਮਾਂ ਕਰਨੇ ਚਾਹੀਦੇ ਹਨ। ਬੋਲੀ ਲਗਾਉਣ ਵਾਲਿਆਂ ਨੂੰ ਵਾਜਬ ਆਈਡੀ ਕਾਰਡ/ਪੈਨ ਕਾਰਡ ਨਾਲ ਲਿਆਉਣਾ ਚਾਹੀਦਾ ਹੈ। ਹੋਰ ਵੇਰਵੇ ਜਾਣਕਾਰੀ ਲਈ, ਸੰਪਰਕ ਕਰੋ 8089292353 ਤੇ ਸੰਪਰਕ ਕਰੋ।

ਅਧਿਕ੍ਰਿਤ ਅਧਿਕਾਰੀ
ਨਿਮਿਤ ਮਣਪੁਰਮ ਫਿਨਾਂਸ ਲਿ.

---

amber

# AMBER ENTERPRISES INDIA LIMITED

Registered Office: C-1, Phase – II, Focal Point, Rajpura Town – 140 401, Punjab
Corporate Office: Universal Trade Tower, 1st Floor, Sector-49, Sohna Road, Gurugram – 122 018, Haryana
E-mail: info@ambergroupindia.com, Website: www.ambergroupindia.com
Tel.: +91 124 3923000, Fax: +91 124 3923016/17
CIN: L28910PB1990PLC010265

## Extract of Unaudited Financial Results for the Quarter Ended 30 June, 2025

(Rs. in lakh except for per share data)

| Consolidated: 3 months ended (30 June 2025) (Unaudited) | Consolidated: 3 months ended (31 March 2025) (Unaudited) | Consolidated: 3 months ended (30 June 2024) (Unaudited) | Consolidated: Year ended (31 March 2025) (Audited) | Sl. No. | Particulars | Standalone: 3 months ended (30 June 2025) (Unaudited) | Standalone: 3 months ended (31 March 2025) (Unaudited) | Standalone: 3 months ended (30 June 2024) (Unaudited) | Standalone: Year ended (31 March 2025) (Audited) |
|---|---|---|---|---|---|---|---|---|---|
| 3,44,913.22 | 3,75,369.69 | 2,40,129.11 | 9,97,301.57 | 1. | Total Income from Operations | 2,46,674.63 | 2,67,945.66 | 1,76,236.09 | 6,74,396.58 |
| 16,121.41 | 20,128.60 | 11,007.56 | 39,994.15 | 2. | Net Profit for the period (before tax, exceptional and extraordinary items) | 9,840.37 | 12,958.29 | 6,475.67 | 19,600.36 |
| 15,433.09 | 18,858.51 | 10,448.53 | 36,996.37 | 3. | Net Profit for the period before tax (after Exceptional and/or Extraordinary items, Share of (loss) of a joint venture in case of console) | 9,840.37 | 12,958.29 | 6,475.67 | 19,600.36 |
| 10,597.70 | 11,842.35 | 7,472.02 | 25,115.14 | 4. | Net Profit for the period after tax (after Exceptional and/or Extraordinary items) | 6,809.01 | 7,959.23 | 4,643.32 | 13,531.50 |
| 10,629.66 | 11,936.06 | 7,447.32 | 25,176.67 | 5. | Total Comprehensive Income for the period [Comprising Profit/(Loss) for the period (after tax) and Other Comprehensive Income (after tax)] | 6,852.93 | 8,055.13 | 4,620.19 | 13,618.11 |
| 3,388.29 | 3,382.35 | 3,369.37 | 3,382.35 | 6. | Equity Share Capital (Face Value Rs.10/- Each) | 3,388.29 | 3,382.35 | 3,369.37 | 3,382.35 |
| - | - | - | 2,25,179.77 | 7. | Reserves (excluding Revaluation Reserve) as shown in the Audited Balance Sheet of the previous year | - | - | - | 1,85,790.75 |
| - | - | - | - | 8. | Earnings Per Share (of Rs. 10/- each) (for continuing and discontinued operations) | - | - | - | - |
| 30.65 | 34.30 | 21.47 | 71.96 | | Basic earnings per share (in rupees) | 20.10 | 23.53 | 13.78 | 40.01 |
| 30.51 | 34.10 | 21.39 | 71.62 | | Diluted earnings per share (in rupees) | 20.01 | 23.40 | 13.73 | 39.83 |

**Notes to above extract:**

a) The above is an extract of the detailed format of unaudited financial results for the quarter ended 30 June, 2025 filed with the stock exchanges under Regulation 33 of the SEBI (Listing Obligations and Disclosure Requirements) Regulations, 2015 (as amended from time to time). The full format of the unaudited financial results for the quarter ended 30 June, 2025 is available on the Company's website (www.ambergroupindia.com) and on the website of the stock exchanges where the Company's equity shares are listed viz., BSE Limited (www.bseindia.com) and the National Stock Exchange of India Ltd. (www.nseindia.com).

b) Figures of the previous periods have been regrouped/rearranged/reclassified, wherever necessary to comply with financial reporting requirements.

**For more information, please scan the QR code**

**Place:** Gurugram
**Date:** 29 July 2025

For **Amber Enterprises India Limited**
Sd/-
**Jasbir Singh**
(Executive Chairman & CEO and Whole-Time Director)



# ਸਿਹਤਨਾਮਾ



## ਸੁਰੱਖਿਅਤ ਭੋਜਨ ਕਿੰਨਾ ਖ਼ਤਰਨਾਕ....?

ਅੱਜ ਦੇ ਆਧੁਨਿਕ ਯੁਗ ਵਿੱਚ, ਜਦੋਂ ਵਿਗਿਆਨ ਨੇ ਹਰ ਖੇਤਰ ਵਿੱਚ ਬੇਮਿਸਾਲ ਤਰੱਕੀ ਕੀਤੀ ਹੈ, ਭੋਜਨ ਸੰਬੰਧੀ ਉਦਯੋਗ ਵੀ ਇਸ ਤੋਂ ਅਛੂਤਾ ਨਹੀ ਰਿਹਾ। ਸੁਰੱਖਿਅਤ ਭੋਜਨ, ਜਿਸ ਨੂੰ ਅੰਗਰੇਜ਼ੀ ਵਿੱਚ 'ਪ੍ਰੀਜ਼ਰਵਡ ਫੂਡ' ਕਿਹਾ ਜਾਂਦਾ ਹੈ, ਅੱਜ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਾ ਹੈ। ਸੁਪਰਮਾਰਕੀਟਾਂ ਦੀਆਂ ਅਲਮਾਰੀਆਂ ਤੋਂ ਲੈ ਕੇ ਘਰਾਂ ਦੀਆਂ ਰਸੋਈਆਂ ਤੱਕ, ਇਹ ਭੋਜਨ ਪਦਾਰਥ ਆਪਣੀ ਲੰਬੀ ਮਿਆਦ ਅਤੇ ਵਰਤੋਂ ਦੀ ਸਹੂਲਤ ਕਾਰਨ ਪ੍ਰਸਿੱਧ ਹੋ ਚੁੱਕੇ ਹਨ। ਪਰ ਸਵਾਲ ਇਹ ਉੱਠਦਾ ਹੈ ਕਿ ਜੋ ਭੋਜਨ ਮਹੀਨਿਆਂ ਤੱਕ ਖਰਾਬ ਨਹੀ ਹੁੰਦਾ, ਕੀ ਉਹ ਸੱਚਮੁੱਚ ਸਾਡੀ ਸਿਹਤ ਲਈ ਸੁਰੱਖਿਅਤ ਹੈ? ਜਾਂ ਇਸ ਦੀ ਲੰਬੀ ਮਿਆਦ ਦੇ ਪਿੱਛੇ ਲੁਕੇ ਕੈਮੀਕਲ ਸਾਡੇ ਸਰੀਰ ਲਈ ਹਾਨੀਕਾਰਕ ਸਾਬਤ ਹੋ ਸਕਦੇ ਹਨ? ਸੁਰੱਖਿਅਤ ਭੋਜਨ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦੀ ਲੰਬੀ ਸ਼ੈਲਫ-ਲਾਈਫ ਹੈ। ਆਮ ਤੌਰ 'ਤੇ ਜੇਕਰ ਅਸੀ ਘਰ ਵਿੱਚ ਭੋਜਨ ਤਿਆਰ ਕਰਦੇ ਹਾਂ, ਜਿਵੇਂ ਕਿ ਸਬਜ਼ੀਆਂ, ਦਾਲ ਜਾਂ ਰੋਟੀ, ਤਾਂ ਇਹ ਕੁਝ ਦਿਨਾਂ ਵਿੱਚ ਹੀ ਖਰਾਬ ਹੋ ਜਾਂਦਾ ਹੈ। ਇਸ ਦੇ ਪਿੱਛੇ ਕਾਰਨ ਹੈ ਬੈਕਟੀਰੀਆ ਅਤੇ ਫੰਗਸ ਦਾ ਵਧਣਾ, ਜੋ ਕੁਦਰਤੀ ਤੌਰ 'ਤੇ ਭੋਜਨ ਨੂੰ ਸੜਨ-ਗਲਨ ਦੀ ਪ੍ਰਕਿਰਿਆ ਵੱਲ ਲੈ ਜਾਂਦੇ ਹਨ। ਪਰ ਜਦੋਂ ਅਸੀ ਉਦਯੋਗਿਕ ਪੱਧਰ 'ਤੇ ਤਿਆਰ ਕੀਤੇ ਭੋਜਨ ਪਦਾਰਥਾਂ ਦੀ ਗੱਲ ਕਰਦੇ ਹਾਂ, ਜਿਵੇਂ ਕਿ ਡੱਬਾਬੰਦ ਖਾਣੇ, ਚਿਪਸ, ਬਿਸਕੁਟ, ਜੈਮ, ਸੌਸ ਜਾਂ ਫਰੋਜ਼ਨ ਫੂਡ, ਤਾਂ ਇਹ ਮਹੀਨਿਆਂ ਤੱਕ ਖਰਾਬ ਨਹੀ ਹੁੰਦੇ। ਇਸ ਦਾ ਕਾਰਨ ਹੈ ਇਨ੍ਹਾਂ ਵਿੱਚ ਵਰਤੇ ਜਾਣ ਵਾਲੇ ਪ੍ਰੀਜ਼ਰਵੇਟਿਵਜ਼ ਅਤੇ ਹੋਰ ਕੈਮੀਕਲ, ਜੋ ਬੈਕਟੀਰੀਆ ਅਤੇ ਫੰਗਸ ਦੇ ਵਾਧੇ ਨੂੰ ਰੋਕਦੇ ਹਨ। ਪਰ ਇਹ ਸਵਾਲ ਸਾਡੇ ਮਨ ਵਿੱਚ ਆਉਂਦਾ ਹੈ ਕਿ ਜੇਕਰ ਇਹ ਕੈਮੀਕਲ ਬੈਕਟੀਰੀਆ ਵਰਗੇ ਸੂਖਮ ਜੀਵਾਂ ਨੂੰ ਮਾਰ ਸਕਦੇ ਹਨ, ਤਾਂ ਇਹ ਸਾਡੇ ਸਰੀਰ ਦੀਆਂ ਕੋਸ਼ਿਕਾਵਾਂ ਅਤੇ ਸਿਹਤ 'ਤੇ ਕੀ ਅਸਰ ਪਾਉਂਦੇ ਹੋਣਗੇ? ਪ੍ਰੀਜ਼ਰਵਡ ਫੂਡ ਵਿੱਚ ਵਰਤੇ ਜਾਣ ਵਾਲੇ ਕੈਮੀਕਲਾਂ ਦੀ ਸੂਚੀ ਕਾਫੀ ਲੰਬੀ ਹੈ। ਇਨ੍ਹਾਂ ਵਿੱਚ ਸੋਡੀਅਮ ਬੈਂਜੋਏਟ, ਪੋਟਾਸ਼ੀਅਮ ਸੋਰਬੇਟ, ਸਲਫਰ ਡਾਈਆਕਸਾਈਡ, ਨਾਈਟ੍ਰੇਟਸ, ਨਾਈਟ੍ਰਾਈਟਸ ਅਤੇ ਹੋਰ ਕਈ ਸਿੰਥੈਟਿਕ ਮਿਸ਼ਰਣ ਸ਼ਾਮਲ ਹਨ। ਇਹ ਕੈਮੀਕਲ ਭੋਜਨ ਨੂੰ ਖਰਾਬ ਹੋਣ ਤੋਂ ਬਚਾਉਂਦੇ ਹਨ, ਪਰ ਇਨ੍ਹਾਂ ਦਾ ਸੇਵਨ ਸਾਡੀ ਸਿਹਤ 'ਤੇ ਗੰਭੀਰ ਪ੍ਰਭਾਵ ਪਾ ਸਕਦਾ ਹੈ। ਉਦਾਹਰਣ ਵਜੋਂ, ਸੋਡੀਅਮ ਬੈਂਜੋਏਟ, ਜੋ ਆਮ ਤੌਰ 'ਤੇ ਸਾਫਟ ਡਰਿੰਕਸ, ਜੈਮ ਅਤੇ ਸੌਸ ਵਿੱਚ ਵਰਤਿਆ ਜਾਂਦਾ ਹੈ, ਨੂੰ ਕੁਝ ਅਧਿਐਨਾਂ ਵਿੱਚ ਅਸਥਮਾ, ਐਲਰਜੀ ਅਤੇ ਹਾਈਪਰਐਕਟੀਵਿਟੀ ਨਾਲ ਜੋੜਿਆ ਗਿਆ ਹੈ। ਇਸੇ ਤਰ੍ਹਾਂ, ਨਾਈਟ੍ਰੇਟਸ ਅਤੇ ਨਾਈਟ੍ਰਾਈਟਸ, ਜੋ ਪ੍ਰੋਸੈਸਡ ਮੀਟ ਵਿੱਚ ਵਰਤੇ ਜਾਂਦੇ ਹਨ, ਨੂੰ ਕੈਂਸਰ ਦੇ ਵਧਦੇ ਜੋਖਮ ਨਾਲ ਸਬੰਧਤ ਮੰਨਿਆ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਨੇ ਵੀ ਪ੍ਰੋਸੈਸਡ ਮੀਟ ਨੂੰ ਕਾਰਸੀਨੋਜਨਿਕ (ਕੈਂਸਰ ਪੈਦਾ ਕਰਨ ਵਾਲਾ) ਪਦਾਰਥ ਦੀ ਸ਼੍ਰੇਣੀ ਵਿੱਚ ਰੱਖਿਆ ਹੈ। ਇਸ ਤੋਂ ਇਲਾਵਾ, ਸੁਰੱਖਿਅਤ ਭੋਜਨ ਦੀ ਪੋਸ਼ਟਿਕਤਾ ਵੀ ਸਵਾਲਾਂ ਦੇ ਘੇਰੇ ਵਿੱਚ ਹੈ। ਜਦੋਂ ਭੋਜਨ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਰੱਖਣ ਲਈ ਪ੍ਰੋਸੈਸ ਕੀਤਾ ਜਾਂਦਾ ਹੈ, ਤਾਂ ਇਸ ਦੌਰਾਨ ਇਸ ਦੇ ਕੁਦਰਤੀ ਪੌਸ਼ਟਿਕ ਤੱਤ, ਜਿਵੇਂ ਕਿ ਵਿਟਾਮਿਨ ਅਤੇ ਖਣਿਜ, ਨਸ਼ਟ ਹੋ ਜਾਂਦੇ ਹਨ। ਕਈ ਵਾਰ ਕੰਪਨੀਆਂ ਇਨ੍ਹਾਂ ਖਾਣਿਆਂ ਵਿੱਚ ਸਿੰਥੈਟਿਕ ਵਿਟਾਮਿਨ ਜਾਂ ਖਣਿਜ ਸ਼ਾਮਲ ਕਰਦੀਆਂ ਹਨ, ਪਰ ਇਹ ਕੁਦਰਤੀ ਸਰੋਤਾਂ ਤੋਂ ਮਿਲਣ ਵਾਲੇ ਪੌਸ਼ਟਿਕ ਤੱਤਾਂ ਜਿੰਨੇ ਪ੍ਰਭਾਵੀ ਨਹੀ ਹੁੰਦੇ। ਨਤੀਜੇ ਵਜੋਂ, ਅਸੀ ਸੋਚਦੇ ਹਾਂ ਕਿ ਅਸੀ ਪੋਸ਼ਟਿਕ ਭੋਜਨ ਖਾ ਰਹੇ ਹਾਂ, ਪਰ ਅਸਲ ਵਿੱਚ ਅਸੀ ਸਿਰਫ ਖਾਲੀ ਕੈਲੋਰੀਆਂ ਅਤੇ ਹਾਨੀਕਾਰਕ ਕੈਮੀਕਲਾਂ ਦਾ ਸੇਵਨ ਕਰ ਰਹੇ ਹੁੰਦੇ ਹਾਂ। ਇਹ ਸਥਿਤੀ ਖਾਸ ਤੌਰ 'ਤੇ ਬੱਚਿਆਂ ਅਤੇ ਨੌਜਵਾਨਾਂ ਲਈ ਚਿੰਤਾਜਨਕ ਹੈ, ਜਿਨ੍ਹਾਂ ਦੀ ਸਰੀਰਕ ਵਿਕਾਸ ਦੀ ਪ੍ਰਕਿਰਿਆ ਨੂੰ ਇਸ ਤਰ੍ਹਾਂ ਦੇ ਭੋਜਨ ਗੰਭੀਰ ਨੁਕਸਾਨ ਪਹੁੰਚਾ ਸਕਦੇ ਹਨ। ਸੁਰੱਖਿਅਤ ਭੋਜਨ ਦਾ ਇੱਕ ਹੋਰ ਵੱਡਾ ਖਤਰਾ ਇਸ ਵਿੱਚ ਸ਼ਾਮਲ ਉੱਚ ਮਾਤਰਾ ਵਿੱਚ ਚੀਨੀ, ਨਮਕ ਅਤੇ ਟ੍ਰਾਂਸ ਫੈਟਸ ਹਨ। ਉਦਯੋਗਿਕ ਪੱਧਰ 'ਤੇ ਤਿਆਰ ਕੀਤੇ ਜਾਣ ਵਾਲੇ ਜ਼ਿਆਦਾਤਰ ਭੋਜਨ ਪਦਾਰਥ, ਜਿਵੇਂ ਕਿ ਚਿਪਸ, ਬਿਸਕੁਟ, ਨੂਡਲਜ਼ ਅਤੇ ਸਾਫਟ ਡਰਿੰਕਸ, ਵਿੱਚ ਚੀਨੀ ਅਤੇ ਨਮਕ ਦੀ ਮਾਤਰਾ ਸਿਹਤ ਲਈ ਨੁਕਸਾਨਦੇਹ ਪੱਧਰ ਤੱਕ ਹੁੰਦੀ ਹੈ। ਇਸੇ ਤਰ੍ਹਾਂ, ਟ੍ਰਾਂਸ ਫੈਟਸ, ਜੋ ਕਈ ਪ੍ਰੋਸੈਸਡ ਫੂਡਜ਼ ਵਿੱਚ ਵਰਤੇ ਜਾਂਦੇ ਹਨ, ਦਿਲ ਦੀਆਂ ਬਿਮਾਰੀਆਂ, ਮੋਟਾਪੇ ਅਤੇ ਕੋਲੈਸਟ੍ਰੋਲ ਦੇ ਵਧਣ ਦਾ ਕਾਰਨ ਬਣਦੇ ਹਨ। ਅਜਿਹੇ ਭੋਜਨ ਦਾ ਨਿਯਮਤ ਸੇਵਨ ਨਾ ਸਿਰਫ ਸਾਡੀ ਸਿਹਤ ਨੂੰ ਖਰਾਬ ਕਰਦਾ ਹੈ, ਸਗੋਂ ਸਾਡੀ ਜੀਵਨਸ਼ੈਲੀ ਨੂੰ ਵੀ ਪ੍ਰਭਾਵਿਤ ਕਰਦਾ ਹੈ। ਮੋਟਾਪਾ, ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀਆਂ ਬਿਮਾਰੀਆਂ ਵਰਗੀਆਂ ਸਮੱਸਿਆਵਾਂ ਅੱਜ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਆਮ ਹੋ ਗਈਆਂ ਹਨ, ਅਤੇ ਇਸ ਦਾ ਇੱਕ ਵੱਡਾ ਕਾਰਨ ਸੁਰੱਖਿਅਤ ਅਤੇ ਪ੍ਰੋਸੈਸਡ ਭੋਜਨ ਦਾ ਵਧਦਾ ਸੇਵਨ ਹੈ। ਕੰਪਨੀਆਂ ਦੀ ਮਾਰਕੀਟਿੰਗ ਰਣਨੀਤੀ ਵੀ ਸੁਰੱਖਿਅਤ ਭੋਜਨ ਦੇ ਖਤਰਿਆਂ ਨੂੰ ਵਧਾਉਂਦੀ ਹੈ। ਇਹ ਕੰਪਨੀਆਂ ਆਪਣੇ ਉਤਪਾਦਾਂ ਨੂੰ ਸਿਹਤਮੰਦ ਅਤੇ ਪੋਸ਼ਟਿਕ ਦੱਸਣ ਲਈ ਆਕਰਸ਼ਕ ਸਲੋਗਨ ਅਤੇ ਪੈਕੇਜਿੰਗ ਦੀ ਵਰਤੋਂ ਕਰਦੀਆਂ ਹਨ। 'ਲੋ-ਫੈਟ', 'ਜ਼ੀਰੋ ਸ਼ੂਗਰ', 'ਵਿਟਾਮਿਨ ਨਾਲ ਭਰਪੂਰ' ਜਾਂ 'ਆਰਗੈਨਿਕ' ਵਰਗੇ ਸ਼ਬਦ ਗਾਹਕਾਂ ਨੂੰ ਆਕਰਸ਼ਿਤ ਕਰਦੇ ਹਨ, ਪਰ ਅਕਸਰ ਇਹ ਦਾਅਵੇ ਸੱਚਾਈ ਤੋਂ ਕੋਹਾਂ ਦੂਰ ਹੁੰਦੇ ਹਨ। ਉਦਾਹਰਣ ਵਜੋਂ, 'ਜ਼ੀਰੋ ਸ਼ੂਗਰ' ਵਾਲੇ ਉਤਪਾਦਾਂ ਵਿੱਚ ਅਕਸਰ ਕ੍ਰਿਤ੍ਰਿਮ ਮਿਠਾਸ ਵਰਤੀ ਜਾਂਦੀ ਹੈ, ਜੋ ਸਿਹਤ ਲਈ ਹਾਨੀਕਾਰਕ ਹੋ ਸਕਦੀਆਂ ਹਨ। ਇਸੇ ਤਰ੍ਹਾਂ, 'ਲੋ-ਫੈਟ' ਉਤਪਾਦਾਂ ਵਿੱਚ ਅਕਸਰ ਚੀਨੀ ਜਾਂ ਸਟਾਰਚ ਦੀ ਮਾਤਰਾ ਵਧਾ ਦਿੱਤੀ ਜਾਂਦੀ ਹੈ, ਜੋ ਸਿਹਤ ਨੂੰ ਹੋਰ ਨੁਕਸਾਨ ਪਹੁੰਚਾਉਂਦੀ ਹੈ। ਇਹ ਮਾਰਕੀਟਿੰਗ ਚਾਲਬਾਜ਼ੀਆਂ ਗਾਹਕਾਂ ਨੂੰ ਗੁੰਮਰਾਹ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਅਜਿਹੇ ਭੋਜਨ ਦੀ ਵਰਤੋਂ ਲਈ ਪ੍ਰੇਰਿਤ ਕਰਦੀਆਂ ਹਨ, ਜੋ ਸਰੀਰ ਲਈ ਲਾਭਦਾਇਕ ਨਹੀ ਸਗੋਂ ਨੁਕਸਾਨਦੇਹ ਹੁੰਦੇ ਹਨ। ਸੁਰੱਖਿਅਤ ਭੋਜਨ ਦੇ ਵਧਦੇ ਸੇਵਨ ਦਾ ਸਮਾਜਿਕ ਅਤੇ ਸੱਭਿਆਚਾਰਕ ਪ੍ਰਭਾਵ ਵੀ ਘੱਟ ਨਹੀ ਹੈ। ਪਹਿਲਾਂ, ਖਾਸ ਕਰਕੇ ਪੰਜਾਬੀ ਸਮਾਜ ਵਿੱਚ, ਘਰੇਲੂ ਭੋਜਨ ਨੂੰ ਸਿਹਤ ਅਤੇ ਪਰੰਪਰਾ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਤਾਜ਼ੀਆਂ ਸਬਜ਼ੀਆਂ, ਘਰ ਵਿੱਚ ਬਣਿਆ ਦਹੀ, ਮੱਖਣ ਅਤੇ ਰੋਟੀ ਨਾ ਸਿਰਫ ਸੁਆਦੀ ਸਨ, ਸਗੋਂ ਪੌਸ਼ਟਿਕ ਵੀ ਸਨ। ਪਰ ਅੱਜ ਦੀ ਤੇਜ਼ ਰਫਤਾਰ ਜ਼ਿੰਦਗੀ ਵਿੱਚ, ਜਦੋਂ ਸਮਾਂ ਸੀਮਤ ਹੈ, ਲੋਕ ਸੁਰੱਖਿਅਤ ਅਤੇ ਤੁਰੰਤ ਤਿਆਰ ਹੋਣ ਵਾਲੇ ਭੋਜਨ ਵੱਲ ਵਧ ਰਹੇ ਹਨ। ਇਸ ਨਾਲ ਨਾ ਸਿਰਫ ਸਾਡੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ, ਸਗੋਂ ਸਾਡੀ ਰਸੋਈ ਸੰਸਕ੍ਰਿਤੀ ਵੀ ਖਤਮ ਹੋ ਰਹੀ ਹੈ। ਬੱਚੇ, ਜੋ ਪਹਿਲਾਂ ਘਰ ਦੇ ਬਣੇ ਪਕਵਾਨਾਂ ਦਾ ਸੁਆਦ ਚੱਖਦੇ ਸਨ, ਅੱਜ ਪੀਜ਼ਾ, ਬਰਗਰ ਅਤੇ ਨੂਡਲਜ਼ ਦੇ ਆਦੀ ਹੋ ਰਹੇ ਹਨ। ਇਹ ਤਬਦੀਲੀ ਸਾਡੀ ਅਗਲੀ ਪੀੜ੍ਹੀ ਦੀ ਸਿਹਤ ਅਤੇ ਸੱਭਿਆਚਾਰਕ ਵਿਰਾਸਤ ਲਈ ਵੀ ਖਤਰਾ ਬਣ ਰਹੀ ਹੈ। ਸੁਰੱਖਿਅਤ ਭੋਜਨ ਦੇ ਖਤਰਿਆਂ ਨੂੰ ਘਟਾਉਣ ਲਈ ਸਾਨੂੰ ਕੁਝ ਜ਼ਰੂਰੀ ਕਦਮ ਚੁੱਕਣ ਦੀ ਲੋੜ ਹੈ। ਸਭ ਤੋਂ ਪਹਿਲਾਂ, ਸਾਨੂੰ ਆਪਣੀ ਖੁਰਾਕ ਵਿੱਚ ਤਾਜ਼ੇ ਅਤੇ ਕੁਦਰਤੀ ਭੋਜਨ ਨੂੰ ਪਹਿਲ ਦੇਣੀ ਚਾਹੀਦੀ ਹੈ। ਸਥਾਨਕ ਬਜ਼ਾਰਾਂ ਤੋਂ ਤਾਜ਼ੀਆਂ ਸਬਜ਼ੀਆਂ, ਫਲ ਅਤੇ ਅਨਾਜ ਖਰੀਦਣੇ ਸਾਡੀ ਸਿਹਤ ਲਈ ਲਾਭਦਾਇਕ ਹੋ ਸਕਦੇ ਹਨ। ਦੂਜਾ, ਸਾਨੂੰ ਪ੍ਰੋਸੈਸਡ ਅਤੇ ਸੁਰੱਖਿਅਤ ਭੋਜਨ ਦੀ ਵਰਤੋਂ ਨੂੰ ਸੀਮਤ ਕਰਨਾ ਚਾਹੀਦਾ ਹੈ। ਜੇਕਰ ਅਸੀ ਅਜਿਹੇ ਭੋਜਨ ਦਾ ਸੇਵਨ ਕਰਦੇ ਹਾਂ, ਤਾਂ ਪੈਕੇਜਿੰਗ 'ਤੇ ਲਿਖੇ ਇੰਗਰੀਡੀਐਂਟਸ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ ਅਤੇ ਅਜਿਹੇ ਉਤਪਾਦਾਂ ਤੋਂ ਬਚਣਾ ਚਾਹੀਦਾ ਹੈ, ਜਿਨ੍ਹਾਂ ਵਿੱਚ ਅਣਜਾਣ ਜਾਂ ਸਿੰਥੈਟਿਕ ਕੈਮੀਕਲ ਸ਼ਾਮਲ ਹੋਣ। ਤੀਜਾ, ਸਰਕਾਰ ਅਤੇ ਸਿਹਤ ਸੰਸਥਾਵਾਂ ਨੂੰ ਵੀ ਇਸ ਦਿਸ਼ਾ ਵਿੱਚ ਸਖਤ ਕਦਮ ਚੁੱਕਣ ਦੀ ਲੋੜ ਹੈ। ਪ੍ਰੀਜ਼ਰਵੇਟਿਵਜ਼ ਅਤੇ ਹੋਰ ਕੈਮੀਕਲਾਂ ਦੀ ਮਾਤਰਾ ਨੂੰ ਨਿਯਮਤ ਕਰਨ ਲਈ ਸਖਤ ਨਿਯਮ ਬਣਾਏ ਜਾਣੇ ਚਾਹੀਦੇ ਹਨ ਅਤੇ ਗਾਹਕਾਂ ਨੂੰ ਜਾਗਰੂਕ ਕਰਨ ਲਈ ਮੁਹਿੰਮਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ।

ਅੰਤ ਵਿੱਚ, ਸੁਰੱਖਿਅਤ ਭੋਜਨ ਦੀ ਸਹੂਲਤ ਅਤੇ ਆਕਰਸ਼ਕ ਪੈਕੇਜਿੰਗ ਸਾਨੂੰ ਆਪਣੇ ਵੱਲ ਖਿੱਚ ਸਕਦੀ ਹੈ, ਪਰ ਇਸ ਦੇ ਪਿੱਛੇ ਛੁਪੇ ਸਿਹਤ ਸੰਬੰਧੀ ਖਤਰੇ ਸਾਡੇ ਜੀਵਨ ਅਤੇ ਅਗਲੀਆਂ ਪੀੜ੍ਹੀਆਂ ਦੇ ਭਵਿੱਖ ਲਈ ਗੰਭੀਰ ਚੁਣੌਤੀਆਂ ਪੈਦਾ ਕਰਦੇ ਹਨ। ਇਹ ਕੈਮੀਕਲ-ਯੁਕਤ ਅਤੇ ਪ੍ਰੋਸੈਸਡ ਭੋਜਨ ਨਾ ਸਿਰਫ ਸਾਡੀ ਸਰੀਰਕ ਸਿਹਤ ਨੂੰ ਨੁਕਸਾਨ ਪਹੁੰਚਾਉਂਦੇ ਹਨ, ਸਗੋਂ ਸਾਡੀ ਸੱਭਿਆਚਾਰਕ ਵਿਰਾਸਤ ਅਤੇ ਖਾਣ-ਪੀਣ ਦੀਆਂ ਪਰੰਪਰਾਵਾਂ ਨੂੰ ਵੀ ਖਤਰੇ ਵਿੱਚ ਪਾਉਂਦੇ ਹਨ। ਪੰਜਾਬੀ ਸਭਿਆਚਾਰ, ਜੋ ਤਾਜ਼ੇ ਅਤੇ ਘਰੇਲੂ ਭੋਜਨ ਦੀ ਸੰਭਾਲ ਅਤੇ ਸਿਹਤਮੰਦ ਜੀਵਨਸ਼ੈਲੀ 'ਤੇ ਜ਼ੋਰ ਦਿੰਦਾ ਹੈ, ਸਾਨੂੰ ਪ੍ਰੇਰਨਾ ਦੇ ਸਕਦਾ ਹੈ ਕਿ ਅਸੀ ਪ੍ਰੋਸੈਸਡ ਭੋਜਨ ਦੀ ਵਰਤੋਂ ਘਟਾਈਏ ਅਤੇ ਤਾਜ਼ੀਆਂ ਸਬਜ਼ੀਆਂ, ਫਲ ਅਤੇ ਕੁਦਰਤੀ ਅਨਾਜ ਨੂੰ ਅਪਣਾਈਏ। ਸਾਨੂੰ ਪੈਕੇਜਡ ਭੋਜਨ ਦੀ ਸਮੱਗਰੀ ਨੂੰ ਧਿਆਨ ਨਾਲ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ ਅਤੇ ਅਜਿਹੇ ਉਤਪਾਦਾਂ ਤੋਂ ਬਚਣਾ ਚਾਹੀਦਾ ਹੈ, ਜਿਨ੍ਹਾਂ ਵਿੱਚ ਹਾਨੀਕਾਰਕ ਕੈਮੀਕਲ ਸ਼ਾਮਲ ਹੋਣ। ਸਰਕਾਰ ਅਤੇ ਸਿਹਤ ਸੰਸਥਾਵਾਂ ਨੂੰ ਵੀ ਇਸ ਦਿਸ਼ਾ ਵਿੱਚ ਜਾਗਰੂਕਤਾ ਫੈਲਾਉਣ ਅਤੇ ਸਖਤ ਨਿਯਮ ਲਾਗੂ ਕਰਨ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ। ਸਿਰਫ ਸਾਂਝੇ ਯਤਨਾਂ ਨਾਲ ਹੀ ਅਸੀ ਸੁਰੱਖਿਅਤ ਭੋਜਨ ਦੇ ਖਤਰਿਆਂ ਤੋਂ ਬਚ ਸਕਦੇ ਹਾਂ ਅਤੇ ਇੱਕ ਸਿਹਤਮੰਦ, ਸੁਰੱਖਿਅਤ ਅਤੇ ਸਮਰੱਥ ਭਵਿੱਖ ਦੀ ਸਿਰਜਣਾ ਕਰ ਸਕਦੇ ਹਾਂ।



ਸੰਦੀਪ ਕੁਮਾਰ
7009807121

## ਹਲਦੀ ਦੇ ਫ਼ਾਇਦੇ ਅਤੇ ਨੁਕਸਾਨ

ਚੰਦਨ ਕੁਮਾਰ ਜਜਵਾੜੇ

ਭਾਰਤ ਸਮੇਤ ਲਗਭਗ ਸਾਰੇ ਦੱਖਣੀ ਏਸ਼ੀਆਈ ਦੇਸ਼ਾਂ ਦੀਆਂ ਰਸੋਈਆਂ ਵਿੱਚ ਹਲਦੀ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਅਕਸਰ ਅਜਿਹੇ ਦਾਅਵੇ ਕੀਤੇ ਜਾਂਦੇ ਹਨ ਕਿ ਹਲਦੀ ਖਾਣ ਦੇ ਬਹੁਤ ਸਾਰੇ ਫਾਇਦੇ ਹਨ। ਤੁਹਾਨੂੰ ਇੰਟਰਨੈੱਟ ਤੋਂ ਲੈ ਕੇ ਅਖ਼ਬਾਰਾਂ ਅਤੇ ਵੱਖ-ਵੱਖ ਰਸਾਲਿਆਂ ਤੱਕ ਹਜ਼ਾਰਾਂ ਅਜਿਹੇ ਲੇਖ ਮਿਲਣਗੇ, ਜਿਨ੍ਹਾਂ ਵਿੱਚ ਹਲਦੀ ਨੂੰ ਦਿਲ ਦੀ ਜਲਨ, ਬਦਹਜ਼ਮੀ ਅਤੇ ਸ਼ੂਗਰ, ਡਿਪਰੈਸ਼ਨ, ਅਲਜ਼ਾਈਮਰ ਵਰਗੀਆਂ ਗੰਭੀਰ ਬਿਮਾਰੀਆਂ ਲਈ ਲਾਭਦਾਇਕ ਦੱਸਿਆ ਗਿਆ ਹੈ। ਕੁਝ ਲੇਖਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੈਂਸਰ ਦਾ ਇਲਾਜ ਵੀ ਹਲਦੀ ਨਾਲ ਕੀਤਾ ਜਾ ਸਕਦਾ ਹੈ। ਹਲਦੀ ਦੀ ਵਰਤੋਂ ਨਾ ਸਿਰਫ਼ ਭੋਜਨ ਵਿੱਚ ਕੀਤੀ ਜਾਂਦੀ ਹੈ ਬਲਕਿ ਇਸ ਨੂੰ ਚਮੜੀ ਲਈ ਵੀ ਬਹੁਤ ਫਾਇਦੇਮੰਦ ਕਿਹਾ ਜਾਂਦਾ ਹੈ।



### ਹਲਦੀ ਦੇ ਫਾਇਦੇ

- ਐਂਟੀ-ਇਨਫਲਾਮੇਟਰੀ ਅਤੇ ਐਂਟੀਆਕਸੀਡੈਂਟ ਗੁਣਾਂ ਨਾਲ ਭਰਪੂਰ
- ਕਈ ਰੋਗਾਂ ਨਾਲ ਆਸਾਨੀ ਨਾਲ ਲੜਨ ਦੇ ਸਮਰੱਥ
- ਬਿਮਾਰੀ ਫੈਲਾਉਣ ਵਾਲੇ ਬੈਕਟੀਰੀਆ ਤੋਂ ਸੁਰੱਖਿਅਤ
- ਪਾਚਨ ਕਿਰਿਆ ਨੂੰ ਬਿਹਤਰ ਕਰਨ ਵਿੱਚ ਮਦਦ
- ਪ੍ਰਦੂਸ਼ਣ ਕਾਰਨ ਸਿਹਤ 'ਤੇ ਬੁਰੇ ਅਸਰ ਨੂੰ ਘੱਟ ਕਰਦੀ ਹੈ
- ਚਮੜੀ ਲਈ ਵੀ ਫਾਇਦੇਮੰਦ

### ਹਲਦੀ 'ਤੇ ਹੋਈਆਂ ਖੋਜਾਂ

ਹਲਦੀ 'ਤੇ ਸੈਂਕੜੇ ਅਧਿਐਨ ਕੀਤੇ ਗਏ ਹਨ। ਇਹ ਮੰਨਿਆ ਜਾਂਦਾ ਹੈ ਕਿ ਇਸ ਵਿੱਚ ਮੌਜੂਦ ਇੱਕ ਮਿਸ਼ਰਣ ਇਸ ਦੇ ਔਸ਼ਧੀ ਗੁਣਾਂ ਲਈ ਜ਼ਿੰਮੇਵਾਰ ਹੈ ਅਤੇ ਇਹ ਹੈ - ਕਰਕਿਊਮਿਨ। ਕਰਕਿਊਮਿਨ ਕਾਰਨ ਹੀ ਹਲਦੀ ਦਾ ਰੰਗ ਪੀਲਾ ਹੁੰਦਾ ਹੈ। ਹਲਦੀ ਨੂੰ ਆਮ ਤੌਰ 'ਤੇ ਇੱਕ ਚਮਕਦਾਰ ਪੀਲਾ ਮਸਾਲਾ ਮੰਨਿਆ ਜਾਂਦਾ ਹੈ। ਇਹ ਅਦਰਕ ਦੇ ਪਰਿਵਾਰ ਦਾ ਇੱਕ ਮਸਾਲਾ ਹੁੰਦਾ ਹੈ। ਇਸਦੀ ਕਾਸ਼ਤ ਦੁਨੀਆ ਭਰ ਦੇ ਕਈ ਗਰਮ ਖੇਤਰਾਂ ਵਿੱਚ ਕੀਤੀ ਜਾਂਦੀ ਹੈ। ਹਲਦੀ ਦੀ ਵਰਤੋਂ ਲੰਬੇ ਸਮੇਂ ਤੋਂ ਇਸਦੇ ਸਿਹਤ ਲਾਭਾਂ ਦੇ ਨਾਲ-ਨਾਲ ਸੁਆਦ ਵਧਾਉਣ ਲਈ ਕੀਤੀ ਜਾਂਦੀ ਰਹੀ ਹੈ। ਭਾਰਤ ਅਤੇ ਚੀਨ ਵਰਗੇ ਕਈ ਦੇਸ਼ਾਂ ਵਿੱਚ ਸੈਂਕੜੇ ਸਾਲਾਂ ਤੋਂ ਹਲਦੀ ਦੀ ਵਰਤੋਂ ਚਮੜੀ ਦੇ ਰੋਗਾਂ, ਸਾਹ ਦੀਆਂ ਸਮੱਸਿਆਵਾਂ, ਜੋੜਾਂ ਦੇ ਦਰਦ ਅਤੇ ਪਾਚਨ ਰੋਗਾਂ ਦੇ ਇਲਾਜ ਲਈ ਕੀਤੀ ਜਾਂਦੀ ਰਹੀ ਹੈ। ਚੂਹਿਆਂ 'ਤੇ ਕੀਤੇ ਗਏ ਇੱਕ ਪ੍ਰਯੋਗ ਵਿੱਚ, ਇਹ ਪਾਇਆ ਗਿਆ ਕਿ ਕਰਕਿਊਮਿਨ ਦੀ ਬਹੁਤ ਜ਼ਿਆਦਾ ਮਾਤਰਾ ਉਨ੍ਹਾਂ ਵਿੱਚ ਕਈ ਕਿਸਮਾਂ ਦੇ ਕੈਂਸਰ ਦੇ ਵਾਧੇ ਨੂੰ ਰੋਕਣ ਵਿੱਚ ਸਫ਼ਲ ਰਹੀ। ਚੂਹਿਆਂ 'ਤੇ ਕੀਤੇ ਗਏ ਇੱਕ ਅਧਿਐਨ ਤੋਂ ਬਾਅਦ, ਵਿਗਿਆਨੀਆਂ ਨੇ ਕਿਹਾ ਹੈ ਕਿ ਹਲਦੀ ਵਿੱਚ ਪਾਏ ਜਾਣ ਵਾਲੇ ਕਰਕਿਊਮਿਨ ਨਾਲ ਸਿਰੋਸਿਸ ਭਾਵ ਜਿਗਰ ਦੀ ਬਿਮਾਰੀ ਨੂੰ ਠੀਕ ਕੀਤਾ ਜਾ ਸਕਦਾ ਹੈ। ਇਹ ਅਧਿਐਨ ਬ੍ਰਿਟਿਸ਼ ਮੈਡੀਕਲ ਜਰਨਲ 'ਗਟ' ਵਿੱਚ ਵੀ ਪ੍ਰਕਾਸ਼ਿਤ ਹੋਇਆ ਹੈ। ਆਪਣੇ ਅਧਿਐਨ ਵਿੱਚ ਆਸਟ੍ਰੀਆ ਦੇ ਵਿਗਿਆਨੀ ਇਹ ਪਤਾ ਲਗਾਉਣਾ ਚਾਹੁੰਦੇ ਸਨ ਕਿ ਕੀ ਕਰਕਿਊਮਿਨ ਜਿਗਰ ਦੀਆਂ ਬਿਮਾਰੀਆਂ ਨੂੰ ਕੁਝ ਸਮੇਂ ਲਈ ਟਾਲ ਸਕਦਾ ਹੈ ਜਾਂ ਨਹੀ। ਇਨ੍ਹਾਂ ਸਥਿਤੀਆਂ ਵਿੱਚ ਪ੍ਰਾਇਮਰੀ ਸਕਲੇਰੋਜ਼ਿੰਗ ਅਤੇ ਪ੍ਰਾਇਮਰੀ ਬਿਲੀਰੀ ਸਿਰੋਸਿਸ ਮੁੱਖ ਹਨ। ਇਨ੍ਹਾਂ ਦੋਵਾਂ ਸਥਿਤੀਆਂ ਵਿੱਚ ਜਿਗਰ ਨੂੰ ਕਈ ਤਰ੍ਹਾਂ ਦੇ ਨੁਕਸਾਨ ਹੋ ਸਕਦੇ ਹਨ। ਵਿਗਿਆਨੀਆਂ ਨੇ ਕਿਹਾ ਕਿ ਇਸ ਨਾਲ ਘਾਤਕ ਜਿਗਰ ਸਿਰੋਸਿਸ ਵੀ ਹੋ ਸਕਦਾ ਹੈ। ਇਸ ਅਧਿਐਨ ਦੇ ਮੁਖੀ ਆਸਟ੍ਰੀਆ ਦੇ ਗ੍ਰਾਜ਼ ਵਿੱਚ ਮੈਡੀਕਲ ਯੂਨੀਵਰਸਿਟੀ ਵਿੱਚ ਗੈਸਟ੍ਰੋਐਂਟਰੋਲੌਜੀ ਅਤੇ ਹੈਪੇਟੋਲੋਜੀ (ਜਿਗਰ ਦਾ ਅਧਿਐਨ) ਦੇ ਮਾਈਕਲ ਟਰਨਰ ਸਨ। ਇਸ ਤੋਂ ਪਹਿਲਾਂ ਦੇ ਅਧਿਐਨਾਂ ਵਿੱਚ ਕਿਹਾ ਗਿਆ ਸੀ ਕਿ ਹਲਦੀ ਆਪਣੇ ਐਂਟੀ-ਇਨਫਲਾਮੇਟਰੀ ਅਤੇ ਐਂਟੀਆਕਸੀਡੈਂਟ ਗੁਣਾਂ ਕਾਰਨ ਕੁਝ ਬਿਮਾਰੀਆਂ ਨਾਲ ਆਸਾਨੀ ਨਾਲ ਲੜ ਸਕਦੀ ਹੈ।



### ਹਲਦੀ ਨਾਲ ਜੁੜੇ ਫਾਇਦੇ

ਪਰ ਹਲਦੀ ਵਿੱਚ ਸਿਰਫ਼ ਦੋ ਤੋਂ ਤਿੰਨ ਫੀਸਦ ਕਰਕਿਊਮਿਨ ਹੁੰਦਾ ਹੈ ਅਤੇ ਜਦੋਂ ਅਸੀ ਇਸ ਨੂੰ ਖਾਂਦੇ ਹਾਂ, ਤਾਂ ਇਹ ਸਾਡੇ ਸਰੀਰ ਅੰਦਰ ਓਨੀ ਮਾਤਰਾ ਵਿੱਚ ਵੀ ਨਹੀ ਲੀਨ ਹੁੰਦਾ। ਹਾਲਾਂਕਿ, ਬਹੁਤ ਘੱਟ ਲਿਖਤੀ ਅਧਿਐਨਾਂ ਨੇ ਦੱਸਿਆ ਹੈ ਕਿ ਭੋਜਨ ਵਿੱਚ ਹਲਦੀ ਦੀ ਆਮ ਮਾਤਰਾ ਕਿੰਨੀ ਹੋਣੀ ਚਾਹੀਦੀ ਹੈ। ਬੰਗਲੁਰੂ ਸਥਿਤ ਡਾਕਟਰ ਅਤੇ ਪੋਸ਼ਣ ਮਾਹਰ ਅਤਰੇਆ ਨਿਹਾਰਚੰਦਰ ਕਹਿੰਦੀ ਹੈ, "ਹਲਦੀ 'ਤੇ ਕਈ ਤਰ੍ਹਾਂ ਦੀਆਂ ਖੋਜਾਂ ਕੀਤੀਆਂ ਗਈਆਂ ਹਨ। ਅਸੀ ਕਿਸੇ ਵੀ ਪੜਾਅ ਦੇ ਕੈਂਸਰ ਦੇ ਮਰੀਜ਼ਾਂ ਨੂੰ ਜਾਨਵਰਾਂ ਦੇ ਉਤਪਾਦ ਜਾਂ ਡੇਅਰੀ ਉਤਪਾਦ ਨਹੀ ਦਿੰਦੇ।" "ਅਸੀ ਉਨ੍ਹਾਂ ਨੂੰ ਸਬਜ਼ੀਆਂ ਜਾਂ ਫਲ ਦਿੰਦੇ ਹਾਂ। ਅਜਿਹੇ ਮਰੀਜ਼ਾਂ ਲਈ ਹਲਦੀ ਕੀਟਾਣੂਆਂ ਨੂੰ ਮਾਰਨ ਅਤੇ ਪਾਚਨ ਪ੍ਰਣਾਲੀ ਨੂੰ ਸਿਹਤਮੰਦ ਰੱਖਣ ਵਿੱਚ ਮਦਦਗਾਰ ਹੁੰਦੀ ਹੈ।" ਉਨ੍ਹਾਂ ਦਾ ਕਹਿਣਾ ਹੈ, "ਭਾਰਤੀ ਖਾਣੇ ਵਿੱਚ ਆਮ ਤੌਰ 'ਤੇ ਹਲਦੀ ਮਿਲਾਈ ਜਾਂਦੀ ਹੈ ਕਿਉਂਕਿ ਇਹ ਪਾਚਨ ਵਿੱਚ ਮਦਦ ਕਰਦੀ ਹੈ। ਹਲਦੀ ਪ੍ਰਦੂਸ਼ਣ ਕਾਰਨ ਸਰੀਰ 'ਤੇ ਹੋਣ ਵਾਲੇ ਅਸਰ ਨਾਲ ਲੜਨ ਵਿੱਚ ਮਦਦ ਕਰਦੀ ਹੈ।" "ਦੁਨੀਆਂ ਦੇ ਕਈ ਦੇਸ਼ਾਂ ਵਿੱਚ ਹਲਦੀ ਰੋਜ਼ਾਨਾ ਦੇ ਖਾਣੇ ਵਿੱਚ ਨਹੀ ਮਿਲਾਈ ਜਾਂਦੀ ਤਾਂ ਉਹ ਇਸਦੇ ਬਦਲੇ ਹਲਦੀ ਦੀਆਂ ਗੋਲੀਆਂ ਲੈਂਦੇ ਹਨ।" ਡਾ. ਅਤਰੇਆ ਨਿਹਾਰਚੰਦਰ ਕਹਿੰਦੀ ਹੈ, "ਆਮ ਤੌਰ 'ਤੇ ਰੋਜ਼ਾਨਾ ਇੱਕ ਚਮਚ ਹਲਦੀ ਜਾਂ ਅੱਠ ਗ੍ਰਾਮ ਤੱਕ ਹਲਦੀ ਲੈਣਾ ਸੁਰੱਖਿਅਤ ਹੁੰਦਾ ਹੈ।" ਉਹ ਦੱਸਦੀ ਹੈ, "ਜੇ ਅਸੀ ਇਸਨੂੰ ਹੋਰ ਬਾਰੀਕੀ ਨਾਲ ਵੇਖੀਏ, ਤਾਂ ਇੱਕ ਕਿਲੋਗ੍ਰਾਮ ਸਰੀਰ ਦੇ ਭਾਰ ਲਈ ਰੋਜ਼ਾਨਾ 1.4 ਮਿਲੀਗ੍ਰਾਮ ਹਲਦੀ ਦੀ ਵਰਤੋਂ ਕਰਨੀ ਚਾਹੀਦੀ ਹੈ। ਯਾਨੀ, ਜੇਕਰ ਕਿਸੇ ਦਾ ਭਾਰ 60 ਕਿਲੋਗ੍ਰਾਮ ਹੈ, ਤਾਂ ਉਹ ਲਗਭਗ 8.4 ਗ੍ਰਾਮ ਹਲਦੀ ਦਾ ਸੇਵਨ ਕਰ ਸਕਦਾ ਹੈ।" ਭਾਰਤ ਵਿੱਚ ਵਿਆਹਾਂ ਵਿੱਚ ਅਜਿਹੀਆਂ ਰਸਮਾਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਹਲਦੀ ਦੀ ਵਰਤੋਂ ਕੀਤੀ ਜਾਂਦੀ ਹੈ। ਹਲਦੀ ਦੇ ਗੁਣਾਂ ਦੇ ਕਾਰਨ, ਇਸ ਨੂੰ ਕਈ ਸੁੰਦਰਤਾ ਉਤਪਾਦਾਂ ਵਿੱਚ ਵੀ ਸ਼ਾਮਲ ਕੀਤਾ ਜਾਂਦਾ ਹੈ। ਪੋਸ਼ਣ ਮਾਹਰ ਡਾ. ਸੀਮਾ ਗੁਲਾਟੀ ਕਹਿੰਦੀ ਹੈ ਕਿ ਹਲਦੀ ਵਿੱਚ ਐਂਟੀ ਇਨਫਲਾਮੇਟਰੀ, ਐਂਟੀਆਕਸੀਡੈਂਟ ਅਤੇ ਐਂਟੀਬੈਕਟੀਰੀਅਲ ਗੁਣ ਹੁੰਦੇ ਹਨ। ਜਿਸ ਕਾਰਨ ਇਹ ਕਈ ਤਰ੍ਹਾਂ ਦੇ ਚਮੜੀ ਦੇ ਇਨਫੈਕਸ਼ਨਾਂ ਵਿੱਚ ਵੀ ਲਾਭਦਾਇਕ ਹੈ।

### ਕੀ ਹਲਦੀ ਖਾਣ ਦਾ ਕੋਈ ਨੁਕਸਾਨ ਵੀ ਹੈ

ਆਮ ਤੌਰ 'ਤੇ, ਰਵਾਇਤੀ ਤਰੀਕੇ ਨਾਲ ਢੁਕਵੀ ਮਾਤਰਾ ਵਿੱਚ ਹਲਦੀ ਦਾ ਸੇਵਨ ਸੁਰੱਖਿਅਤ ਹੁੰਦਾ ਹੈ। ਹਾਲਾਂਕਿ, ਭੋਜਨ ਵਿੱਚ ਬਹੁਤ ਜ਼ਿਆਦਾ ਹਲਦੀ ਦਾ ਸੇਵਨ ਕਰਨਾ ਜਾਂ ਬਹੁਤ ਜ਼ਿਆਦਾ ਗੋਲੀਆਂ ਲੈਣਾ ਮਾੜੇ ਪ੍ਰਭਾਵ ਪਾ ਸਕਦਾ ਹੈ। ਬਹੁਤ ਜ਼ਿਆਦਾ ਹਲਦੀ ਦਾ ਸੇਵਨ ਕਰਨ ਨਾਲ ਜੀਅ ਕੱਚਾ ਹੋਣਾ, ਉਲਟੀਆਂ, ਐਸਿਡ ਰਿਫਲਕਸ (ਛਾਤੀ ਅਤੇ ਗਲੇ ਵਿੱਚ ਜਲਣ), ਪੇਟ ਖ਼ਰਾਬ ਹੋਣਾ, ਦਸਤ ਜਾਂ ਕਬਜ਼ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਪੋਸ਼ਣ ਮਾਹਰ ਡਾ. ਸੀਮਾ ਗੁਲਾਟੀ ਕਹਿੰਦੀ ਹੈ, "ਜੇਕਰ ਕਿਸੇ ਨੂੰ ਹਲਦੀ ਨਾਲ ਨਿੱਜੀ ਸਮੱਸਿਆ ਹੈ, ਤਾਂ ਇਹ ਵੱਖਰੀ ਗੱਲ ਹੈ, ਪਰ ਜੇਕਰ ਹਲਦੀ ਤੈਅ ਮਾਤਰਾ ਵਿੱਚ ਲਈ ਜਾਂਦੀ ਹੈ, ਤਾਂ ਹੁਣ ਤੱਕ ਕੋਈ ਨੁਕਸਾਨ ਨਹੀ ਦੇਖਿਆ ਗਿਆ ਹੈ।" ਖੂਨ 'ਤੇ ਕਰਕਿਊਮਿਨ ਦੇ ਪ੍ਰਭਾਵ ਅਤੇ ਐਸਪਰੀਨ ਦੇ ਨਾਲ ਇਸ ਦੀ ਵਰਤੋਂ ਦੇ ਸੰਭਾਵਿਤ ਨਤੀਜਿਆਂ 'ਤੇ ਵੀ ਕਈ ਅਧਿਐਨ ਕੀਤੇ ਗਏ ਹਨ। ਸੀਮਾ ਗੁਲਾਟੀ ਕਹਿੰਦੀ ਹੈ, "ਇਸ ਨੂੰ ਜ਼ਿਆਦਾ ਮਾਤਰਾ ਵਿੱਚ ਲੈਣ ਨਾਲ ਕਈ ਵਾਰ ਗੈਸਟ੍ਰਿਕ ਸਮੱਸਿਆਵਾਂ ਜਾਂ ਐਸਪਰੀਨ ਵਰਗੇ ਪ੍ਰਭਾਵ ਹੋ ਸਕਦੇ ਹਨ।" ਡਾ. ਅਤਰੇਆ ਦੇ ਅਨੁਸਾਰ, ਐਸਪਰੀਨ ਵਰਗੀਆਂ ਦਵਾਈਆਂ ਲੈਣ ਵਾਲੇ ਲੋਕਾਂ ਨੂੰ ਹਲਦੀ ਨਾ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ ਜਾਂ ਖੂਨ ਪਤਲਾ ਹੋਣ ਦੀ ਸਮੱਸਿਆ ਵਾਲੇ ਲੋਕਾਂ ਨੂੰ ਵੀ ਹਲਦੀ ਨਾ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ।

## ਬਰਸਾਤ ਦੇ ਮੌਸਮ ਵਿੱਚ ਰੱਖੋ ਸਿਹਤ ਦਾ ਖਿਆਲ



ਨਰਿੰਦਰ ਪਾਲ ਸਿੰਘ
09876805158

ਬਰਸਾਤ ਦਾ ਮੌਸਮ ਆਪਣੇ ਨਾਲ ਠੰਡਕ, ਹਰਿਆਲੀ ਅਤੇ ਤਾਜ਼ਗੀ ਲੈ ਕੇ ਆਉਂਦਾ ਹੈ, ਜੋ ਗਰਮੀ ਤੋਂ ਰਾਹਤ ਦਿੰਦਾ ਹੈ। ਪਰ ਇਸ ਸੁਹਾਵਣੇ ਮੌਸਮ ਦੇ ਨਾਲ ਹੀ ਕਈ ਸਿਹਤ ਸੰਬੰਧੀ ਚੁਣੌਤੀਆਂ ਵੀ ਆਉਂਦੀਆਂ ਹਨ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਕਰਨਾ ਖ਼ਤਰਨਾਕ ਸਾਬਤ ਹੋ ਸਕਦਾ ਹੈ। ਨਮੀ, ਪਾਣੀ ਦੇ ਜਮ੍ਹਾਂ ਹੋਣ ਅਤੇ ਤਾਪਮਾਨ ਵਿੱਚ ਉਤਰਾਅ-ਚੜ੍ਹਾਅ ਕਾਰਨ ਬਰਸਾਤ ਵਿੱਚ ਬਿਮਾਰੀਆਂ ਦਾ ਪ੍ਰਕੋਪ ਵੱਧ ਜਾਂਦਾ ਹੈ। ਇਸ ਲਈ, ਇਸ ਮੌਸਮ ਵਿੱਚ ਆਪਣੀ ਸਿਹਤ ਦਾ ਖਾਸ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ।

### ਸਫ਼ਾਈ ਅਤੇ ਨਿੱਜੀ ਸਫਾਈ ਦਾ ਮਹੱਤਵ

ਬਰਸਾਤ ਦੇ ਮੌਸਮ ਵਿੱਚ ਬੈਕਟੀਰੀਆ, ਵਾਇਰਸ ਅਤੇ ਫੰਗਸ ਤੇਜ਼ੀ ਨਾਲ ਵਧਦੇ ਹਨ। ਇਸ ਲਈ, ਸਫਾਈ ਸਿਹਤਮੰਦ ਰਹਿਣ ਦੀ ਪਹਿਲੀ ਕੁੰਜੀ ਹੈ।

**ਹੱਥਾਂ ਦੀ ਸਫ਼ਾਈ:** ਖਾਣਾ ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ, ਬਾਥਰੂਮ ਦੀ ਵਰਤੋਂ ਕਰਨ ਤੋਂ ਬਾਅਦ, ਅਤੇ ਬਾਹਰੋਂ ਆਉਣ ਤੋਂ ਬਾਅਦ ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਘੱਟੋ ਘੱਟ 20 ਸਕਿੰਟਾਂ ਲਈ ਚੰਗੀ ਤਰ੍ਹਾਂ ਧੋਵੋ। ਜੇ ਪਾਣੀ ਉਪਲਬਧ ਨਾ ਹੋਵੇ ਤਾਂ ਅਲਕੋਹਲ-ਆਧਾਰਿਤ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰੋ।

**ਘਰ ਦੀ ਸਫ਼ਾਈ:** ਘਰ ਅਤੇ ਆਲੇ ਦੁਆਲੇ ਨੂੰ ਸਾਫ਼ ਸੁਥਰਾ ਰੱਖੋ। ਪਾਣੀ ਜਮ੍ਹਾਂ ਨਾ ਹੋਣ ਦਿਓ, ਕਿਉਂਕਿ ਇਹ ਮੱਛਰਾਂ ਦੇ ਪੈਦਾ ਹੋਣ ਦੀ ਥਾਂ ਬਣ ਸਕਦਾ ਹੈ। ਫਰਸ਼ਾਂ ਨੂੰ ਰੋਜ਼ਾਨਾ ਰੋਗਾਣੂਨਾਸ਼ਕ ਨਾਲ ਸਾਫ਼ ਕਰੋ। ਨਮੀ ਵਾਲੀਆਂ ਥਾਵਾਂ 'ਤੇ ਫੰਗਸ ਲੱਗਣ ਤੋਂ ਰੋਕਣ ਲਈ ਹਵਾਦਾਰੀ ਦਾ ਪ੍ਰਬੰਧ ਕਰੋ।

**ਕੱਪੜਿਆਂ ਦੀ ਸਫ਼ਾਈ:** ਬਰਸਾਤ ਵਿੱਚ ਕੱਪੜੇ ਜਲਦੀ ਸੁੱਕਦੇ ਨਹੀ ਅਤੇ ਉਨ੍ਹਾਂ ਵਿੱਚ ਨਮੀ ਰਹਿਣ ਕਾਰਨ ਬਦਬੂ ਜਾਂ ਫੰਗਲ ਇਨਫੈਕਸ਼ਨ ਹੋ ਸਕਦੀ ਹੈ। ਹਮੇਸ਼ਾ ਸੁੱਕੇ ਅਤੇ ਸਾਫ਼ ਕੱਪੜੇ ਪਾਓ। ਜੇ ਕੱਪੜੇ ਗਿੱਲੇ ਹੋ ਜਾਣ ਤਾਂ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਬਦਲ ਲਓ।

**ਪੈਰਾਂ ਦੀ ਸਫ਼ਾਈ:** ਗਿੱਲੇ ਪੈਰਾਂ ਨਾਲ ਫੰਗਲ ਇਨਫੈਕਸ਼ਨ ਜਿਵੇਂ ਕਿ ਐਥਲੀਟਸ ਫੁੱਟ ਹੋ ਸਕਦਾ ਹੈ। ਬਾਹਰੋਂ ਆਉਣ ਤੋਂ ਬਾਅਦ ਆਪਣੇ ਪੈਰਾਂ ਨੂੰ ਚੰਗੀ ਤਰ੍ਹਾਂ ਧੋਵੋ ਅਤੇ ਸੁਕਾਓ। ਬੰਦ ਜੁੱਤੀਆਂ ਦੀ ਬਜਾਏ ਖੁੱਲ੍ਹੇ ਜਾਂ ਜਲਦੀ ਸੁੱਕਣ ਵਾਲੇ ਫੁਟਵੇਅਰ ਪਾਓ।

### ਭੋਜਨ ਅਤੇ ਪਾਣੀ ਦੀ ਸੁਰੱਖਿਆ

ਬਰਸਾਤ ਦੇ ਮੌਸਮ ਵਿੱਚ ਭੋਜਨ ਅਤੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਟਾਈਫਾਈਡ, ਹੈਜ਼ਾ, ਪੀਲੀਆ ਅਤੇ ਦਸਤ ਦਾ ਖ਼ਤਰਾ ਵੱਧ ਜਾਂਦਾ ਹੈ।

**ਉਬਾਲਿਆ ਜਾਂ ਫਿਲਟਰ ਕੀਤਾ ਪਾਣੀ ਪੀਓ:** ਟੂਟੀ ਦਾ ਪਾਣੀ ਅਕਸਰ ਬਰਸਾਤ ਵਿੱਚ ਦੂਸ਼ਿਤ ਹੋ ਜਾਂਦਾ ਹੈ। ਸੁਰੱਖਿਅਤ ਰਹਿਣ ਲਈ, ਪੀਣ ਵਾਲੇ ਪਾਣੀ ਨੂੰ ਘੱਟੋ ਘੱਟ 15-20 ਮਿੰਟ ਤੱਕ ਉਬਾਲੋ ਜਾਂ ਚੰਗੇ ਵਾਟਰ ਫਿਲਟਰ ਦੀ ਵਰਤੋਂ ਕਰੋ।

**ਤਾਜ਼ਾ ਅਤੇ ਗਰਮ ਭੋਜਨ ਖਾਓ:** ਬਾਹਰ ਦਾ ਖਾਣਾ ਖਾਣ ਤੋਂ ਪਰਹੇਜ਼ ਕਰੋ, ਖਾਸ ਕਰਕੇ ਸਟ੍ਰੀਟ ਫੂਡ, ਜਿੱਥੇ ਸਫ਼ਾਈ ਦਾ ਪੂਰਾ ਖਿਆਲ ਨਹੀ ਰੱਖਿਆ ਜਾਂਦਾ। ਘਰ ਵਿੱਚ ਬਣਿਆ ਤਾਜ਼ਾ ਅਤੇ ਗਰਮ ਭੋਜਨ ਖਾਓ।

**ਸਬਜ਼ੀਆਂ ਅਤੇ ਫਲਾਂ ਨੂੰ ਚੰਗੀ ਤਰ੍ਹਾਂ ਧੋਵੋ:** ਸਬਜ਼ੀਆਂ ਅਤੇ ਫਲਾਂ 'ਤੇ ਮਿੱਟੀ ਅਤੇ ਕੀਟਾਣੂ ਹੋ ਸਕਦੇ ਹਨ। ਇਨ੍ਹਾਂ ਨੂੰ ਵਰਤੋਂ ਤੋਂ ਪਹਿਲਾਂ ਚੰਗੀ ਤਰ੍ਹਾਂ ਪਾਣੀ ਨਾਲ ਧੋਵੋ। ਪੱਤੇਦਾਰ ਸਬਜ਼ੀਆਂ ਨੂੰ ਖਾਸ ਤੌਰ 'ਤੇ ਵਧੇਰੇ ਧਿਆਨ ਨਾਲ ਧੋਣਾ ਚਾਹੀਦਾ ਹੈ।

**ਹਲਕਾ ਭੋਜਨ:** ਇਸ ਮੌਸਮ ਵਿੱਚ ਪਾਚਨ ਕਿਰਿਆ ਥੋੜ੍ਹੀ ਕਮਜ਼ੋਰ ਹੋ ਜਾਂਦੀ ਹੈ। ਜ਼ਿਆਦਾ ਤਲਿਆ, ਮਸਾਲੇਦਾਰ ਅਤੇ ਭਾਰੀ ਭੋਜਨ ਖਾਣ ਤੋਂ ਪਰਹੇਜ਼ ਕਰੋ। ਦਾਲ, ਸੂਪ, ਖਿਚੜੀ ਅਤੇ ਤਾਜ਼ੇ ਫਲ ਵਰਗੇ ਹਲਕੇ ਭੋਜਨ ਨੂੰ ਤਰਜੀਹ ਦਿਓ।



### ਆਮ ਬਿਮਾਰੀਆਂ ਅਤੇ ਉਨ੍ਹਾਂ ਤੋਂ ਬਚਾਅ

ਬਰਸਾਤ ਦੇ ਮੌਸਮ ਵਿੱਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਫੈਲਦੀਆਂ ਹਨ। ਇਨ੍ਹਾਂ ਬਾਰੇ ਜਾਣਕਾਰੀ ਹੋਣਾ ਅਤੇ ਬਚਾਅ ਦੇ ਤਰੀਕੇ ਅਪਣਾਉਣਾ ਜ਼ਰੂਰੀ ਹੈ।

**ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ:** ਇਹ ਮੱਛਰਾਂ ਤੋਂ ਫੈਲਣ ਵਾਲੀਆਂ ਬਿਮਾਰੀਆਂ ਹਨ।
- ਆਪਣੇ ਘਰ ਅਤੇ ਆਲੇ ਦੁਆਲੇ ਪਾਣੀ ਜਮ੍ਹਾਂ ਨਾ ਹੋਣ ਦਿਓ। ਕੂਲਰਾਂ, ਫੁੱਲਾਂ ਦੇ ਗਮਲਿਆਂ ਅਤੇ ਪੁਰਾਣੇ ਟਾਇਰਾਂ ਵਿੱਚੋਂ ਪਾਣੀ ਕੱਢਦੇ ਰਹੋ।
- ਮੱਛਰ ਭਜਾਉਣ ਵਾਲੀਆਂ ਦਵਾਈਆਂ ਦੀ ਵਰਤੋਂ ਕਰੋ।
- ਰਾਤ ਨੂੰ ਸੌਂਦੇ ਸਮੇਂ ਮੱਛਰਦਾਨੀ ਦੀ ਵਰਤੋਂ ਕਰੋ।
- ਪੂਰੀਆਂ ਬਾਹਾਂ ਵਾਲੇ ਕੱਪੜੇ ਪਾਓ, ਖਾਸ ਕਰਕੇ ਸਵੇਰੇ ਅਤੇ ਸ਼ਾਮ ਵੇਲੇ।

**ਫਲੂ ਅਤੇ ਜ਼ੁਕਾਮ:** ਨਮੀ ਅਤੇ ਤਾਪਮਾਨ ਵਿੱਚ ਤਬਦੀਲੀ ਕਾਰਨ ਜ਼ੁਕਾਮ, ਖੰਘ ਅਤੇ ਫਲੂ ਆਮ ਹੋ ਜਾਂਦੇ ਹਨ।
- ਗਰਮ ਤਰਲ ਪਦਾਰਥ ਜਿਵੇਂ ਸੂਪ, ਹਰਬਲ ਚਾਹ ਅਤੇ ਗਰਮ ਪਾਣੀ ਪੀਓ।
- ਭੀੜ-ਭਾੜ ਵਾਲੀਆਂ ਥਾਵਾਂ 'ਤੇ ਜਾਣ ਤੋਂ ਬਚੋ।
- ਖੰਘਦੇ ਜਾਂ ਛਿੱਕਦੇ ਸਮੇਂ ਮੂੰਹ ਅਤੇ ਨੱਕ ਨੂੰ ਢੱਕੋ।
- ਜੇ ਜ਼ਿਆਦਾ ਸਮੱਸਿਆ ਹੋਵੇ ਤਾਂ ਡਾਕਟਰ ਦੀ ਸਲਾਹ ਲਓ।

**ਪਾਚਨ ਸੰਬੰਧੀ ਸਮੱਸਿਆਵਾਂ (ਦਸਤ, ਪੇਚਸ਼):** ਦੂਸ਼ਿਤ ਭੋਜਨ ਅਤੇ ਪਾਣੀ ਕਾਰਨ ਹੁੰਦੀਆਂ ਹਨ।
- ਉਬਾਲਿਆ ਪਾਣੀ ਪੀਓ ਅਤੇ ਤਾਜ਼ਾ ਭੋਜਨ ਖਾਓ।
- ਓਆਰਐਸ (ORS) ਦਾ ਘੋਲ ਪੀਓ ਤਾਂ ਜੋ ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋਵੇ।

**ਚਮੜੀ ਦੀਆਂ ਇਨਫੈਕਸ਼ਨਾਂ (ਫੰਗਲ ਇਨਫੈਕਸ਼ਨ):** ਨਮੀ ਕਾਰਨ ਚਮੜੀ 'ਤੇ ਖਾਰਸ਼ ਅਤੇ ਫੰਗਲ ਇਨਫੈਕਸ਼ਨ ਆਮ ਹਨ।
- ਚਮੜੀ ਨੂੰ ਸੁੱਕਾ ਰੱਖੋ।
- ਢਿੱਲੇ ਅਤੇ ਸਾਫ਼ ਕੱਪੜੇ ਪਾਓ।
- ਜੇ ਖਾਰਸ਼ ਹੋਵੇ ਤਾਂ ਡਾਕਟਰ ਦੀ ਸਲਾਹ ਲਓ।



### ਇਮਿਊਨਿਟੀ ਵਧਾਉਣਾ

ਇਸ ਮੌਸਮ ਵਿੱਚ ਬਿਮਾਰੀਆਂ ਨਾਲ ਲੜਨ ਲਈ ਸਰੀਰ ਦੀ ਪ੍ਰਤੀਰੋਧਕ ਸ਼ਕਤੀ (ਇਮਿਊਨਿਟੀ) ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ।

**ਸੰਤੁਲਿਤ ਖੁਰਾਕ:** ਆਪਣੇ ਖੁਰਾਕ ਵਿੱਚ ਵਿਟਾਮਿਨ ਸੀ (ਨਿੰਬੂ, ਸੰਤਰਾ, ਅਮਰੂਦ), ਜ਼ਿੰਕ (ਦਾਲਾਂ, ਮੀਟ, ਨਟਸ) ਅਤੇ ਹੋਰ ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਸ਼ਾਮਲ ਕਰੋ।

**ਹਰਬਲ ਪੀਣ ਵਾਲੇ ਪਦਾਰਥ:** ਤੁਲਸੀ, ਅਦਰਕ, ਕਾਲੀ ਮਿਰਚ ਅਤੇ ਸ਼ਹਿਦ ਨਾਲ ਤਣੀਆਂ ਕਾੜ੍ਹੇ ਜਾਂ ਚਾਹ ਪੀਓ, ਜੋ ਇਮਿਊਨਿਟੀ ਵਧਾਉਣ ਵਿੱਚ ਮਦਦ ਕਰਦੇ ਹਨ।

**ਪੂਰੀ ਨੀਂਦ:** ਸਰੀਰ ਨੂੰ ਬਿਮਾਰੀਆਂ ਨਾਲ ਲੜਨ ਲਈ ਘੱਟੋ ਘੱਟ 7-8 ਘੰਟੇ ਦੀ ਨੀਂਦ ਜ਼ਰੂਰੀ ਹੈ।

**ਸਰੀਰਕ ਗਤੀਵਿਧੀ:** ਨਿਯਮਤ ਕਸਰਤ ਸਰੀਰ ਨੂੰ ਤੰਦਰੁਸਤ ਰੱਖਦੀ ਹੈ ਅਤੇ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਂਦੀ ਹੈ। ਜੇ ਬਾਹਰ ਜਾਣਾ ਸੰਭਵ ਨਾ ਹੋਵੇ ਤਾਂ ਘਰ ਵਿੱਚ ਯੋਗਾ ਜਾਂ ਹੋਰ ਹਲਕੀ ਕਸਰਤ ਕਰੋ।

**ਤਣਾਅ ਪ੍ਰਬੰਧਨ:** ਤਣਾਅ ਇਮਿਊਨ ਸਿਸਟਮ ਨੂੰ ਕਮਜ਼ੋਰ ਕਰਦਾ ਹੈ। ਮੈਡੀਟੇਸ਼ਨ, ਯੋਗਾ ਜਾਂ ਹੋਰ ਤਰੀਕਿਆਂ ਨਾਲ ਤਣਾਅ ਨੂੰ ਘਟਾਉਣ ਦੀ ਕੋਸ਼ਿਸ਼ ਕਰੋ।

### ਖਾਸ ਧਿਆਨ ਰੱਖਣ ਵਾਲੇ ਸਮੂਹ

ਕੁਝ ਲੋਕਾਂ ਨੂੰ ਬਰਸਾਤ ਦੇ ਮੌਸਮ ਵਿੱਚ ਵਧੇਰੇ ਧਿਆਨ ਰੱਖਣ ਦੀ ਲੋੜ ਹੁੰਦੀ ਹੈ।

**ਬੱਚੇ:** ਬੱਚੇ ਬਿਮਾਰੀਆਂ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੁੰਦੇ ਹਨ। ਉਨ੍ਹਾਂ ਦੀ ਸਫ਼ਾਈ, ਖਾਣ-ਪੀਣ ਅਤੇ ਬਾਹਰ ਖੇਡਣ ਵੇਲੇ ਖਾਸ ਧਿਆਨ ਰੱਖੋ। ਉਨ੍ਹਾਂ ਨੂੰ ਪੂਰੀਆਂ ਬਾਹਾਂ ਵਾਲੇ ਕੱਪੜੇ ਪਾਓ ਅਤੇ ਮੱਛਰਾਂ ਤੋਂ ਬਚਾਓ।

**ਬਜ਼ੁਰਗ:** ਬਜ਼ੁਰਗਾਂ ਦੀ ਪ੍ਰਤੀਰੋਧਕ ਸ਼ਕਤੀ ਕਮਜ਼ੋਰ ਹੁੰਦੀ ਹੈ। ਉਨ੍ਹਾਂ ਨੂੰ ਠੰਡ ਅਤੇ ਨਮੀ ਤੋਂ ਬਚਾਓ। ਉਨ੍ਹਾਂ ਦੀ ਖੁਰਾਕ ਅਤੇ ਦਵਾਈਆਂ ਦਾ ਖਾਸ ਖਿਆਲ ਰੱਖੋ।


**ਗਰਭਵਤੀ ਔਰਤਾਂ:** ਗਰਭਵਤੀ ਔਰਤਾਂ ਨੂੰ ਇਸ ਮੌਸਮ ਵਿੱਚ ਬਹੁਤ ਸਾਵਧਾਨੀ ਵਰਤਣੀ ਚਾਹੀਦੀ ਹੈ। ਉਨ੍ਹਾਂ ਨੂੰ ਦੂਸ਼ਿਤ ਭੋਜਨ ਅਤੇ ਪਾਣੀ ਤੋਂ ਬਚਣਾ ਚਾਹੀਦਾ ਹੈ ਅਤੇ ਡਾਕਟਰ ਦੀ ਸਲਾਹ ਤੋਂ ਬਿਨਾਂ ਕੋਈ ਵੀ ਦਵਾਈ ਨਹੀ ਲੈਣੀ ਚਾਹੀਦੀ।

**ਪੁਰਾਣੀਆਂ ਬਿਮਾਰੀਆਂ ਵਾਲੇ ਲੋਕ:** ਜਿਨ੍ਹਾਂ ਲੋਕਾਂ ਨੂੰ ਸ਼ੂਗਰ, ਦਮਾ ਜਾਂ ਦਿਲ ਦੀਆਂ ਬਿਮਾਰੀਆਂ ਹਨ, ਉਨ੍ਹਾਂ ਨੂੰ ਇਸ ਮੌਸਮ ਵਿੱਚ ਆਪਣੀ ਸਿਹਤ ਦਾ ਵਧੇਰੇ ਧਿਆਨ ਰੱਖਣਾ ਚਾਹੀਦਾ ਹੈ ਅਤੇ ਡਾਕਟਰ ਦੀ ਸਲਾਹ ਅਨੁਸਾਰ ਆਪਣੀਆਂ ਦਵਾਈਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ।

ਇਸ ਤਰ੍ਹਾਂ, ਬਰਸਾਤ ਦਾ ਮੌਸਮ ਨਿਸ਼ਚਤ ਤੌਰ 'ਤੇ ਕਈ ਚੁਣੌਤੀਆਂ ਲੈ ਕੇ ਆਉਂਦਾ ਹੈ, ਪਰ ਸਹੀ ਸਾਵਧਾਨੀਆਂ ਅਤੇ ਸਿਹਤਮੰਦ ਆਦਤਾਂ ਅਪਣਾ ਕੇ ਅਸੀ ਇਸਦਾ ਪੂਰਾ ਆਨੰਦ ਲੈ ਸਕਦੇ ਹਾਂ। ਸਫ਼ਾਈ, ਸੁਰੱਖਿਅਤ ਭੋਜਨ ਅਤੇ ਪਾਣੀ, ਅਤੇ ਪ੍ਰਤੀਰੋਧਕ ਸ਼ਕਤੀ ਨੂੰ ਮਜ਼ਬੂਤ ਕਰਨਾ ਇਸ ਮੌਸਮ ਵਿੱਚ ਤੰਦਰੁਸਤ ਰਹਿਣ ਲਈ ਬੁਨਿਆਦੀ ਜ਼ਰੂਰਤਾਂ ਹਨ। ਯਾਦ ਰੱਖੀਏ ਕਿ ਸਾਵਧਾਨੀ ਹੀ ਬਚਾਅ ਹੈ। ਆਪਣੀ ਸਿਹਤ ਦਾ ਖਿਆਲ ਰੱਖੀਏ ਅਤੇ ਬਰਸਾਤ ਦੇ ਮੌਸਮ ਦਾ ਸੁਰੱਖਿਅਤ ਢੰਗ ਨਾਲ ਆਨੰਦ ਮਾਣੀਏ।

## ਤੰਦਰੁਸਤੀ ਲਈ 10 ਹਜ਼ਾਰ ਕਦਮ ਤੁਰਨਾ ਜ਼ਰੂਰੀ ਨਹੀਂ, ਸਿਰਫ਼ 7000 ਕਦਮ ਚੱਲੋਗੇ ਤਾਂ ਵੀ ਦੂਰ ਰਹਿ ਸਕਦੀਆਂ ਨੇ ਬਿਮਾਰੀਆਂ

ਦਿਨ ਵਿੱਚ ਸੱਤ ਹਜ਼ਾਰ ਕਦਮ ਤੁਰਨਾ ਦਿਮਾਗ ਨੂੰ ਸਿਹਤਮੰਦ ਰੱਖਣ ਅਤੇ ਸਰੀਰ ਨੂੰ ਕਈ ਬਿਮਾਰੀਆਂ ਤੋਂ ਬਚਾਉਣ ਲਈ ਕਾਫ਼ੀ ਹੋ ਸਕਦਾ ਹੈ। ਇੱਕ ਤਾਜ਼ਾ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ। ਖੋਜ ਦੇ ਅਨੁਸਾਰ, ਸੱਤ ਹਜ਼ਾਰ ਕਦਮਾਂ ਦਾ ਟੀਚਾ ਅਕਸਰ ਦੱਸੇ ਜਾਣ ਵਾਲੇ ਦਸ ਹਜ਼ਾਰ ਕਦਮਾਂ ਨਾਲੋਂ ਸੌਖਾ ਅਤੇ ਹਕੀਕਤ ਦੇ ਨੇੜੇ ਹੈ। ਲੈਂਸੇਟ ਪਬਲਿਕ ਹੈਲਥ ਵਿੱਚ ਪ੍ਰਕਾਸ਼ਿਤ ਇਸ ਖੋਜ ਵਿੱਚ ਪਾਇਆ ਗਿਆ ਹੈ ਕਿ ਰੋਜ਼ਾਨਾ ਸੱਤ ਹਜ਼ਾਰ ਕਦਮ ਤੁਰਨ ਨਾਲ ਕੈਂਸਰ, ਡਿਮੈਂਸ਼ੀਆ ਅਤੇ ਦਿਲ ਨਾਲ ਸਬੰਧਤ ਗੰਭੀਰ ਬਿਮਾਰੀਆਂ ਦਾ ਖ਼ਤਰਾ ਘਟ ਜਾਂਦਾ ਹੈ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਇਹ ਨਤੀਜੇ ਲੋਕਾਂ ਨੂੰ ਰੋਜ਼ਾਨਾ ਆਪਣੇ ਕਦਮ ਗਿਣਨ ਅਤੇ ਆਪਣੀ ਸਿਹਤ ਵਿੱਚ ਸੁਧਾਰ ਕਰਨ ਲਈ ਪ੍ਰੇਰਿਤ ਕਰ ਸਕਦੇ ਹਨ।



### ਦਸ ਹਜ਼ਾਰ ਕਦਮ ਚੱਲਣ ਦੀ ਥਿਓਰੀ ਕਿੱਥੋਂ ਆਈ?

ਇਸ ਅਧਿਐਨ ਦੀ ਅਗਵਾਈ ਕਰਨ ਵਾਲੇ ਡਾਕਟਰ ਮੇਲੋਡੀ ਡਿੰਗ ਕਹਿੰਦੇ ਹਨ ਕਿ "ਸਾਡੇ ਮਨ 'ਚ ਇਹ ਧਾਰਨਾ ਹੈ ਕਿ ਹਰ ਰੋਜ਼ 10,000 ਕਦਮ ਤੁਰਨਾ ਜ਼ਰੂਰੀ ਹੈ। ਪਰ ਇਸਦਾ ਕੋਈ ਵਿਗਿਆਨਕ ਸਬੂਤ ਨਹੀ ਹੈ।" 10,000 ਕਦਮ ਲਗਭਗ ਅੱਠ ਕਿਲੋਮੀਟਰ ਦੇ ਬਰਾਬਰ ਹੁੰਦੇ ਹਨ। ਇਹ ਦੂਰੀ ਹਰੇਕ ਵਿਅਕਤੀ ਲਈ ਵੱਖਰੀ ਹੋ ਸਕਦੀ ਹੈ। ਇਹ ਕਦਮ ਦੀ ਲੰਬਾਈ 'ਤੇ ਨਿਰਭਰ ਕਰਦੀ ਹੈ, ਜੋ ਕਿ ਵਿਅਕਤੀ ਦੇ ਕੱਦ, ਲਿੰਗ ਅਤੇ ਤੁਰਨ ਦੀ ਗਤੀ ਦੇ ਨਾਲ ਬਦਲਦੀ ਹੈ। ਤੇਜ਼ ਤੁਰਨ ਵਾਲੇ ਆਮ ਤੌਰ 'ਤੇ ਲੰਬੇ ਕਦਮ ਰੱਖਦੇ ਹਨ। 10 ਹਜ਼ਾਰ ਕਦਮਾਂ ਦਾ ਅੰਕੜਾ 1960 ਦੇ ਦਹਾਕੇ ਵਿੱਚ ਜਾਪਾਨ ਵਿੱਚ ਇੱਕ ਮਾਰਕੀਟਿੰਗ ਮੁਹਿੰਮ ਤੋਂ ਆਇਆ ਸੀ। 1964 ਦੇ ਟੋਕੀਓ ਓਲੰਪਿਕ ਤੋਂ ਪਹਿਲਾਂ ਇੱਕ ਪੈਡੋਮੀਟਰ ਲਾਂਚ ਕੀਤਾ ਗਿਆ ਸੀ - 'ਮੈਨਪੋ-ਕੇ', ਜਿਸਦਾ ਅਰਥ ਹੁੰਦਾ ਹੈ - 10,000 ਕਦਮ। ਡਾਕਟਰ ਡਿੰਗ ਕਹਿੰਦੇ ਹਨ ਕਿ ਇਹ ਅੰਕੜਾ 'ਸੰਦਰਭ ਤੋਂ ਹਟਾ ਕੇ' ਇੱਕ ਗੈਰ-ਰਸਮੀ ਦਿਸ਼ਾ-ਨਿਰਦੇਸ਼ ਬਣ ਗਿਆ, ਜਿਸ ਦਾ ਸੁਝਾਅ ਅੱਜ ਵੀ ਬਹੁਤ ਸਾਰੇ ਫਿਟਨੈਸ ਟਰੈਕਰ ਅਤੇ ਐਪਸ ਦਿੰਦੇ ਹਨ। ਲੈਂਸੇਟ ਵਿੱਚ ਪ੍ਰਕਾਸ਼ਿਤ ਇਸ ਖੋਜ 'ਚ ਦੁਨੀਆਂ ਭਰ ਦੇ 1.6 ਲੱਖ ਤੋਂ ਵੱਧ ਲੋਕਾਂ ਦੀ ਸਿਹਤ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ। ਜੋ ਲੋਕ ਰੋਜ਼ਾਨਾ 2,000 ਕਦਮ ਤੁਰਦੇ ਸਨ, ਉਨ੍ਹਾਂ ਦੀ ਤੁਲਨਾ ਵਿੱਚ 7000 ਕਦਮ ਤੁਰਨ ਵਾਲਿਆਂ ਵਿੱਚ ਇਨ੍ਹਾਂ ਬਿਮਾਰੀਆਂ ਦਾ ਘੱਟ ਖ਼ਤਰਾ ਪਾਇਆ ਗਿਆ:

**ਦਿਲ ਸਬੰਧਿਤ ਬਿਮਾਰੀਆਂ: 25 ਫੀਸਦੀ ਘੱਟ**
**ਕੈਂਸਰ: 6 ਫੀਸਦੀ ਘੱਟ**
**ਡਿਮੈਂਸ਼ੀਆ: 38 ਫੀਸਦੀ ਘੱਟ**
**ਡਿਪਰੈਸ਼ਨ: 22 ਫੀਸਦੀ ਘੱਟ**

ਹਾਲਾਂਕਿ, ਖੋਜਕਰਤਾਵਾਂ ਦਾ ਕਹਿਣਾ ਹੈ ਕਿ ਕੁਝ ਅੰਕੜੇ ਘੱਟ ਸਟੀਕ ਹੋ ਸਕਦੇ ਹਨ, ਕਿਉਂਕਿ ਉਹ ਸੀਮਤ ਅਧਿਐਨਾਂ ਤੋਂ ਲਏ ਗਏ ਹਨ।

ਜੋਸ਼ ਐਲਗਿਨ

ਕੁੱਲ ਮਿਲਾ ਕੇ, ਖੋਜ ਦੱਸਦੀ ਹੈ ਕਿ ਦਿਨ ਵਿੱਚ ਚਾਰ ਹਜ਼ਾਰ ਕਦਮ ਤੁਰਨ ਨਾਲ ਵੀ ਉਨ੍ਹਾਂ ਲੋਕਾਂ ਨਾਲੋਂ ਬਿਹਤਰ ਸਿਹਤ ਮਿਲਦੀ ਹੈ ਜੋ ਸਿਰਫ਼ ਦੋ ਹਜ਼ਾਰ ਕਦਮ ਤੁਰਦੇ ਹਨ। ਜ਼ਿਆਦਾਤਰ ਬਿਮਾਰੀਆਂ ਲਈ, ਸੱਤ ਹਜ਼ਾਰ ਕਦਮਾਂ ਤੋਂ ਬਾਅਦ ਫਾਇਦੇ ਸਥਿਰ ਹੋ ਜਾਂਦੇ ਹਨ, ਪਰ ਦਿਲ ਦੀ ਚੰਗੀ ਸਿਹਤ ਲਈ ਉਸ ਤੋਂ ਵੱਧ ਤੁਰਨ ਦੇ ਵੀ ਵਾਧੂ ਫਾਇਦੇ ਹਨ।

### ਕਿੰਨੇ ਹਜ਼ਾਰ ਕਦਮ ਤੁਰਨਾ ਜ਼ਰੂਰੀ ਹਨ?

ਜ਼ਿਆਦਾਤਰ, ਕਸਰਤ ਸਬੰਧੀ ਦਿਸ਼ਾ-ਨਿਰਦੇਸ਼ ਇਸ ਗੱਲ 'ਤੇ ਕੇਂਦਰਿਤ ਹੁੰਦੇ ਹਨ ਕਿ ਲੋਕ ਕਿੰਨੀ ਦੇਰ ਤੱਕ ਸਰੀਰਕ ਗਤੀਵਿਧੀ ਕਰਦੇ ਹਨ, ਨਾ ਕਿ ਉਹ ਕਿੰਨੇ ਕਦਮ ਚੁੱਕਦੇ ਹਨ। ਉਦਾਹਰਣ ਵਜੋਂ, ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਕਹਿੰਦਾ ਹੈ ਕਿ ਬਾਲਗਾਂ ਨੂੰ ਹਰ ਹਫ਼ਤੇ ਘੱਟੋ-ਘੱਟ 150 ਮਿੰਟ ਦੀ ਦਰਮਿਆਨੀ ਕਸਰਤ ਜਾਂ 75 ਮਿੰਟ ਦੀ ਤੇਜ਼ ਕਸਰਤ ਕਰਨੀ ਚਾਹੀਦੀ ਹੈ। ਡਾਕਟਰ ਡਿੰਗ ਕਹਿੰਦੇ ਹਨ ਕਿ ਇਹ ਸਲਾਹ ਬਹੁਤ ਸਾਰੇ ਲੋਕਾਂ ਲਈ ਸਮਝਣੀ ਔਖੀ ਹੋ ਸਕਦੀ ਹੈ ਪਰ ਮੌਜੂਦਾ ਦਿਸ਼ਾ-ਨਿਰਦੇਸ਼ ਮਹੱਤਵਪੂਰਨ ਹਨ। ਉਨ੍ਹਾਂ ਕਿਹਾ, "ਕੁਝ ਲੋਕ ਤੈਰਾਕੀ ਕਰਦੇ ਹਨ, ਸਾਈਕਲ ਚਲਾਉਂਦੇ ਹਨ ਜਾਂ ਉਨ੍ਹਾਂ ਦੀਆਂ ਅਜਿਹੀਆਂ ਸਰੀਰਕ ਸੀਮਾਵਾਂ ਹੁੰਦੀਆਂ ਹਨ, ਜਿਸ ਕਾਰਨ ਉਹ ਜ਼ਿਆਦਾ ਨਹੀ ਚੱਲ ਸਕਦੇ। ਪਰ ਉਨ੍ਹਾਂ ਦਾ ਮੰਨਣਾ ਹੈ ਕਿ ਲੋਕਾਂ ਨੂੰ ਹਰ ਰੋਜ਼ ਕਿੰਨੇ ਕਦਮ ਚੁੱਕਣੇ ਚਾਹੀਦੇ ਹਨ, ਇਸ ਬਾਰੇ ਵੀ ਸਲਾਹ ਦਿੱਤੀ ਜਾ ਸਕਦੀ ਹੈ, ਤਾਂ ਜੋ ਉਹ ਦਿਨ ਭਰ ਵੱਖ-ਵੱਖ ਤਰੀਕਿਆਂ ਨਾਲ ਐਕਟਿਵ ਰਹਿਣ ਬਾਰੇ ਸੋਚਣ। ਬਰੂਨਲ ਯੂਨੀਵਰਸਿਟੀ, ਲੰਡਨ ਦੇ ਡਾਕਟਰ ਡੈਨੀਅਲ ਬੇਲੀ ਦਾ ਕਹਿਣਾ ਹੈ ਕਿ ਇਹ ਅਧਿਐਨ ਇਸ "ਮਿੱਥ" ਨੂੰ ਚੁਣੌਤੀ ਦਿੰਦਾ ਹੈ ਕਿ ਰੋਜ਼ 10,000 ਕਦਮ ਤੁਰਨਾ ਜ਼ਰੂਰੀ ਹੈ। ਉਨ੍ਹਾਂ ਅਨੁਸਾਰ, ਵਧੇਰੇ ਸਰਗਰਮ ਲੋਕਾਂ ਲਈ ਦਸ ਹਜ਼ਾਰ ਕਦਮ ਇੱਕ ਚੰਗਾ ਟੀਚਾ ਹੋ ਸਕਦਾ ਹੈ, ਪਰ ਬਾਕੀ ਲੋਕਾਂ ਲਈ ਪੰਜ ਤੋਂ ਸੱਤ ਹਜ਼ਾਰ ਕਦਮ ਇੱਕ ਵਧੇਰੇ ਆਸਾਨ ਅਤੇ ਪ੍ਰਾਪਤ ਕਰਨ ਯੋਗ ਟੀਚਾ ਹੈ। ਯੂਨੀਵਰਸਿਟੀ ਆਫ਼ ਪੋਰਟਸਮਾਊਥ ਦੇ ਡਾਕਟਰ ਐਂਡਰਿਊ ਸਕਾਟ ਦਾ ਵੀ ਮੰਨਣਾ ਹੈ ਕਿ ਕਦਮਾਂ ਦੀ ਸਟੀਕ ਸੰਖਿਆ ਜ਼ਰੂਰੀ ਨਹੀ ਹੈ। ਉਹ ਕਹਿੰਦੇ ਹਨ, "ਜ਼ਿਆਦਾ ਤੁਰਨਾ ਹਮੇਸ਼ਾ ਬਿਹਤਰ ਹੈ ਅਤੇ ਲੋਕਾਂ ਨੂੰ ਕਿਸੇ ਖਾਸ ਟੀਚੇ ਬਾਰੇ ਬਹੁਤ ਜ਼ਿਆਦਾ ਚਿੰਤਾ ਨਹੀ ਕਰਨੀ ਚਾਹੀਦੀ, ਖਾਸ ਕਰਕੇ ਉਨ੍ਹਾਂ ਦਿਨਾਂ ਵਿੱਚ ਜਦੋਂ ਸਰੀਰਕ ਗਤੀਵਿਧੀ ਘੱਟ ਹੁੰਦੀ ਹੈ।"

# ਟ੍ਰਾਈਡੈਂਟ ਗਰੁੱਪ ਨੇ ਭਾਰਤੀ ਖੇਡਾਂ ਦੀ ਵੱਡੀ ਦੁਨੀਆਂ ਵਿੱਚ ਰੱਖਿਆ ਕਦਮ

ਚੰਡੀਗੜ੍ਹ, 29 ਜੁਲਾਈ (ਅੰਮ੍ਰਿਤਪਾਲ ਸਿੰਘ) :ਭਾਰਤ ਦੇ ਵਧ ਰਹੇ ਖੇਡ ਢਾਂਚੇ ਨੂੰ ਸਮਰਪਿਤ ਇਕ ਇਤਿਹਾਸਿਕ ਪਹਲ ਦੇ ਤੌਰ ਤੇ, ਟ੍ਰਾਈਡੈਂਟ ਗਰੁੱਪ ਨੇ ਪ੍ਰੋਫੈਸ਼ਨਲ ਗੋਲਫ ਟੂਰ ਆਫ ਇੰਡੀਆ (ਪੀ.ਜੀ.ਟੀ.ਆਈ) ਨਾਲ ਭਾਈਚਾਰੇ ਵਿੱਚ ਸ਼ਾਮਲ ਹੋ ਕੇ ਟ੍ਰਾਈਡੈਂਟ ਓਪਨ ਗੋਲਫ ਚੈਂਪੀਅਨਸ਼ਿਪ ਦੀ ਸ਼ੁਰੂਆਤ ਕੀਤੀ ਹੈ, ਜੋ ਹੁਣ ਪੀ ਜੀ ਟੀ ਆਈ ਦੇ ਪ੍ਰਮੁੱਖ ਟੂਰਨਾਮੈਂਟਾਂ ਵਿੱਚੋਂ ਇੱਕ ਹੋਵੇਗਾ। 1 ਕਰੋੜ ਰੁਪਏ ਦੀ ਇਨਾਮ ਰਾਸ਼ੀ ਵਾਲਾ ਇਹ ਟੂਰਨਾਮੈਂਟ 11 ਤੋਂ 14 ਨਵੰਬਰ ਤੱਕ ਚੰਡੀਗੜ੍ਹ ਗੋਲਫ ਕਲੱਬ ਵਿਖੇ ਕਰਵਾਇਆ ਜਾਵੇਗਾ। ਇਹ ਰਣਨੀਤਕ ਸਾਂਝ ਟ੍ਰਾਈਡੈਂਟ ਗਰੁੱਪ ਦੇ ਭਾਰਤ ਦੇ ਪ੍ਰੋਫੈਸ਼ਨਲ ਗੋਲਫ ਮੰਚ ਵਿੱਚ ਪਹਿਲੀ ਵਾਰੀ ਕਦਮ ਰੱਖਣ ਨੂੰ ਰੇਖਾਂਕਿਤ ਕਰਦੀ ਹੈ ਅਤੇ ਇਹ ਗਰੁੱਪ ਦੇ ਵਿਸ਼ਾਲ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ—ਜਿਸ ਵਿੱਚ ਟੈਲੰਟ ਨੂੰ ਨਿਖਾਰਨਾ, ਉਤਮਤਾ ਨੂੰ ਉਤਸ਼ਾਹਿਤ ਕਰਨਾ ਅਤੇ ਦੇਸ਼ ਦੀ ਖੇਡ ਵਿਕਾਸ ਯਾਤਰਾ ਵਿੱਚ ਯੋਗਦਾਨ ਪਾਉਣਾ ਸ਼ਾਮਲ ਹੈ।

# ਨੈਸ਼ਨਲ ਇੰਸਟੀਚਿਊਟ ਆਫ਼ ਆਯੁਰਵੇਦ ਵਿਖੇ ਮਹਾਰਿਸ਼ੀ ਚਰਕ ਜਯੰਤੀ ਮਨਾਈ

ਪੰਚਕੂਲਾ, 29 ਜੁਲਾਈ (ਅੰਮ੍ਰਿਤਪਾਲ ਸਿੰਘ) : ਨੈਸ਼ਨਲ ਇੰਸਟੀਚਿਊਟ ਆਫ਼ ਆਯੁਰਵੇਦ ਨੇ 29 ਜੁਲਾਈ 2025 ਨੂੰ ਸੰਹਿਤਾ ਅਤੇ ਸਿਧਾਂਤ ਵਿਭਾਗ ਦੀ ਅਗਵਾਈ ਹੇਠ ਅਤੇ ਡੀਨ-ਇਨ-ਚਾਰਜ ਪ੍ਰੋਫੈਸਰ ਸਤੀਸ਼ ਗੰਧਰਵ ਦੀ ਯੋਗ ਅਗਵਾਈ ਹੇਠ ਮਹਾਰਿਸ਼ੀ ਚਰਕ ਜਯੰਤੀ ਮਨਾਈ।ਮਹਾਰਿਸ਼ੀ ਚਰਕ ਜਯੰਤੀ ਪ੍ਰਾਚੀਨ ਭਾਰਤ ਦੇ ਮਹਾਨ ਚਿਕਿਤਸਕ ਮਹਾਰਿਸ਼ੀ ਚਰਕ ਦੀ ਯਾਦ ਵਿੱਚ ਮਨਾਈ ਜਾਂਦੀ ਹੈ, ਜੋ ਕਿ ਆਯੁਰਵੇਦ ਸ਼ਾਸਤਰ ਵਿੱਚ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਨੂੰ ਸ਼ਰਧਾਂਜਲੀ ਦੇਣ ਦਾ ਮੌਕਾ ਹੈ। ਇਸ ਮੌਕੇ ਤੇ, ਪ੍ਰੋ. ਪ੍ਰਹਿਲਾਦ ਰਘੂ, ਡੀਨ-ਇਨ-ਚਾਰਜ ਪ੍ਰੋਫੈਸਰ ਸਤੀਸ਼ ਗੰਧਰਵ, ਸੰਸਥਾ ਦੇ ਫੈਕਲਟੀ ਮੈਂਬਰ, ਅਧਿਕਾਰੀ ਅਤੇ ਉਤਸ਼ਾਹੀ ਵਿਦਿਆਰਥੀ ਮੌਜੂਦ ਸਨ। ਪ੍ਰੋਗਰਾਮ ਦੀ ਸ਼ੁਰੂਆਤ ਸ਼ਮਾ ਰੌਸ਼ਨ ਕਰਨ ਨਾਲ ਹੋਈ, ਜਿਸ ਤੋਂ ਬਾਅਦ ਵਿਦਿਆਰਥੀਆਂ ਨੇ ਬਹੁਤ ਜੋਸ਼ ਨਾਲ ਧਨਵੰਤਰੀ ਵੰਦਨਾ ਗਾਈ। ਪ੍ਰੋਗਰਾਮ ਦਾ ਆਯੋਜਨ ਡਾ. ਧਵਲ ਮਕਵਾਨਾ ਅਤੇ ਸ਼੍ਰੀ ਚੰਦਰ ਮੋਹਨ ਜੀ ਨੇ ਬਹੁਤ ਕੁਸ਼ਲਤਾ ਨਾਲ ਕੀਤਾ।

ਪ੍ਰੋ. ਸਤੀਸ਼ ਗੰਧਰਵ ਨੇ ਚਰਕ ਸੰਹਿਤਾ ਦੀ ਕਲੀਨਿਕਲ ਸਾਰਥਕਤਾ ਅਤੇ ਸਦੀਵੀ ਗਿਆਨ ਤੇ ਚਾਨਣਾ ਪਾਇਆ ਅਤੇ ਆਯੁਰਵੈਦਿਕ ਦਵਾਈ ਵਿੱਚ ਇਸਦੀ ਬੁਨਿਆਦੀ ਭੂਮਿਕਾ ਨੂੰ ਰੇਖਾਂਕਿਤ ਕੀਤਾ। ਪ੍ਰੋ. ਪ੍ਰਹਿਲਾਦ ਰਘੂ ਨੇ ਆਯੁਰਵੈਦਿਕ ਜੀਵਨ ਸ਼ੈਲੀ ਦੀ ਮਹੱਤਤਾ ਤੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਵਿਦਿਆਰਥੀਆਂ ਨੂੰ ਇਸਨੂੰ ਆਪਣੇ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ।

ਵਿਦਿਆਰਥਣ ਕੁਮਾਰੀ ਯੁਵੰਸ਼ੀ ਨੇ ਆਯੁਰਵੇਦ ਦੀ ਮਹੱਤਤਾ ਤੇ ਇੱਕ ਭਾਵਨਾਤਮਕ ਕਵਿਤਾ ਸੁੰਦਰ ਢੰਗ ਨਾਲ ਸੁਣਾਈ, ਜਿਸ ਨੇ ਸਾਰਿਆਂ ਦੇ ਦਿਲ ਨੂੰ ਛੂਹ ਲਿਆ। ਪ੍ਰੋਗਰਾਮ ਦਾ ਅੰਤ ਬੀਏਐਮਐਸ ਪਹਿਲੇ ਸਾਲ ਦੇ ਵਿਦਿਆਰਥੀਆਂ ਵਲੋਂ ਉਤਸ਼ਾਹੀ ਸ਼ਲੋਕ ਪਾਠ ਦੇ ਨਾਲ ਹੋਇਆ, ਜਿਸ ਨੇ ਮਾਹੌਲ ਨੂੰ ਪ੍ਰੇਰਨਾਦਾਇਕ ਬਣਾਇਆ।

ਸੰਸਥਾ ਨੇ ਇਸ ਸਮਾਗਮ ਨੂੰ ਸਫਲ ਬਣਾਉਣ ਵਿੱਚ ਉਨ੍ਹਾਂ ਦੇ ਅਟੁੱਟ ਸਮਰਥਨ ਅਤੇ ਮਾਰਗਦਰਸ਼ਨ ਲਈ ਵਾਈਸ ਚਾਂਸਲਰ ਪ੍ਰੋ. ਸੰਜੀਵ ਸ਼ਰਮਾ ਅਤੇ ਡੀਨ (ਅਕਾਦਮਿਕ ਅਤੇ ਪ੍ਰਸ਼ਾਸਨ) ਦਾ ਤਹਿ ਦਿਲੋਂ ਧੰਨਵਾਦ ਕੀਤਾ।

---

## ਯੂਨੀਅਨ ਬੈਂਕ ਆਫ ਇੰਡੀਆ — Union Bank of India

ਭਾਰਤ ਸਰਕਾਰ ਦਾ ਅਦਾਰਾ — A Government of India Undertaking

ਅਸੈਟ ਰਿਕਵਰੀ ਬ੍ਰਾਂਚ : ਕਾਲਰਾਜ਼ ਬਿਲਡਿੰਗ, ਪਹਿਲੀ ਮੰਜ਼ਿਲ, ਬੀ-15-295/ਬੀ ਅਤੇ ਬੀ-15-295/ਸੀ, ਨੇੜੇ ਓਸਵਾਲ ਸਟ੍ਰੀਟ, ਮਿਲਰਗੰਜ, ਜੀਟੀ ਰੋਡ, ਲੁਧਿਆਣਾ-141003,

Mob. No. 83760-02606, Email –arb.ludhiana@unionbankofindia.bank

### ਸੋਧ

26.07.2025 ਨੂੰ **ਇੰਡੀਅਨ ਐਕਸਪ੍ਰੈਸ ਅਤੇ ਰੋਜ਼ਾਨਾ ਚੜ੍ਹਦੀਕਲਾ** ਵਿਚ ਪ੍ਰਕਾਸ਼ਿਤ ਈ–ਨਿਲਾਮੀ ਸੂਚਨਾਵਾਂ ਦੇ ਹਵਾਲੇ ਨਾਲ, ਇਹ ਸੂਚਿਤ ਕੀਤਾ ਜਾਂਦਾ ਹੈ ਕਿ **ਦਰਸਾਏ ਖਾਤੇ ਕਰਜ਼ਦਾਰ : ਮੈਸ. ਜੇਐਸ ਕਾਲੜਾ ਰਾਈਸ ਮਿਲਜ਼** ਦੇ ਲਈ ਸੰਪੱਤੀ ਦੇ ਵੇਰਵੇ ਨਿਮਨ ਅਨੁਸਾਰ ਪੜ੍ਹੇ ਜਾਣ : "......**58 ਕਨਾਲ ਮਾਪ ਵਾਲੀ ਜ਼ਮੀਨ ਦੇ ਸਾਰੇ ਭਾਗ ਅਤੇ ਹਿੱਸੇ (ਕਬਜ਼ੇ ਦੀ ਕਿਸਮ : ਸੰਕੇਤਕ)**"। ਹੋਰ ਸਾਰੇ ਵੇਰਵੇ ਪਹਿਲਾਂ ਵਾਲੇ ਹੀ ਰਹਿਣਗੇ।

ਮਿਤੀ : 29.07.2025 ਸਥਾਨ : ਲੁਧਿਆਣਾ

ਅਧਿਕਾਰਤ ਅਧਿਕਾਰੀ, ਯੂਨੀਅਨ ਬੈਂਕ ਆਫ ਇੰਡੀਆ

---

## ਚੰਡੀਗੜ੍ਹ ਹਾਊਸਿੰਗ ਬੋਰਡ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ 0172-2511141

### ਜਨਤਕ ਸੂਚਨਾ

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ ਅਧੀਨ ਆਪਣੇ ਨਾਂਵਾਂ 'ਤੇ ਰਿਹਾਇਸ਼ੀ ਇਕਾਈ ਦੀ ਉਪਹਾਰ/ਵੇਚ/ਖਰੀਦ ਦੇ ਲਈ ਪ੍ਰਵਾਨਗੀ ਹਿੱਤ ਬਿਨੈ ਕੀਤਾ ਹੈ :-

| ਲ. ਨ. | ਖਰੀਦਦਾਰ ਦਾ ਨਾਮ | ਵਿਕਰੀਕਾਰ ਦਾ ਨਾਮ | ਡੀ ਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ਼੍ਰੀ ਦੀਪਕ ਬੱਗਾ ਸਪੁੱਤਰ ਸ਼੍ਰੀ ਕ੍ਰਿਸ਼ਨ ਬੱਗਾ ਅਤੇ ਸ਼੍ਰੀ ਰਜਿੰਦਰ ਸਿੰਘ ਗਿੱਲ ਸਪੁੱਤਰ ਸ਼੍ਰੀ ਜਰਨੈਲ ਸਿੰਘ | ਸ਼੍ਰੀ ਅਜੇ ਸ਼ਰਮਾ ਸਪੁੱਤਰ ਸ਼੍ਰੀ ਦੇਸ਼ ਰਾਜ ਸ਼ਰਮਾ | 3083–ਬੀ | LIG | 52, ਚੰਡੀਗੜ੍ਹ |
| 2. | ਸ਼੍ਰੀਮਤੀ ਕ੍ਰਿਸ਼ਨਾ ਦੇਵੀ ਸੁਪਤਨੀ ਸ਼੍ਰੀ ਵਰਿੰਦਰ ਕੁਮਾਰ | ਸ਼੍ਰੀ ਰਿਸ਼ੀ ਰਾਮ ਦੇਵ ਸੁਪੁੱਤਰ ਸ਼੍ਰੀ ਧਰਮ ਯਸ ਦੇਵ ਉਰਫ ਸ਼੍ਰੀ ਧਰਮ ਯਸ਼ ਦੇਵ | 3327–1 | LIG | ਧਨਾਸ, ਚੰਡੀਗੜ੍ਹ |
| 3. | ਸ਼੍ਰੀ ਪਵਿੱਤਰ ਸਿੰਘ ਸੈਣੀ ਸਪੁੱਤਰ ਸ਼੍ਰੀ ਬਲਵੰਤ ਸਿੰਘ ਸੈਣੀ | ਸ਼੍ਰੀ ਤਰਸੇਮ ਲਾਲ ਹਰੀਸ਼ ਉਰਫ ਤਰਸੇਮ ਲਾਲ ਸਪੁੱਤਰ ਸ਼੍ਰੀ ਰਾਮ ਸਰਨ ਹਰੀਸ਼ ਉਰਫ ਰਾਮ ਸਰਨ ਦਾਸ | 5115 | LIG | 38–ਪੱਛਮ, ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

**ਸਕੱਤਰ,**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

## ਚੰਡੀਗੜ੍ਹ ਹਾਊਸਿੰਗ ਬੋਰਡ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

### ਜਨਤਕ ਸੂਚਨਾ

**ਸ਼੍ਰੀ ਜਸਵੰਤ ਰਾਏ ਸਪੁੱਤਰ ਸ਼੍ਰੀ ਲਾਜਪਤ ਰਾਏ**, ਵਾਸੀ ਮਕਾਨ ਨੰ. 265–1, ਸੈਕਟਰ 41–ਏ, ਚੰਡੀਗੜ੍ਹ ਨੇ ਅਲਾਟਮੈਂਟ ਪੱਤਰ, ਕਬਜ਼ਾ ਪੱਤਰ ਅਤੇ ਕਬਜ਼ਾ ਪਰਚੀ ਦੇ ਗੁੰਮ ਹੋਣ ਕਾਰਨ ਰਿਹਾਇਸ਼ੀ ਇਕਾਈ ਨੰਬਰ 193–1, ਸੈਕਟਰ 41–ਏ, ਚੰਡੀਗੜ੍ਹ ਦੇ ਸਬੰਧ ਵਿਚ ਅਲਾਟਮੈਂਟ ਪੱਤਰ, ਕਬਜ਼ਾ ਪੱਤਰ ਅਤੇ ਕਬਜ਼ਾ ਪਰਚੀ ਦਾ ਦੁਪਰਤੀ ਉਤਾਰਾ ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। ਉਕਤ ਦਰਸਾਏ ਦਸਤਾਵੇਜ਼ ਦੇ ਗੁੰਮ ਹੋਣ ਸਬੰਧੀ ਮਿਤੀ 28.07.2025 ਨੂੰ ਲੜੀ ਨੰ. 215984, ਐਲਏਆਰ ਨੰਬਰ 2025/023892 ਦੇ ਅਧੀਨ ਪੁਲਿਸ ਇਕਾਈ : ਪੀਐਸ 39, ਚੰਡੀਗੜ੍ਹ ਵਿਖੇ ਆਨਲਾਈਨ ਸ਼ਿਕਾਇਤ ਦਰਜ ਕਰਵਾਈ ਹੈ। ਕੋਈ ਵੀ ਵਿਅਕਤੀ ਜਿਸ ਨੂੰ **ਸ਼੍ਰੀ ਜਸਵੰਤ ਰਾਏ ਸਪੁੱਤਰ ਸ਼੍ਰੀ ਲਾਜਪਤ ਰਾਏ** ਦੀ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਅਲਾਟਮੈਂਟ ਪੱਤਰ ਦਾ ਦੁਪਰਤੀ ਉਤਾਰੇ ਦਾ ਦੁਪਰਤੀ ਉਤਾਰਾ ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਜਮ੍ਹਾਂ ਕਰਵਾ ਦਿੱਤਾ ਜਾਵੇ।

**ਸਕੱਤਰ**
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

---

## ਚੰਡੀਗੜ੍ਹ ਹਾਊਸਿੰਗ ਬੋਰਡ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

### ਜਨਤਕ ਸੂਚਨਾ

**ਸ਼੍ਰੀ ਸੂਰਤ ਸਿੰਘ ਸਪੁੱਤਰ ਸ਼੍ਰੀ ਸੋਹਣ ਸਿੰਘ**, ਵਾਸੀ ਸਾਈਟ ਨੰ. 4287, ਸੈਕਟਰ 56 (ਪਲਸੋਰਾ), ਚੰਡੀਗੜ੍ਹ ਨੇ ਦਸਤਾਵੇਜ਼ਾਂ ਦੇ ਗੁੰਮ ਹੋਣ ਕਾਰਨ ਸਾਈਟ ਨੰ. 4287, ਸੈਕਟਰ 56 (ਪਲਸੋਰਾ), ਚੰਡੀਗੜ੍ਹ ਦੇ ਸਬੰਧ ਵਿਚ ਅਲਾਟਮੈਂਟ ਪੱਤਰ ਦਾ ਦੁਪਰਤੀ ਉਤਾਰਾ ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। ਉਕਤ ਦਰਸਾਏ ਦਸਤਾਵੇਜ਼ ਦੇ ਗੁੰਮ ਹੋਣ ਸਬੰਧੀ ਮਿਤੀ 06.09.2023 ਨੂੰ ਲੜੀ ਨੰ. 131179, ਐਲਏਆਰ ਨੰਬਰ 2023/028216 ਦੇ ਅਧੀਨ ਪੁਲਿਸ ਇਕਾਈ : ਸੈਕਟਰ 39, ਚੰਡੀਗੜ੍ਹ ਵਿਖੇ ਆਨਲਾਈਨ ਸ਼ਿਕਾਇਤ ਦਰਜ ਕਰਵਾਈ ਗਈ ਹੈ। ਕੋਈ ਵੀ ਵਿਅਕਤੀ ਜਿਸ ਨੂੰ ਉਕਤ ਦਰਸਾਈ ਸਾਈਟ ਦੇ ਸਬੰਧ ਵਿਚ ਅਲਾਟਮੈਂਟ ਪੱਤਰ ਦਾ ਦੁਪਰਤੀ ਉਤਾਰੇ ਦਾ ਦੁਪਰਤੀ ਉਤਾਰਾ ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਉਕਤ ਦਰਸਾਏ ਪੁਲਿਸ ਸਟੇਸ਼ਨ ਕੋਲ ਜਾਂ ਨਿਮਨ ਹਸਤਾਖ਼ਰੀ ਦੇ ਦਫ਼ਤਰ ਵਿਚ ਜਮ੍ਹਾਂ ਕਰਵਾ ਦਿੱਤਾ ਜਾਵੇ।

**ਸਕੱਤਰ**
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

---

## ਚੰਡੀਗੜ੍ਹ ਹਾਊਸਿੰਗ ਬੋਰਡ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

### ਜਨਤਕ ਸੂਚਨਾ

**ਸ਼੍ਰੀ ਪ੍ਰੀਤਮ ਸਿੰਘ ਸਪੁੱਤਰ ਸ਼੍ਰੀ ਅਰਜਨ ਸਿੰਘ**, ਵਾਸੀ ਮਕਾਨ ਨੰ. 63, ਸੈਕਟਰ 29–ਏ, ਚੰਡੀਗੜ੍ਹ ਨੇ ਦਸਤਾਵੇਜ਼ਾਂ ਦੇ ਗੁੰਮ ਹੋਣ ਕਾਰਨ ਰਿਹਾਇਸ਼ੀ ਇਕਾਈ ਨੰਬਰ 5147, ਸੈਕਟਰ 38 (ਪੱਛਮ), ਚੰਡੀਗੜ੍ਹ ਦੇ ਸਬੰਧ ਵਿਚ ਅਲਾਟਮੈਂਟ ਪੱਤਰ, ਏਸੀਡੀ ਪੱਤਰ, ਭੌਤਿਕ ਕਬਜ਼ਾ ਪੱਤਰ ਅਤੇ ਕਬਜ਼ਾ ਫਾਰਮ ਦਾ ਦੁਪਰਤੀ ਉਤਾਰਾ ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। ਉਕਤ ਦਰਸਾਏ ਦਸਤਾਵੇਜ਼ ਦੇ ਗੁੰਮ ਹੋਣ ਸਬੰਧੀ ਮਿਤੀ 28.07.2025 ਨੂੰ ਪੁਲਿਸ ਸਟੇਸ਼ਨ, ਸੈਕਟਰ 17 ਚੰਡੀਗੜ੍ਹ ਵਿਖੇ ਲੜੀ ਨੰ. 216022, ਐਲਏਆਰ ਨੰਬਰ 2025/023930 ਦੇ ਅਧੀਨ ਚੰਡੀਗੜ੍ਹ ਪੁਲਿਸ ਕੋਲ ਪੰਜੀਕ੍ਰਿਤ ਡੀਡੀਆਰ ਪੇਸ਼ ਕੀਤੀ ਹੈ। ਕੋਈ ਵੀ ਵਿਅਕਤੀ ਜਿਸ ਨੂੰ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਅਲਾਟਮੈਂਟ ਪੱਤਰ, ਏਸੀਡੀ ਪੱਤਰ, ਭੌਤਿਕ ਕਬਜ਼ਾ ਪੱਤਰ ਅਤੇ ਕਬਜ਼ਾ ਫਾਰਮ ਦਾ ਦੁਪਰਤੀ ਉਤਾਰੇ ਦਾ ਦੁਪਰਤੀ ਉਤਾਰਾ ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਉਕਤ ਦਰਸਾਏ ਪੁਲਿਸ ਸਟੇਸ਼ਨ ਕੋਲ ਜਾਂ ਨਿਮਨ ਹਸਤਾਖ਼ਰੀ ਦੇ ਦਫ਼ਤਰ ਵਿਚ ਜਮ੍ਹਾਂ ਕਰਵਾ ਦਿੱਤਾ ਜਾਵੇ।

**ਸਕੱਤਰ**
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

---

## SHRIRAM Finance — ਸ਼੍ਰੀਰਾਮ ਫਾਇਨਾਂਸ ਲਿਮ.

CIN No- L65191TN1979PLC007874

ਰਜਿ. ਦਫ਼ਤਰ ਸ਼੍ਰੀ ਟਾਵਰ, ਪਲਾਟ ਨੰ. 14ਏ, ਦੱਖਣੀ ਫੇਜ਼, ਇੰਡਸਟ੍ਰੀਅਲ ਅਸਟੇਟ, ਗਿੰਡੀ, ਚੇਨਈ-600032

ਪ੍ਰਬੰਧਕੀ ਦਫ਼ਤਰ : 6ਵੀਂ ਮੰਜ਼ਿਲ (ਲੈਵਲ 2), ਬਿਲਡਿੰਗ ਨੰ. ਕਿਊ 2, ਔਰਮ ਕਿਊ ਪਾਰਕ, ਜੈਨ 4/1, ਟੀਟੀਸੀ, ਥਾਣੇ ਬੇਲਾਪੁਰ ਰੋਡ, ਘਨਸੋਲੀ, ਨਵੀ ਮੁੰਬਈ - 400710

### ਗੋਲਡ ਲੋਨ ਨਿਲਾਮੀ ਸੂਚਨਾ

ਹੇਠਾਂ ਦੱਸੇ ਗਏ ਉਧਾਰ ਲੈਣ ਵਾਲਿਆਂ ਨੂੰ ਸ਼੍ਰੀਰਾਮ ਫਾਈਨੈਂਸ ਲਿਮਟਿਡ (ਐਸਐਲਐਲ) ਤੋਂ ਪ੍ਰਾਪਤ ਕੀਤੇ ਗਏ ਸੋਨੇ ਦੇ ਗਹਿਣਿਆਂ (÷ਸਹੂਲਤ÷) ਦੇ ਵਿਰੁੱਧ ਕਰਜ਼ੇ ਲਈ ਆਪਣੀਆਂ ਬਕਾਇਆ ਰਕਮਾਂ ਦਾ ਭੁਗਤਾਨ ਕਰਨ ਲਈ ਨੋਟਿਸ ਜਾਰੀ ਕੀਤੇ ਗਏ ਹਨ। ਕਿਉਂਕਿ ਉਧਾਰ ਲੈਣ ਵਾਲੇ ਇਸ ਸਹੂਲਤ ਦੇ ਤਹਿਤ ਆਪਣੇ ਬਕਾਏ ਵਾਪਸ ਕਰਨ ਵਿੱਚ ਅਸਫਲ ਰਹੇ ਹਨ, ਇਸ ਲਈ ਅਸੀਂ 12/08/2025 (ਨਿਲਾਮੀ ਦੀ ਮਿਤੀ) ਨੂੰ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਕਰਾਂਗੇ। ਜੇਕਰ ਇਸ ਨਿਲਾਮੀ ਤੋਂ ਕੋਈ ਵਾਧੂ ਰਕਮ ਪ੍ਰਾਪਤ ਹੁੰਦੀ ਹੈ, ਤਾਂ ਉਹ ਸਬੰਧਤ ਉਧਾਰ ਲੈਣ ਵਾਲੇ ਨੂੰ ਵਾਪਸ ਕਰ ਦਿੱਤੀ ਜਾਵੇਗੀ ਅਤੇ ਜੇਕਰ ਨਿਲਾਮੀ ਤੋਂ ਬਾਅਦ ਕੋਈ ਘਾਟਾ ਹੁੰਦਾ ਹੈ, ਤਾਂ ਬਕਾਇਆ ਰਕਮ ਉਚਿਤ ਕਾਨੂੰਨੀ ਕਾਰਵਾਈਆਂ ਰਾਹੀਂ ਉਧਾਰ ਲੈਣ ਵਾਲੇ ਤੋਂ ਵਸੂਲ ਕੀਤੀ ਜਾਵੇਗੀ। (ਐਸਐਲਐਲ) ਕੋਲ ਪਹਿਲਾਂ ਤੋਂ ਸੂਚਿਤ ਕੀਤੇ ਬਿਨਾਂ ਨਿਲਾਮੀ ਵਿੱਚੋਂ ਹੇਠ ਲਿਖਿਆਂ ਵਿੱਚੋਂ ਕਿਸੇ ਵੀ ਖਾਤਿਆਂ ਨੂੰ ਹਟਾਉਣ ਦਾ ਅਧਿਕਾਰ ਹੈ। ਇਸ ਤੋਂ ਇਲਾਵਾ, (ਐਸਐਲਐਲ) ਜ਼ਬਰਦਸਤੀ ਘਟਨਾ ਦੀ ਸਥਿਤੀ ਵਿੱਚ, ਬਿਨਾਂ ਕਿਸੇ ਪੂਰਵ ਸੂਚਨਾ ਦੇ ਨਿਲਾਮੀ ਦੀ ਮਿਤੀ ਨੂੰ ਬਦਲਣ ਦਾ ਅਧਿਕਾਰ ਰਾਖਵਾਂ ਰੱਖਦਾ ਹੈ।

| ਲੋਨ ਨੰਬਰ | ਧਿਰ ਦਾ ਨਾਮ | ਲੋਨ ਨੰਬਰ | ਧਿਰ ਦਾ ਨਾਮ | ਲੋਨ ਨੰਬਰ | ਧਿਰ ਦਾ ਨਾਮ |
|---|---|---|---|---|---|
| CDFERPJ2402270002 | ਰੋਹਿਤ | CDFERPJ2404240003 | ਸਾਈਮਨ | CDFERPJ2409300003 | ਲਖਵੀਰ ਸਿੰਘ |
| CDFERPJ2402270003 | ਜੋਹਾਨ | CDFERPJ2405040003 | ਸਾਈਮਨ | CDFERPJ2410180001 | ਨਿਸ਼ਾਨ ਸਿੰਘ |
| CDFERPJ2403180003 | ਗੁਰਵੰਤ ਸਿੰਘ | CDFERPJ2409180002 | ਰਿਮਕਾ ਭੱਟੀ | CDFERPJ2410180002 | ਨਸੀਬ ਸਿੰਘ |
| CDFERPJ2404100003 | ਜਸਮੀਤ ਸਿੰਘ | CDFERPJ2409230003 | ਰਿਮਕਾ ਭੱਟੀ | | |

ਨਿਲਾਮੀ ਹੇਠ ਲਿਖੇ ਪਤੇ 'ਤੇ ਹੋਵੇਗੀ: ਸ਼੍ਰੀਰਾਮ ਫਾਈਨੈਂਸ ਲਿਮਟਿਡ, ਕੱਕੜ ਟਾਵਰ, ਪਹਿਲੀ ਮੰਜ਼ਿਲ, ਟਾਊਨ ਹਾਲ ਦੇ ਸਾਹਮਣੇ ਦਫਤਰ, ਫਿਰੋਜ਼ਪੁਰ–152002 ਨਿਲਾਮੀ ਦਾ ਸਮਾਂ: ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ

ਕਿਰਪਾ ਕਰਕੇ ਧਿਆਨ ਦਿਓ ਕਿ ਜੇਕਰ ਸਮਾਂ ਸੀਮਾ ਜਾਂ ਕਿਸੇ ਹੋਰ ਕਾਰਨ ਕਰਕੇ ਨਿਲਾਮੀ ਉਸੇ ਦਿਨ ਪੂਰੀ ਨਹੀਂ ਹੁੰਦੀ ਹੈ, ਤਾਂ ਨਿਲਾਮੀ ਅਗਲੇ ਕੰਮਕਾਜੀ ਦਿਨ ਵੀ ਉਸੇ ਨਿਯਮਾਂ ਅਤੇ ਸ਼ਰਤਾਂ 'ਤੇ ਜਾਰੀ ਰਹੇਗੀ।

ਜੇਕਰ ਗਾਹਕ ਦੀ ਮੌਤ ਹੋ ਗਈ ਹੈ, ਤਾਂ ਨਿਲਾਮੀ ਨਾਲ ਸਬੰਧਤ ਸਾਰੀਆਂ ਸ਼ਰਤਾਂ ਉਸਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

ਵਧੇਰੇ ਜਾਣਕਾਰੀ, ਨਿਯਮਾਂ ਅਤੇ ਸ਼ਰਤਾਂ ਲਈ ਅਤੇ ਨਿਲਾਮੀ ਵਿੱਚ ਹਿੱਸਾ ਲੈਣ ਲਈ ਰਜਿਸਟਰ ਹੋਣ ਲਈ, ਦਿਲਚਸਪੀ ਰੱਖਣ ਵਾਲੇ ਖਰੀਦਦਾਰ ਸ਼੍ਰੀ ਵਨੀਤ ਸ਼ਰਮਾ (9815599337) ਐਸਐਫਐਲ, ਸ਼੍ਰੀ ਵਰਦਾਨ (9910330356) ਸਾਮਿਲ, ਸ਼੍ਰੀ ਸਾਹਿਲ ਕੁਮਾਰ (9855870002) ਐਸਐਫਐਲ, ਸ਼੍ਰੀ ਰਣਧੀਰ ਬਾਂਸਲ (9501544052) ਐਸਐਫਐਲ ਨਾਲ ਸੰਪਰਕ ਕਰ ਸਕਦੇ ਹਨ।

ਮਿਤੀ : 30.07.2025
ਸਥਾਨ: ਫਿਰੋਜ਼ਪੁਰ

ਸਹੀ/-
ਸ਼੍ਰੀਰਾਮ ਆਟੋਮਾਲ ਇੰਡੀਆ ਲਿਮਟਿਡ
ਬੋਰਡ ਪ੍ਰਵਾਨਤ ਨਿਲਾਮੀਕਰਤਾ
ਵਾਸਤੇ ਸ਼੍ਰੀਰਾਮ ਫਾਇਨਾਂਸ ਲਿਮ.

---

## ਚੰਡੀਗੜ੍ਹ ਹਾਊਸਿੰਗ ਬੋਰਡ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

### ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ਼੍ਰੀ ਬੇਅੰਤ ਸਿੰਘ ਸਿੱਧੂ ਸਪੁੱਤਰ ਸ਼੍ਰੀ ਗੁਲਜ਼ਾਰ ਸਿੰਘ ਸਿੱਧੂ** ਦੇ ਨਾਮ ਤੋਂ **ਸ਼੍ਰੀ ਰਾਜੀਵ ਗਰਗ ਸਪੁੱਤਰ ਸਵਰਗੀ ਸ਼੍ਰੀ ਕ੍ਰਿਸ਼ਨ ਚੰਦ ਗਰਗ ਅਤੇ ਸ਼੍ਰੀਮਤੀ ਸ਼ੈਲੀ ਗਰਗ ਸੁਪਤਨੀ ਸ਼੍ਰੀ ਰਾਜੀਵ ਗਰਗ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 45-ਸੀ, ਚੰਡੀਗੜ੍ਹ ਵਿਚ ਐਮਆਈਜੀ-ਐਲ ਵਰਗ ਦੀ ਰਿਹਾਇਸ਼ੀ ਇਕਾਈ ਨੰ.** 2127/1 **(ਪਹਿਲੀ ਮੰਜ਼ਿਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 45-ਸੀ, ਚੰਡੀਗੜ੍ਹ ਵਿਚ ਐਮਆਈਜੀ-ਐਲ ਵਰਗ ਦੀ ਰਿਹਾਇਸ਼ੀ ਇਕਾਈ ਨੰ.** 2127/1 **(ਪਹਿਲੀ ਮੰਜ਼ਿਲ)** ਅਲਾਟੀ/ਟ੍ਰਾਂਸਫਰੀ **ਸ਼੍ਰੀ ਬੇਅੰਤ ਸਿੰਘ ਸਿੱਧੂ ਸਪੁੱਤਰ ਸ਼੍ਰੀ ਗੁਲਜ਼ਾਰ ਸਿੰਘ ਸਿੱਧੂ** ਦੇ ਨਾਮ 'ਤੇ ਦਰਜ ਹੈ। ਹੁਣ, **ਸ਼੍ਰੀ ਬੇਅੰਤ ਸਿੰਘ ਸਿੱਧੂ ਸਪੁੱਤਰ ਸ਼੍ਰੀ ਗੁਲਜ਼ਾਰ ਸਿੰਘ ਸਿੱਧੂ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 21.07.2025 ਨੂੰ ਸਬ–ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ਼੍ਰੀ ਰਾਜੀਵ ਗਰਗ ਸਪੁੱਤਰ ਸਵਰਗੀ ਸ਼੍ਰੀ ਕ੍ਰਿਸ਼ਨ ਚੰਦ ਗਰਗ ਅਤੇ ਸ਼੍ਰੀਮਤੀ ਸ਼ੈਲੀ ਗਰਗ ਸੁਪਤਨੀ ਸ਼੍ਰੀ ਰਾਜੀਵ ਗਰਗ** ਨੂੰ ਵੇਚ ਦਿੱਤੀ ਹੈ। **ਸ਼੍ਰੀ ਰਾਜੀਵ ਗਰਗ ਸਪੁੱਤਰ ਸਵਰਗੀ ਸ਼੍ਰੀ ਕ੍ਰਿਸ਼ਨ ਚੰਦ ਗਰਗ ਅਤੇ ਸ਼੍ਰੀਮਤੀ ਸ਼ੈਲੀ ਗਰਗ ਸੁਪਤਨੀ ਸ਼੍ਰੀ ਰਾਜੀਵ ਗਰਗ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

## ਚੰਡੀਗੜ੍ਹ ਹਾਊਸਿੰਗ ਬੋਰਡ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

### ਜਨਤਕ ਸੂਚਨਾ

**ਸ਼੍ਰੀਮਤੀ ਆਸ਼ਾ ਬੱਤੀ ਸੁਪਤਨੀ ਸ਼੍ਰੀ ਸ਼ੇਰ ਸਿੰਘ ਸੇਨ**, ਵਾਸੀ 2008/1 ਸੈਕਟਰ 47–ਸੀ, ਚੰਡੀਗੜ੍ਹ ਨੇ ਦਸਤਾਵੇਜ਼ ਦੇ ਗੁੰਮ ਹੋਣ ਕਾਰਨ ਰਿਹਾਇਸ਼ੀ ਇਕਾਈ ਨੰਬਰ 2008/1 ਸੈਕਟਰ 47–ਸੀ, ਚੰਡੀਗੜ੍ਹ ਦੇ ਸਬੰਧ ਵਿਚ ਅਲਾਟਮੈਂਟ ਪੱਤਰ ਦਾ ਦੁਪਰਤੀ ਉਤਾਰਾ ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। ਉਕਤ ਦਰਸਾਏ ਦਸਤਾਵੇਜ਼ ਦੇ ਗੁੰਮ ਹੋਣ ਸਬੰਧੀ ਮਿਤੀ 25.07.2025 ਨੂੰ ਚੰਡੀਗੜ੍ਹ ਪੁਲਿਸ ਕੋਲ ਪੰਜੀਕ੍ਰਿਤ ਲੜੀ ਨੰ. 215819, ਐਲਏਆਰ ਨੰਬਰ 2025/023727 ਦੇ ਅਧੀਨ ਪੁਲਿਸ ਸਟੇਸ਼ਨ 31 ਵਿਖੇ ਗੁੰਮ ਵਸਤੂ ਦੀ ਸੂਚਨਾ ਰਿਪੋਰਟ ਵੀ ਪੇਸ਼ ਕੀਤੀ ਹੈ। ਕੋਈ ਵੀ ਵਿਅਕਤੀ ਜਿਸ ਨੂੰ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਅਲਾਟਮੈਂਟ ਪੱਤਰ ਦਾ ਦੁਪਰਤੀ ਉਤਾਰੇ ਦਾ ਦੁਪਰਤੀ ਉਤਾਰਾ ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਉਕਤ ਦਰਸਾਏ ਪੁਲਿਸ ਸਟੇਸ਼ਨ ਕੋਲ ਜਾਂ ਨਿਮਨ ਹਸਤਾਖ਼ਰੀ ਦੇ ਦਫ਼ਤਰ ਵਿਚ ਜਮ੍ਹਾਂ ਕਰਵਾ ਦਿੱਤਾ ਜਾਵੇ।

**ਸਕੱਤਰ**
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

---

## ਵਸੂਲੀ ਅਧਿਕਾਰੀ ਦਾ ਦਫ਼ਤਰ-I/II
## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)

ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

**ਮੰਗ ਸੂਚਨਾ**

**ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ**

ਆਰ.ਸੀ./37/2024 — 19.04.2025

**ਯੂਨੀਅਨ ਬੈਂਕ ਆਫ ਇੰਡੀਆ**
**ਬਨਾਮ**
**ਸ਼੍ਰੀ ਜਸਬੀਰ ਸਿੰਘ ਅਤੇ ਹੋਰ**

**ਵੱਲ**

(**ਸੀਡੀ 1**) **ਸ਼੍ਰੀ ਜਸਬੀਰ ਸਿੰਘ ਸਪੁੱਤਰ ਸ਼੍ਰੀ ਨਵਿੰਦਰਾ ਸਿੰਘ**, ਵਾਸੀ ਮਕਾਨ ਨੰ. 1369, ਸੁਖਰਾਮ ਨਗਰ, ਲੁਧਿਆਣਾ–141008

ਹੋਰ ਪਤਾ: 1145/3, ਗਲੀ ਨੰ. 6, ਬਲਾਕ–ਏ, ਭਾਈ ਹਿੰਮਤ ਸਿੰਘ ਨਗਰ, ਨੇੜੇ ਸੈਣੀ ਸਕੂਲ ਦੁਗਰੀ।

(**ਸੀਡੀ 2**) **ਸ਼੍ਰੀਮਤੀ ਚਰਨਜੀਤ ਕੌਰ ਸੁਪਤਨੀ ਸ਼੍ਰੀ ਜਸਬੀਰ ਸਿੰਘ** ਵਾਸੀ ਮਕਾਨ ਨੰ. 1369, ਸੁਖਰਾਮ ਨਗਰ, ਲੁਧਿਆਣਾ–141008

ਹੋਰ ਪਤਾ: 1145/3, ਗਲੀ ਨੰ. 6, ਬਲਾਕ–ਏ, ਭਾਈ ਹਿੰਮਤ ਸਿੰਘ ਨਗਰ, ਨੇੜੇ ਸੈਣੀ ਸਕੂਲ ਦੁਗਰੀ।

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਧਾਨਗੀ ਅਧਿਕਾਰੀ, **ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)** ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ **21.09.2021** ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 7.30% **ਦੀ ਦਰ** 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ **ਰੁ. 2893779.44/-** (**ਰੁਪਏ ਅਠਾਈ ਲੱਖ ਤਰਾਨਵੇਂ ਹਜ਼ਾਰ ਸੱਤ ਸੌ ਉਣਾਸੀ ਅਤੇ ਚੁਤਾਲੀ ਪੈਸੇ ਕੇਵਲ**) ਦੀ ਰਕਮ ਅਤੇ **ਰੁ. 31,000/-** (**ਰੁਪਏ ਇਕੱਤੀ ਹਜ਼ਾਰ ਕੇਵਲ**) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।

3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਸਧਾਰਨ ਢੰਗ ਨਾਲ ਤੁਹਾਨੂੰ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਦੁਆਰਾ ਇਹ ਸੂਚਨਾ ਦੇ ਕੇ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 31.07.2025 **ਨੂੰ ਸਵੇਰੇ 10.30 ਵਜੇ** ਇਸ ਟ੍ਰਿਬਿਊਨਲ ਕੋਲ ਹਾਜ਼ਰ ਹੋਵੋ।

4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।

5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :

(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ

(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ **19.04.2025** ਨੂੰ ਜਾਰੀ।

**ਵਸੂਲੀ ਅਧਿਕਾਰੀ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ** (ਡੀਆਰਟੀ-3)

---

## verka — Har Din Da, Har Dil Da

ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਫੈਡਰੇਸ਼ਨ ਲਿਮ. ਐਸ.ਸੀ.ਓ. 153-155, ਸੈਕਟਰ 34-ਏ, ਚੰਡੀਗੜ੍ਹ-160022, ਈਪੀਏਬੀਐਕਸ ਨੰ. : 0172-5041812-66

ਟੈਂਡਰ ਮੰਗ ਸੂਚਨਾ — www.verka.coop

ਨਿਮਨਲਿਖਤ ਮਦਾਂ ਦੀ ਖਰੀਦ ਅਤੇ ਸਪਲਾਈ ਦੇ ਲਈ ਈ/ਮੋਹਰਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ -

| ਲੜੀ ਨੰ. | ਕੰਮ ਦਾ ਨਾਮ/ਵਸਤੂ | ਮਿਆਦ/ਅਸਥਾਈ ਮਾਤਰਾ |
|---|---|---|
| A. | **ਵੇਰਕਾ ਚੰਡੀਗੜ੍ਹ ਡੇਅਰੀ ਲਈ**<br>**ਟਾਟਾ 909 ਵਪਾਰਕ ਰੈਫ੍ਰਿਜਰੇਟਿਡ ਵਾਹਨਾਂ ਲਈ ਨਿਲਾਮੀ ਨੋਟਿਸ:-**<br>1. ਨੰ. **PB65-M-**3861, ਮਾਡਲ-2010, ਡੀਜ਼ਲ।<br>2.. ਨੰ. **PBFE-V-**0661, ਮਾਡਲ-2012, ਡੀਜ਼ਲ। | 01 ਅਦਦ<br>01 ਅਦਦ |
| B. | **ਵੇਰਕਾ ਪਟਿਆਲਾ ਡੇਅਰੀ ਲਈ**<br>1.. ਰੂਟ ਨੰ. 8 ਪੰਜਾਬੀ ਯੂਨੀਵਰਸਿਟੀ, ਤ੍ਰਿਪੁਰੀ, ਅਰਬਨ ਅਸਟੇਟ, ਸਥਾਨਕ ਪਟਿਆਲਾ ਆਦਿ ਲਈ ਤਾਜ਼ੇ ਦੁੱਧ ਅਤੇ ਤਾਜ਼ੇ ਦੁੱਧ ਉਤਪਾਦਾਂ ਦੀ ਢੋਆ-ਢੁਆਈ ਲਈ 3 ਮੀਟਰਕ ਟਨ ਇੰਸੂਲੇਟਿਡ ਵਾਹਨ ਦੀ ਕਿਰਾਏ 'ਤੇ।<br>2.. **IBR** ਸਟੀਮ ਸਟੋਰੇਜ ਡਰੱਮ ਸਮਰੱਥਾ 1 ਕਿਲੋਲੀਟਰ, ਨਵੀਂ ਫੀਡ ਵਾਟਰ ਟੈਂਕ ਸਮਰੱਥਾ 10 ਕਿਲੋਲੀਟਰ ਦੀ ਸਪਲਾਈ, ਸਥਾਪਨਾ ਅਤੇ ਕਮਿਸ਼ਨਿੰਗ ਅਤੇ ਦੋ ਪੁਰਾਣੇ ਵੂਕ ਨਾਲ ਚੱਲਣ ਵਾਲੇ ਬਾਇਲਰ (ਸਮਰੱਥਾ 2 ਟੀਪੀਐਚ ਹਰੇਕ) ਟਿਊਬਾਂ ਦੀ ਬਦਲੀ। | ਸਾਲਾਨਾ<br>01 ਅਦਦ |
| C. | **ਵੇਰਕਾ ਅੰਮ੍ਰਿਤਸਰ ਡੇਅਰੀ ਲਈ**<br>5 ਟੀਪੀਐਚ ਬਾਇਲਰ ਲਈ ਵੈੱਟ ਸਕ੍ਰਬਰ ਦੀ ਸਪਲਾਈ, ਸਥਾਪਨਾ, ਕਮਿਸ਼ਨਿੰਗ ਅਤੇ ਟੈਸਟਿੰਗ ਲਈ ਥੋੜ੍ਹੇ ਸਮੇਂ ਦਾ ਟੀ-ਟੈਂਡਰ ਨੋਟਿਸ। | 01 ਅਦਦ |
| D. | **ਵੇਰਕਾ ਜਲੰਧਰ ਡੇਅਰੀ ਲਈ**<br>1.ਸਟੀਮ ਕੋਲਾ ਜਿਸਦਾ ਕੈਲੋਰੀਫਿਕ ਮੁੱਲ 5500 **Kcal/Kg** ਤੋਂ ਘੱਟ ਨਾ ਹੋਵੇ।<br>2. ਵੇਰਕਾ ਜਲੰਧਰ ਡੇਅਰੀ ਤੋਂ ਕਿਰਾਏ 'ਤੇ ਲਏ ਕੋਲਡ ਸਟੋਰ ਤੱਕ ਚਿੱਟੇ ਮੱਖਣ ਦੀ ਸਟੋਰੇਜ ਅਤੇ ਆਵਾਜਾਈ ਲਈ ਡੀਪ ਫਰੀਜ਼ਰ (ਕੋਲਡ ਸਟੋਰ) ਕਿਰਾਏ 'ਤੇ ਲੈਣਾ ਅਤੇ ਇਸਦੇ ਉਲਟ। | 2000 ਮੀਟਰਕ ਟਨ (700-800 ਮੀਟਰਕ ਟਨ ਪ੍ਰਤੀ ਮਹੀਨਾ)<br>ਸਾਲਾਨਾ |
| E. | **ਵੇਰਕਾ ਸੀਐਫਪੀ, ਘਣੀਆ-ਕੇ-ਬਾਂਗਰ ਲਈ**<br>ਸੇਵਾ ਪ੍ਰਦਾਤਾ ਰਾਹੀਂ ਸੁਰੱਖਿਆ ਗਤੀਵਿਧੀਆਂ ਦੀ ਆਊਟਸੋਰਸਿੰਗ। | ਸਾਲਾਨਾ ਠੇਕਾ<br>01.10.2025 ਤੋਂ<br>30.09.2026 ਤੱਕ |

ਨੋਟ :
1. ਉਕਤ ਟੈਂਡਰ (ਐਨਆਈਟੀ) ਸਬੰਧੀ ਮੁਕੰਮਲ ਵੇਰਵਿਆਂ ਲਈ ਕਿਰਪਾ ਕਰਕੇ ਸਾਡੀ ਵੈਬਸਾਈਟ ਭਾਵ **www.verka.coop** ਅਤੇ ਈ-ਟੈਂਡਰਿੰਗ ਪੋਰਟਲ ਭਾਵ **eproc.punjab.gov.in** ਦੇਖੋ।
2. ਸੋਧ, ਜੇਕਰ ਕੋਈ ਹੈ, ਕੇਵਲ ਵੈਬਸਾਈਟ 'ਤੇ ਅਪਲੋਡ ਕੀਤੀ ਜਾਵੇਗੀ।

ਜਨਰਲ ਮੈਨੇਜਰ (ਖਰੀਦ)

RO.No. PR-Advt. No. : 1018/12/2025-26/1724/Dated CHD : 29.07.2025

---

## ਬੈਂਕ ਆਫ ਬੜੌਦਾ — Bank of Baroda

ਚੰਡੀਗੜ੍ਹ ਰੋਡ ਖਰੜ ਸ਼ਾਖਾ :-
ਐਸਸੀਓ 1040, ਨੇੜੇ ਅਰੀਸਤਾ ਹੋਟਲ, ਨਿਊ ਸਨੀ ਇਨਕਲੇਵ,
ਖਰੜ-140301, ਈਮੇਲ : vjchro@bankofbaroda.com

### ਭੌਤਿਕ ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਬੈਂਕ ਆਫ ਬੜੌਦਾ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ ਕਰਜ਼ਦਾਰ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀਆਂ ਨੂੰ **ਮੰਗ ਸੂਚਨਾ** ਜਾਰੀ ਕੀਤੀਆਂ ਸਨ।

ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ–ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਭੌਤਿਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਰਕਮ ਅਤੇ ਵਿਆਜ ਦੇ ਲਈ **ਬੈਂਕ ਆਫ ਬੜੌਦਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।

***ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।***

| ਖਾਤਾ ਅਤੇ ਕਰਜ਼ਦਾਰ/ਗਿਰਵੀਕਾਰ ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਭੌਤਿਕ ਕਬਜ਼ੇ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ |
|---|---|---|---|---|
| **ਕਰਜ਼ਦਾਰ (ਾਂ) :- ਮੈਸ. ਮੈਕਸ ਸੋਲਿਊਸ਼ਨਜ਼**, ਇਸਦੇ ਪ੍ਰੋਪ.- ਸ਼੍ਰੀ ਪ੍ਰੀਤ ਕਮਲ ਸਿੰਘ ਰਾਹੀਂ | ਵਸੀਕਾ ਨੰਬਰ 3940 ਮਿਤੀ 28.07.2017 ਦੇ ਅਧੀਨ ਸ਼੍ਰੀ ਪ੍ਰੀਤ ਕਮਲ ਸਿੰਘ ਦੇ ਨਾਮ 'ਤੇ ਸਾਲ 2013–14 ਦੇ ਲਈ ਜਮ੍ਹਾਂਬੰਦੀ ਅਨੁਸਾਰ ਇਮਰਜਿੰਗ ਹਾਈਟਸ–3 ਪਿੰਡ ਸੰਤੇਮਾਜਰਾ, ਹੱਦਬਸਤ ਨੰ. 186, ਤਹਿਸੀਲ ਖਰੜ, ਜ਼ਿਲ੍ਹਾ ਮੋਹਾਲੀ ਵਿਖੇ ਸਥਿਤ ਰਕਬਾ 30 ਕਨਾਲ–18 ਮਰਲੇ ਦੇ 1/1854 ਹਿੱਸੇ ਭਾਵ 0 ਕਨਾਲ 1/2 ਮਰਲੇ ਦੇ ਖਾਤਾ ਨੰਬਰ 99/120, 347/361 (ਨਵਾਂ ਖਾਤਾ ਨੰ. 111/115, 401/410) ਖਸਰਾ ਨੰ. 39//2 (3–4), 3 (8–0), 9 (0–12), 12 (0–14), 13 (7–15), 18/1 (2–4), 39//19 (0–9), ਵਿਚ ਸ਼ਾਮਲ 9 ਕਨਾਲ–1/2 ਮਰਲੇ ਮਾਪ ਵਾਲਾ ਰਿਹਾਇਸ਼ੀ ਅਪਾਰਟਮੈਂਟ ਨੰਬਰ ਈ–804, 8ਵੀਂ ਮੰਜ਼ਿਲ, ਟਾਵਰ ਈ ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ : ਉਤਰ : ਹੋਰ ਟਾਵਰਾਂ ਦੇ ਅਪਾਰਟਮੈਂਟ, ਦੱਖਣ : ਸਾਹਮਣੇ ਰਸਤਾ ਅਤੇ ਅਪਾਰਟਮੈਂਟ ਨੰ. 801, ਪੂਰਬ : ਅਸਮਾਨ ਵੱਲ ਖੁੱਲ੍ਹਾ ਅਤੇ ਚਾਰਦੀਵਾਰੀ, ਪੱਛਮ : ਅਪਾਰਟਮੈਂਟ ਨੰ. 803 | 17.06.2022 | 24.07.2025 | ਰੁ. 15,08,005.34 17.06.2022 ਦੇ ਅਨੁਸਾਰ ਠੇਕਾ ਦਰ 'ਤੇ ਅਗਲੇਰੇ ਵਿਆਜ ਸਮੇਤ ਜਮ੍ਹਾਂ ਭੁਗਤਾਨ ਦੀ ਮਿਤੀ ਤੱਕ ਲਾਗਤਾਂ, ਫੀਸਾਂ ਅਤੇ ਖਰਚੇ। |

ਮਿਤੀ : 29.07.2025 ਸਥਾਨ : ਖਰੜ ਅਧਿਕਾਰਤ ਅਧਿਕਾਰੀ

---

## SBI — ਸਟੇਟ ਬੈਂਕ ਆਫ ਇੰਡੀਆ

ਐਚਐਲਸੀ ਹੁਸ਼ਿਆਰਪੁਰ

### [ਨਿਯਮ 8 (1)] ਸੰਕੇਤਕ ਕਬਜ਼ਾ ਸੂਚਨਾ, (ਚੱਲ/ਅਚੱਲ ਸੰਪੱਤੀ/ਆਂ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ, ਐਚਐਲਸੀ ਹੁਸ਼ਿਆਰਪੁਰ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ(ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ **ਮੰਗ ਸੂਚਨਾ** ਜਾਰੀ ਕੀਤੀ ਸੀ।

ਕਰਜ਼ਦਾਰ(ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਸਟੇਟ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ(ਾਂ)/ ਜ਼ਾਮਨ(ਾਂ) ਦਾ ਨਾਮ | ਅਚੱਲ ਅਸਾਸਿਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਕਰਜ਼ਦਾਰ :- ਸ਼੍ਰੀ ਕੁਲਵਿੰਦਰ ਸਿੰਘ** ਸਪੁੱਤਰ ਜਗਬੀਰ ਸਿੰਘ ਵਾਸੀ ਨੇੜੇ ਸ਼ਿਵ ਮੰਦਰ, ਪਿੰਡ ਚੋਹਲ, ਡਾਕਖਾਨਾ ਚੋਹਲ, ਫੈਕਟਰੀ ਏਰੀਆ, ਜ਼ਿਲ੍ਹਾ ਹੁਸ਼ਿਆਰਪੁਰ। | ਵਸੀਕਾ ਨੰਬਰ 4957 ਮਿਤੀ 18.11.2013 ਦੇ ਅਧੀਨ ਸ਼੍ਰੀ ਕੁਲਵਿੰਦਰ ਸਿੰਘ ਸਪੁੱਤਰ ਸ਼੍ਰੀ ਜਗਬੀਰ ਸਿੰਘ ਦੇ ਨਾਮ 'ਤੇ ਪਿੰਡ ਚੋਹਲ/494, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ ਸਾਲ 2009–10 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 441/457, ਖਸਰਾ ਨੰ. 5//22 (8–0), 14//2 (8–0), 3 (8–0) ਵਿਚ ਸ਼ਾਮਲ 5 ਮਰਲੇ ਮਾਪ ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ ਨਿਮਨ ਅਨੁਸਾਰ : ਪੂਰਬ : ਰਸਤਾ, ਪੱਛਮ : ਮਾਲਕ, ਉਤਰ : ਹੋਰ ਮਾਲਕ, ਦੱਖਣ : ਹੋਰ ਮਾਲਕ। | 05.05.2025 | 24.07.2025 | Rs. 3,31,002/- (ਰੁ. ਤਿੰਨ ਲੱਖ ਇਕੱਤੀ ਹਜ਼ਾਰ ਦੋ ਕੇਵਲ) 02.05.2025 ਦੇ ਅਨੁਸਾਰ ਜਮ੍ਹਾਂ ਇਸ 'ਤੇ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। |

ਮਿਤੀ : 29.07.2025 ਸਥਾਨ : ਚੋਹਲ ਸਹੀ/- ਅਧਿਕਾਰਤ ਅਧਿਕਾਰੀ

---

## ਪੰਜਾਬ ਸਰਕਾਰ — ਟੈਂਡਰ ਸੂਚਨਾ

| ਲੜੀ ਨੰ. | ਵਿਭਾਗ ਦਾ ਨਾਮ | ਕੰਮ ਦਾ ਨਾਮ/ਸੂਚਨਾ/ਟੈਂਡਰ | ਖੁੱਲ੍ਹਣ ਦੀ ਮਿਤੀ/ਬੰਦ ਹੋਣ ਦੀ ਮਿਤੀ | ਰਕਮ/ ਈ.ਐਮ.ਡੀ. (ਅਨੁਮਾਨਤ) ਲੱਖਾਂ ਵਿੱਚ | ਨੋਡਲ ਅਫ਼ਸਰ/ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਡਿਵੀਜ਼ਨਲ ਭੂਮੀ ਸੰਭਾਲ ਅਫ਼ਸਰ, ਐਸ.ਏ.ਐਸ. ਨਗਰ | ਪਿੰਡ ਘਰਬਾਗਾ, ਖੱਡ ਰਾਜਗਿਰੀ, ਖਟਾਣਾ, ਗੜ੍ਹ ਡੋਲੀਆਂ ਅਤੇ ਗਨੂਰਾ, ਤਹਿਸੀਲ ਸ਼੍ਰੀ ਆਨੰਦਪੁਰ ਸਾਹਿਬ, ਬਲਾਕ ਨੂਰਪੁਰਬੇਦੀ, ਜ਼ਿਲ੍ਹਾ ਰੋਪੜ ਵਿਖੇ ਪੱਥਰ ਦੀ ਚਿਣਾਈ ਵਾਲੇ ਪਾਣੀ ਰੀਚਾਰਜਿੰਗ ਢਾਂਚੇ ਅਤੇ ਕਰੇਟ ਤਾਰ ਢਾਂਚੇ ਦੀ ਉਸਾਰੀ | 24/07/2025 07/08/2025 | 1.78 ਲੱਖ | 8146945760 dsco.dswc.sasn@punjab.gov.in |
| 2. | ਡਿਵੀਜ਼ਨਲ ਭੂਮੀ ਸੰਭਾਲ ਅਫ਼ਸਰ, ਗੁਰਦਾਸਪੁਰ | ਰੇਨ ਵਾਟਰ ਹਾਰਵੈਸਟਿੰਗ ਕਮ ਸਿਲਟ ਡਿਟੈਂਸ਼ਨ ਵਰਕਸ ਆਦਿ ਜ਼ਿਲ੍ਹਾ ਪਠਾਨਕੋਟ | 25/07/2025 08/08/2025 | 1.70 ਲੱਖ | 9501866722 dsco.dswc.gurdaspur@punjab.gov.in |
| 3. | ਡਾਇਰੈਕਟਰ, ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਪੰਜਾਬ ਚੰਡੀਗੜ੍ਹ | 1. ਅਨਾਜ ਦੀ ਢੋਆ–ਢੁਆਈ। 2. ਸਿਰਫ਼ ਮਜ਼ਦੂਰਾਂ ਦੇ ਕੰਮਕਾਜ ਸੰਬੰਧੀ ਟੈਂਡਰ (RLC/LC ਸੋਸਾਇਟੀਆਂ ਲਈ) | 30/07/2025 13/08/2025 | 0.00 ਲੱਖ | 1722636084 budgetfund.fcs@punjab.gov.in |
| 4. | ਕਾਰਜਕਾਰੀ ਇੰਜੀਨੀਅਰ, ਫਰੀਦਕੋਟ ਨਹਿਰ ਅਤੇ ਭੂਮੀਗਤ ਜਲ ਵਿਭਾਗ, ਡਬਲਿਊ.ਆਰ.ਡੀ., ਪੰਜਾਬ, ਫਰੀਦਕੋਟ | ਡਿਵੀਜ਼ਨਲ ਇੰਜੀਨੀਅਰ, ਫਰੀਦਕੋਟ, PWRMDC ਨੂੰ ਸ਼ਿਫਟ ਕਰਨ ਦੀ ਸਹੂਲਤ ਲਈ SDO ਡਰੇਨੇਜ ਰਿਹਾਇਸ਼, ਫਰੀਦਕੋਟ ਦੀ ਮੁਰੰਮਤ | 24/07/2025 07/08/2025 | 19.80 ਹਜ਼ਾਰ | 9464687517 xencanalfdk2022@gmail.com |
| 5. | ਡਿਵੀਜ਼ਨਲ ਭੂਮੀ ਸੰਭਾਲ ਅਫ਼ਸਰ, ਹੁਸ਼ਿਆਰਪੁਰ | ਪਿੰਡ ਚਤਰਪੁਰ, ਲੱਬਾਰ ਅਤੇ ਖੰਡਿਆਲਾ ਤਹਿ ਮੁਕੇਰੀਆਂ, ਪਿੰਡ ਮਾਂਝੀ ਅਤੇ ਦਾਦਾ ਤਹਿ ਹੁਸ਼ਿਆਰਪੁਰ ਵਿਖੇ ਪੱਥਰ ਦੀ ਚਿਣਾਈ ਪਾਣੀ ਰੀਚਾਰਜਿੰਗ ਅਤੇ ਕਰੇਟ ਵਾਇਰ ਸਟਰਕਚਰ ਦਾ ਨਿਰਮਾਣ, ਪਿੰਡ ਚੰਦੀਦਾਸ ਤਹਿ ਦਸੂਹਾ ਜ਼ਿਲ੍ਹਾ, ਹੁਸ਼ਿਆਰਪੁਰ ਵਿੱਚ ਤਲਾਅ ਦੀ ਪੱਥਰ ਦੀ ਚਿਣਾਈ ਰਿਟੇਨਿੰਗ ਵਾਲ | 25/07/2025 08/08/2025 | 1.98 ਲੱਖ | 8968217665 dsco.dswc.hoshiarpur@punjab.gov.in |
| 6. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਫਿਰੋਜ਼ਪੁਰ ਜ਼ੀਰਾ ਵਿਖੇ | ਫਿਰੋਜ਼ਪੁਰ ਜ਼ਿਲ੍ਹਾ ਵਾਰਿਸ ਵਾਲਾ ਜੱਟਾਂ ਬਲਾਕ ਮੱਖੂ (ਹੈਡ 4215 ਅਧੀਨ) ਲਈ ਟਿਊਬਵੈੱਲ ਦੀ ਸਥਾਪਨਾ | 30/07/2025 07/08/2025 | 17.19 ਹਜ਼ਾਰ | 9855554813 eewss.divzirapb@yahoo.com |
| 7. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੰ. 2, ਫਿਰੋਜ਼ਪੁਰ | ਡਬਲਿਊਐਸਐਸ ਢਾਣੀ ਬਾਬਾ ਵੱਲੂ ਸਿੰਘ ਬਲਾਕ ਗੁਰੂਹਰਿਸਹਾਏ ਦੀ ਆਗਮੈਂਟੇਸ਼ਨ, ਨਾਬਾਰਡ–30 ਦੇ ਅਧੀਨ। | 30/07/2025 06/08/2025 | 1.08 ਲੱਖ | 9855554813 eewss.div2ferozepurpb@yahoo.com |
| 8. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ ਨੰ. 1, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਕਪੂਰਥਲਾ | 2025–26 ਲਈ ਰਾਜ ਨੂੰ ਪੂੰਜੀ ਨਿਵੇਸ਼ ਲਈ ਵਿਸ਼ੇਸ਼ ਸਹਾਇਤਾ ਯੋਜਨਾ ਦੇ ਤਹਿਤ MC ਭੁਲੱਥ ਵਿੱਚ ਵੱਖ–ਵੱਖ ਪੇਂਡੂ ਲਿੰਕ ਸੜਕਾਂ ਦਾ ਆਧੁਨਿਕੀਕਰਨ | 30/07/2025 20/08/2025 | 15.94 ਲੱਖ | 9988668668 ee.cd1.kpt.pwd@punjab.gov.in |
| 9. | ਕਾਰਜਕਾਰੀ ਇੰਜੀਨੀਅਰ, ਸੂਬਾਈ ਵਿਭਾਗ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਮਾਨਸਾ | ਵੱਖ–ਵੱਖ ਦੀ ਮੁਰੰਮਤ ਆਈ.ਸੀ.ਡੀ.ਐਸ. ਸਕੀਮ ਅਧੀਨ ਜ਼ਿਲ੍ਹਾ ਮਾਨਸਾ ਵਿੱਚ ਆਂਗਣਵਾੜੀ ਕੇਂਦਰ – ਜ਼ਿਲ੍ਹਾ ਮਾਨਸਾ ਦੇ ਭੈਣੀ ਬਾਘਾ, ਖਿਆਲਾ ਕਲਾਂ, ਫਫੜੇ ਭਾਈਕੇ, ਮੂਸਾ, ਬਰੇਹ, ਦਾਤੇਵਾਸ, ਕੁਸਲਾ ਵਿਖੇ ਵੱਖ–ਵੱਖ ਏਕੀਕ੍ਰਿਤ ਸੇਵਾ ਪ੍ਰਦਾਨ ਕੇਂਦਰਾਂ ਦੀ ਮੁਰੰਮਤ | 25/07/2025 08/08/2025 | 51.00 ਹਜ਼ਾਰ | 9988817007 xen.mansa@gmail.com |
| 10. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਵਿਭਾਗ, ਰੂਪਨਗਰ | ਸ਼੍ਰੀ ਚਮਕੌਰ ਸਾਹਿਬ ਵਿਖੇ ਬੀ.ਪੀ.ਐਚ.ਯੂ. ਦਾ ਨਿਰਮਾਣ। ਸ਼ਿਵਾਲਿਕ ਕਲੱਬ, ਰੂਪਨਗਰ ਵਿੱਚ ਬੈਡਮਿੰਟਨ ਹਾਲ ਵਿੱਚ ਮੁਰੰਮਤ ਅਤੇ ਪੇਂਟ ਦਾ ਕੰਮ। ਨਹਿਰੂ ਸਟੇਡੀਅਮ, ਰੂਪਨਗਰ ਵਿੱਚ ਬਾਸਕਟਬਾਲ ਕੋਰਟ ਦੀ ਮੁਰੰਮਤ। ਓ/ਓ.ਡੀ.ਈ.ਜੀ.ਟੀ.ਓ. ਲਈ ਇੱਕ ਵਾਹਨ ਕਿਰਾਏ 'ਤੇ ਲੈਣਾ। | 29/07/2025 12/08/2025 | 1.52 ਲੱਖ | 9814056538 xenprdropar@yahoo.com |
| 11. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2 ਪੀ.ਡਬਲਯੂ.ਡੀ (ਬੀ ਐਂਡ ਆਰ) ਸ਼ਾਖਾ, ਜਲੰਧਰ ਛਾਉਣੀ | ਐਮ.ਸੀ. ਜ਼ਿਲ੍ਹਾ ਜਲੰਧਰ ਵਿੱਚ ਪੂੰਜੀ ਨਿਵੇਸ਼ 2025–26 ਲਈ ਰਾਜਾਂ ਨੂੰ ਯੋਜਨਾ ਦੇ ਤਹਿਤ ਵੱਖ–ਵੱਖ ਲਿੰਕ ਸੜਕਾਂ ਦਾ ਆਧੁਨਿਕੀਕਰਨ 1. ਜਲੰਧਰ ਸ਼ਹਿਰ (ਗਰੁੱਪ 1) 2. ਜਲੰਧਰ ਸ਼ਹਿਰ, ਭੋਗਪੁਰ ਅਤੇ ਜਲੰਧਰ ਕੈਂਟ (ਗਰੁੱਪ–2) | 31/07/2025 22/08/2025 | 38.98 ਲੱਖ | 9646400042 eecd2jalpwdpb@gmail.com |
| 12. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2, ਪੀ.ਡਬਲਯੂ.ਟੀ.) (ਬੀ ਐਂਡ ਆਰ) ਸ਼ਾਖਾ, ਲੁਧਿਆਣਾ | ਖੰਨਾ ਵਿਖੇ ਵੱਖ–ਵੱਖ ਥਾਵਾਂ 'ਤੇ 4 ਨੰਬਰਾਂ ਦੇ ਜਨਤਕ ਟਾਇਲਟ ਦੀ ਉਸਾਰੀ। ਵੇਰਵੇ ਵਿਭਾਗ ਸਾਈਟ 'ਤੇ ਉਪਲਬਧ ਹਨ | 25/07/2025 07/08/2025 | 56.60 ਹਜ਼ਾਰ | 9115795355 eecd31dnpwdpb@gmail.com |
| 13. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.3, ਬਠਿੰਡਾ | ਜੁਡੀਸ਼ੀਅਲ ਕੋਰਟ ਕੰਪਲੈਕਸ ਬਠਿੰਡਾ, ਜ਼ਿਲ੍ਹਾ ਬਠਿੰਡਾ ਵਿੱਚ ਬਲਾਕ ਸੀ ਦੇ ਜੀ.ਐਫ., ਐਫ.ਐਫ., ਐਸ.ਐਫ., ਟੀ.ਐਫ., ਬਲਾਕ ਏ, ਬੀ ਅਤੇ ਜੀ.ਐਫ., ਐਫ.ਐਫ. ਵਿਖੇ ਟਰਾਂਸਜੈਂਡਰ ਅਤੇ ਵਿਸ਼ੇਸ਼ ਵਿਅਕਤੀ ਲਈ ਟਾਇਲਟ ਦੀ ਉਸਾਰੀ | 28/07/2025 05/08/2025 | 0.45 ਲੱਖ | 9888249650 xengwbti@yahoo.com |
| 14. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਡਿਵੀਜ਼ਨ, ਬਠਿੰਡਾ | ਸਵੈ–ਸਹਾਇਤਾ ਸਮੂਹ ਪੀਐਸਆਰਐਲਐਮ ਅਲ ਪਿੰਡ ਸੈਲਬਰਾ ਬਲਾਕ ਫੂਲ, ਜ਼ਿਲ੍ਹਾ ਬਠਿੰਡਾ ਲਈ ਪੰਚਾਇਤ ਘਰ ਦੀ ਸੀਮਾ ਦੀਵਾਰ ਅਤੇ ਬਾਥਰੂਮ ਦੀ ਉਸਾਰੀ। | 24/07/2025 08/08/2025 | 0.18 ਲੱਖ | 9646001663 xenprbti@gmail.com |
| 15. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.1, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਤਰਨ ਤਾਰਨ ਅੰਮ੍ਰਿਤਸਰ ਵਿਖੇ | ਢੋਟੀਆ ਜ਼ਿਲ੍ਹਾ ਤਰਨਤਾਰਨ ਵਿਖੇ ਪੀਐਚਸੀ (ਬਿਨਾਂ 24X7 ਸਿੰਗਲ ਸਟੋਰੀ) ਦਾ ਨਿਰਮਾਣ | 28/07/2025 18/08/2025 | 2.08 ਲੱਖ | 9417025026 xenc1amritsar@yahoo.com |
| 16. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਰੂਪਨਗਰ | ਜ਼ਿਲ੍ਹਾ ਰੂਪਨਗਰ ਵਿੱਚ ਇਸਦੇ ਪਹੁੰਚ ਮਾਰਗਾਂ ਸਮੇਤ ਕਿ. ਮੀ. 1 (ਆਰਡੀ 0) ਵਿੱਚ ਰੂਪਨਗਰ–ਨੂਰਪੁਰ ਬੇਦੀ ਵਿਚੋਂ ਲੰਘਦੀ ਬਿਸਤ ਦੁਆਬ ਨਹਿਰ ਉੱਤੇ 24.56 ਮੀਟਰ ਲੰਬੇ ਐਚ/ਐਲ ਪੁਲ ਦੀ ਉਸਾਰੀ। | 28/07/2025 18/08/2025 | 3.81 ਲੱਖ | 9779970088 pwdropar@yahoo.co.in |
| 17. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.1. ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਐਸ.ਏ.ਐਸ. ਨਗਰ (ਮੋਹਾਲੀ) | ਪੁਰਾਣੀ LC ਰੋਡ 'ਤੇ ਬਾਈਪਾਸ ਮੋਰਿੰਡਾ (ਰਾਮ ਬਾਗ ਸ਼ਾਹਪੁਰ) ਤੱਕ ਸੜਕ ਕੱਟ ਦੀ ਬਹਾਲੀ ਲੰਬਾਈ 0.660 ਕਿਲੋਮੀਟਰ (ਦੂਜੀ ਵਾਰ ਕਾਲ ਕਰ ਰਿਹਾ ਹੈ) | 29/07/2025 05/08/2025 | 39.43 ਹਜ਼ਾਰ | 9876647324 Pwdc1mohali@gmail.com |
| 18. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਪੀ.ਡਬਲਯੂ. (ਸੀ ਐਂਡ ਐਮ) ਡਿਵੀਜ਼ਨ, ਸੰਗਰੂਰ/ਬਰਨਾਲਾ | ਜ਼ਿਲ੍ਹਾ ਬਰਨਾਲਾ ਵਿੱਚ BHPU ਅਲ. ਧਨੌਲਾ ਅਤੇ ਤਪਾ ਦਾ ਨਿਰਮਾਣ। | 30/07/2025 13/08/2025 | 1.94 ਲੱਖ | 9780020165 xenprsangrur@yahoo.in |
| 19. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.1, ਅੰਮ੍ਰਿਤਸਰ | ਮੌਜੂਦਾ ਜਲ ਸਪਲਾਈ ਸਕੀਮ ਤਰਪਾਈ, ਬਲਾਕ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਫੇਲ੍ਹ ਹੋਣ ਵਾਲੇ ਟਿਊਬਵੈੱਲ ਦੀ ਬਜਾਏ 1 ਨੰਬਰ PVC ਟਿਊਬਵੈੱਲ ਦੀ ਸਪਲਾਈ ਅਤੇ ਸਥਾਪਨਾ। (ਸਿਰ: 4215) | 29/07/2025 13/08/2025 | 0.13 ਲੱਖ | 9872672747 xenrws_1asr@yahoo.com |
| 20. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਪਟਿਆਲਾ | ਜ਼ਿਲ੍ਹਾ ਪਟਿਆਲਾ ਵਿੱਚ ਐਮਸੀ ਘਨੌਰ ਅਤੇ ਪਾਤੜਾਂ ਵਿੱਚ 5 ਸਾਲਾਂ ਦੇ ਰੁਟੀਨ ਰੱਖ–ਰਖਾਅ ਨੂੰ ਛੱਡ ਕੇ ਪੂੰਜੀ ਨਿਵੇਸ਼ ਲਈ ਰਾਜਾਂ ਦੀ ਵਿਸ਼ੇਸ਼ ਸਹਾਇਤਾ 2025–26 ਯੋਜਨਾ ਅਧੀਨ ਪੇਂਡੂ ਲਿੰਕ ਸੜਕਾਂ ਦਾ ਆਧੁਨਿਕੀਕਰਨ। | 29/07/2025 29/08/2025 | 22.70 ਲੱਖ | 9878360786 eecdptapwdpb@gmail.com |
| 21. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਮਲੇਰਕੋਟਲਾ | ਮਲੇਰਕੋਟਲਾ, ਅਹਿਮਦਗੜ੍ਹ, ਸੰਦੌੜ (ਜ਼ਿਲ੍ਹਾ ਮਲੇਰਕੋਟਲਾ) ਵਿੱਚ ਵੱਖ–ਵੱਖ ਲਿੰਕ ਸੜਕਾਂ ਦਾ ਆਧੁਨਿਕੀਕਰਨ, ਰੱਖ–ਰਖਾਅ ਸਮੇਤ। | 30/07/2025 29/08/2025 | 31.70 ਲੱਖ | 9988452421 xenpwdmalerkotla@gmail.com |
| 22. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਜਲੰਧਰ ਛਾਉਣੀ | ਐਮਸੀ ਜਲ ਛਾਉਣੀ, ਫਿਲੌਰ, ਆਦਮਪੁਰ ਜ਼ਿਲ੍ਹਾ ਜਲੰਧਰ ਵਿੱਚ ਰਾਜਾਂ ਨੂੰ ਪੂੰਜੀ ਨਿਵੇਸ਼ ਲਈ ਵਿਸ਼ੇਸ਼ ਸਹਾਇਤਾ 2025–26 ਸਕੀਮ ਅਧੀਨ ਵੱਖ–ਵੱਖ L/R ਦਾ ਆਧੁਨਿਕੀਕਰਨ | 28/07/2025 01/09/2025 | 24.58 ਲੱਖ | 9779948881 eepdjalpwdpb@gmail.com |
| 23. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਫਾਜ਼ਿਲਕਾ | ਅਬੋਹਰ ਵਿਖੇ ਅਪਾਹਜ ਵਿਅਕਤੀਆਂ ਲਈ ਜੁਡੀਸ਼ੀਅਲ ਕੋਰਟ ਕੰਪਲੈਕਸ ਦੀ ਰੀਟਰੋਫਿਟਿੰਗ | 28/07/2025 04/08/2025 | 78.69 ਹਜ਼ਾਰ | 1638292974 eecdfzlpwdpb@gmail.com |
| 24. | ਮੁੱਖ ਭੂਮੀ ਸੰਭਾਲਕਰਤਾ, ਪੰਜਾਬ, ਚੰਡੀਗੜ੍ਹ | ਡੀਡਬਲਯੂਸੀ ਪਾਈਪ ਦੀ ਸਪਲਾਈ | 23/07/2025 13/08/2025 | 1.00 ਲੱਖ | 9876837604 dswc.punjab@punjab.gov.in |
| 25. | ਕਾਰਜਕਾਰੀ ਇੰਜੀਨੀਅਰ, ਰਾਸ਼ਟਰੀ ਰਾਜਮਾਰਗ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਐਸਏਐਸ ਨਗਰ | ਗੁਰੂਦਵਾਰਾ ਸਿੰਘ ਸ਼ਹੀਦਾਂ ਲੈਂਡਰਾਂ ਨੇੜੇ ਸੋਹਾਣਾ ਲੈਂਡਰਾਂ ਚੁੰਨੀ ਸਰਹਿੰਦ ਰੋਡ (ਐਸਐਚ–12 ਏ) 'ਤੇ ਹੈੱਡ 3054–02 ਐਸਐਚ ਅਧੀਨ ਸੜਕ ਸੁਰੱਖਿਆ ਪ੍ਰਦਾਨ ਕਰਨ ਲਈ ਸਪੀਡ ਟੇਬਲ ਦਾ ਨਿਰਮਾਣ | 29/07/2025 04/08/2025 | 21.00 ਹਜ਼ਾਰ | 9815545801 eecwdmohpwdpb@gmail.com |
| 26. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਪੰਜਾਬ, ਚੰਡੀਗੜ੍ਹ | 1. ਮਗਸੀਪਾ ਸੈਕਟਰ–26, ਚੰਡੀਗੜ੍ਹ ਵਿਖੇ ਕਨਵੈਨਸ਼ਨ ਸੈਂਟਰ ਵਿੱਚ ਕਾਨਫਰੰਸ ਹਾਲ ਨੰਬਰ 2 ਪਹਿਲੀ ਮੰਜ਼ਿਲ ਦੀ ਮੁਰੰਮਤ, ਨਵੀਨੀਕਰਨ। 2. ਮਗਸੀਪਾ ਸੈਕਟਰ–26, ਚੰਡੀਗੜ੍ਹ ਵਿੱਚ ਬਲਾਕ–ਏ ਗੈਸਟ ਹਾਊਸ ਦੀ ਮੁਰੰਮਤ ਅਤੇ ਪੇਂਟ ਦਾ ਕੰਮ। | 28/07/2025 11/08/2025 | 77.98 ਹਜ਼ਾਰ | 9646900868 eeprovincialdivisionpwd@gmail.com |
| 27. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ, ਮਲੇਰਕੋਟਲਾ | ਜੁਡੀਸ਼ੀਅਲ ਕੋਰਟ ਕੰਪਲੈਕਸ ਧੂਰੀ ਵਿੱਚ ਅੱਗ ਬੁਝਾਊ ਪ੍ਰਣਾਲੀ ਪ੍ਰਦਾਨ ਕਰਨਾ। (ਹੈੱਡ 4059 ਦੇ ਅਧੀਨ) | 29/07/2025 12/08/2025 | 16.40 ਹਜ਼ਾਰ | 8837677397 eewss.mlk1@gmail.com |

**ਹੋਰ ਜਾਣਕਾਰੀ ਅਤੇ ਸੋਧ ਅਤੇ ਵਾਧਾ, ਜੇਕਰ ਕੋਈ ਹੈ, ਦੇ ਲਈ ਕਿਰਪਾ ਕਰਕੇ ਦੇਖੋ : https://eproc.punjab.gov.in/, dswcpunjab.gov.in, eproc.punjab.gov.in, www.foodsuppb.gov.in, www.pbrdp.gov.in, www.eproc.punjab.gov.in**

**RO No. PR-Advt. No.: 1001/12/2025-26/1678/Dated CHD: 28/07/2025**

**RO Number : 1001/12/2025-26/1678**



ਫਿਲੀਪਾਈਨਜ਼ ਵਿੱਚ ਤੂਫ਼ਾਨ ਦੇ ਨਾਲ ਜ਼ਬਰਦਸਤ ਮੀਂਹ ਵੀ ਪੈ ਰਿਹਾ। ਹਰ ਪਾਸੇ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਹੈ। ਇਹ ਤਸਵੀਰ ਇਕ ਚਰਚ ਦੀ ਹੈ ਜਿੱਥੇ ਗੋਡਿਆਂ ਤੱਕ ਪਾਣੀ ਪਹੁੰਚ ਗਿਆ। ਇਸ ਦੇ ਬਾਵਜੂਦ ਲੋਕ ਪਾਣੀ ਵਿੱਚ ਹੀ ਵਿਆਹਾਂ ਦੀਆਂ ਰਸਮਾਂ ਨਿਭਾ ਰਹੇ ਹਨ।

# ਸਾਲ 2030 ਤੱਕ 2.25 ਲੱਖ ਰੁਪਏ ਵਿਕੇਗਾ ਸੋਨਾ

ਜੇਕਰ ਤੁਸੀ ਪਿਛਲੇ ਕੁਝ ਸਾਲਾਂ ਵਿੱਚ ਸੋਨੇ ਵਿੱਚ ਨਿਵੇਸ਼ ਕੀਤਾ ਹੈ, ਤਾਂ ਇਹ ਖ਼ਬਰ ਤੁਹਾਡੇ ਚਿਹਰੇ 'ਤੇ ਮੁਸਕਰਾਹਟ ਲਿਆ ਸਕਦੀ ਹੈ। ਪਿਛਲੇ 6 ਸਾਲਾਂ ਵਿੱਚ, ਸੋਨੇ ਦੀ ਕੀਮਤ ਇੰਨੀ ਤੇਜ਼ੀ ਨਾਲ ਵਧੀ ਹੈ ਕਿ ਸਟਾਕ ਮਾਰਕੀਟ ਅਤੇ ਹੋਰ ਰਵਾਇਤੀ ਨਿਵੇਸ਼ ਵਿਕਲਪ ਪਿੱਛੇ ਰਹਿ ਗਏ ਹਨ। ਜਦੋਂ ਕਿ 2019 ਵਿੱਚ 10 ਗ੍ਰਾਮ ਸੋਨੇ ਦੀ ਕੀਮਤ ਲਗਭਗ 32,000 ਰੁਪਏ ਸੀ ਅਤੇ ਜੂਨ 2025 ਤੱਕ ਇਹ ਅੰਕੜਾ ਲਗਭਗ 98,000 ਤੱਕ ਪਹੁੰਚ ਗਿਆ ਹੈ --- ਯਾਨੀ ਕਿ ਲਗਭਗ 200% ਦਾ ਬੇਮਿਸਾਲ ਰਿਟਰਨ।



ਸੋਨੇ 'ਤੇ ਵਾਪਸੀ ਨੇ ਸਾਰਿਆਂ ਨੂੰ ਕਰ ਦਿੱਤਾ ਹੈਰਾਨ

ਜੇਕਰ ਬਾਜ਼ਾਰ ਮਾਹਿਰਾਂ ਦੀ ਮੰਨੀਏ ਤਾਂ ਮਲਟੀ ਕਮੋਡਿਟੀ ਐਕਸਚੇਂਜ (MCX) 'ਤੇ ਸੋਨੇ ਦੀ ਕੀਮਤ ਇਸ ਸਾਲ ਹੀ ਲਗਭਗ 30% ਵਧੀ ਹੈ। ਇਸ ਦੇ ਨਾਲ ਹੀ, ਚਾਂਦੀ ਵਿੱਚ ਵੀ ਲਗਭਗ 35% ਦਾ ਵਾਧਾ ਹੋਇਆ ਹੈ। ਇਸ ਦੇ ਮੁਕਾਬਲੇ, ਜੇਕਰ ਅਸੀ ਸਟਾਕ ਮਾਰਕੀਟ 'ਤੇ ਨਜ਼ਰ ਮਾਰੀਏ, ਤਾਂ ਇਸ ਸਾਲ ਨਿਫਟੀ 50 ਸਿਰਫ 4.65% ਅਤੇ BSE ਸੈਂਸੈਕਸ 3.75% ਰਿਟਰਨ ਦੇਣ ਦੇ ਯੋਗ ਰਿਹਾ ਹੈ।

ਸੋਨਾ ਜਾਂ ਸ਼ੇਅਰ: ਅਸਲ ਚੈਂਪੀਅਨ ਕੌਣ ਹੈ?

ਸਾਲ 2025 ਵਿੱਚ ਬਿਹਤਰ ਪ੍ਰਦਰਸ਼ਨ ਕਰਨ ਵਾਲੇ ਸਟਾਕਾਂ ਵਿੱਚੋਂ, ਰਿਲਾਇੰਸ ਸਟਾਕਾਂ ਨੇ ਲਗਭਗ 14% ਦਾ ਮੁਨਾਫਾ ਦਿੱਤਾ, ਜਦੋਂ ਕਿ HDFC ਬੈਂਕ ਦੇ ਸ਼ੇਅਰ 12.5% ਵਧੇ। ਪਰ ਇਹ ਰਿਟਰਨ ਸੋਨੇ ਦੇ ਮੁਕਾਬਲੇ ਮਾਮੂਲੀ ਸਾਬਤ ਹੋਇਆ।

ਕੀਮਤਾਂ ਕਿਉਂ ਵਧੀਆਂ?

ਮਾਹਿਰਾਂ ਦਾ ਕਹਿਣਾ ਹੈ ਕਿ ਪਿਛਲੇ ਛੇ ਸਾਲਾਂ ਵਿੱਚ, ਕਈ ਵਿਸ਼ਵਵਿਆਪੀ ਘਟਨਾਵਾਂ ਨੇ ਸੋਨੇ ਦੀ ਕੀਮਤ ਨੂੰ ਉੱਚਾ ਕੀਤਾ ਹੈ।

ਕੋਰੋਨਾ ਮਹਾਂਮਾਰੀ ਕਾਰਨ ਵਧਦੀ ਆਰਥਿਕ ਅਨਿਸ਼ਚਿਤਤਾ,

ਭੂ-ਰਾਜਨੀਤਿਕ ਤਣਾਅ (ਜਿਵੇਂ ਕਿ ਰੂਸ-ਯੂਕਰੇਨ ਯੁੱਧ),

ਕੇਂਦਰੀ ਬੈਂਕਾਂ ਦੀਆਂ ਨਰਮ ਮੁਦਰਾ ਨੀਤੀਆਂ, ਅਤੇ ਨਿਵੇਸ਼ਕਾਂ ਦੀ ਗਲੋਬਲ ਮਾਰਕੀਟ ਵਿੱਚ ਦਿਲਚਸਪੀ - ਇਹਨਾਂ ਸਾਰੇ ਕਾਰਨਾਂ ਨੇ ਸੋਨੇ ਨੂੰ ਇੱਕ ਸੁਰੱਖਿਅਤ ਨਿਵੇਸ਼ ਵਿਕਲਪ ਵਜੋਂ ਹੋਰ ਮਜ਼ਬੂਤ ਕੀਤਾ ਹੈ।

ਅੱਗੇ ਕੀ ਹੈ?

ਐਸਐਸ ਵੈਲਥ ਸਟ੍ਰੀਟ ਦੀ ਮੁੱਖ ਮਾਰਕੀਟ ਰਣਨੀਤੀਕਾਰ ਸੁਗੰਧਾ ਸਚਦੇਵਾ ਦਾ ਮੰਨਣਾ ਹੈ ਕਿ ਆਉਣ ਵਾਲੇ 5 ਸਾਲਾਂ ਵਿੱਚ, ਸੋਨੇ ਦੀਆਂ ਕੀਮਤਾਂ 1.35 ਲੱਖ ਤੋਂ 1.40 ਲੱਖ ਰੁਪਏ ਪ੍ਰਤੀ 10 ਗ੍ਰਾਮ ਤੱਕ ਜਾ ਸਕਦੀਆਂ ਹਨ। ਇਸ ਦੇ ਨਾਲ ਹੀ, ਲਾਈਵ ਮਿੰਟ ਦੀ ਇੱਕ ਰਿਪੋਰਟ ਇੱਕ ਹੋਰ ਵੀ ਹੈਰਾਨ ਕਰਨ ਵਾਲਾ ਅਨੁਮਾਨ ਦਿੰਦੀ ਹੈ - ਜੇਕਰ ਮੌਜੂਦਾ ਰਫ਼ਤਾਰ ਜਾਰੀ ਰਹੀ, ਤਾਂ 2030 ਤੱਕ ਸੋਨਾ 2.25 ਲੱਖ ਰੁਪਏ ਪ੍ਰਤੀ 10 ਗ੍ਰਾਮ ਦੇ ਅੰਕੜੇ ਨੂੰ ਪਾਰ ਕਰ ਸਕਦਾ ਹੈ।

ਨਿਵੇਸ਼ਕਾਂ ਲਈ ਸੰਕੇਤ

ਜੇਕਰ ਤੁਸੀ ਸੁਰੱਖਿਅਤ ਅਤੇ ਸਥਿਰ ਰਿਟਰਨ ਦੀ ਭਾਲ ਕਰ ਰਹੇ ਹੋ, ਤਾਂ ਸੋਨਾ ਇੱਕ ਵਾਰ ਫਿਰ ਤੁਹਾਡੇ ਪੋਰਟਫੋਲੀਓ ਵਿੱਚ ਇੱਕ ਮਜ਼ਬੂਤ ਜਗ੍ਹਾ ਬਣਾ ਸਕਦਾ ਹੈ। ਚਾਹੇ ਗਹਿਣਿਆਂ ਦੇ ਰੂਪ ਵਿੱਚ, ਡਿਜੀਟਲ ਸੋਨੇ ਦੇ ਰੂਪ ਵਿੱਚ, ਜਾਂ ਸੋਨੇ ਦੇ ਬਾਂਡਾਂ ਰਾਹੀ - ਸੋਨਾ ਇੱਕ ਅਜਿਹਾ ਨਿਵੇਸ਼ ਬਣ ਗਿਆ ਹੈ ਜੋ ਸੰਕਟ ਦੇ ਸਮੇਂ ਵਿੱਚ ਵੀ ਭਰੋਸੇਯੋਗ ਸਾਬਤ ਹੁੰਦਾ ਹੈ।

# ਜੇ ਇਕੱਲਿਆਂ ਪੈ ਜਾਵੇ ਦਿਲ ਦਾ ਦੌਰਾ

## ਡਾਕਟਰ ਨੇ ਦੱਸੇ ਜ਼ਬਰਦਸਤ ਟਿਪਸ



ਅੱਜ ਕੱਲ੍ਹ ਹਰ ਦੂਜੇ ਵਿਅਕਤੀ ਨੂੰ ਦਿਲ ਦਾ ਦੌਰਾ ਪੈ ਰਿਹਾ ਹੈ। ਕੁਝ ਸਾਲ ਪਹਿਲਾਂ ਤੱਕ ਇਸ ਬਿਮਾਰੀ ਨੂੰ ਦੁਰਲੱਭ ਮੰਨਿਆ ਜਾਂਦਾ ਸੀ, ਪਰ 3-4 ਸਾਲਾਂ ਦੇ ਅੰਦਰ ਇਹ ਬਹੁਤ ਆਮ ਹੋ ਗਿਆ ਹੈ। ਇੱਕ ਜਾਂ ਦੋ ਨਹੀ ਸਗੋਂ ਬਹੁਤ ਸਾਰੇ ਲੋਕ ਦਿਲ ਦੇ ਦੌਰੇ ਕਾਰਨ ਮਰ ਰਹੇ ਹਨ। ਸਥਿਤੀ ਅਜਿਹੀ ਹੈ ਕਿ ਦੁਨੀਆ ਭਰ ਵਿੱਚ ਲੱਖਾਂ ਲੋਕ ਦਿਲ ਦੇ ਦੌਰੇ ਤੋਂ ਪ੍ਰਭਾਵਿਤ ਹਨ। ਵਿਸ਼ਵ ਸਿਹਤ ਸੰਗਠਨ (WHO) ਦੇ ਅਨੁਸਾਰ, 2019 ਵਿੱਚ ਦਿਲ ਅਤੇ ਖੂਨ ਦੀਆਂ ਨਾੜੀਆਂ ਦੀਆਂ ਬਿਮਾਰੀਆਂ ਕਾਰਨ ਲਗਭਗ 1.79 ਕਰੋੜ ਲੋਕਾਂ ਦੀ ਮੌਤ ਹੋਈ ਅਤੇ ਇਨ੍ਹਾਂ ਵਿੱਚੋਂ 85% ਲੋਕਾਂ ਦੀ ਮੌਤ ਦਾ ਕਾਰਨ ਦਿਲ ਦਾ ਦੌਰਾ ਜਾਂ ਸਟ੍ਰੋਕ ਹੈ।

ਦਿਲ ਦਾ ਦੌਰਾ ਅਚਾਨਕ ਹੋ ਸਕਦਾ ਹੈ, ਬਿਨਾਂ ਕਿਸੇ ਚੇਤਾਵਨੀ ਦੇ। ਇਸਦਾ ਸਪੱਸ਼ਟ ਅਰਥ ਹੈ ਕਿ ਹਰ ਪਲ ਮਹੱਤਵਪੂਰਨ ਹੈ। ਪਰ ਜੇਕਰ ਤੁਸੀ ਇਕੱਲੇ ਹੋ ਤਾਂ ਕੀ ਹੋਵੇਗਾ? ਹਾਰਟ ਸਰਜਨ ਡਾ. ਜੇਰੇਮੀ ਲੰਡਨ, ਜਿਨ੍ਹਾਂ ਕੋਲ 25 ਸਾਲਾਂ ਤੋਂ ਵੱਧ ਦਾ ਤਜਰਬਾ ਹੈ, ਨੇ ਕੁਝ ਆਸਾਨ ਸੁਝਾਅ ਦੱਸੇ ਹਨ, ਜੋ ਦਿਲ ਦੇ ਦੌਰੇ ਦੌਰਾਨ ਤੁਹਾਡੀ ਜਾਨ ਬਚਾ ਸਕਦੇ ਹਨ।

ਤੁਰੰਤ ਐਮਰਜੈਂਸੀ ਮਦਦ 'ਤੇ ਕਾਲ ਕਰੋ

ਜੇਕਰ ਤੁਹਾਨੂੰ ਦਿਲ ਦੇ ਦੌਰੇ ਦੇ ਕੋਈ ਲੱਛਣ ਮਹਿਸੂਸ ਹੁੰਦੇ ਹਨ, ਤਾਂ ਉਡੀਕ ਨਾ ਕਰੋ। ਤੁਰੰਤ ਐਮਰਜੈਂਸੀ ਮਦਦ 'ਤੇ ਕਾਲ ਕਰੋ। ਉਨ੍ਹਾਂ ਨੂੰ ਆਪਣੇ ਲੱਛਣ ਦੱਸੋ ਅਤੇ ਆਪਣੀ ਹਾਲਤ ਬਾਰੇ ਜਾਣਕਾਰੀ ਦਿਓ। ਜੇ ਸੰਭਵ ਹੋਵੇ, ਤਾਂ ਮਦਦ ਆਉਣ ਤੱਕ ਕਾਲ 'ਤੇ ਰਹੋ ਕਿਉਂਕਿ ਦੇਰੀ ਕਰਨ ਨਾਲ ਹਾਲਤ ਵਿਗੜ ਸਕਦੀ ਹੈ ਜਾਂ ਤੁਹਾਡੇ ਬਚਣ ਦੀ ਸੰਭਾਵਨਾ ਘੱਟ ਸਕਦੀ ਹੈ।

ਆਪਣੇ ਘਰ ਨੂੰ ਮਦਦ ਲਈ ਤਿਆਰ ਕਰੋ

ਜਦੋਂ ਤੁਸੀ ਮਦਦ ਦੇ ਆਉਣ ਦੀ ਉਡੀਕ ਕਰ ਰਹੇ ਹੋ, ਤਾਂ ਆਪਣੇ ਘਰ ਨੂੰ ਤਿਆਰ ਕਰੋ ਤਾਂ ਜੋ ਐਮਰਜੈਂਸੀ ਸਹਾਇਕ ਜਲਦੀ ਪਹੁੰਚ ਸਕਣ। ਜੇਕਰ ਰਾਤ ਦਾ ਸਮਾਂ ਹੈ, ਤਾਂ ਆਪਣੇ ਵਰਾਂਡੇ 'ਤੇ ਲਾਈਟਾਂ ਚਾਲੂ ਕਰੋ ਤਾਂ ਜੋ ਉਹ ਤੁਹਾਡੇ ਘਰ ਨੂੰ ਆਸਾਨੀ ਨਾਲ ਲੱਭ ਸਕਣ। ਆਪਣਾ ਮੁੱਖ ਦਰਵਾਜ਼ਾ ਪਹਿਲਾਂ ਤੋਂ ਖੋਲ੍ਹੋ ਤਾਂ ਜੋ ਉਹ ਅੰਦਰ ਆ ਸਕਣ ਭਾਵੇਂ ਤੁਸੀ ਬਾਅਦ ਵਿੱਚ ਇਸਨੂੰ ਖੋਲ੍ਹਣ ਲਈ ਬਹੁਤ ਕਮਜ਼ੋਰ ਹੋ ਜਾਓ।

ਆਰਾਮ ਨਾਲ ਬੈਠੋ ਜਾਂ ਲੇਟ ਜਾਓ

ਇਸ ਤੋਂ ਬਾਅਦ, ਆਪਣੀ ਊਰਜਾ ਬਚਾਉਣ ਲਈ ਆਰਾਮ ਨਾਲ ਬੈਠੋ ਜਾਂ ਲੇਟ ਜਾਓ। ਆਪਣੀਆਂ ਲੱਤਾਂ ਨੂੰ ਥੋੜ੍ਹਾ ਜਿਹਾ ਉੱਚਾ ਕਰਕੇ ਬਿਸਤਰੇ ਜਾਂ ਸੋਫੇ 'ਤੇ ਲੇਟਣ ਨਾਲ ਸਾਹ ਲੈਣਾ ਆਸਾਨ ਹੋ ਜਾਂਦਾ ਹੈ ਅਤੇ ਖੂਨ ਦਾ ਪ੍ਰਵਾਹ ਬਿਹਤਰ ਹੁੰਦਾ ਹੈ। ਜੇਕਰ ਲੇਟਣਾ ਮੁਸ਼ਕਲ ਲੱਗਦਾ ਹੈ, ਤਾਂ ਕੁਰਸੀ 'ਤੇ ਚੁੱਪਚਾਪ ਬੈਠੋ ਅਤੇ ਬਹੁਤ ਜ਼ਿਆਦਾ ਹਿੱਲਣ ਤੋਂ ਬਚੋ। ਸਥਿਰ ਰਹਿਣ ਨਾਲ ਬੇਹੋਸ਼ ਹੋਣ ਜਾਂ ਡਿੱਗਣ ਦਾ ਜੋਖਮ ਘੱਟ ਜਾਂਦਾ ਹੈ।

ਕਿਸੇ ਦੋਸਤ ਜਾਂ ਪਰਿਵਾਰ ਨੂੰ ਕਾਲ ਕਰੋ

ਜਦੋਂ ਤੁਸੀ ਐਮਰਜੈਂਸੀ ਮਦਦ ਲਈ ਕਾਲ ਕਰਦੇ ਹੋ, ਤਾਂ ਕਿਸੇ ਪਰਿਵਾਰਕ ਮੈਂਬਰ ਜਾਂ ਦੋਸਤ ਨੂੰ ਕਾਲ ਕਰੋ। ਉਨ੍ਹਾਂ ਨੂੰ ਦੱਸੋ ਕਿ ਕੀ ਹੋਇਆ ਹੈ ਅਤੇ ਐਂਬੂਲੈਂਸ ਆ ਰਹੀ ਹੈ। ਉਹ ਤੁਹਾਨੂੰ ਹਸਪਤਾਲ ਵਿੱਚ ਮਿਲ ਸਕਦੇ ਹਨ, ਡਾਕਟਰਾਂ ਨੂੰ ਤੁਹਾਡੀ ਸਿਹਤ ਬਾਰੇ ਜਾਣਕਾਰੀ ਦੇ ਸਕਦੇ ਹਨ, ਅਤੇ ਲੋੜ ਪੈਣ 'ਤੇ ਤੁਹਾਡੀ ਮਦਦ ਕਰ ਸਕਦੇ ਹਨ।

# 2 ਅਗਸਤ ਨੂੰ ਸੂਰਜ ਗ੍ਰਹਿਣ?



ਪਿਛਲੇ ਕੁਝ ਹਫ਼ਤਿਆਂ ਤੋਂ, ਸਦੀ ਦੇ ਸਭ ਤੋਂ ਲੰਬੇ ਸੂਰਜ ਗ੍ਰਹਿਣ ਬਾਰੇ ਚਰਚਾ ਹੋ ਰਹੀ ਹੈ। ਕਿਹਾ ਜਾ ਰਿਹਾ ਹੈ ਕਿ 100 ਸਾਲਾਂ ਦਾ ਸਭ ਤੋਂ ਲੰਬਾ ਪੂਰਨ ਸੂਰਜ ਗ੍ਰਹਿਣ ਲੱਗੇਗਾ ਅਤੇ ਇਸ ਦੌਰਾਨ ਸੂਰਜ 6 ਮਿੰਟ ਲਈ ਲੁਕ ਜਾਵੇਗਾ। ਪਰ ਜੇਕਰ ਤੁਸੀ ਸੋਚ ਰਹੇ ਹੋ ਕਿ ਇਹ ਸੂਰਜ ਗ੍ਰਹਿਣ 2 ਅਗਸਤ ਨੂੰ ਹੋ ਰਿਹਾ ਹੈ, ਤਾਂ ਅਸੀ ਤੁਹਾਨੂੰ ਦੱਸ ਦੇਈਏ ਕਿ ਅਜਿਹਾ ਨਹੀ ਹੈ। ਸਦੀ ਦਾ ਸਭ ਤੋਂ ਲੰਬਾ ਸੂਰਜ ਗ੍ਰਹਿਣ ਜ਼ਰੂਰ 2 ਅਗਸਤ ਨੂੰ ਹੋ ਰਿਹਾ ਹੈ ਪਰ 2025 ਵਿੱਚ ਨਹੀ, ਸਗੋਂ 2027 ਵਿੱਚ। ਹਾਂ, ਸਦੀ ਦਾ ਸਭ ਤੋਂ ਲੰਬਾ ਸੂਰਜ ਗ੍ਰਹਿਣ 2 ਅਗਸਤ 2027 ਨੂੰ ਲੱਗੇਗਾ।

ਇਹ ਸਿਰਫ਼ ਇੱਕ ਸੋਸ਼ਲ ਮੀਡੀਆ ਅਫਵਾਹ ਹੈ। ਅਸਲ ਵਿੱਚ 2 ਅਗਸਤ 2025 ਨੂੰ ਕੋਈ ਸੂਰਜ ਗ੍ਰਹਿਣ ਨਹੀ ਹੋਵੇਗਾ। ਵਿਗਿਆਨਕ ਸੰਸਥਾਵਾਂ ਅਤੇ ਨਾਸਾ ਪਹਿਲਾਂ ਹੀ ਪੁਸ਼ਟੀ ਕਰ ਚੁੱਕੇ ਹਨ ਕਿ ਉਸ ਦਿਨ ਕੋਈ ਗ੍ਰਹਿਣ ਨਹੀਂ ਹੈ। 2025 ਵਿੱਚ ਸਿਰਫ਼ ਦੋ ਅੰਸ਼ਕ ਸੂਰਜ ਗ੍ਰਹਿਣ ਹਨ: 29 ਮਾਰਚ ਅਤੇ 21 ਸਤੰਬਰ। ਤੁਹਾਨੂੰ ਦੱਸ ਦੇਈਏ ਕਿ ਸਾਲ ਦਾ ਪਹਿਲਾ ਸੂਰਜ ਗ੍ਰਹਿਣ 29 ਮਾਰਚ 2025 ਨੂੰ ਹੋ ਚੁੱਕਾ ਹੈ ਅਤੇ ਹੁਣ ਦੂਜਾ ਅੰਸ਼ਕ ਸੂਰਜ ਗ੍ਰਹਿਣ 21 ਸਤੰਬਰ ਨੂੰ ਹੋਵੇਗਾ।

## ਕੀ ਸੂਰਜ ਸੱਚਮੁੱਚ ਲੁਕ ਜਾਵੇਗਾ?



ਅਸਲ '100 ਸਾਲਾਂ ਦਾ ਸਭ ਤੋਂ ਲੰਬਾ ਸੂਰਜ ਗ੍ਰਹਿਣ' ਕਦੋਂ ਹੋ ਰਿਹਾ ਹੈ?

ਸਾਲ 2027 ਵਿੱਚ, 2 ਅਗਸਤ ਨੂੰ ਪੂਰਨ ਸੂਰਜ ਗ੍ਰਹਿਣ ਹੋਵੇਗਾ ਜੋ ਪੂਰੀ ਧਰਤੀ 'ਤੇ ਹਨੇਰਾ ਨਹੀ ਫੈਲਾਏਗਾ, ਪਰ ਅਫਰੀਕਾ, ਯੂਰਪ ਅਤੇ ਮੱਧ ਪੂਰਬ ਦੇ ਕਈ ਹਿੱਸਿਆਂ ਵਿੱਚ ਲਗਭਗ 6 ਮਿੰਟ ਅਤੇ 23 ਸਕਿੰਟ ਤੱਕ ਰਹੇਗਾ। ਇਹ 1991-2114 ਦੇ ਵਿਚਕਾਰ ਜ਼ਮੀਨ ਤੋਂ ਦਿਖਾਈ ਦੇਣ ਵਾਲੇ ਸਭ ਤੋਂ ਲੰਬੇ ਪੂਰਨ ਗ੍ਰਹਿਣਾਂ ਵਿੱਚੋਂ ਇੱਕ ਹੈ।

2025 ਦਾ ਦੂਜਾ ਅੰਸ਼ਕ ਸੂਰਜ ਗ੍ਰਹਿਣ

ਸਾਲ 2025 ਦਾ ਦੂਜਾ ਅਤੇ ਆਖਰੀ ਸੂਰਜ ਗ੍ਰਹਿਣ 21 ਸਤੰਬਰ ਨੂੰ ਸ਼ੁਰੂ ਹੋਵੇਗਾ। ਸੂਰਜ ਗ੍ਰਹਿਣ ਰਾਤ 11 ਵਜੇ ਸ਼ੁਰੂ ਹੋਵੇਗਾ। ਇਹ ਗ੍ਰਹਿਣ 22 ਸਤੰਬਰ ਨੂੰ ਸਵੇਰੇ 3:24 ਵਜੇ ਤੱਕ ਰਹੇਗਾ, ਯਾਨੀ ਕਿ ਸੂਰਜ ਗ੍ਰਹਿਣ ਦੀ ਕੁੱਲ ਮਿਆਦ 4 ਘੰਟੇ 24 ਮਿੰਟ ਹੋਵੇਗੀ। ਇਹ ਅੰਸ਼ਕ ਸੂਰਜ ਗ੍ਰਹਿਣ (ਅੰਸ਼ਕ ਸੂਰਜ ਗ੍ਰਹਿਣ 2025) ਹੋਵੇਗਾ।

ਸੂਰਜ ਗ੍ਰਹਿਣ ਕੀ ਹੈ? (ਸੂਰਜ ਗ੍ਰਹਿਣ ਕੀ ਹੈ?)

ਤੁਹਾਨੂੰ ਦੱਸ ਦੇਈਏ ਕਿ ਜਦੋਂ ਚੰਦਰਮਾ ਸੂਰਜ ਅਤੇ ਧਰਤੀ ਦੇ ਵਿਚਕਾਰ ਆਉਂਦਾ ਹੈ ਅਤੇ ਧਰਤੀ 'ਤੇ ਸੂਰਜ ਦੀ ਰੌਸ਼ਨੀ ਨੂੰ ਅੰਸ਼ਕ ਜਾਂ ਪੂਰੀ ਤਰ੍ਹਾਂ ਪਹੁੰਚਣ ਤੋਂ ਰੋਕਦਾ ਹੈ। ਸੂਰਜ ਗ੍ਰਹਿਣ ਦੀ ਇਹ ਦੁਰਲੱਭ ਘਟਨਾ ਸਾਲ ਵਿੱਚ ਦੋ ਵਾਰ ਹੁੰਦੀ ਹੈ ਜਦੋਂ ਆਕਾਸ਼ੀ ਪਿੰਡ ਇੱਕ ਸਿੱਧੀ ਰੇਖਾ ਵਿੱਚ ਹੁੰਦੇ ਹਨ।

2027 ਦੇ ਕੁੱਲ ਸੂਰਜ ਗ੍ਰਹਿਣ ਨੂੰ "ਮਹਾਨ ਉੱਤਰੀ ਅਫ਼ਰੀਕੀ ਗ੍ਰਹਿਣ" ਕਿਹਾ ਜਾ ਰਿਹਾ ਹੈ ਅਤੇ ਇਸਨੂੰ "ਸਦੀ ਦਾ ਗ੍ਰਹਿਣ" ਵੀ ਮੰਨਿਆ ਜਾ ਰਿਹਾ ਹੈ।

ਸਦੀ ਦਾ ਸਭ ਤੋਂ ਲੰਬਾ ਸੂਰਜ ਗ੍ਰਹਿਣ ਕਿੱਥੇ ਦੇਖਿਆ ਜਾਵੇਗਾ

ਸੂਰਜ ਗ੍ਰਹਿਣ ਇਨ੍ਹਾਂ ਦੇਸ਼ਾਂ ਵਿੱਚ ਦਿਖਾਈ ਦੇਵੇਗਾ: ਮੋਰੋਕੋ, ਅਲਜੀਰੀਆ, ਟਿਊਨੀਸ਼ੀਆ, ਮਿਸਰ, ਸਾਊਦੀ ਅਰਬ, ਯਮਨ, ਸੂਡਾਨ, ਸੋਮਾਲੀਆ, ਸਪੇਨ ਅਤੇ ਓਮਾਨ ਸਮੇਤ ਕੁੱਲ 10 ਦੇਸ਼। ਕੈਨੇਡਾ ਦੇ ਨਿਊਫਾਊਂਡਲੈਂਡ ਵਿੱਚ ਇੱਕ ਛੋਟਾ ਜਿਹਾ ਅੰਸ਼ਕ ਸੂਰਜ ਗ੍ਰਹਿਣ ਦਿਖਾਈ ਦੇਵੇਗਾ।


ਕੀ 100 ਸਾਲਾਂ ਵਿੱਚ ਸਭ ਤੋਂ ਲੰਬਾ ਸੂਰਜ ਗ੍ਰਹਿਣ ਭਾਰਤ ਵਿੱਚ ਦਿਖਾਈ ਦੇਵੇਗਾ?

ਟਾਈਮ ਐਂਡ ਡੇਟ ਵੈੱਬਸਾਈਟ ਦੇ ਅਨੁਸਾਰ, ਇਹ ਅੰਸ਼ਕ ਸੂਰਜ ਗ੍ਰਹਿਣ ਭਾਰਤੀ ਮਿਆਰੀ ਸਮੇਂ (IST) ਅਨੁਸਾਰ ਦੁਪਹਿਰ 3.34 ਵਜੇ ਸ਼ੁਰੂ ਹੋਵੇਗਾ ਅਤੇ ਸ਼ਾਮ 5.53 ਵਜੇ ਖਤਮ ਹੋਵੇਗਾ। ਇਹ ਗ੍ਰਹਿਣ ਭਾਰਤ ਵਿੱਚ ਦਿਖਾਈ ਦੇਵੇਗਾ।

ਟਾਈਮ ਐਂਡ ਡੇਟ ਦੇ ਅਨੁਸਾਰ, 2 ਅਗਸਤ, 2027 ਨੂੰ ਇਸ ਕੁੱਲ ਸੂਰਜ ਗ੍ਰਹਿਣ ਦਾ ਰਸਤਾ ਲਗਭਗ 89 ਮਿਲੀਅਨ ਲੋਕਾਂ ਨੂੰ ਪ੍ਰਭਾਵਿਤ ਕਰੇਗਾ - ਜੋ ਕਿ 8 ਅਪ੍ਰੈਲ, 2024 ਨੂੰ ਉੱਤਰੀ ਅਮਰੀਕਾ ਵਿੱਚ ਲੱਗੇ ਕੁੱਲ ਸੂਰਜ ਗ੍ਰਹਿਣ ਦੀ ਆਬਾਦੀ ਦਾ ਦੁੱਗਣਾ ਹੈ।

# ਪੰਜਾਬੀ ਗਾਇਕਾ ਰਿਤੂ ਨੂਰਾਂ ਦੇ ਵਿਆਹੁਤਾ ਰਿਸ਼ਤੇ 'ਚ ਆਇਆ ਤੂਫਾਨ

## ਪਤੀ ਵੱਲੋਂ ਕਿਸੇ ਹੋਰ ਨਾਲ ਨਾਜਾਇਜ਼ ਸੰਬੰਧਾਂ ਦੇ ਲੱਗੇ ਦੋਸ਼...



ਦੱਸ ਦੇਈਏ ਕਿ ਗਾਇਕਾ ਸਾਬਕਾ ਪਤੀ ਕੁਨਾਲ ਪਾਸੀ ਤੋਂ ਵੱਖ ਹੋਣ ਤੋਂ ਬਾਅਦ ਉਸਮਾਨ ਨਾਲ ਵਿਆਹੁਤਾ ਰਿਸ਼ਤਾ ਨਿਭਾ ਰਹੀ ਹੈ। ਇਸ ਵਿਚਾਲੇ ਇੱਕ ਹੋਰ ਵੱਡੀ ਖਬਰ ਸਾਹਮਣੇ ਆ ਰਹੀ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਏਗੀ ਕਿ ਜੋਤੀ ਨੂਰਾਂ ਤੋਂ ਬਾਅਦ ਹੁਣ ਉਨ੍ਹਾਂ ਦੀ ਛੋਟੀ ਭੈਣ ਰਿਤੂ ਨੂਰਾਂ ਦਾ ਵਿਆਹੁਤਾ ਰਿਸ਼ਤਾ ਵੀ ਟੁੱਟ ਗਿਆ ਹੈ। ਰਿਤੂ ਅਤੇ ਉਨ੍ਹਾਂ ਦੇ ਪਤੀ ਵੱਲੋਂ ਇੱਕ-ਦੂਜੇ ਉੱਪਰ ਗੰਭੀਰ ਦੋਸ਼ ਲਗਾਏ ਜਾ ਰਹੇ ਹਨ। ਜਿਨ੍ਹਾਂ ਨੇ ਇੰਡਸਟਰੀ ਵਿੱਚ ਹਲਚਲ ਮਚਾ ਦਿੱਤੀ ਹੈ।

ਦੱਸ ਦੇਈਏ ਕਿ ਮਸ਼ਹੂਰ ਗਾਇਕਾ ਜੋਤੀ ਨੂਰਾਂ ਦੀ ਭੈਣ ਅਤੇ ਗਾਇਕਾ ਰਿਤੂ ਨੂਰਾਂ ਦੇ ਵਿਆਹੁਤਾ ਰਿਸ਼ਤੇ ਵਿੱਚ ਕਲੇਸ਼ ਚੱਲ ਰਿਹਾ ਹੈ। ਰਿਤੂ ਦੇ ਪਤੀ ਰੁਦਰ ਸੰਧੂ ਵੱਲੋਂ ਗਾਇਕਾ ਉੱਪਰ ਕਿਸੇ ਹੋਰ ਨਾਲ ਨਜ਼ਾਇਜ਼ ਸਬੰਧਾਂ ਵਰਗੇ ਗੰਭੀਰ ਦੋਸ਼ ਲਗਾਏ ਗਏ ਹਨ। ਉਨ੍ਹਾਂ ਵੱਲੋਂ ਆਪਣੇ ਸੋਸ਼ਲ ਮੀਡੀਆ ਹੈਂਡਲ ਉੱਪਰ ਲਗਾਤਾਰ ਕਈ ਵੀਡੀਓ ਸ਼ੇਅਰ ਕਰਕੇ ਇਹ ਦੋਸ਼ ਲਗਾਏ ਜਾ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵਿੱਚ ਉਸ ਸ਼ਖਸ਼ ਦਾ ਵੀ ਖੁਲਾਸਾ ਹੋਇਆ ਹੈ, ਜਿਸ ਨਾਲ ਰਿਤੂ ਦਾ ਨਾਮ ਜੋੜਿਆ ਜਾ ਰਿਹਾ ਹੈ।



ਦਰਅਸਲ, ਗਾਇਕਾ ਰਿਤੂ ਦਾ ਨਾਮ ਉਨ੍ਹਾਂ ਦੇ ਹੀ ਮੈਨੇਜਰ ਅਤੇ ਗਾਇਕ ਮੰਗੀ ਖਾਨ ਨਾਲ ਜੋੜਿਆ ਜਾ ਰਿਹਾ ਹੈ। ਹਾਲਾਂਕਿ ਗਾਇਕਾ ਰਿਤੂ ਵੱਲੋਂ ਇਨ੍ਹਾਂ ਦੋਸ਼ਾਂ ਨੂੰ ਗਲਤ ਦੱਸਿਆ ਗਿਆ ਹੈ। ਇਸਦੇ ਨਾਲ ਹੀ ਮੰਗੀ ਖਾਨ ਦੀ ਪਤਨੀ ਵੱਲੋਂ ਵੀ ਰਿਤੂ ਉੱਪਰ ਗੰਭੀਰ ਦੋਸ਼ ਲਗਾਏ ਗਏ ਅਤੇ ਉਨ੍ਹਾਂ ਨੂੰ ਗਾਲ੍ਹਾਂ ਕੱਢੀਆਂ ਗਈਆਂ।

ਸੋਸ਼ਲ ਮੀਡੀਆ ਉੱਪਰ ਵਾਈਰਲ ਹੋ ਰਹੀਆਂ ਵੀਡੀਓ ਨੂੰ ਵੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਹੁਣ ਜੋਤੀ ਨੂਰਾਂ ਵਾਂਗ ਉਨ੍ਹਾਂ ਦੀ ਭੈਣ ਰਿਤੂ ਦਾ ਵਿਆਹੁਤਾ ਰਿਸ਼ਤਾ ਵੀ ਟੁੱਟ ਚੁੱਕਿਆ ਹੈ। ਜਿਸ ਵਿੱਚ ਦੋਵਾਂ ਵੱਲੋਂ ਇੱਕ-ਦੂਜੇ ਨੂੰ ਗਾਲ੍ਹਾਂ ਕੱਢਣ ਤੋਂ ਇਲਾਵਾ ਧਮਕੀਆਂ ਵੀ ਦਿੱਤੀਆਂ ਜਾ ਰਹੀਆਂ ਹਨ।

# ਭਾਰਤ ਦੀ ਖੁਸ਼ਹਾਲੀ ਦੀ ਖੁੱਲ੍ਹ ਗਈ ਪੋਲ

## ਪਿਛਲੇ 10 ਸਾਲਾਂ 'ਚ ਅੱਧੀ ਆਬਾਦੀ ਦੀ ਕਮਾਈ ਘਟੀ



ਭਾਰਤੀਆਂ ਲਈ ਖਤਰੇ ਦੀ ਘੰਟੀ ਹੈ। ਪਿਛਲੇ ਦਹਾਕੇ ਵਿੱਚ ਦੇਸ਼ ਦੀ 50 ਫੀਸਦੀ ਆਬਾਦੀ ਦੀ ਕਮਾਈ ਘੱਟ ਗਈ ਹੈ। ਤਾਜ਼ਾ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਭਾਵੇਂ ਭਾਰਤ ਵਿੱਚ ਆਰਥਿਕ ਵਿਕਾਸ ਦੀ ਗਤੀ ਤੇਜ਼ ਹੈ ਪਰ ਇਸ ਤੋਂ ਲਾਭ ਉਠਾਉਣ ਵਾਲੇ ਲੋਕਾਂ ਦਾ ਦਾਇਰਾ ਸੀਮਤ ਹੁੰਦਾ ਜਾ ਰਿਹਾ ਹੈ। ਕ੍ਰੈਡਿਟ ਸੁਇਸ ਵੈਲਥ ਰਿਪੋਰਟ ਤੇ ਫੋਰਬਸ ਇੰਡੀਆ ਦੇ ਤਾਜ਼ਾ ਵਿਸ਼ਲੇਸ਼ਣ ਅਨੁਸਾਰ ਪਿਛਲੇ ਦਹਾਕੇ ਵਿੱਚ ਭਾਰਤ ਵਿੱਚ ਅਰਬਪਤੀਆਂ ਦੀ ਗਿਣਤੀ ਵਿੱਚ ਤਾਂ 300% ਤੋਂ ਵੱਧ ਦਾ ਵਾਧਾ ਹੋਇਆ, ਜਦੋਂਕਿ 50% ਤੋਂ ਵੱਧ ਆਬਾਦੀ ਦੀ ਅਸਲ ਆਮਦਨ ਜਾਂ ਤਾਂ ਸਥਿਰ ਰਹੀ ਜਾਂ ਫਿਰ ਘੱਟ ਗਈ ਹੈ।

ਅਹਿਮ ਗੱਲ ਹੈ ਕਿ ਇਹ ਅਸਮਾਨਤਾ ਦੇਸ਼ ਦੇ ਸਮਾਜਿਕ ਤਾਣੇ-ਬਾਣੇ ਲਈ ਇੱਕ ਵੱਡੀ ਚੇਤਾਵਨੀ ਹੈ, ਜਿਸ ਵਿੱਚ ਆਰਥਿਕ ਤਰੱਕੀ ਦੇ ਲਾਭ ਬਹੁਤ ਘੱਟ ਲੋਕਾਂ ਤੱਕ ਸੀਮਤ ਹੋ ਰਹੇ ਹਨ। ਆਕਸਫੈਮ ਇੰਟਰਨੈਸ਼ਨਲ ਦੀ ਰਿਪੋਰਟ ਸਰਵਾਈਵਲ ਆਫ਼ ਦ ਰਿਚੈਸਟ ਅਨੁਸਾਰ ਭਾਰਤ ਵਿੱਚ ਕੁੱਲ ਦੌਲਤ ਦਾ ਇੱਕ ਵੱਡਾ ਹਿੱਸਾ ਲਗਭਗ $11.6 ਟ੍ਰਿਲੀਅਨ ਸਿਰਫ 1 ਪ੍ਰਤੀਸ਼ਤ ਅਮੀਰਾਂ ਕੋਲ ਹੈ। ਇਸੇ ਤਰ੍ਹਾਂ ਗਲੋਬਲ ਇਨਇਕੁਐਲਿਟੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੇ ਉੱਪਰਲੇ 10% ਲੋਕਾਂ ਨੂੰ ਦੇਸ਼ ਦੀ ਕੁੱਲ ਆਮਦਨ ਦਾ ਲਗਪਗ 57% ਮਿਲਦਾ ਹੈ ਜਦੋਂਕਿ ਹੇਠਲੇ 50% ਲੋਕਾਂ ਨੂੰ ਆਮਦਨ ਦਾ ਸਿਰਫ 13% ਮਿਲਦਾ ਹੈ।

ਨੋਬਲ ਪੁਰਸਕਾਰ ਜੇਤੂ ਥਾਮਸ ਪਿਕੇਟੀ ਅਨੁਸਾਰ ਜੇਕਰ ਆਮਦਨ ਤੇ ਦੌਲਤ ਵਿੱਚ ਪਾੜੇ ਨੂੰ ਨਾ ਰੋਕਿਆ ਗਿਆ ਤਾਂ ਲੋਕਤੰਤਰ ਵੀ ਸਿਰਫ਼ ਅਮੀਰ ਵਰਗ ਦਾ ਇੱਕ ਸਾਧਨ ਬਣ ਜਾਵੇਗਾ। 'ਦ ਪ੍ਰਾਈਸ ਆਫ਼ ਇਨਈਕੁਆਲਿਟੀ' ਦੇ ਲੇਖਕ ਜੋਸਫ਼ ਸਟਿਗਲਿਟਜ਼ ਕਹਿੰਦੇ ਹਨ ਕਿ ਜਦੋਂ ਸਮਾਜ ਦੇ ਜ਼ਿਆਦਾਤਰ ਸਰੋਤ ਸਿਰਫ਼ ਕੁਝ ਕੁ ਲੋਕਾਂ ਦੇ ਹੱਥਾਂ ਵਿੱਚ ਹੁੰਦੇ ਹਨ ਤਾਂ ਬਾਕੀ ਆਬਾਦੀ ਹਾਸ਼ੀਏ 'ਤੇ ਧੱਕ ਦਿੱਤੀ ਜਾਂਦੀ ਹੈ ਤੇ ਆਰਥਿਕ ਅਸਥਿਰਤਾ ਸਥਾਈ ਹੋ ਜਾਂਦੀ ਹੈ। ਕ੍ਰੈਡਿਟ ਸੂਇਸ ਵੈਲਥ ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿੱਚ ਦੌਲਤ ਅਸਮਾਨਤਾ ਦਾ ਰੁਝਾਨ ਆਜ਼ਾਦੀ ਤੋਂ ਤੁਰੰਤ ਬਾਅਦ ਦੇਖਿਆ ਗਿਆ ਜਦੋਂ ਜ਼ਮੀਦਾਰੀ ਦੇ ਖਾਤਮੇ ਵਰਗੇ ਸੁਧਾਰ ਹੋਏ ਪਰ ਉਦਯੋਗ, ਕਾਰੋਬਾਰ ਤੇ ਰਾਜਨੀਤਕ ਪਹੁੰਚ ਵਾਲੇ ਸੀਮਤ ਵਰਗ ਨੂੰ ਹੀ ਆਰਥਿਕ ਲਾਭ ਮਿਲਦੇ ਰਹੇ।

1991 ਵਿੱਚ ਸ਼ੁਰੂ ਹੋਏ ਆਰਥਿਕ ਸੁਧਾਰਾਂ ਨੇ ਨਿੱਜੀ ਪੂੰਜੀ, ਕਾਰਪੋਰੇਟ ਘਰਾਣਿਆਂ ਤੇ ਵਿਸ਼ਵਵਿਆਪੀ ਨਿਵੇਸ਼ ਨੂੰ ਇੱਕ ਖੁੱਲ੍ਹਾ ਪਲੇਟਫਾਰਮ ਦਿੱਤਾ ਪਰ ਇਸ ਦਾ ਸਿੱਧਾ ਲਾਭ ਉੱਚ ਤਕਨਾਲੋਜੀ, ਪੂੰਜੀ ਤੇ ਸਿੱਖਿਆ ਵਾਲੇ ਵਰਗ ਨੂੰ ਗਿਆ ਤੇ ਮਜ਼ਦੂਰਾਂ ਜਾਂ ਪੇਂਡੂ ਭਾਈਚਾਰਿਆਂ ਨੂੰ ਇਸ ਦਾ ਲਾਹਾ ਨਹੀਂ ਮਿਲਿਆ। ਪਿਛਲੇ ਦਹਾਕੇ ਵਿੱਚ ਬੀਐਸਈ-ਸੈਂਸੈਕਸ ਵਿੱਚ ਇੱਕ ਜ਼ਬਰਦਸਤ ਵਾਧਾ ਦੇਖਿਆ ਗਿਆ ਜਿਸ ਕਾਰਨ ਅਮੀਰਾਂ ਦੀ ਦੌਲਤ ਤੇਜ਼ੀ ਨਾਲ ਵਧੀ। ਇਸ ਦੇ ਨਾਲ ਹੀ 50% ਤੋਂ ਵੱਧ ਆਬਾਦੀ ਜਿਨ੍ਹਾਂ ਦੀ ਆਮਦਨ ਕਿਰਤ, ਖੇਤੀਬਾੜੀ ਤੇ ਅਸੰਗਠਿਤ ਖੇਤਰ ਤੋਂ ਆਉਂਦੀ ਹੈ, ਜਿੱਥੇ ਤਨਖਾਹ ਵਿੱਚ ਵਾਧਾ ਲਗਪਗ ਨਾਮਾਤਰ ਰਿਹਾ ਹੈ।

# ਡਿਜੀਟਲ ਪੇਮੈਂਟ 'ਚ ਭਾਰਤ ਬਣਿਆ ਦੁਨੀਆ 'ਚ ਨੰਬਰ-1

## UPI ਤੋਂ ਹੋ ਰਿਹੈ ਹਰ ਮਹੀਨੇ 1800 ਕਰੋੜ ਤੋਂ ਵੱਧ ਦਾ ਟ੍ਰਾਂਜੈਕਸ਼ਨ




ਭਾਰਤ ਹੁਣ ਤੇਜ਼ ਡਿਜੀਟਲ ਭੁਗਤਾਨ ਦੇ ਮਾਮਲੇ ਵਿਚ ਪੂਰੀ ਦੁਨੀਆ ਵਿਚ ਸਭ ਤੋਂ ਅੱਗੇ ਨਿਕਲ ਗਿਆ ਹੈ। ਕੌਮਾਂਤਰੀ ਮੁਦਰਾ ਕੋਸ਼ (IMF) ਦੀ ਰਿਪੋਰਟ ਮੁਤਾਬਕ ਯੂਨੀਫਾਈਡ ਪੇਮੈਂਟਸ ਇੰਟਰਫੇਸ ਦੀ ਬਦੌਲਤ ਭਾਰਤ ਨੇ ਡਿਜੀਟਲ ਟ੍ਰਾਂਜੈਕਸ਼ਨ ਵਿਚ ਇਹ ਮੁਕਾਮ ਹਾਸਲ ਕੀਤਾ ਹੈ। 2016 ਵਿਚ ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ ਇੰਡੀਆ ਵੱਲੋਂ ਸ਼ੁਰੂ ਕੀਤਾ ਗਿਆ UPI ਅੱਜ ਦੇਸ਼ ਵਿਚ ਪੈਸਿਆਂ ਦੇ ਲੈਣ-ਦੇਣ ਦਾ ਸਭ ਤੋਂ ਆਸਾਨ ਤਰੀਕਾ ਬਣ ਚੁੱਕਾ ਹੈ। UPI ਦੀ ਮਦਦ ਨਾਲ ਲੋਕ ਇਕ ਹੀ ਮੋਬਾਈਲ ਐਪ ਤੋਂ ਆਪਣੇ ਕਈ ਬੈਂਕ ਅਕਾਊਂਟ ਨੂੰ ਜੋੜ ਸਕਦੇ ਹਨ ਤੇ ਕੁਝ ਹੀ ਸੈਕੰਡ ਵਿਚ ਸੁਰੱਖਿਅਤ, ਘੱਟ ਲਾਗਤ ਵਾਲੇ ਲੈਣ-ਦੇਣ ਕਰ ਸਕਦੇ ਹਨ।

UPI ਤੋਂ ਹਰ ਮਹੀਨੇ 1800 ਕਰੋੜ ਤੋਂ ਵੱਧ ਟ੍ਰਾਂਜੈਕਸ਼ਨ ਹੁੰਦੇ ਹਨ। ਜੂਨ 2025 ਵਿਚ ਯੂਪੀਆਈ ਨੇ 1839 ਕਰੋੜ ਟ੍ਰਾਂਜੈਕਸ਼ਨ ਦੇ ਨਾਲ 24.03 ਲੱਖ ਕਰੋੜ ਰੁਪਏ ਦਾ ਕਾਰੋਬਾਰ ਕੀਤਾ ਜੋ ਪਿਛਲੇ ਸਾਲ ਜੂਨ 2024 ਦੇ 1388 ਕਰੋੜ ਟ੍ਰਾਂਜੈਕਸ਼ਨ ਦੀ ਤੁਲਨਾ ਵਿਚ 32 ਫੀਸਦੀ ਵਧ ਹੈ।

UPI ਨੇ ਭਾਰਤ ਨੂੰ ਕੈਸ਼ ਤੇ ਕਾਰਡ ਬੇਸਡ ਪੇਮੈਂਟ ਤੋਂ ਦੂਰ ਲਿਜਾ ਕੇ ਡਿਜੀਟਲ ਡਾਮਿਨੇਟਡ ਇਕੋਨਾਮੀ ਵਲ ਵਧਾਇਆ ਹੈ। ਇਹ ਮੰਚ ਨਾ ਸਿਰਫ ਵੱਡੇ ਬਿਜ਼ਨੈੱਸ ਲਈ ਸਗੋਂ ਛੋਟੇ ਦੁਕਾਨਦਾਰਾਂ ਤੇ ਆਮ ਲੋਕਾਂ ਲਈ ਫਾਈਨੈਂਸ਼ੀਅਲ ਇੰਕਲੂਜਨ ਦਾ ਇਕ ਮਜ਼ਬੂਤ ਸਾਧਨ ਬਣ ਗਿਆ ਹੈ।

ਅੱਜ ਭਾਰਤ ਵਿਚ 85 ਫੀਸਦੀ ਡਿਜੀਟਲ ਪੇਮੈਂਟ UPI ਜ਼ਰੀਏ ਹੋ ਰਹੇ ਹਨ, ਜਿਸ ਵਿਚ 49.1 ਕਰੋੜ ਯੂਜਰਸ, 6.5 ਕਰੋੜ ਬਿਜ਼ਨੈੱਸਮੈਨ ਤੇ 675 ਬੈਂਕ ਇਕ ਹੀ ਪਲੇਟਫਾਰਮ 'ਤੇ ਜੁੜੇ ਹਨ। ਇੰਨਾ ਹੀ ਨਹੀ UPI ਹੁਣ ਗਲੋਬਲ ਲੈਵਲ 'ਤੇ ਹੀ ਲਗਭਗ 50 ਫੀਸਦੀ ਰੀਅਲ ਟਾਈਮ ਡਿਜੀਟਲ ਪੇਮੈਂਟਸ ਨੂੰ ਸੰਭਾਲ ਰਿਹਾ ਹੈ।

UPI ਦਾ ਪ੍ਰਭਾਵ ਹੁਣ ਭਾਰਤ ਦੀਆਂ ਸੀਮਾਵਾਂ ਤੋਂ ਬਾਹਰ ਵੀ ਦਿਖ ਰਿਹਾ ਹੈ। ਇਹ ਸੱਤ ਦੇਸ਼ਾਂ ਸੰਯੁਕਕਤ ਅਰਬ ਅਮੀਰਾਤ, ਸਿੰਗਾਪੁਰ, ਭੂਟਾਨ, ਨੇਪਾਲ, ਸ਼੍ਰੀਲੰਕਾ, ਫਰਾਂਸ ਤੇ ਮਾਰੀਸ਼ਸ ਵਿਚ ਵੀ ਚੱਲਦਾ ਹੈ। ਫਰਾਂਸ ਵਿਚ ਯੂਪੀਆਈ ਦੀ ਸ਼ੁਰੂਆਤ ਇਸ ਦੇ ਯੂਰਪ ਵਿਚ ਪਹਿਲੇ ਕਦਮ ਦਾ ਪ੍ਰਤੀਕ ਹੈ ਜਿਸ ਨਾਲ ਵਿਦੇਸ਼ ਵਿਚ ਰਹਿਣ ਜਾਂ ਟ੍ਰੈਵਲ ਕਰਨ ਵਾਲੇ ਭਾਰਤੀਆਂ ਲਈ ਪੇਮੈਂਟ ਕਰਨਾ ਆਸਾਨ ਹੋ ਗਿਆ ਹੈ।

# ਆਸਟ੍ਰੇਲੀਆਈ ਸੰਸਦ ਮੈਂਬਰ ਨੇ ਕਾਇਮ ਕੀਤੀ ਮਿਸਾਲ!

## ਦੁੱਧ-ਮੂੰਹੇ ਬੇਟੇ ਨੂੰ ਗੋਦ ਲੈ ਕੇ ਕਿਹਾ-ਇਹ ਮੇਰੀ ਤਾਕਤ...



ਆਸਟ੍ਰੇਲੀਆ ਦੇ ਕੁਈਨਜ਼ਲੈਂਡ ਰਾਜ ਤੋਂ ਨਵੀ ਚੁਣੀ ਗਈ ਲੇਬਰ ਪਾਰਟੀ ਦੀ ਸੈਨੇਟਰ ਕੋਰੀਨ ਮਲਹੌਲੈਂਡ ਨੇ ਸੰਸਦ ਵਿੱਚ ਆਪਣਾ ਪਹਿਲਾ ਇਤਿਹਾਸਕ ਭਾਸ਼ਣ ਆਪਣੇ ਛੋਟੇ ਪੁੱਤਰ 'ਔਗੀ' ਨੂੰ ਗੋਦ ਵਿੱਚ ਲੈ ਕੇ ਦਿੱਤਾ। ਕੋਰੀਨ ਹਾਲ ਹੀ ਵਿੱਚ ਮਈ ਵਿੱਚ ਹੋਈਆਂ ਸੰਘੀ ਚੋਣਾਂ ਵਿੱਚ ਕੁਈਨਜ਼ਲੈਂਡ ਤੋਂ ਸੈਨੇਟਰ ਚੁਣੀ ਗਈ ਸੀ। ਆਪਣੇ ਪਹਿਲੇ ਭਾਸ਼ਣ ਵਿੱਚ, ਕੋਰੀਨ ਨੇ ਕਿਹਾ ਕਿ ਔਗੀ ਉਸਦੇ ਨਾਲ ਇੱਕ ਪ੍ਰਤੀਕ ਵਜੋਂ ਨਹੀ ਸਗੋਂ ਇੱਕ ਸ਼ਕਤੀਸ਼ਾਲੀ ਯਾਦ ਦਿਵਾਉਣ ਵਜੋਂ ਹੈ ਕਿ ਉਹ ਸੰਸਦ ਵਿੱਚ ਕਿਉਂ ਹੈ। ਉਸਨੇ ਕਿਹਾ, "ਮੈਂ ਇੱਕ ਪਤਨੀ, ਇੱਕ ਮਾਂ ਹਾਂ ਅਤੇ ਕੁਈਨਜ਼ਲੈਂਡ ਦੇ ਬਾਹਰੀ ਉਪਨਗਰਾਂ ਤੋਂ ਆਉਂਦੀ ਹਾਂ। ਔਗੀ ਮੇਰੇ ਲਈ ਇੱਕ ਸ਼ਕਤੀ ਦੀ ਪ੍ਰੇਰਨਾ ਹੈ ਕਿ ਮੈਨੂੰ ਪਰਿਵਾਰ ਅਤੇ ਸਮਾਜ ਲਈ ਸਭ ਕੁਝ ਕਰਨਾ ਹੈ।"

ਆਪਣੇ ਭਾਸ਼ਣ ਵਿੱਚ, ਕੋਰੀਨ ਨੇ ਸੰਸਦ ਵਿੱਚ ਕੰਮ ਕਰਨ ਵਾਲੇ ਮਾਪਿਆਂ ਦੀਆਂ ਚੁਣੌਤੀਆਂ ਅਤੇ ਹਕੀਕਤਾਂ ਨੂੰ ਖੁੱਲ੍ਹ ਕੇ ਪੇਸ਼ ਕੀਤਾ। ਉਸਨੇ ਕਿਹਾ ਕਿ ਕੰਮ ਕਰਨ ਵਾਲੇ ਮਾਪਿਆਂ ਨੂੰ ਸਿਰਫ਼ ਸਿਧਾਂਤਕ ਤੌਰ 'ਤੇ ਹੀ ਨਹੀ, ਸਗੋਂ ਸੰਸਦ ਦੇ ਅੰਦਰ ਪੂਰੇ ਅਧਿਕਾਰਾਂ ਨਾਲ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਉਸਨੇ ਕਿਹਾ ਕਿ ਮਾਪਿਆਂ ਦੀ ਅਸਲੀਅਤ 'ਚ ਬੱਚਿਆਂ ਦੀ ਦੇਖਭਾਲ, ਜ਼ਿੰਮੇਵਾਰੀਆਂ, ਕਾਹਲੀ ਅਤੇ ਕਈ ਵਾਰ ਹਾਸਾ ਅਤੇ ਹਫੜਾ-ਦਫੜੀ ਵੀ ਸ਼ਾਮਲ ਹੈ। ਇਹ ਅਸਲ ਜ਼ਿੰਦਗੀ ਹੈ।" ਕੋਰੀਨ ਨੇ ਇਹ ਵੀ ਦੱਸਿਆ ਕਿ ਚੋਣ ਪ੍ਰਚਾਰ ਦੌਰਾਨ ਉਹ ਸਿਰਫ਼ ਤਿੰਨ ਮਹੀਨੇ ਦੇ ਔਜੀ ਨੂੰ ਦੁੱਧ ਚੁੰਘਾਉਂਦੇ ਹੋਏ ਲੋਕਾਂ ਵਿੱਚ ਪਹੁੰਚੀ। ਉਸਨੇ ਸੰਸਦ ਨੂੰ ਅਪੀਲ ਕੀਤੀ ਕਿ ਹੁਣ ਸਮਾਂ ਆ ਗਿਆ ਹੈ ਕਿ ਜੋ ਲਚਕਤਾ ਇੱਥੇ ਸੰਸਦ ਮੈਂਬਰਾਂ ਨੂੰ ਮਿਲਦੀ ਹੈ, ਉਹੀ ਲਚਕਤਾ ਹਰ ਕੰਮਕਾਜੀ ਪਰਿਵਾਰ ਨੂੰ ਦਿੱਤੀ ਜਾਣੀ ਚਾਹੀਦੀ ਹੈ।

ਉਸਨੇ ਕਿਹਾ ਕਿ ਮੈਂ ਚਾਹੁੰਦੀ ਹਾਂ ਕਿ ਮਾਪਿਆਂ ਨੂੰ ਆਪਣੇ ਕੰਮ ਕਰਨ ਦੇ ਤਰੀਕੇ, ਸਮਾਂ ਅਤੇ ਸਥਾਨ ਚੁਣਨ ਦੀ ਅਸਲ ਆਜ਼ਾਦੀ ਮਿਲੇ। ਇਹ ਬਦਲਾਅ ਸੰਸਦ ਤੋਂ ਸ਼ੁਰੂ ਹੋਣਾ ਚਾਹੀਦਾ ਹੈ।" ਕੋਰੀਨ ਦੇ ਇਸ ਭਾਵਨਾਤਮਕ ਅਤੇ ਸ਼ਕਤੀਸ਼ਾਲੀ ਭਾਸ਼ਣ ਵਿੱਚ ਔਗੀ ਨੇ ਵੀ ਬਹੁਤ ਸੁਰਖੀਆਂ ਬਟੋਰੀਆਂ। ਹਾਲਾਂਕਿ, ਭਾਸ਼ਣ ਖਤਮ ਹੋਣ ਤੋਂ ਪਹਿਲਾਂ, ਦੂਜੇ ਸੰਸਦ ਮੈਂਬਰਾਂ ਨੇ ਔਗੀ ਨੂੰ ਆਪਣੀ ਗੋਦ ਵਿੱਚ ਲੈ ਲਿਆ ਤਾਂ ਜੋ ਕੋਰੀਨ ਆਪਣਾ ਭਾਸ਼ਣ ਪੂਰਾ ਕਰ ਸਕੇ। ਕੋਰੀਨ ਨੇ ਮੁਸਕਰਾਉਂਦੇ ਹੋਏ ਕਿਹਾ, "ਮੈਂ ਪ੍ਰਾਰਥਨਾ ਕਰ ਰਹੀ ਹਾਂ ਕਿ ਔਗੀ ਅਤੇ ਮੈਂ ਬਿਨਾਂ ਕਿਸੇ ਰੁਕਾਵਟ ਦੇ ਇਹ ਭਾਸ਼ਣ ਪੂਰਾ ਕਰੀਏ। ਰੱਬ ਭਲਾ ਕਰੇ!" ਉਸ ਦੀਆਂ ਇਹ ਫੋਟੋਆਂ ਅਤੇ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ ਅਤੇ ਲੋਕ ਇਸਨੂੰ ਇੱਕ ਨਵੀ ਉਦਾਹਰਣ ਵਜੋਂ ਦੇਖ ਰਹੇ ਹਨ ਕਿ ਸੰਸਦ ਵਿੱਚ ਵੀ ਮਾਂ ਬਣਨ ਅਤੇ ਜ਼ਿੰਮੇਵਾਰੀਆਂ ਨੂੰ ਪੂਰੇ ਦਿਲ ਨਾਲ ਸਵੀਕਾਰ ਕੀਤਾ ਜਾ ਸਕਦਾ ਹੈ।

# ਐਸ. ਬੀ. ਐਸ. ਸਕੂਲ ਵਿਖੇ ਫਾਊਂਡੇਸ਼ਨਲ ਲਿਟਰੇਸੀ ਐਂਡ ਨਿਊਮੇਰੇਸੀ ਹਿਤ ਵੱਖ-ਵੱਖ ਗਤੀਵਿਧੀਆਂ ਕਰਵਾਈਆਂ



ਬਰਨਾਲਾ, 29 ਜੁਲਾਈ (ਅਮਨਦੀਪ ਸਿੰਘ): ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਵਿਖੇ ਅਧਿਆਪਕ ਗੁਰਪ੍ਰੀਤ ਕੌਰ ਵੱਲੋਂ ਐਫ ਐਲ ਐਨ ਗਤੀਵਿਧੀਆ ਤਹਿਤ ਕਲਾਸ ਜੂਨੀਅਰ ਕੇਜੀ ਦੀਆਂ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ, ਜਿਸ ਵਿੱਚ ਬੱਚਿਆਂ ਦੇ ਸਰੀਰ ਦੀ ਤੰਦਰੁਸਤੀ ਲਈ ਯੋਗਾ ਕਰਵਾਇਆ ਗਿਆ। ਬੱਚਿਆਂ ਨੇ ਸਾਹ ਖਿੱਚਣ ਅਤੇ ਛੱਡਣ, ਵੱਖ-ਵੱਖ ਆਸਣ ਕੀਤੇ ਅਤੇ ਆਪਣੇ ਮਨ ਨੂੰ ਆਰਾਮ ਦਿੱਤਾ। ਅਧਿਆਪਕ ਨੇ ਦੱਸਿਆ ਕਿ ਯੋਗਾ ਸਾਡੇ ਸਰੀਰ ਅੰਦਰ ਤਾਜ਼ਗੀ ਦਾ ਅਹਿਸਾਸ ਦਿਵਉਂਦਾ ਹੈ ਅਤੇ ਸਾਡੀ ਇਕਾਗਰਤਾ ਨੂੰ ਬਿਹਤਰ ਬਣਾਉਣ ਵਿੱਚ ਮੱਦਦ ਕਰਦਾ ਹੈ। ਇਸ ਤੋਂ ਬਾਅਦ ਬੱਚਿਆ ਨੇ ਦਿਲਚਸਪ ਖੇਡ ਖੇਡੀ, ਜਿਸ ਵਿੱਚ ਉਨ੍ਹਾਂ ਨੇ ਫਲੈਸ਼ਕਾਰਡਾਂ ਅਤੇ ਕਲਾਸ ਰੂਮ ਦੀਆਂ ਵਸਤੂਆਂ ਦੀ ਵਰਤੋ ਕਰਕੇ ਫਲਾਂ, ਸਬਜ਼ੀਆਂ, ਅਕਾਰਾਂ ਅਤੇ ਰੰਗਾਂ ਦੀ ਪਛਾਣ ਦੇ ਨਾਲ-ਨਾਲ ਉਨ੍ਹਾਂ ਦੇ ਨਾਮ ਅਤੇ ਸ਼ਬਦਾਵਲੀ ਦੇ ਹੁਨਰ ਨੂੰ ਮਜ਼ਬੂਤ ਕੀਤਾ। ਇੱਕ ਹੋਰ ਗਤੀਵਿਧੀ ਰਾਹੀ ਬੱਚਿਆਂ ਨੇ ਰੰਗੀਨ ਵਸਤੂਆਂ ਅਤੇ ਤਸਵੀਰਾਂ ਦੀ ਮੱਦਦ ਨਾਲ ਪੈਟਰਨ ਦੀ ਪਛਾਣ ਕਰਨਾ ਅਤੇ ਕ੍ਰਮ ਨੂੰ ਪੂਰਾ ਕਰਨਾ ਸਿੱਖਿਆ। ਰੰਗਾਂ ਤੋ ਅਕਾਰਾਂ ਤੱਕ ਕ੍ਰਮ ਨੂੰ ਪੂਰਾ ਕਰਨ ਲਈ ਬੱਚਿਆਂ ਨੇ ਧਿਆਨ ਨਾਲ ਸੋਚਿਆ ਅਤੇ ਮੌਜ ਮਸਤੀ ਕਰਦੇ ਹੋਏ ਅਗਲੇ ਕ੍ਰਮ 'ਤੇ ਕੀ ਆਉਣਾ ਹੈ ਉਸਦੀ ਚੋਣ ਕੀਤੀ। ਸਕੂਲ ਕੋਆਰਡੀਨੇਟਰ ਗੁਰਜੀਤ ਕੌਰ ਨੇ ਕਿਹਾ ਸਕੂਲ ਵਿੱਚ ਗਤੀਵਿਧੀਆਂ ਰਾਹੀ ਮਜਬੂਤ ਨੀਂਹ ਤਿਆਰ ਕੀਤੀ ਜਾਂਦੀ ਹੈ ਜੋ ਬੱਚਿਆਂ ਅੰਦਰ ਨਵੀਆਂ ਧਾਰਨਾਵਾਂ ਨੂੰ ਸਮਝਣ ਅਤੇ ਚੰਗੇਰੀ ਪੜ੍ਹਾਈ ਲਈ ਉਤਸ਼ਾਹਿਤ ਕਰਦੀਆਂ ਹਨ। ਪ੍ਰਿੰਸੀਪਲ ਕਮਲਜੀਤ ਕੌਰ ਅਤੇ ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਦੱਸਿਆ ਕਿ ਸਕੂਲ ਵੱਲੋਂ ਐਫ ਐਲ ਐਨ ਗਤੀਵਿਧੀਆਂ ਤਹਿਤ ਬੱਚਿਆਂ ਅੰਦਰ ਭਾਈਚਾਰਕ ਸਾਂਝ, ਜਿੰਮੇਵਾਰ ਨਾਗਰਿਕ ਅਤੇ ਸਮਾਜਿਕ ਮੁੱਦਿਆਂ ਨੂੰ ਸਮਝਣ ਦੇ ਸਮਰੱਥ ਬਣਾਉਣਾ ਹੈ।

# ਬਰਨਾਲਾ ਲੋਕ ਸੇਵਾ ਦਲ ਵੱਲੋਂ ਸਾਫ-ਸੁਥਰਾ ਅਤੇ ਪੌਸ਼ਟਿਕ ਭੰਡਾਰਾ ਭਗਤਾਂ ਨੂੰ ਵਰਤਾਇਆ ਜਾ ਰਿਹੈ



ਬਰਨਾਲਾ, 29 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ): ਬਰਨਾਲਾ ਲੋਕ ਸੇਵਾ ਦਲ ਵੱਲੋਂ 35ਵਾਂ ਵਿਸ਼ਾਲ ਭੰਡਾਰਾ ਮਾਤਾ ਨੈਣਾ ਦੇਵੀ ਮੰਦਰ ਹਿਮਾਚਲ ਪ੍ਰਦੇਸ਼ ਵਿਖੇ ਰੈਸਟ ਹਾਊਸ ਦੇ ਸਾਹਮਣੇ ਲਗਾਤਾਰ ਅਤੁੱਟ ਵਰਤਾਇਆ ਜਾ ਰਿਹਾ। ਇਸ ਮੌਕੇ ਚੇਅਰਮੈਨ ਬਾਲ ਕ੍ਰਿਸ਼ਨ ਬਾਲੀ, ਸਰਪ੍ਰਸਤ ਰਾਕੇਸ਼ ਕੁਮਾਰ ਸਿੰਗਲਾ ਕਾਕਾ ਅਤੇ ਜਨਰਲ ਸਕਤਰ ਮੋਹਨ ਲਾਲ ਗੋਇਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਭੰਡਾਰਾ ਬਰਨਾਲਾ ਦੇ ਦਾਨੀ ਸੱਜਣਾਂ ਦੇ ਪੂਰਨ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਇਸ ਮੌਕੇ ਸਰਪ੍ਰਸਤ ਰਾਕੇਸ਼ ਕੁਮਾਰ ਸਿੰਗਲਾ ਕਾਕਾ, ਮੀਤ ਪ੍ਰਧਾਨ ਕ੍ਰਿਸ਼ਨ ਗੋਪਾਲ ਚੋਪੜਾ ਅਤੇ ਜਨਰਲ ਸਕੱਤਰ ਮੋਹਨ ਲਾਲ ਗੋਇਲ ਨੇ ਕਿਹਾ ਕਿ ਭੰਡਾਰਾ ਸਾਫ਼ ਸਫ਼ਾਈ ਵਾਲਾ ਅਤੇ ਮਿਆਰੀ ਹੋਣ ਸਦਕਾ ਬਾਲ ਕ੍ਰਿਸ਼ਨ ਬਾਲੀ ਨੂੰ ਬਰਨਾਲਾ ਲੋਕ ਸੇਵਾ ਦਲ ਦੇ ਚੇਅਰਮੈਨ ਵਜੋਂ ਪ੍ਰਸ਼ਾਸਨ ਵੱਲੋਂ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭੰਡਾਰੇ ਤੋਂ ਇਲਾਵਾ 24 ਘੰਟੇ ਬਿਮਾਰਾਂ ਅਤੇ ਜ਼ਖਮੀਆਂ ਨੂੰ ਦਵਾਈਆਂ ਅਤੇ ਮਲ੍ਹਮ ਪੱਟੀ ਦੀ ਸੇਵਾ ਕਰਨ 'ਚ ਮੈਡੀਕਲ ਇੰਚਾਰਜ਼ ਦਿਨੇਸ਼ ਕੁਮਾਰ ਮੱਕੜਾ ਦਿਨ ਰਾਤ ਡਿਊਟੀ ਦੇ ਰਹੇ ਹਨ। ਬਰਨਾਲਾ ਲੋਕ ਸੇਵਾ ਦਲ ਦੇ ਪ੍ਰਧਾਨ ਸੰਜੀਵ ਸ਼ਰਮਾ ਯੂ ਕੇ ਚ ਬੈਠੇ ਭੰਡਾਰੇ ਨੂੰ ਆਪਣਾ ਸਹਿਯੋਗ ਦੇ ਰਹੇ ਹਨ । ਇਸ ਦੌਰਾਨ ਸਮਾਜ ਸੇਵੀ ਸੁਖਵਿੰਦਰ ਸਿੰਘ ਭੰਡਾਰੀ ਵੀ ਭੰਡਾਰੇ 'ਚ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਮੀਤ ਪ੍ਰਧਾਨ ਕ੍ਰਿਸ਼ਨ ਗੋਪਾਲ ਚੋਪੜਾ, ਸਨੇਹ ਲਤਾ ਪਤਨੀ ਸਵਰਗੀ ਪ੍ਰਵੀਨ ਕੁਮਾਰ ਬਬਲੀ ਅਤੇ ਉਨ੍ਹਾਂ ਦੇ ਬੇਟੇ ਮਾਧਵ ਗੋਇਲ, ਦਿਨੇਸ਼ ਕੁਮਾਰ ਗੋਇਲ, ਯਾਦਵਿੰਦਰ ਨੀਟੂ, ਭੀਮ ਸੈਨ ਚੱਕੀ ਵਾਲੇ, ਡਾਕਟਰ ਵਰਿੰਦਰ ਕੁਮਾਰ ਬੀਹਲਾ, ਦਰਸ਼ਨ ਚੀਮਾ, ਸੁਰਿੰਦਰ ਮੋਹਨ, ਸੋਨੂੰ ਗਰਗ, ਰਿੰਪਾ ਫਰਨੀਚਰ ਵਾਲਾ, ਸ਼ੀਤਲ ਸੀਮਿੰਟ ਵਾਲੇ, ਮੋਹਨ ਲਾਲ ਗੋਇਲ, ਮੰਗੂ, ਉਮੇਸ਼, ਮੈਨੂੰ, ਵਿਪੁਲ ਗੋਇਲ, ਹਰੀ ਓਮ ਫਰਨੀਚਰ ਵਾਲੇ, ਸਚਿਨ ਸਿੰਗਲਾ, ਅਸ਼ਵਨੀ ਕੁਮਾਰ ਆਸ਼ੂ, ਐਡਵੋਕੇਟ ਕਾਰਤਿਕ ਗੋਇਲ , ਵਿਕਾਸ ਆਈਸਕ੍ਰੀਮ ਵਾਲੇ, ਅਰਵਿੰਦ ਗੋਇਲ ਅਭੀ, ਮਾਧਵ ਗੋਇਲ , ਮੁੱਖ ਸੇਵਾਦਾਰ ਰਾਜੂ, ਹਲਵਾਈ ਜੋਗਿੰਦਰ ਸਿੰਘ ਜਿੰਦੂ , ਰਾਜ, ਸਰਬਜੀਤ ਸਿੰਘ ਗੋਗੀ, ਭੋਲਾ ਸਿੰਘ, ਵਰਿੰਦਰ ਸਿੰਘ, ਦੀਪ ਚੰਦ ਬਾਂਸਲ ਆਦਿ ਲੰਗਰ ਦੀ ਸੇਵਾ 'ਚ ਡਿਊਟੀ ਦੇ ਰਹੇ ਹਨ।

# ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਬਰਨਾਲਾ ਦੀ ਕਾਰਜਕਾਰਨੀ ਦੀ ਮੀਟਿੰਗ



ਬਰਨਾਲਾ, 29 ਜੁਲਾਈ (ਬਘੇਲ ਸਿੰਘ ਧਾਲੀਵਾਲ): ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਬਰਨਾਲਾ ਦੀ ਕਾਰਜਕਾਰਨੀ ਦੀ ਅਹਿਮ ਮੀਟਿੰਗ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਬਰਨਾਲਾ ਦੀ ਕਾਰਜਕਾਰਨੀ ਦੇ ਚੇਅਰਮੈਨ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਆਈ ਏ ਐੱਸ ਦੀ ਅਗਵਾਈ ਹੇਠ ਹੋਈ। ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਕਮ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਡਾ. ਤੇਅਵਾਸਪ੍ਰੀਤ ਕੌਰ ਨੇ ਮੀਟਿੰਗ ਦਾ ਏਜੰਡਾ ਪੇਸ਼ ਕੀਤਾ। ਇਸ ਏਜੰਡੇ ਵਿੱਚ ਰੈੱਡ ਕ੍ਰਾਸ ਸੁਸਾਇਟੀ ਦੇ ਸਾਲ 2024-2025 ਦੀ ਆਮਦਨੀ ਅਤੇ ਖਰਚਿਆਂ ਬਾਰੇ ਮੈਂਬਰਾਂ ਨੂੰ ਦੱਸਿਆ ਗਿਆ ਅਤੇ 2025-26 ਦਾ ਸਾਲਾਨਾ ਬਜਟ ਪੇਸ਼ ਕੀਤਾ ਗਿਆ। ਇਸ ਤੋਂ ਇਲਾਵਾ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਬਰਨਾਲਾ ਰਾਹੀਂ ਵੱਖ ਵੱਖ ਕੋਰਸ ਜਿਵੇਂ ਸੜਕ ਸੁਰੱਖਿਆ ਬਾਰੇ, ਹਥਿਆਰਾਂ ਦੇ ਲਾਇਸੈਂਸ ਹੋਲਡਰਾਂ ਨੂੰ ਟਰੇਨਿੰਗ, ਵਿਦਿਆਰਥੀਆਂ ਨੂੰ ਮੁੱਢਲੀ ਸਹਾਇਤਾ ਦੀ ਟਰੇਨਿੰਗ ਆਦਿ ਤਜਵੀਜ਼ਤ ਕੋਰਸਾਂ ਬਾਰੇ ਮੈਂਬਰਾਂ ਨਾਲ ਚਰਚਾ ਕੀਤੀ ਗਈ ਅਤੇ ਰੈੱਡ ਕਰਾਸ ਦੀ ਇਮਾਰਤ ਦੇ ਉੱਪਰ ਮੰਜ਼ਿਲ ਬਣਾਉਣ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਕਾਰਜਕਾਰਨੀ ਦੇ ਮੈਂਬਰ ਸ੍ਰੀ ਰਾਜ ਕੁਮਾਰ ਜਿੰਦਲ ਵੱਲੋਂ ਆਡਿਟ ਕਰਵਾਉਣ ਬਾਰੇ ਜਾਣਕਾਰੀ ਮੰਗੀ ਗਈ। ਸਟੈਂਡਰਡ ਕੰਬਾਈਨ ਤੋਂ ਮੈਂਬਰ ਨਛੱਤਰ ਸਿੰਘ ਵੱਲੋਂ ਵੱਡੇ ਪ੍ਰੋਜੈਕਟ ਲਿਆਉਣ ਦਾ ਸੁਝਾਅ ਦਿੱਤਾ ਗਿਆ। ਇਸ 'ਤੇ ਡਿਪਟੀ ਕਮਿਸ਼ਨਰ ਬਰਨਾਲਾ ਨੇ ਕਿਹਾ ਕਿ ਆਉਂਦੇ ਸਮੇਂ ਸਿਹਤ ਅਤੇ ਸਿੱਖਿਆ ਆਦਿ ਖੇਤਰਾਂ ਲਈ ਵੱਡੇ ਪ੍ਰੋਜੈਕਟ ਉਲੀਕੇ ਜਾਣਗੇ, ਤਾਂ ਜੋ ਸਨਅਤੀ ਆਦਾਰੇ ਸੀ ਐੱਸ ਆਰ ਵਿੱਚੋਂ ਯੋਗਦਾਨ ਪਾ ਸਕਣ। ਇਸ ਮੌਕੇ ਅਵੇਤਨੀ ਸਕੱਤਰ ਸਹਿਤ ਜ਼ਿਲ੍ਹਾ ਮਾਲ ਅਫ਼ਸਰ ਗੁਰਜਿੰਦਰ ਸਿੰਘ ਨੇ ਸਾਰੇ ਮੈਂਬਰਾਂ ਨੂੰ ਟੀ ਬੀ ਮਰੀਜ਼ਾਂ ਦੀਆਂ ਕਿੱਟਾਂ ਲਈ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਟਰਾਈਡੈਂਟ ਗਰੁੱਪ, ਆਈ ਓ ਐੱਲ ਵੱਲੋਂ ਇਸ ਉਪਰਾਲੇ ਲਈ ਯੋਗਦਾਨ ਲਾਇਆ ਗਿਆ ਹੈ ਅਤੇ ਹੋਰ ਸੰਸਥਾਵਾਂ ਵੀ ਇਸ ਨੇਕ ਕਾਰਜ ਲਈ ਅੱਗੇ ਆਉਣ। ਇਸ ਮੌਕੇ ਸੀਨੀਅਰ ਉਪ ਪ੍ਰਧਾਨ ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ, ਐੱਸ ਡੀ ਐਮ ਹਰਪ੍ਰੀਤ ਸਿੰਘ ਅਟਵਾਲ, ਐੱਸ ਡੀ ਐਮ ਸਿਮਰਪ੍ਰੀਤ ਕੌਰ, ਮੈਂਬਰ ਲੱਖਪਤ ਰਾਏ (ਐਲ ਪੀ ਰਾਏ ਡਿਵੈਲਪਰਜ਼), ਨਛੱਤਰ ਸਿੰਘ (ਸਟੈਂਡਰਡ ਕੰਬਾਈਨ), ਰਾਜ ਕੁਮਾਰ ਜਿੰਦਲ, ਰਣਧੀਰ ਕੌਸ਼ਲ, ਡਾਕਟਰ ਕਮਲੇਸ਼ ਬਾਂਸਲ, ਡਾ. ਸਸ਼ੀ ਸ਼ੋਭਤ, ਰੁਪਿੰਦਰ ਗੁਪਤਾ ਟਰਾਈਡੈਂਟ ਅਤੇ ਆਈ ਓ ਐੱਲ ਦੇ ਨੁਮਾਇੰਦੇ ਮਨਪ੍ਰੀਤ ਸ਼ਰਮਾ, ਜ਼ਿਲ੍ਹਾ ਸਿੱਖਿਆ ਦਫ਼ਤਰ ਅਤੇ ਰੈੱਡ ਕਰਾਸ ਦਫ਼ਤਰ ਦਾ ਸਟਾਫ਼ ਮੌਜੂਦ ਸੀ।

# ਪੀੜਤ ਪਰਿਵਾਰ ਨੇ ਦੋ ਸਾਲਾ ਬੱਚੇ ਦੀ ਮੌਤ ਸਬੰਧੀ ਡਾਕਟਰ 'ਤੇ ਲਗਾਏ ਅਣਗਹਿਲੀ ਦੇ ਦੋਸ਼

ਲਹਿਰਾਗਾਗਾ, 29 ਜੁਲਾਈ (ਗੁਰਦੀਪ ਸਿੰਘ): ਪਿਛਲੇ ਦਿਨੀਂ ਲਹਿਰਾਗਾਗਾ ਦੇ ਵਾਰਡ ਨੰਬਰ ਅੱਠ ਵਿੱਚ ਇੱਕ ਗਰੀਬ ਪਰਿਵਾਰ ਦੇ ਦੋ ਸਾਲਾ ਬੱਚੇ ਦੀ ਮੌਤ ਸਬੰਧੀ ਪੀੜਤ ਪਰਿਵਾਰ ਨੇ ਸਰਕਾਰੀ ਹਸਪਤਾਲ ਵਿੱਚ ਨੌਕਰੀ ਕਰਦੇ ਸਰਕਾਰੀ ਡਾਕਟਰ ਉੱਪਰ ਪ੍ਰਾਈਵੇਟ ਤੌਰ 'ਤੇ ਇਲਾਜ ਦੌਰਾਨ ਅਣਗਹਿਲੀ ਕਰਨ ਦੇ ਦੋਸ਼ ਲਾਉਂਦਿਆਂ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਮ੍ਰਿਤਕ ਦੋ ਸਾਲਾ ਬੱਚੇ ਦੇ ਪਿਤਾ ਓਮ ਪ੍ਰਕਾਸ਼ ਨੇ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਬੱਚੇ ਨੂੰ ਬੁਖਾਰ ਹੋਇਆ ਸੀ , ਇਹ ਪਤਾ ਲੱਗਣ 'ਤੇ ਕਿ ਸਰਕਾਰੀ ਹਸਪਤਾਲ ਵਿੱਚ ਬੱਚਿਆਂ ਦਾ ਡਾਕਟਰ ਮਰੀਜ਼ ਨੂੰ ਚੰਗੀ ਤਰ੍ਹਾਂ ਨਹੀਂ ਦੇਖਦਾ, ਅਸੀਂ ਆਪਣੇ ਬੱਚੇ ਨੂੰ 23 ਜੁਲਾਈ ਨੂੰ ਸੁਨਾਮ ਵਿਖੇ ਉਸਦੇ ਪ੍ਰਾਈਵੇਟ ਕਲੀਨਿਕ ( ਰਿਹਾਇਸ਼) 'ਤੇ ਲੈ ਗਏ ,ਜਿੱਥੇ ਕਿ 200 ਰੁਪਏ ਦੀ ਪਰਚੀ ਕੱਟੀ ਗਈ ਅਤੇ ਇਲਾਜ ਸ਼ੁਰੂ ਕੀਤਾ ਗਿਆ, ਪਰ ਅਗਲੇ ਦਿਨ ਸਵੇਰੇ ਬੱਚੇ ਦੀ ਤਬੀਅਤ ਖਰਾਬ ਹੋ ਗਈ ਜਦੋਂ ਅਸੀਂ ਸਵੇਰੇ 24 ਤਰੀਕ ਨੂੰ ਬੱਚੇ ਨੂੰ ਲੈ ਕੇ ਗਏ ਤਾਂ ਡਾਕਟਰ ਨੇ ਬੱਚੇ ਦਾ ਇਲਾਜ ਕਰਨਾ ਜ਼ਰੂਰੀ ਨਹੀ ਸਮਝਿਆ,ਵਾਰ-ਵਾਰ ਬੇਨਤੀ ਕਰਨ 'ਤੇ ਵੀ ਡਾਕਟਰ ਬੱਚੇ ਨੂੰ ਦੇਖਣ ਨਹੀਂ ਆਇਆ,ਜਿਸਦੇ ਚਲਦੇ ਬੱਚੇ ਦੀ ਉੱਥੇ ਮੌਤ ਹੋ ਗਈ ,ਬਾਵਜੂਦ ਇਸਦੇ ਅਸੀਂ ਇੱਕ ਆਸ ਲੈ ਕੇ ਇਸਨੂੰ ਦੂਜੇ ਹਸਪਤਾਲ ਵਿੱਚ ਲੈ ਗਏ ਜਿੱਥੇ ਕਿ ਡਾਕਟਰਾਂ ਨੇ ਕਿਹਾ ਕਿ ਇਹ ਤਾਂ ਮ੍ਰਿਤਕ ਹੈ, ਜੇ ਕੁਝ ਸਮਾਂ ਪਹਿਲਾਂ ਆ ਜਾਂਦੇ ਤਾਂ ਇਸਦੀ ਜਾਨ ਬਚ ਸਕਦੀ ਸੀ, ਉਨ੍ਹਾਂ ਕਿਹਾ ਕਿ ਉਕਤ ਡਾਕਟਰ ਸਰਕਾਰੀ ਨੌਕਰੀ ਕਰਦੈ, ਬਾਵਜੂਦ ਇਸਦੇ ਉਹ ਪ੍ਰਾਈਵੇਟ ਤੌਰ 'ਤੇ ਬੱਚਿਆਂ ਦਾ ਇਲਾਜ ਕਰਨ ਨੂੰ ਤਰਜੀਹ ਦੇ ਰਿਹੈ, ਜਿਸ ਦੇ ਚਲਦੇ ਡਾਕਟਰ ਦੀ ਕਥਿੱਤ ਲਾਪਰਵਾਹੀ ਦੇ ਨਾਲ ਜ਼ਿਆਦਾਤਰ ਕੇਸ ਖਰਾਬ ਹੋ ਜਾਂਦੇ ਹਨ, ਜਿਸ ਦਾ ਖਮਿਆਜ਼ਾ ਸਾਨੂੰ ਭੁਗਤਣਾ ਪਿਆ। ਉਨ੍ਹਾਂ ਮੰਗ ਕੀਤੀ ਕਿ ਇਸ ਦੀ ਨਿਰਪੱਖ ਜਾਂਚ ਕਰਕੇ ਦੋਸ਼ੀ ਡਾਕਟਰ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਹ ਥਾਣਾ ਪੁਲਿਸ ਸੁਨਾਮ ਤੋਂ ਇਲਾਵਾ ਸੀਐਮ ਤੇ ਹੋਰ ਉਚ ਅਧਿਕਾਰੀਆਂ ਨੂੰ ਸ਼ਿਕਾਇਤਾਂ ਭੇਜ ਚੁੱਕੇ ਹਨ, ਜੇਕਰ ਇਹਦੀ ਜਾਂਚ ਕਰਕੇ ਦੋਸ਼ੀ ਡਾਕਟਰ ਦੇ ਵਿਰੁੱਧ ਕਾਰਵਾਈ ਨਾ ਹੋਈ, ਤਾਂ ਉਹ ਸੰਘਰਸ਼ ਕਰਨ ਤੋਂ ਗੁਰੇਜ਼ ਨਹੀਂ ਕਰਨਗੇ।



**(ਕੀ ਕਹਿੰਦੇ ਹਨ ਡਾਕਟਰ)** ਇਨਸਾਨੀਅਤ ਨਾਤੇ ਦੇਖਦਾਂ ਮਰੀਜ਼, ਕੋਈ ਪਰਚੀ ਫੀਸ ਨਹੀਂ ਲਈ ਜਾਂਦੀ -ਡਾਕਟਰ ਉਕਤ ਮਾਮਲੇ ਤੇ ਸੰਬੰਧਿਤ ਡਾਕਟਰ ਨੇ ਕਿਹਾ ਕਿ ਉਹ ਪ੍ਰਾਈਵੇਟ ਪ੍ਰੈਕਟਿਸ ਨਹੀਂ ਕਰਦੇ, ਇਨਸਾਨੀਅਤ ਨਾਤੇ ਮਰੀਜ਼ ਦੇਖਦੇ ਹਨ, ਜੇਕਰ 10 ਮਿੰਟ ਪਹਿਲਾਂ ਮੈਂ ਮਰੀਜ਼ ਦੇਖ ਵੀ ਲੈਂਦਾ ਤਾਂ ਮੈਂ ਉਸਦੀ ਜਾਨ ਨਹੀਂ ਬਚਾ ਸਕਦਾ ਸੀ, ਉਨ੍ਹਾਂ ਕਿਹਾ ਕਿ ਮੇਰੇ ਵੱਲੋਂ ਕੋਈ 200 ਰੁਪਏ ਪਰਚੀ ਫੀਸ ਵੀ ਨਹੀਂ ਲਈ ਜਾਂਦੀ । ਸਰਕਾਰ ਤੋਂ ਨੌ ਪ੍ਰੈਕਟਿਸ ਅਲਾਉਂਸ (ਐਨਪੀਏ) ਲਏ ਜਾਣ ਬਾਰੇ ਪੁੱਛਣ 'ਤੇ ਕਿਹਾ ਕਿ ਇਸ ਬਾਰੇ ਹਸਪਤਾਲ ਵਿੱਚ ਜਾ ਕੇ ਦੱਸ ਦੇਣਗੇ ,ਜਿਸ ਤੋਂ ਸਪੱਸ਼ਟ ਹੁੰਦਾ ਕਿ ਦਾਲ ਵਿੱਚ ਕੁੱਝ ਕਾਲਾ ਨਹੀਂ ਬਲਕਿ ਪੂਰੀ ਦਾਲ ਕਾਲੀ ਹੈ, ਜਿਹਦੀ ਕਿ ਜਾਂਚ ਕਰਨੀ ਬਣਦੀ ਹੈ।

# ਸ਼ੇਰ ਬਚਾਓ, ਭਵਿੱਖ ਸੰਵਾਰੋ: ਮਦਰ ਟੀਚਰ ਸਕੂਲ ਦੇ ਨਿੱਕੇ ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਸਮਾਗਮ




ਬਰਨਾਲਾ, 29 ਜੁਲਾਈ (ਹਿਮਾਂਸ਼ੂ ਗਰਗ): ਮਦਰ ਟੀਚਰ ਸਕੂਲ ਬਰਨਾਲਾ ਦੇ ਪਹਿਲੀ ਅਤੇ ਦੂਜੀ ਕਲਾਸ ਦੇ ਨੰਨ੍ਹੇ ਮੁੰਨਿਆਂ ਵੱਲੋਂ ਅੱਜ ਸਵੇਰੇ ਇੱਕ ਵਿਸ਼ੇਸ਼ ਮੌਰਨਿੰਗ ਐਸੈਂਬਲੀ ਦਾ ਆਯੋਜਨ ਕੀਤਾ ਗਿਆ, ਜਿਸ ਦਾ ਥੀਮ ਸੀ ਸ਼ੇਰਾਂ ਦੀ ਰੱਖਿਆ ਲਈ ਉਪਾਅ। ਸਮਾਗਮ ਦੀ ਸ਼ੁਰੂਆਤ ਜੋਸ਼ਪੂਰਕ ਜਾਣਪਛਾਣ ਨਾਲ ਹੋਈ, ਜਿਸ ਵਿੱਚ ਸ਼ੇਰਾਂ ਦੀ ਗਿਰਦੀ ਗਿਣਤੀ ਅਤੇ ਉਨ੍ਹਾਂ ਦੀ ਮਹੱਤਤਾ ਉਤੇ ਰੋਸ਼ਨੀ ਡਾਲੀ ਗਈ। ਬੱਚਿਆਂ ਵੱਲੋਂ ਸਕੂਲ ਗੀਤ ਗਾਇਆ ਗਿਆ ਜਿਸ ਨੇ ਇਕਤਾ ਅਤੇ ਅਭਿਮਾਨ ਦੀ ਭਾਵਨਾ ਨੂੰ ਜਨਮ ਦਿੱਤਾ। ਇਸ ਤੋਂ ਬਾਅਦ ਇਕ ਪਾਵਰ ਪੌਇੰਟ ਪ੍ਰਜ਼ੈਂਟੇਸ਼ਨ ਰਾਹੀਂ ਟਾਈਗਰ ਬਚਾਉ ਮੁਹਿੰਮ ਨੂੰ ਦਰਸ਼ਾਇਆ ਗਿਆ। ਸਵਾਲ-ਜਵਾਬ ਸੈਸ਼ਨ ਦੌਰਾਨ ਬੱਚਿਆਂ ਨੇ ਚਮਤਕਾਰੀ ਗਿਆਨ ਪ੍ਰਗਟਾਇਆ। ਮਨ ਨੂੰ ਛੂਹਣ ਵਾਲੇ ਸੋਚ-ਉਤਸ਼ਾਹਕ ਸੰਦੇਸ਼ਾਂ ਨੇ ਹਰੇਕ ਦਿਲ ਨੂੰ ਝੰਝੋੜ ਕੇ ਰੱਖ ਦਿੱਤਾ। ਪ੍ਰਿੰਸੀਪਲ ਜੀ ਦੇ ਸੰਦੇਸ਼ ਨੇ ਵਿਦਿਆਰਥੀਆਂ ਦੀ ਸਰਾਹਨਾ ਕਰਦਿਆਂ ਕਿਹਾ, "ਸ਼ੇਰ ਸਿਰਫ ਜੰਗਲ ਦੀ ਸ਼ਾਨ ਨਹੀਂ, ਸਾਡੀ ਵਿਰਾਸਤ ਹਨ। ਅੰਤ ਵਿੱਚ ਰਾਸ਼ਟਰੀ ਗੀਤ ਨਾਲ ਸਮਾਗਮ ਦੀ ਸਮਾਪਤੀ ਹੋਈ। ਇਹ ਐਸੈਂਬਲੀ ਨੰਨ੍ਹੇ ਮੁੰਨਿਆਂ ਦੀ ਵਾਜ਼ਬ ਰੂਪ ਵਿੱਚ ਇੱਕ ਵੱਡੀ ਦਹਾੜ ਸੀ - ਜਿਹੜੀ ਭਵਿੱਖ ਨੂੰ ਸੰਭਾਲਣ ਦੀ ਗੂੰਜ ਬਣੀ।

# ਹੈਵੀ ਲੋਡਿੰਗ ਵਾਹਨ ਰਾਤ 9 ਵਜੇ ਤੋਂ ਸਵੇਰੇ 7 ਵਜੇ ਤੱਕ ਹੀ ਹੋ ਸਕਦੇ ਨੇ ਬਾਜ਼ਾਰ 'ਚ ਦਾਖ਼ਲ


ਬਰਨਾਲਾ, 29 ਜੁਲਾਈ (ਹਿਮਾਂਸ਼ੂ ਗਰਗ): ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਸ੍ਰੀ ਟੀ ਬੈਨਿਥ ਨੇ ਸੁਰੱਖਿਆ ਸੰਘਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕਰਦਿਆਂ ਕਿਹਾ ਕਿ ਦੁਕਾਨਦਾਰਾਂ ਵੱਲੋਂ ਸ਼ਹਿਰ ਦੇ ਸਦਰ ਬਾਜ਼ਾਰ/ਫਰਵਾਹੀ ਬਾਜ਼ਾਰ/ ਹੰਡਿਆਇਆ ਬਾਜ਼ਾਰ ਅਤੇ ਕੱਚਾ ਕਾਲਜ ਰੋਡ/ਪੱਕਾ ਕਾਲਜ ਰੋਡ ਉਪਰ ਕਿਸੇ ਕਿਸਮ ਦਾ ਸਾਮਾਨ ਆਪਣੀ ਮਾਲਕੀ ਦੀ ਹੱਦ ਤੋਂ ਬਾਹਰ ਨਾ ਰੱਖਿਆ ਜਾਵੇ। ਸਦਰ ਬਾਜ਼ਾਰ ਵਿੱਚ ਕਿਸੇ ਵੀ ਕਿਸਮ ਦਾ ਫੋਰ-ਵੀਲਰ ਦਾਖ਼ਲ ਨਾ ਕੀਤਾ ਜਾਵੇ ਅਤੇ ਬਾਜ਼ਾਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਫੋਰ-ਵੀਲਰ ਦੀ ਪਾਰਕਿੰਗ ਰੇਲਵੇ ਸਟੇਸ਼ਨ ਬਰਨਾਲਾ ਦੀ ਪਾਰਕਿੰਗ ਵਿੱਚ ਕੀਤੀ ਜਾਵੇ। ਉਨ੍ਹਾਂ ਹੁਕਮ ਜਾਰੀ ਕਰਦਿਆਂ ਕਿਹਾ ਕਿ ਫਰਵਾਹੀ ਅਤੇ ਹੰਡਿਆਇਆ ਬਾਜ਼ਾਰ ਵਿੱਚ ਫੋਰ-ਵੀਲਰ ਦੀ ਪਾਰਕਿੰਗ, ਪਾਰਕਿੰਗ ਲਾਈਨਾਂ ਦੇ ਅੰਦਰ ਹੀ ਕੀਤੀ ਜਾਵੇ। ਸਾਰੇ ਬਾਜ਼ਾਰਾਂ ਵਿੱਚ ਲੋਡਿੰਗ ਵਹੀਕਲਜ਼, ਟਰੈਕਟਰ ਟਰਾਲੀਆਂ, ਟੈਂਪੂਆਂ, ਟਾਟਾ 407, ਹੈਵੀ ਟਰੱਕਾਂ ਆਦਿ ਦੇ ਦਾਖ਼ਲ ਹੋਣ ਦਾ ਸਮਾਂ ਰਾਤ 9 ਵਜੇ ਤੋਂ ਸਵੇਰੇ 7 ਵਜੇ ਤੱਕ ਹੋਵੇਗਾ। ਇਸ ਤੋਂ ਇਲਾਵਾ ਦਿਨ ਦੇ ਬਾਕੀ ਸਮੇਂ ਇਨਹਾਂ ਵਾਹਨਾਂ ਦੇ ਦਾਖ਼ਲ ਹੋਣ 'ਤੇ ਪੂਰਨ ਪਾਬੰਦੀ ਲਗਾਈ ਜਾਂਦੀ ਹੈ। ਇਕ ਹੋਰ ਹੁਕਮ ਅਨੁਸਾਰ ਉਨ੍ਹਾਂ ਜ਼ਿਲ੍ਹੇ ਅੰਦਰ ਅਣ-ਅਧਿਕਾਰਤ ਆਵਾਜ਼ੀ ਪ੍ਰਦੂਸ਼ਣ ਵਾਲੇ ਯੰਤਰਾਂ ਦੀ ਵਰਤੋਂ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਮੈਰਿਜ ਪੈਲੇਸਾਂ/ਧਾਰਮਿਕ ਸਥਾਨਾਂ/ਆਮ ਲੋਕਾਂ ਦੁਆਰਾ ਸੱਭਿਆਚਾਰਕ/ਧਾਰਮਿਕ ਅਤੇ ਹੋਰ ਪ੍ਰੋਗਰਾਮਾਂ ਆਦਿ ਵਿੱਚ ਲਾਊਡ ਸਪੀਕਰਾਂ, ਆਰਕੈਸਟਰਾ ਅਤੇ ਆਵਾਜ਼ ਪ੍ਰਦੂਸ਼ਣ ਪੈਦਾ ਕਰਨ ਵਾਲੇ ਯੰਤਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਸ ਦੇ ਫਲਸਰੂਪ ਆਮ ਲੋਕਾਂ, ਮਾਨਸਿਕ ਰੋਗੀਆਂ ਅਤੇ ਬੱਚਿਆਂ ਦੀ ਸਿਹਤ ਅਤੇ ਪੜ੍ਹਾਈ 'ਤੇ ਮਾੜਾ ਅਸਰ ਪੈਂਦਾ ਹੈ। ਪੰਜਾਬ ਇੰਸਟਰੂਮੈਂਟ (ਕੰਟਰੋਲ ਆਫ਼ ਨੋਆਇਜ਼ਜ) ਐਕਟ 1956 ਅਨੁਸਾਰ ਕੋਈ ਵੀ ਵਿਅਕਤੀ ਪੂਰਵ ਪ੍ਰਵਾਨਗੀ ਲਾਊਡ ਸਪੀਕਰਾਂ ਜਾਂ ਆਵਾਜ਼ੀ ਯੰਤਰਾਂ ਦੀ ਵਰਤੋਂ ਨਹੀਂ ਕਰ ਸਕਦਾ ਹੈ। ਜਿਸ ਵੀ ਮੈਰਿਜ ਪੈਲੇਸ, ਹੋਟਲ, ਰੈਸਟੋਰੈਂਟ ਜਾਂ ਆਮ ਲੋਕਾਂ ਨੇ ਲਾਊਡ ਸਪੀਕਰ ਲਗਾਉਣਾ ਹੋਵੇਗਾ, ਉਹ ਵੱਖਰੇ ਤੌਰ 'ਤੇ ਸਬੰਧਤ ਉਪ ਮੰਡਲ ਮੈਜਿਸਟਰੇਟ ਤੋਂ ਪਹਿਲਾਂ ਪ੍ਰਵਾਨਗੀ ਲੈਣਾ ਯਕੀਨੀ ਬਣਾਉਣਗੇ।

# 2 ਰੋਜ਼ਾ ਧਾਰਮਿਕ ਸਮਾਗਮ ਦਾ ਕਾਰਡ ਸੰਤ ਰਾਜਗਿਰ ਨੇ ਰਿਲੀਜ਼ ਕੀਤਾ



ਤਪਾ ਮੰਡੀ, 29 ਜੁਲਾਈ (ਭੂਸ਼ਨ ਘੜੈਲਾ):ਬਾਬਾ ਖੁਆਜਾ ਪੀਰ ਮੰਦਿਰ ਅਤੇ ਬਾਬਾ ਮੋਤੀ ਰਾਮ ਮਹਿਰਾ ਕਮੇਟੀ ਤਪਾ ਵੱਲੋਂ 10ਵਾਂ ਮੂਰਤੀ ਸਥਾਪਨਾ ਦਿਵਸ ਮੌਕੇ ਕਰਵਾਏ ਜਾ ਰਹੇ ਦੋ ਰੋਜ਼ਾ ਧਾਰਮਿਕ ਸਮਾਗਮ ਦਾ ਕਾਰਡ ਸੰਤ ਰਾਜ ਗਿਰ ਜੀ ਮਹਾਰਾਜ ਨੇ ਰਿਲੀਜ਼ ਕੀਤਾ ਗਿਆ। ਇਸ ਸੰਬੰਧੀ ਕਮੇਟੀ ਦੇ ਪ੍ਰਧਾਨ ਗੁਰਦਾਸ ਸਿੰਘ ਨੇ ਦੱਸਿਆ ਕਿ 5 ਅਗਸਤ ਨੂੰ ਸਵੇਰੇ 10 ਵਜੇ ਸ੍ਰੀ ਆਖੰਡ ਰਮਾਇਣ ਪਾਠ ਦੇ ਭੋਗ ਪ੍ਰਕਾਸ ਕਰਵਾਏ ਜਾਣਗੇ ਜਿਸ ਦੀਪੂਜਨ ਸ੍ਰੀ ਰਘੁਵੀਰ ਚੰਦ ਅਗ੍ਰਵਾਲ ਕਰਨਗੇ ਅਤੇ 6 ਅਗਸਤ ਨੂੰ ਸ੍ਰੀ ਅਖੰਡ ਰਮਾਇਣ ਪਾਠ ਦੇ ਭੋਗ ਪਾਏ ਜਾਣਗੇ, ਜਿਸ ਦੇ ਦੂਸਰੇ ਦਿਨ ਦੀ ਪੂਜਾ ਅਰਚਨਾ ਸੱਤ ਪਾਲ ਮੋੜ ਪ੍ਰਧਾਨ ਸ਼ਨੀਦੇਵ ਮੰਦਿਰ ਕਰਨਗੇ। ਇਹ ਦੋ ਦਿਨਾਂ ਧਾਰਮਿਕ ਸਮਾਗਮ ਸਮੂਹ ਮਹਿਰਾ ਬਰਾਦਰੀ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ,ਜਿਸ ਦਾ ਕਾਰਡ ਧਾਰਮਿਕ ਸ਼ਖਸੀਅਤ ਸੰਤ ਰਾਜਗਿਰ ਜੀ ਮਹਾਰਾਜ ਨੇ ਰਿਲੀਜ਼ ਕੀਤਾ ਗਿਆ। ਇਸ ਮੌਕੇ ਪ੍ਰੇਮ ਹਲਵਾਈ ਸਰਪ੍ਰਸਤ,ਗੁਰਮੇਲ ਸਿੰਘ ਗੇਲਾ ਚੇਅਰਮੈਨ,ਦਰਸ਼ਨ ਲਾਲ ਖਜਾਨਚੀ,ਕੁਲਵਿੰਦਰ ਹਲਵਾਈ ਮੀਤ ਪ੍ਰਧਾਨ,ਤਰਸੇਮ ਹਲਵਾਈ, ਕਾਲੂ ਹਲਵਾਈ,ਗੇਲਾ ਸਿੰਘ,ਕਰਮ ਸਿੰਘ ਕਾਟੀ,ਕੇਵਲ ਸਿੰਘ,ਗੁਰਪਾਲ ਸਿੰਘ,ਜੱਗਾ ਸਿੰਘ,ਵਿਜੈ ਸਿੰਘ,ਸਹਾਇਕ ਖਜਾਨਚੀ ਬਲਵਿੰਦਰ ਸਿੰਘ,ਬਿਟੂ ਹਲਵਾਈ,ਭੋਲਾ ਹਲਵਾਈ,ਅਵਤਾਰ ਸਿੰਘ,ਪਵਨ ਸਿੰਘ,ਗਿਆਨ ਸਿੰਘ,ਸੀਤਾ ਰਾਮ ਤੋਂ ਇਲਾਵਾ ਵਿਪੁਨ ਘੁੰਨਸ ਅਤੇ ਨਿੱਕਾ ਘਈ ਹਾਜਰ ਸਨ।

# ਬਰਨਾਲਾ ਦੇ ਬੀ.ਡੀ.ਪੀ.ਓ. ਦਫਤਰ 'ਚੋਂ ਨਰੇਗਾ ਸੈਕਟਰੀ ਵਿਜੀਲੈਂਸ ਨੇ ਦਬੋਚਿਆ



ਬਰਨਾਲਾ, 29 ਜੁਲਾਈ (ਬਘੇਲ ਸਿੰਘ ਧਾਲੀਵਾਲ/ਹਿਮਾਂਸ਼ੂ ਗਰਗ): ਪੰਜਾਬ ਰਾਜ ਵਿਜੀਲੈਂਸ ਬਿਊਰੋ ਦੀ ਬਰਨਾਲਾ ਯੂਨਿਟ ਨੇ ਬੀਡੀਪੀਓ ਦਫਤਰ ਬਰਨਾਲਾ ਵਿਖੇ ਤਾਇਨਾਤ ਇਕ ਮਗਨਰੇਗਾ ਸੈਕਟਰੀ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਵਿਜੀਲੈਂਸ ਯੂਨਿਟ ਬਰਨਾਲਾ ਦੇ ਇੰਸਪੈਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਸੁਖਵਿੰਦਰ ਸਿੰਘ ਨੇ ਐਂਟੀ ਕਰੱਪਸ਼ਨ ਪੋਰਟਲ 'ਤੇ ਇਕ ਸ਼ਿਕਾਇਤ ਦਰਜ ਕਰਵਾਈ ਸੀ। ਇਸ ਦੀ ਪੜਤਾਲ ਦੌਰਾਨ ਬੀਡੀਪੀਓ ਦਫਤਰ ਬਰਨਾਲਾ 'ਚ ਤਾਇਨਾਤ ਮਗਨਰੇਗਾ ਸੈਕਟਰੀ ਗੁਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਸਦੇ ਖਿਲਾਫ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ 'ਚ ਕਿਹਾ ਸੀ ਕਿ ਸਰਕਾਰ ਵੱਲੋਂ ਲੋੜਵੰਦ ਲੋਕਾਂ ਨੂੰ ਕੱਚੇ ਮਕਾਨ ਪੱਕੇ ਕਰਨ ਸਬੰਧੀ ਦਿੱਤੀ ਜਾਂਦੀ ਗ੍ਰਾਂਟ 'ਚੋਂ ਉਕਤ ਗੁਰਪ੍ਰੀਤ ਸਿੰਘ ਪ੍ਰਤੀ ਕਿਸ਼ਤ 5 ਹਜ਼ਾਰ ਰੁਪਏ ਮੰਗ ਰਿਹਾ ਹੈ ਤੇ 5000 ਰੁਪਏ ਲੈ ਵੀ ਚੁੱਕਿਆ ਹੈ। ਇੰਸਪੈਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਸੁਖਵਿੰਦਰ ਸਿੰਘ ਦੀ ਇਸ ਸ਼ਿਕਾਇਤ ਦੀ ਗੰਭੀਰਤਾ ਨਾਲ ਪੜਤਾਲ ਕੀਤੀ ਗਈ। ਪੜਤਾਲ ਤੋਂ ਬਾਅਦ ਮਗਨਰੇਗਾ ਸੈਕਟਰੀ ਗੁਰਪ੍ਰੀਤ ਸਿੰਘ ਦੇ ਖ਼ਿਲਾਫ ਮੁਕੱਦਮਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ।

# ਬੀ.ਵੀ. ਐਮ. ਇੰਟਰਨੈਸ਼ਨਲ ਸਕੂਲ ਵਿੱਚ 'ਡਾਇਲ ਫਾਰ ਰੈਸਕਿਊ' ਕਿਰਿਆਕਲਾਪ ਵਿੱਚ ਬੱਚਿਆਂ ਨੇ ਸਿੱਖਿਆ ਐਮਰਜੈਂਸੀ ਹੈਲਪਲਾਈਨ ਨੰਬਰ – ਆਫ਼ਤ ਦੇ ਸਮੇਂ ਮਦਦ ਦਾ ਪਹਿਲਾ ਕਦਮ




ਬਰਨਾਲਾ, 29 ਜੁਲਾਈ (ਅਮਨਦੀਪ ਸਿੰਘ): ਬੀ ਵੀ ਐਮ ਇੰਟਰਨੈਸ਼ਨਲ ਸਕੂਲ ਵਿੱਚ ਕਰਵਾਏ ਗਏ ਡਾਇਲ ਫਾਰ ਰੈਸਕਿਊ ਕਿਰਿਆਕਲਾਪ ਦੇ ਤਹਿਤ ਯੂਕੇਜੀ ਕਲਾਸ ਦੇ ਨੰਨੇ ਵਿਦਿਆਰਥੀਆਂ ਨੇ ਐਮਰਜੈਂਸੀ ਹਾਲਤ ਵਿੱਚ ਮਦਦ ਲਈ ਜ਼ਰੂਰੀ ਹੈਲਪਲਾਈਨ ਨੰਬਰਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਕਿਰਿਆਕਲਾਪ ਦਾ ਮੁੱਖ ਉਦੇਸ਼ ਬੱਚਿਆਂ ਨੂੰ ਸੰਕਟਕਾਲੀਨ ਸਥਿਤੀ ਵਿੱਚ ਸਚੇਤ ਰਹਿਣ ਅਤੇ ਤੁਰੰਤ ਮਦਦ ਲਈ ਸਹੀ ਨੰਬਰਾਂ ਦੀ ਵਰਤੋਂ ਸਿਖਾਉਣਾ ਸੀ। ਰਿਆਕਲਾਪ ਦੀ ਸ਼ੁਰੂਆਤ ਇੱਕ ਰੁਚਿਕਰ ਗੱਲਬਾਤ ਸੈਸ਼ਨ ਨਾਲ ਹੋਈ, ਜਿਸ ਵਿੱਚ ਅਧਿਆਪਕਾਂ ਨੇ ਬੱਚਿਆਂ ਤੋਂ ਪ੍ਰਸ਼ਨ ਪੁੱਛ ਕੇ ਉਹਨਾਂ ਦੀ ਸਮਝ ਨੂੰ ਅਜ਼ਮਾਇਆ। ਬੱਚਿਆਂ ਨੂੰ 100 (ਪੁਲਿਸ), 101 (ਫਾਇਰ ਬ੍ਰਿਗੇਡ), 102 (ਐਂਬੂਲੈਂਸ), 1098 (ਬਾਲ ਸਹਾਇਤਾ ਹੈਲਪਲਾਈਨ) ਵਰਗੇ ਨੰਬਰਾਂ ਦੀ ਪਹਿਚਾਣ ਕਰਵਾਈ ਗਈ। ਇਹਨਾਂ ਨੰਬਰਾਂ ਨੂੰ ਯਾਦ ਰੱਖਣ ਲਈ ਕਿਰਿਆਕਲਾਪਾਂ ਨੂੰ ਗੀਤਾਂ, ਕਵਿਤਾਵਾਂ ਅਤੇ ਰੋਲ-ਪਲੇ ਰਾਹੀਂ ਪੇਸ਼ ਕੀਤਾ ਗਿਆ। ਸਕੂਲ ਦੇ ਚੇਅਰਮੈਨ ਪ੍ਰਮੋਦ ਅਰੋੜਾ, ਡਾਇਰੈਕਟਰ ਗੀਤਾ ਅਰੋੜਾ, ਨਿਖਿਲ ਅਰੋੜਾ ਅਤੇ ਨੇਹੁਲ ਅਰੋੜਾ ਨੇ ਬੱਚਿਆਂ ਦੀ ਇਸ ਸਰਗਰਮ ਭਾਗੀਦਾਰੀ ਦੀ ਸਰਾਹਨਾ ਕਰਦਿਆਂ ਕਿਹਾ, ਅੱਜ ਦੇ ਯੁੱਗ ਵਿੱਚ ਨਾ ਸਿਰਫ਼ ਵੱਡਿਆਂ ਨੂੰ, ਸਗੋਂ ਬੱਚਿਆਂ ਨੂੰ ਵੀ ਸੁਰੱਖਿਆ ਅਤੇ ਜਾਗਰੂਕਤਾ ਦੀ ਸਿੱਖਿਆ ਦੇਣਾ ਬਹੁਤ ਜ਼ਰੂਰੀ ਹੈ। 'ਡਾਇਲ ਫਾਰ ਰੈਸਕਿਊ' ਵਰਗੀਆਂ ਕਿਰਿਆਕਲਾਪਾਂ ਬੱਚਿਆਂ ਨੂੰ ਨਿਰਭਯ ਬਣਾਉਂਦੀਆਂ ਹਨ ਅਤੇ ਉਨ੍ਹਾਂ ਨੂੰ ਆਫ਼ਤ ਪ੍ਰਬੰਧਨ ਵੱਲ ਪਹਿਲਾ ਕਦਮ ਚੁੱਕਣ ਲਈ ਤਿਆਰ ਕਰਦੀਆਂ ਹਨ। ਪ੍ਰਿੰਸੀਪਲ ਮਨਿੰਦਰਜੀਤ ਕੌਰ ਧਾਲੀਵਾਲ ਨੇ ਵੀ ਅਧਿਆਪਕਾਂ ਦੇ ਯਤਨਾਂ ਅਤੇ ਬੱਚਿਆਂ ਦੀ ਸਿੱਖਣ ਦੀ ਭਾਵਨਾ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀਆਂ ਪ੍ਰਯੋਗਾਤਮਕ ਕਿਰਿਆਕਲਾਪਾਂ ਬੱਚਿਆਂ ਨੂੰ ਜੀਵਨ ਲਈ ਜ਼ਰੂਰੀ ਹੁਨਰ ਸਿਖਾਉਣ ਵਿੱਚ ਅਹੰਕਾਰਪੂਰਕ ਭੂਮਿਕਾ ਨਿਭਾਉਂਦੀਆਂ ਹਨ।

# ਕਿੱਕ ਬਾਕਸਿੰਗ ਦੀ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਚਮਕੇ ਬਰਨਾਲਾ ਦੇ ਖਿਡਾਰੀ, 3 ਸੋਨ ਤਮ.ਗੇ, 2 ਚਾਂਦੀ ਦੇ ਤਮ.ਗੇ ਜਿੱਤੇ



ਬਰਨਾਲਾ, 29 ਜੁਲਾਈ (ਬਘੇਲ ਸਿੰਘ ਧਾਲੀਵਾਲ): ਛੱਤੀਸਗੜ੍ਹ ਦੇ ਰਾਇਪੁਰ ਵਿੱਚ ਪਿਛਲੇ ਦਿਨੀਂ ਹੋਈ ਸੀਨੀਅਰ ਨੈਸ਼ਨਲ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਵਿਚ ਜ਼ਿਲ੍ਹਾ ਬਰਨਾਲਾ ਦੇ ਖਿਡਾਰੀਆਂ ਨੇ ਬਾਜ਼ੀ ਮਾਰੀ ਹੈ। ਜ਼ਿਲ੍ਹਾ ਬਰਨਾਲਾ ਦੀ ਝੋਲੀ 3 ਸੋਨ ਤਗ਼ਮੇ ਅਤੇ 2 ਚਾਂਦੀ ਦੇ ਤਗ਼ਮੇ ਪਏ ਹਨ। ਇਨ੍ਹਾਂ ਵਿੱਚੋਂ ਕਿੱਕ ਬਾਕਸਿੰਗ ਕੋਚ ਸਮੇਤ 2 ਦੀ ਚੋਣ ਵਿਸ਼ਵ ਚੈਂਪੀਅਨਸ਼ਿਪ ਲਈ ਹੋਈ ਹੈ। ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਇਨ੍ਹਾਂ ਖਿਡਾਰੀਆਂ ਦਾ ਆਪਣੇ ਦਫ਼ਤਰ ਵਿਖੇ ਸਨਮਾਨ ਕੀਤਾ ਅਤੇ ਆਉਂਦੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਬਰਨਾਲਾ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਕਿੱਕ ਬਾਕਸਿੰਗ ਖਿਡਾਰੀਆਂ ਨੇ ਕੌਮੀ ਪੱਧਰ 'ਤੇ ਮੱਲਾਂ ਮਾਰੀਆਂ ਹਨ। ਜ਼ਿਲ੍ਹਾ ਖੇਡ ਅਫ਼ਸਰ ਬਰਨਾਲਾ ਮੈਡਮ ਉਮੇਸ਼ਵਰੀ ਸ਼ਰਮਾ ਨੇ ਦੱਸਿਆ ਕਿ ਖੇਡ ਵਿਭਾਗ ਬਰਨਾਲਾ ਦੇ ਕੋਚ ਜਸਪ੍ਰੀਤ ਸਿੰਘ ਨੇ ਇਸ ਨੈਸ਼ਨਲ ਚੈਂਪੀਅਨਸ਼ਿਪ ਵਿੱਚ 91+ ਕਿੱਲੋ ਭਾਰ ਵਰਗ ਵਿੱਚ ਸੋਨ ਤਗ਼ਮਾ ਹਾਸਲ ਕੀਤਾ ਹੈ। ਅਕਾਸ਼ਦੀਪ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਬਡਬਰ ਨੇ 91 ਕਿਲੋ ਭਾਰ ਵਰਗ ਵਿੱਚ ਸੋਨ ਤਗ਼ਮਾ ਜਿੱਤਿਆ ਹੈ। ਸਨੀ ਕੁਮਾਰ ਪੁੱਤਰ ਅਨਿਲ ਕੁਮਾਰ ਵਾਸੀ ਬਰਨਾਲਾ ਨੇ 90 ਕਿਲੋ ਭਾਰ ਵਰਗ ਵਿੱਚ ਸੋਨ ਤਗ਼ਮਾ ਜਿੱਤਿਆ ਹੈ। ਪੂਜਾ ਰਾਣੀ ਪੁੱਤਰੀ ਭਿੰਦੂ ਰਾਮ ਵਾਸੀ ਬਰਨਾਲਾ ਨੇ 70 ਕਿਲੋ ਭਾਰ ਵਰਗ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ ਹੈ। ਪਰਦੀਪ ਕੌਰ ਪੁੱਤਰੀ ਬਲਵੀਰ ਸਿੰਘ ਵਾਸੀ ਧਨੌਲਾ ਨੇ 55 ਕਿਲੋ ਭਾਰ ਵਰਗ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖਿਡਾਰੀਆਂ ਵਿੱਚੋਂ ਕੋਚ ਜਸਪ੍ਰੀਤ ਸਿੰਘ ਢੀਂਡਸਾ ਅਤੇ ਆਕਾਸ਼ਦੀਪ ਸਿੰਘ ਦੀ ਚੋਣ ਵਿਸ਼ਵ ਚੈਂਪੀਅਨਸ਼ਿਪ ਲਈ ਹੋਈ ਹੈ, ਜੋ ਕਿ ਨਵੰਬਰ 2025 ਵਿਚ ਅਬੂ ਧਾਬੀ (ਯੂ ਏ ਈ) ਵਿਚ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਿੱਕ ਬਾਕਸਿੰਗ ਦਾ ਕੋਚਿੰਗ ਸੈਂਟਰ ਮਾਤਾ ਗੁਜਰੀ ਸਕੂਲ ਧਨੌਲਾ ਵਿਚ ਚੱਲ ਰਿਹਾ ਹੈ, ਜਿੱਥੇ 30 ਦੇ ਕਰੀਬ ਖਿਡਾਰੀ ਕੋਚਿੰਗ ਲੈ ਰਹੇ ਹਨ। ਵੱਲੋਂ ਕਿਹਾ ਕਿ ਇਹ ਸਾਰੇ ਖਿਡਾਰੀ ਪਹਿਲਾਂ ਵੀ ਸੂਬਾ ਅਤੇ ਕੌਮੀ ਪੱਧਰ 'ਤੇ ਮੱਲਾਂ ਮਾਰ ਚੁੱਕੇ ਹਨ।

# ਆਰਿਆ ਮਹਿਲਾ ਕਾਲਜ ਦਾ ਐਮ.ਏ ਪੰਜਾਬੀ ਸਮੈਸਟਰ ਤੀਜੇ ਦਾ ਨਤੀਜਾ ਰਿਹਾ ਸ਼ਾਨਦਾਰ

ਬਰਨਾਲਾ, 29 ਜੁਲਾਈ (ਅਮਨਦੀਪ ਸਿੰਘ): ਸ਼੍ਰੀ ਲਾਲ ਬਹਾਦਰ ਸ਼ਾਸਤਰੀ ਆਰਿਆ ਮਹਿਲਾ ਕਾਲਜ ਬਰਨਾਲਾ ਐਮ.ਏ ਪੰਜਾਬੀ ਸਮੈਸਟਰ ਤੀਜੇ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਡਾਕਟਰ ਸੁਸ਼ੀਲ ਬਾਲਾ ਨੇ ਦੱਸਿਆ ਕਿ ਅਮਰਜੀਤ ਕੌਰ ਪੁੱਤਰੀ ਪਰਮਜੀਤ ਸਿੰਘ ਨੇ 78% ਨੰਬਰ ਲੈ ਕੇ ਪਹਿਲਾ ਸਥਾਨ, ਊਸ਼ਾ ਦੇਵੀ ਪੁੱਤਰੀ ਪੱਪੂ ਰਾਮ ਨੇ 76% ਨੰਬਰ ਲੈ ਕੇ ਦੂਸਰਾ ਸਥਾਨ, ਲਖਵਿੰਦਰ ਕੌਰ ਪੁੱਤਰੀ ਜੁਗਰਾਜ ਸਿੰਘ ਨੇ 72% ਹਰਪ੍ਰੀਤ ਕੌਰ ਪੁੱਤਰੀ ਗੁਰਦੀਪ ਸਿੰਘ ਨੇ 72% ਜਸਪ੍ਰੀਤ ਪੁੱਤਰੀ ਜਗਜੀਤ ਸਿੰਘ ਨੇ 72% ਨੰਬਰ ਲੈ ਕੇ ਤੀਸਰਾ ਸਥਾਨ ਹਾਸਿਲ ਕੀਤਾ। ਇਨ੍ਹਾਂ ਵਿਦਿਆਰਥੀਆਂ ਨੇ ਵਧੀਆ ਅੰਕ ਪ੍ਰਾਪਤ ਕਰਕੇ ਕਾਲਜ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ। ਇਸ ਸ਼ਾਨਦਾਰ ਪ੍ਰਾਪਤੀ ਲਈ ਪ੍ਰਿੰਸੀਪਲ ਡਾਕਟਰ ਸੁਸ਼ੀਲ ਬਾਲਾ ਨੇ ਪੰਜਾਬੀ ਵਿਭਾਗ ਦੇ ਮੁਖੀ ਡਾਕਟਰ ਜਸਵਿੰਦਰ ਕੌਰ ਅਤੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਦੇ ਪਰਿਵਾਰਿਕ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ



# ਬੀਬੀ ਗੁਲਾਬ ਕੌਰ ਦਾ 100ਵਾਂ ਸ਼ਹੀਦੀ ਦਿਹਾੜਾ ਮਨਾਇਆ



ਸੁਨਾਮ ਊਧਮ ਸਿੰਘ ਵਾਲਾ, 29 ਜੁਲਾਈ (ਮੋਹਣ ਸ਼ਰਮਾ / ਰਾਊਵਰਿੰਦਰ ਮਠਾੜੂ):ਗਦਰੀ ਸ਼ਹੀਦ ਬੀਬੀ ਗੁਲਾਬ ਕੌਰ ਦਾ 100 ਵਾਂ ਸ਼ਹੀਦੀ ਦਿਹਾੜਾ ਪੈਨਸ਼ਨ ਭਵਨ ਸੁਨਾਮ ਵਿਖੇ ਰਾਮ ਸਰੂਪ ਢੈਪਈ ਦੀ ਪ੍ਰਧਾਨਗੀ ਹੇਠ ਦੀ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਸੁਨਾਮ,ਗਦਰੀ ਸਹੀਦ ਊਧਮ ਸਿੰਘ ਵਿਚਾਰ ਮੰਚ, ਅਤੇ ਤਰਕਸ਼ੀਲ ਸੁਸਾਇਟੀ ਵਲੋਂ ਸਾਂਝੇ ਤੌਰ ਤੇ ਮਨਾਇਆ ਗਿਆ। ਜੀਤ ਸਿੰਘ ਬੰਗਾ, ਬਲਵਿੰਦਰ ਸਿੰਘ ਤਿਲੇਦਾਰ, ਪ੍ਰਿੰਸੀਪਲ ਅਨਿਲ ਕੁਮਾਰ, ਪਵਨ ਕੁਮਾਰ ਸ਼ਰਮਾ, ਗੁਰਮੇਲ ਸਿੰਘ ਬਖਸ਼ੀਵਾਲਾ, ਦਰਸ਼ਨ ਸਿੰਘ ਥਾਣੇਦਾਰ, ਰਣਜੀਤ ਸਿੰਘ ਛਾਜਲੀ, ਪਦਮ ਸਰਮਾਂ, ਆਸਾ ਸਿੰਘ ਰਾਏ ਨੇ ਗਦਰੀ ਸਹੀਦ ਬੀਬੀ ਗੁਲਾਬ ਕੌਰ ਅਤੇ ਸਹੀਦ ਊਧਮ ਸਿੰਘ ਦੀ ਸਹੀਦੀ ਬਾਰੇ ਅਪਣੇ ਵਿਚਾਰ ਪੇਸ਼ ਕੀਤੇ। ਬੁਲਾਰਿਆਂ ਨੇ ਕਿਹਾ ਸਹੀਦਾਂ ਦੀ ਸ਼ਹੀਦੀ ਨੂੰ ਕਿਸੇ ਇੱਕ ਫਿਰਕੇ, ਜਾਤ, ਧਰਮ ਨਾਲ ਨਾ ਜੋੜਿਆ ਜਾਵੇ। ਸ਼ਹੀਦ ਦੇਸ਼ ਕੌਮ ਦੇ ਸਾਂਝੇ ਹੁੰਦੇ ਹਨ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਧਾਨ ਰਾਮ ਸਰੂਪ ਢੈਪਈ ਨੇ ਅਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰੋਗਰਾਮ ਵਿੱਚ ਪੁੱਜੇ ਸਾਥੀਆਂ ਦਾ ਧੰਨਵਾਦ ਕੀਤਾ।

# ਬੁੱਢਾ ਦਲ ਦੇ ਮੁਖੀ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ ਬਰਸੀ ਸਬੰਧੀ ਸਮਾਗਮ ਅੱਜ

ਤਲਵੰਡੀ ਸਾਬੋ, 29 ਜੁਲਾਈ (ਚ.ਨ.ਸ. ): ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਬੁੱਢਾ ਦਲ ਦੇ ਗਿਆਰਵੇਂ ਜਥੇਦਾਰ ਸਿੰਘ ਸਾਹਿਬ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ 83ਵੀਂ ਸਲਾਨਾ ਬਰਸੀ ਸਬੰਧੀ ਮੁਖ ਧਾਰਮਿਕ ਸਮਾਗਮ ਅੱਜ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਸੁਯੋਗ ਅਗਵਾਈ ਨਿਰਦੇਸ਼ਨਾ ਤਹਿਤ, ਸ਼੍ਰੋਮਣੀ ਪੰਥ ਬੁੱਢਾ ਦਲ ਦੇ ਮੁੱਖ ਅਸਥਾਨ ਗੁ: ਬੇਰ ਸਾਹਿਬ ਦੇਗਸਰ, ਛਾਉਣੀ ਨਿਹੰਗ ਸਿੰਘਾਂ ਵਿਖੇ ਪਰਸੋਂ ਰੋਜ਼ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਹੋਏ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਵੇਗਾ। ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਉਪਰੰਤ ਧਾਰਮਿਕ ਸਮਾਗਮ ਹੋਣਗੇ, ਜਿਸ ਵਿੱਚ ਸੰਪਰਦਾਵਾਂ ਸੰਸਥਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ ਦੇ ਆਗੂ ਸਾਹਿਬਾਨ ਸ਼ਮੂਲੀਅਤ ਕਰਨਗੇ। ਪੰਥ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ ਸਾਹਿਬਾਨ ਸੰਗਤਾਂ ਨੂੰ ਗੁਰਬਾਣੀ ਰਸ ਨਾਲ ਨਿਹਾਲ ਕਰਨਗੇ। ਬਾਬਾ ਮਨਮੋਹਣ ਸਿੰਘ ਬਾਰਨਵਾਲੇ, ਸੰਤ ਬਾਬਾ ਜੋਗਾ ਸਿੰਘ ਨਾਨਕਸਰ ਕਰਨਾਲ ਵਾਲੇ ਗੁਰਮਤਿ ਤੇ ਇਤਿਹਾਸਕ ਵਿਖਿਆਨਾ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਉਨਾਂ ਦੱਸਿਆ ਕਿ ਬੁੱਢਾ ਦਲ ਵੱਲੋਂ ਜਿੱਥੇ ਅੰਮ੍ਰਿਤ ਸੰਚਾਰ ਹੋਵੇਗਾ ਉੱਥੇ ਨਿਹੰਗ ਸਿੰਘਾਂ ਦੇ ਲਾਇਸੰਸ ਨਵੇਂ ਬਣਾਏ ਅਤੇ ਰਿਨੀਊ ਕੀਤੇ ਜਾਣਗੇ।



# 250 ਨਸ਼ੀਲੀਆਂ ਗੋਲੀਆਂ ਸਮੇਤ ਇਕ ਕਾਬੂ

ਤਪਾ ਮੰਡੀ, 29 ਜੁਲਾਈ (ਭੂਸ਼ਨ ਘੜੈਲਾ):ਪੁਲਿਸ ਸਬ-ਡਵੀਜਨ ਤਪਾ ਅਧੀਨ ਪੈਂਦੇ ਥਾਣਾ ਰੂੜੇਕੇ ਕਲਾਂ ਦੀ ਪੁਲਸ ਨੇ ਇੱਕ ਵਿਅਕਤੀ ਨੂੰ 250 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਨ 'ਚ ਸਫਲਤਾ ਮਿਲੀ ਹੈ ।ਇਸ ਸੰਬੰਧੀ ਥਾਣਾ ਮੁਖੀ ਰੇਣੂ ਪਰੋਚਾ ਨੇ ਦੱਸਿਆ ਕਿ ਐਸ.ਐਸ.ਪੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਨਿਰਦੇਸ਼ਾਂ ਤੇ ਡੀ.ਐਸ.ਪੀ ਤਪਾ ਗੁਰਬਿੰਦਰ ਸਿੰਘ ਦੇਹੁਕਮਾਂ ਤਹਿਤ ਯੁੱਧ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਦੌਰਾਨ ਪੁਲਸ ਨੂੰ ਮੁਖਬਰ ਨੇ ਸੂਚਨਾ ਦਿੱਤੀ ਕਿ ਜਗਰੂਪ ਸਿੰਘ ਪੁੱਤਰ ਚੰਦ ਸਿੰਘ ਵਾਸੀ ਮਾਨਾ ਪੱਤੀ ਪੱਖੋਕਲਾਂ ਬਾਹਰਲੇ ਜ਼ਿਲ੍ਹਿਆਂ ਤੋਂ ਨਸ਼ੀਲੀਆਂ ਗੋਲੀਆਂ ਲਿਆਕੇ ਤੁਰ ਫਿਰ ਕੇ ਇਲਾਕੇ 'ਚ ਵੇਚਣ ਦਾ ਆਦੀ ਹੈ ਅਤੇ ਅੱਜ ਵੀ ਉਹ ਤਾਂ ਥਾਣੇਦਾਰ ਮਨਜੀਤ ਸਿੰਘ ਪੁਲਸ ਪਾਰਟੀ ਸਣੇ ਪੱਖੋ ਕਲਾਂ ਬੱਸ ਸਟੈਂਡ ਮੌਜੂਦ ਸੀ ,ਜੋ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰ ਰਹੇ ਸੀ ਨੇ ਤੁਰੰਤ ਕਾਰਵਾਈਕਰਦੇ ਹੋਏ ਉਕਤ ਵਿਅਕਤੀ ਨੂੰ 250 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕੈਬਨਿਟ ਮੰਤਰੀ ਨੇ ਖਾਨੇ ਕੀ ਢਾਬ ਦੇ ਸਰਕਾਰੀ ਸਕੂਲ 'ਚ ਲਗਵਾਏ ਏ.ਸੀ.



ਮਲੋਟ/ਸ੍ਰੀ ਮੁਕਤਸਰ ਸਾਹਿਬ, 29 ਜੁਲਾਈ: ( ਐਚ ਐਸ ਕਪੂਰ): ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਉਸਾਰੂ ਮਾਹੌਲ ਮੁਹੱਈਆ ਕਰਵਾਉਣ ਲਈ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕਰਨ ਲਈ ਵਚਨਬੱਧ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਹਲਕੇ ਦੇ ਪਿੰਡ ਖਾਨੇ ਕੀ ਢਾਬ ਦੇ ਸਰਕਾਰੀ ਸਕੂਲ ਵਿੱਚ ਏ.ਸੀ. ਲਗਵਾਉਣ ਮੌਕੇ ਕੀਤਾ। ਕੈਬਨਿਟ ਮੰਤਰੀ ਵੱਲੋਂ ਇਸ ਮੌਕੇ ਬੱਚਿਆਂ ਦੇ ਪੀਣ ਲਈ ਸਾਫ਼ ਪਾਣੀ ਲਈ ਆਰ.ਓ. ਸਿਸਟਮ ਅਤੇ ਫਰਿਜ ਵੀ ਲਗਵਾਇਆ ਗਿਆ।ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਕਾਰਨ ਸੂਬੇ ਦੇ ਸਰਕਾਰੀ ਸਕੂਲ ਮਾੜੀ ਹਾਲਤ ਵਿੱਚ ਪਹੁੰਚ ਗਏ ਸਨ ਅਤੇ ਲੋਕ ਵੀ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇਣ ਲੱਗ ਪਏ ਸਨ। ਪ੍ਰੰਤੂ ਜਦੋਂ ਤੋਂ ਮੌਜੂਦਾ ਪੰਜਾਬ ਸਰਕਾਰ ਨੇ ਕਾਰਜਭਾਰ ਸੰਭਾਲਿਆ ਹੈ, ਉਦੋਂ ਤੋਂ ਹੀ ਸਿੱਖਿਆ ਨੂੰ ਤਰਜੀਹੀ ਖੇਤਰ ਮੰਨਦੇ ਹੋਏ ਸਰਵਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ, ਜਿਸ ਸਦਕਾ ਅੱਜ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਵਿੱਚ ਵੱਡਾ ਵਾਧਾ ਹੋਇਆ ਹੈ ਅਤੇ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚੋਂ ਹਟਾ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਹਨ।ਕੈਬਨਿਟ ਮੰਤਰੀ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਅੱਜ ਤਿੰਨ ਸਾਲ ਬਾਅਦ ਕੋਈ ਅਜਿਹਾ ਸਕੂਲ ਨਹੀਂ ਹੈ, ਜਿੱਥੇ ਚਾਰ ਦੀਵਾਰੀ ਨਹੀਂ ਹੈ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਉੱਚ ਦਰਜੇ ਦੀ ਸਿਖਲਾਈ ਹਾਸਲ ਕਰਨ ਲਈ ਦੇਸ਼ ਦੀਆਂ ਵੱਡੀਆਂ ਸੰਸਥਾਵਾਂ ਅਤੇ ਵਿਦੇਸ਼ਾਂ ਵਿੱਚ ਭੇਜਿਆ ਗਿਆ ਹੈ। ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਸਕੂਲ ਆਫ ਐਮੀਨੈਂਸ ਬਣਾਏ ਗਏ ਹਨ। ਸਰਕਾਰੀ ਸਕੂਲਾਂ ਲਈ ਬੱਸ ਸੇਵਾ ਵੀ ਸ਼ੁਰੂ ਕੀਤੀ ਗਈ ਹੈ ਅਤੇ ਹਜ਼ਾਰਾਂ ਵਿਦਿਆਰਥੀ ਇਸ ਸੇਵਾ ਦਾ ਲਾਭ ਲੈ ਰਹੇ ਹਨ।ਉਨ੍ਹਾਂ ਕਿਹਾ ਕਿ ਸਿੱਖਿਆ ਸੁਧਾਰ ਪੰਜਾਬ ਸਰਕਾਰ ਪਹਿਲ ਦੇ ਅਧਾਰ 'ਤੇ ਕਰ ਰਹੀ ਹੈ। ਸਿੱਖਿਆ ਸਾਰੇ ਵਰਗ, ਧਰਮਾਂ ਅਤੇ ਜਾਤੀ ਦੇ ਲੋਕਾਂ ਲਈ ਅਤਿ ਮਹੱਤਵਪੂਰਨ ਹੈ ਇਸ ਨਾਲ ਹੀ ਨਵੇਂ ਅਤੇ ਸਾਰਥਕ ਸਮਾਜ ਦੀ ਸਿਰਜਣਾ ਹੋ ਸਕਦੀ ਹੈ।ਇਸ ਮੌਕੇ ਚੇਅਰਮੈਨ ਸਹਿਕਾਰੀ ਬੈਂਕ ਜਸਵਿੰਦਰ ਸਿੰਘ ਬਾਮ, ਕੈਬਨਿਟ ਮੰਤਰੀ ਦੇ ਨਿੱਜੀ ਸਹਾਇਕ ਜਿਸਦਪਾਲ ਸਿੰਘ, ਪਿੰਡ ਦੀ ਮਹਿਲਾ ਸਰਪੰਚ ਹਰਜਿੰਦਰ ਕੌਰ, ਬਲਾਕ ਪ੍ਰਧਾਨ ਸੰਦੀਪ ਸਿੰਘ ਤੋਂ ਇਲਾਵਾ ਸਕੂਲ ਦੇ ਅਧਿਆਪਕ, ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ

## ਸ੍ਰੀ ਰਾਮ ਇੰਟਰਨੈਸ਼ਨਲ ਸਕੂਲ, ਕੱਕੜਵਾਲ ਵਿਖੇ ਤੀਆਂ ਦਾ ਤਿਉਹਾਰ ਮਨਾਇਆ

ਧੂਰੀ, 29 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਸ੍ਰੀ ਰਾਮ ਇੰਟਰਨੈਸ਼ਨਲ ਸਕੂਲ, ਕੱਕੜਵਾਲ ਵਿਖੇ ਤੀਆਂ ਦਾ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਵਿਦਿਆਰਥਣਾਂ ਦੀ ਮਹਿੰਦੀ ਪ੍ਰਤਿਯੋਗਿਤਾ ਕਰਵਾਈ ਗਈ ਜਿਸ ਵਿੱਚ ਵਿਦਿਆਰਥਣ ਸਿਮਰਨ ਨੇ ਪਹਿਲੇ ਸਥਾਨ ਤੇ ਮਧੂ ਕੁਮਾਰੀ (ਵਿਵੇਕਾਨੰਦ ਹਾਊਸ) ਦੂਸਰੇ ਸਥਾਨ ਤੇ ਏਕਮ ਕੌਰ (ਵਿਵੇਕਾਨੰਦ ਹਾਊਸ) 'ਤੇ ਤੀਸਰੇ ਸਥਾਨ 'ਤੇ ਪਰਵਿੰਦਰ ਕੌਰ (ਚੇਤੰਨਿਆ ਹਾਊਸ) ਦੀਆਂ ਵਿਦਿਆਰਥਣਾਂ ਰਹੀਆਂ। ਇਸ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਵੱਖ-ਵੱਖ ਬੋਲੀਆਂ ਪਾ ਕੇ ਗਿੱਧਾ ਪਾਇਆ ਗਿਆ। ਇਸ ਮੌਕੇ ਤੀਜ ਪ੍ਰਤਿਯੋਗਿਤਾ ਵੀ ਕਰਵਾਈ ਗਈ, ਜਿਸ ਵਿੱਚ ਹਰਸ਼ਨੂਰ ਕੌਰ ਜੋ ਕਿ (+1 ਕਾਮਰਸ) ਦੀ ਵਿਦਿਆਰਥਣ ਮਿਸ ਤੀਜ ਚੁਣੀ ਗਈ। ਅਧਿਆਪਕਾਂ ਵਿੱਚੋਂ ਮੈਡਮ ਪ੍ਰਨੀਤ ਕੌਰ ਤੇ ਸਾਨੀਆ ਸ਼ਰਮਾ ਤੀਜ ਕੁਈਨ ਚੁਣੇ ਗਏ। ਇਸ ਸਮੇਂ ਚੀਫ ਗੈਸਟ ਵਜੋਂ ਸਰੋਜ ਗੋਇਲ ਜੀ, ਮਮਤਾ ਗੁਪਤਾ ਜੀ ਅਤੇ ਸਲੋਨੀ ਗੋਇਲ ਜੀ ਆਏ ਸਨ। ਪ੍ਰਿੰਸੀਪਲ ਸ੍ਰੀਮਤੀ ਤੇਜਿੰਦਰ ਕੌਰ ਸੇਖੋਂ, ਵਾਈਸ ਪ੍ਰਿੰਸੀਪਲ ਗੁਰਜੀਤ ਕੌਰ ,ਸਾਰੇ ਅਧਿਆਪਕ ਵੀ ਮੌਜੂਦ ਸਨ।

# ਵਾਤਾਵਰਨ ਪ੍ਰੇਮੀ ਵੱਲੋਂ ਰੁੱਖ ਲਗਾਓ ਵਾਤਾਵਰਨ ਬਚਾਓ ਮੁਹਿੰਮ ਸ਼ੁਰੂ



ਲਹਿਰਾਗਾਗਾ, 29 ਜੁਲਾਈ (ਗੁਰਦੀਪ ਸਿੰਘ):ਸਾਡਾ ਵਾਤਾਵਰਨ ਗੰਧਲਾ ਹੋਣ ਕਾਰਨ ਜਿੱਥੇ ਮਨੁੱਖ ਨੂੰ ਵੱਖ ਵੱਖ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਸਮਾਜ ਸੇਵੀ ਲੋਕ ਰੁੱਖ ਲਗਾ ਕੇ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਦਾ ਯਤਨ ਕਰ ਰਹੇ ਹਨ, ਪਿਛਲੇ ਦਿਨੀਂ ਇਥੋਂ ਨੇੜਲੇ ਪਿੰਡ ਚੋਟੀਆਂ ਵਿਖੇ ਦੇਖਣ ਨੂੰ ਮਿਲਿਆ ਜਿਥੇ ਇੱਕ ਵਾਤਾਵਰਨ ਪ੍ਰੇਮੀ ਜਗਤਾਰ ਸਿੰਘ ਮੰਗੀ ਭਟਾਲ (ਪ੍ਰਧਾਨ ਦੀ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਸਭਾਵਾਂ ਯੂਨੀਅਨ) ਵੱਲੋਂ ਆਪਣੇ ਘਰ ਤੋਂ ਰੁੱਖ ਲਗਾਓ, ਵਾਤਾਵਰਨ ਬਚਾਓ ਮੁਹਿੰਮ ਸ਼ੁਰੂ ਕੀਤੀ ਗਈ ਹੈ, ਇਸ ਮੁਹਿੰਮ ਤਹਿਤ ਉਹਨਾਂ ਨੇ ਆਪਣੇ ਘਰ ਵਿੱਚ ਵਿਹਲੀ ਪਈ ਥਾਂ ਵਿੱਚ ਰੁੱਖ ਲਗਾਏ ਗਏ ਅਤੇ ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਅਸੀਂ ਆਪਣੇ ਦੋਸਤਾਂ ਮਿੱਤਰਾਂ ਨੂੰ ਨਾਲ ਲੈ ਕੇ ਆਪਣੇ ਪਿੰਡ ਤੇ ਇਲਾਕੇ ਵਿੱਚ ਵੱਧ ਤੋਂ ਵੱਧ ਰੁਖ ਲਗਾ ਕੇ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਦਾ ਯਤਨ ਕਰਾਂਗੇ, ਉਹਨਾਂ ਕਿਹਾ ਕਿ ਹਰ ਇੱਕ ਮਨੁੱਖ ਦਾ ਫਰਜ਼ ਬਣਦਾ ਹੈ ਕਿ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਲਈ ਸੰਸਥਾਵਾਂ, ਸਭਾਵਾਂ ਅਤੇ ਹੋਰ ਵਿਅਕਤੀਆਂ ਨੂੰ ਨਾਲ ਲੈ ਕੇ ਰੁੱਖ ਲਗਾਉਣ ਲਈ ਅੱਗੇ ਆਵੇ, ਤਾਂ ਕਿ ਸਾਡੀ ਆਉਣ ਵਾਲੀ ਪੀੜੀ ਨੂੰ ਅਸੀਂ ਸਾਫ ਸੁਥਰਾ ਵਾਤਾਵਰਨ ਪ੍ਰਦਾਨ ਕਰ ਸਕੀਏ, ਉਹਨਾਂ ਕਿਹਾ ਕਿ ਜਿੱਥੇ ਰੁੱਖ ਲਗਾਉਣੇ ਜਰੂਰੀ ਹਨ, ਉਸ ਤੋਂ ਵੀ ਵੱਧ ਕੇ ਉਹਨਾਂ ਰੁੱਖਾਂ ਦੀ ਸਾਂਭ ਸੰਭਾਲ ਕਰਨੀ ਬਹੁਤ ਜਰੂਰੀ ਹੈ, ਕਿਉਂਕਿ ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਰੁੱਖ ਲਗਾ ਦਿੱਤੇ ਜਾਂਦੇ ਹਨ ,ਪਰੰਤੂ ਉਹਨਾਂ ਦੀ ਸਾਂਭ ਸੰਭਾਲ ਨਹੀਂ ਕੀਤੀ ਜਾਂਦੀ, ਜਿਸ ਕਾਰਨ ਬਹੁਤ ਸਾਰੇ ਰੁੱਖ ਬੇਤੁਕੀ ਕਾਰਨ ਛੋਟੀ ਉਮਰੇ ਹੀ ਖਤਮ ਹੋ ਜਾਂਦੇ ਹਨ, ਜਿਨਾਂ ਦਾ ਸਾਡੇ ਸਮਾਜ ਅਤੇ ਵਾਤਾਵਰਨ ਨੂੰ ਕੋਈ ਵੱਡਾ ਫਾਇਦਾ ਨਹੀਂ ਹੁੰਦਾ, ਉਹਨਾਂ ਅੱਗੇ ਕਿਹਾ ਕਿ ਮੈਂ ਆਪਣੇ ਘਰ ਵਿੱਚ ਤਕਰੀਬਨ 10 ਤੋਂ 15 ਬੂਟੇ ਲਗਾਏ ਹਨ, ਜਿਨਾਂ ਦੀ ਸਾਂਭ ਸੰਭਾਲ ਵੀ ਜਾਰੀ ਰਹੇਗੀ ਤੇ ਆਉਣ ਵਾਲੇ ਸਮੇਂ ਵਿੱਚ ਇਹਨਾਂ ਤੋਂ ਪੂਰਾ ਲਾਭ ਲੈ ਸਕਾਂਗੇ,ਤੇ ਨੌਜਵਾਨ ਪੀੜੀ ਨੂੰ ਰੁੱਖ ਲਗਾਉਣ ਲਈ ਪਰੇਰਿਤ ਕਰਾਂਗੇ।

# ਲਹਿਰਾਗਾਗਾ ਵਿਖੇ ਲੈਂਡ ਪੂਲਿੰਗ ਨੀਤੀ 'ਤੇ ਵਿਸ਼ੇਸ਼ ਚਰਚਾ ਸਬੰਧੀ ਰਾਜੇਵਾਲ ਆਉਣਗੇ ਭਲਕੇ



ਲਹਿਰਾਗਾਗਾ, 29 ਜੁਲਾਈ (ਗੁਰਦੀਪ ਸਿੰਘ): ਪੰਜਾਬ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਜੋ ਲੈਂਡ ਪੂਲਿੰਗ ਨੀਤੀ ਬਣਾਈ ਜਾ ਰਹੀ ਹੈ,ਜਿਸ ਦੇ ਲਾਗੂ ਹੋਣ ਨਾਲ ਸੂਬੇ ਦੀ ਕਿਸਾਨੀ ਖਤਮ ਹੋਣ ਦੇ ਕੰਢੇ 'ਤੇ ਪਹੁੰਚ ਜਾਵੇਗੀ, ਉਸ ਕਿਸਾਨ ਮਾਰੂ ਨੀਤੀ ਦਾ ਪੰਜਾਬ ਦੇ ਕੋਨੇ ਕੋਨੇ ਵਿੱਚ ਕਿਸਾਨ ਜਥੇਬੰਦੀਆਂ ਤੋਂ ਇਲਾਵਾ ਵੱਖ-ਵੱਖ ਸਮਾਜਿਕ ਜਥੇਬੰਦੀਆਂ ਵੱਲੋਂ ਵੀ ਪੁਰਜ਼ੋਰ ਵਿਰੋਧ ਕੀਤਾ ਜਾ ਰਿਹਾ ਹੈ, ਇਸ ਸਬੰਧੀ ਲੋਕ ਚੇਤਨਾ ਮੰਚ ਲਹਿਰਾਗਾਗਾ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ 31 ਜੁਲਾਈ ਨੂੰ ਪੰਜਾਬ ਦੀ ਖੇਤੀ ਅਤੇ ਪਿੰਡਾਂ ਨੂੰ ਉਜਾੜਨ ਵਾਲੀ ਇਸ ਲੈਂਡ ਪੂਲਿੰਗ ਨੀਤੀ ਤੇ ਵਿਸ਼ੇਸ਼ ਚਰਚਾ ਜੀਪੀਐਫ ਧਰਮਸ਼ਾਲਾ ਲਹਿਰਾਗਾਗਾ ਵਿਖੇ ਰੱਖੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੰਚ ਦੇ ਸੀਨੀਅਰ ਆਗੂ ਡਾਕਟਰ ਜਗਦੀਸ਼ ਪਾਪੜਾ ਨੇ ਦੱਸਿਆ ਹੈ, ਕਿ ਇਸ ਵਿਸ਼ੇਸ਼ ਚਰਚਾ ਵਿੱਚ ਸੁਲਝੇ ਹੋਏ ਕਿਸਾਨ ਆਗੂ ਤੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਸਰਦਾਰ ਬਲਵੀਰ ਸਿੰਘ ਰਾਜੇਵਾਲ ਮੁੱਖ ਬੁਲਾਰੇ ਹੋਣਗੇ, ਉਹਨਾਂ ਇਸ ਸਮੇਂ ਸਾਰੇ ਹੀ ਲੋਕ ਪੱਖੀ ਅਤੇ ਇਨਸਾਫ ਪਸੰਦ ਲੋਕਾਂ ਨੂੰ ਇਸ ਚਰਚਾ ਵਿੱਚ ਸ਼ਾਮਿਲ ਹੋਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਆਓ ਸਾਰੇ ਇਕੱਠੇ ਹੋ ਕੇ ਸਰਕਾਰਾਂ ਵੱਲੋਂ ਲਏ ਜਾ ਰਹੇ ਲੋਕ ਮਾਰੂ ਫੈਸਲਿਆਂ ਦਾ ਵਿਰੋਧ ਕਰਕੇ ਇਨਾਂ ਫੈਸਲਿਆਂ ਨੂੰ ਵਾਪਿਸ ਲੈਣ ਲਈ ਸਰਕਾਰ ਨੂੰ ਮਜਬੂਰ ਕਰੀਏ।

# ਜੀਜਾ-ਸਾਲੀ ਦੀ ਜੋੜੀ ਨੇ ਲੁੱਟਿਆ ਸੁਨਿਆਰ ! ਦੁਕਾਨ 'ਚੋਂ ਸੋਨਾ ਚੋਰੀ ਕਰ ਵੇਚਦੀ ਰਹੀ ਸਾਲੀ, ਜੀਜਾ ਵੀ ਹੋਇਆ ਨਾਮਜ਼ਦ

ਬਠਿੰਡਾ, 29 ਜੁਲਾਈ (ਦੀਪਕ ਸ਼ਰਮਾ): ਸ਼ਹਿਰ ਦੀ ਇੱਕ ਗਹਿਣਿਆਂ ਦੀ ਦੁਕਾਨ ਵਿੱਚ ਕੰਮ ਕਰਨ ਵਾਲੀ ਇੱਕ ਮੁਟਿਆਰ ਵੱਲੋਂ ਸੋਨਾ ਚੋਰੀ ਕਰਨ ਦਾ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਮੁਟਿਆਰ ਚੋਰੀ ਕੀਤਾ ਹੋਇਆ ਸੋਨਾ ਅੱਗੇ ਅੰਮ੍ਰਿਤਸਰ ਵਿੱਚ ਗਹਿਣਿਆਂ ਦਾ ਕੰਮ ਕਰਨ ਵਾਲੇ ਆਪਣੇ ਜੀਜਾ ਨੂੰ ਭੇਜਦੀ ਸੀ, ਜੋ ਉਸ ਸੋਨਾ ਵੇਚ ਕੇ ਉਸਨੂੰ ਪੈਸੇ ਭੇਜਦਾ ਰਹੇ। ਹੋਰ ਤਾਂ ਹੋਰ, ਮੁਟਿਆਰ ਦਾ ਜੀਜਾ ਚੋਰੀ ਕੀਤੇ ਗਏ ਸੋਨੇ ਦੇ ਗਹਿਣੇ ਵੇਚ ਕੇ ਮਿਲੇ ਪੈਸਿਆਂ ਵਿੱਚੋਂ 70 ਫੀਸਦੀ ਰਕਮ ਆਪਣੀ ਸਾਲੀ ਨੂੰ ਭੇਜ ਦਿੰਦਾ ਸੀ। ਇਸੇ ਚੋਰੀ ਦੀ ਕਮਾਈ ਨਾਲ ਮੁਲਜ਼ਮ ਮੁਟਿਆਰ ਰਜਨੀ ਨੇ ਸ਼ਹਿਰ ਦੇ ਅਰਜੁਨ ਨਗਰ ਵਿੱਚ ਦੋ ਪਲਾਟ ਵੀ ਖਰੀਦ ਲਏ। ਪੁਲਿਸ ਨੇ ਜਾਂਚ ਤੋਂ ਬਾਅਦ ਮੁਲਜ਼ਮ ਮੁਟਿਆਰ ਦੇ ਜੀਜਾ ਹਰਜਿੰਦਰ ਸਿੰਘ ਵਾਸੀ ਅੰਮ੍ਰਿਤਸਰ ਨੂੰ ਵੀ ਨਾਮਜ਼ਦ ਕਰਕੇ ਉਸਦੀ ਗ੍ਰਿਫਤਾਰੀ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਜਾਣਕਾਰੀ ਅਨੁਸਾਰ, ਲਗਭਗ ਬਾਰ੍ਹਾਂ ਦਿਨ ਪਹਿਲਾਂ ਥਾਣਾ ਕੋਤਵਾਲੀ ਪੁਲਿਸ ਅਧੀਨ ਆਉਂਦੇ ਇੱਕ ਬਾਜ਼ਾਰ ਵਿੱਚ ਸਥਿਤ ਜਵੈਲਰੀ ਸ਼ਾਪ ਦੇ ਮਾਲਕ ਨੇ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸਦੀ ਦੁਕਾਨ ਤੇ ਕੰਮ ਕਰਨ ਵਾਲੀ ਰਜਨੀ ਨਾਮਕ ਮੁਟਿਆਰ ਨੇ ਉਸਦੀ ਦੁਕਾਨ ਤੋਂ ਵੱਡੀ ਮਾਤਰਾ ਵਿੱਚ ਸੋਨੇ ਦੇ ਗਹਿਣੇ ਚੋਰੀ ਕੀਤੇ ਹਨ। ਇਸ ਤੋਂ ਬਾਅਦ ਜਦੋਂ ਪੁਲਿਸ ਨੇ ਜਾਂਚ ਕੀਤੀ ਤਾਂ ਪਾਇਆ ਕਿ ਮੁਟਿਆਰ ਨੇ ਸੱਚਮੁੱਚ ਦੁਕਾਨ ਤੋਂ ਗਹਿਣੇ ਚੋਰੀ ਕੀਤੇ ਸਨ। ਪੁਲਿਸ ਨੇ ਜਾਂਚ ਤੋਂ ਬਾਅਦ ਮੁਟਿਆਰ ਰਜਨੀ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕਰ ਲਿਆ ਸੀ। ਇਸ ਤੋਂ ਬਾਅਦ ਪੁਲਿਸ ਨੇ ਰਜਨੀ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ।ਪੁਲਿਸ ਰਿਮਾਂਡ ਦੌਰਾਨ ਮੁਟਿਆਰ ਨੇ ਖੁਲਾਸਾ ਕੀਤਾ ਕਿ ਉਹ ਦੁਕਾਨ ਤੋਂ ਜੋ ਵੀ ਸੋਨੇ ਦੇ ਗਹਿਣੇ ਚੋਰੀ ਕਰਦੀ ਸੀ, ਉਹ ਅੰਮ੍ਰਿਤਸਰ ਵਿੱਚ ਜਵੈਲਰੀ ਦਾ ਕੰਮ ਕਰਨ ਵਾਲੇ ਆਪਣੇ ਜੀਜਾ ਹਰਜਿੰਦਰ ਸਿੰਘ ਨੂੰ ਭੇਜ ਦਿੰਦੀ ਸੀ, ਜੋ ਚੋਰੀ ਕੀਤੇ ਹੋਏ ਸੋਨੇ ਦੇ ਗਹਿਣਿਆਂ ਨੂੰ ਆਪਣੀ ਦੁਕਾਨ ਦੇ ਰਾਹੀਂ ਅੱਗੇ ਵੇਚ ਦਿੰਦਾ ਸੀ। ਇਸ ਤੋਂ ਇਲਾਵਾ ਮੁਟਿਆਰ ਨੇ ਇਹ ਵੀ ਖੁਲਾਸਾ ਕੀਤਾ ਕਿ ਉਸਨੇ ਚੋਰੀ ਕੀਤੇ ਹੋਏ ਗਹਿਣਿਆਂ ਤੋਂ ਕਮਾਈ ਕਰਕੇ ਦੋ ਪਲਾਟ ਵੀ ਖਰੀਦੇ ਹਨ ਅਤੇ ਹੁਣ ਜਾਇਦਾਦ ਵੀ ਬਣਾਈ ਹੈ, ਜਿਸ ਬਾਰੇ ਪੁਲਿਸ ਜਾਂਚ ਕਰ ਰਹੀ ਹੈ।ਮੁਲਜ਼ਮ ਮੁਟਿਆਰ ਦੇ ਇਸ ਖੁਲਾਸੇ ਤੋਂ ਬਾਅਦ ਪੁਲਿਸ ਨੇ ਉਸਦੇ ਜੀਜਾ ਹਰਜਿੰਦਰ ਸਿੰਘ ਨੂੰ ਵੀ ਇਸ ਕੇਸ ਵਿੱਚ ਨਾਮਜ਼ਦ ਕਰ ਲਿਆ ਹੈ। ਇਸਦੀ ਪੁਸ਼ਟੀ ਥਾਣਾ ਕੋਤਵਾਲੀ ਦੇ ਐਸਐਚਓ ਪਰਵਿੰਦਰ ਸਿੰਘ ਨੇ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਮੁਲਜ਼ਮ ਮੁਟਿਆਰ ਦੀ ਜਾਇਦਾਦ ਬਾਰੇ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਦੇਖਣਾ ਹੋਵੇਗਾ ਕਿ ਇਸ ਮਾਮਲੇ ਵਿੱਚ ਹੋਰ ਕਿਹੜੇ ਖੁਲਾਸੇ ਹੁੰਦੇ ਹਨ।

# ਸਾਬਕਾ ਪੰਚਾਇਤ ਮੈਂਬਰ ਸਵਰਨ ਸਿੰਘ ਕੇਸਰ ਸਿੰਘ ਵਾਲਾ ਕਈ ਪਰਿਵਾਰਾਂ ਸਮੇਤ 'ਆਪ' 'ਚ ਹੋਏ ਸ਼ਾਮਲ



ਭਗਤਾ ਭਾਈ ਕਾ, 29 ਜੁਲਾਈ (ਸਵਰਨ ਸਿੰਘ ਭਗਤਾ):ਹਲਕਾ ਰਾਮਪੁਰਾ ਫੂਲ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਬਲ ਮਿਲਿਆ, ਜਦੋਂ ਪਿੰਡ ਕੇਸਰ ਸਿੰਘ ਵਾਲਾ ਤੋਂ ਸਾਬਕਾ ਪੰਚਾਇਤ ਮੈਂਬਰ ਸਵਰਨ ਸਿੰਘ,ਸਤਨਾਮ ਸਿੰਘ ਤੇ ਹਰਦਮ ਸਿੰਘ ਨੇ ਵੱਖ ਵੱਖ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਕਈ ਪਰਿਵਾਰਾਂ ਸਮੇਤ ਵਿਧਾਇਕ ਬਲਕਾਰ ਸਿੰਘ ਸਿੱਧੂ ਦੀ ਮੌਜੂਦਗੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ।ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸ਼ਾਮਿਲ ਹੋਏ ਪਰਿਵਾਰਾਂ ਨੇ ਕਿਹਾ ਕਿ ਵਿਧਾਇਕ ਬਲਕਾਰ ਸਿੰਘ ਸਿੱਧੂ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਹਲਕੇ ਦੇ ਸਾਰੇ ਪਿੰਡਾਂ ਦਾ ਬਿਨਾਂ ਕਿਸੇ ਭੇਦਭਾਵ ਤੋਂ ਵਿਕਾਸ ਕਰ ਰਹੇ ਹਨ ਤੇ ਹਲਕੇ ਨੂੰ ਅਜਿਹਾ ਲੀਡਰ ਪਹਿਲੀ ਵਾਰ ਮਿਲਿਆ ਹੈ,ਜੋ ਸਾਰੇ ਲੋਕਾਂ ਨਾਲ ਵਧੀਆ ਭਾਵਨਾ ਨਾਲ ਕੰਮ ਕਰ ਰਿਹਾ।ਇਸ ਮੌਕੇ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਸ਼ਾਮਲ ਹੋਏ ਲੋਕਾਂ ਦਾ ਸਵਾਗਤ ਕੀਤਾ ਤੇ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਮੇਰੇ ਘਰ ਦੇ ਦਰਵਾਜ਼ੇ ਹਰ ਉਸ ਇਨਸਾਨ ਲਈ ਸਦਾ ਖੁੱਲ੍ਹੇ ਹਨ, ਜਿਸਦੀ ਨੀਅਤ ਲੋਕਾਂ ਅਤੇ ਆਮ ਆਦਮੀ ਪਾਰਟੀ ਪ੍ਰਤੀ ਸਾਫ ਹੈ।ਵਿਧਾਇਕ ਸਿੱਧੂ ਨੇ ਕਿਹਾ,ਆਮ ਆਦਮੀ ਪਾਰਟੀ ਪੰਜਾਬ ਦੇ ਹਰ ਪਿੰਡ,ਹਰ ਸ਼ਹਿਰ ਅਤੇ ਹਰ ਵਰਗ ਦੀ ਆਵਾਜ਼ ਹੈ। ਅਸੀਂ ਨਸ਼ਿਆਂ ਦੇ ਖਾਤਮੇ,ਮਿਆਰੀ ਸਿੱਖਿਆ,ਸਿਹਤ ਸੇਵਾਵਾਂ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਵਧਾਉਣ ਲਈ ਦਿਨ-ਰਾਤ ਕੰਮ ਕਰ ਰਹੇ ਹਾਂ।ਪੰਜਾਬ ਦੇ ਲੋਕਾਂ ਦਾ ਸਾਡੇ 'ਤੇ ਵਧਦਾ ਵਿਸ਼ਵਾਸ ਸਾਡੀ ਜ਼ਿੰਮੇਵਾਰੀ ਨੂੰ ਹੋਰ ਵਧਾਉਂਦਾ ਹੈ। 2027 'ਚ ਪੰਜਾਬ ਵਿੱਚ 'ਆਪ'ਦਾ ਤੂਫਾਨ ਹੋਰ ਵੀ ਤੇਜ਼ ਹੋਵੇਗਾ,ਜੋ ਸੂਬੇ ਨੂੰ ਖੁਸ਼ਹਾਲੀ ਦੀਆਂ ਨਵੀਆਂ ਉਚਾਈਆਂ 'ਤੇ ਲੈ ਜਾਵੇਗਾ।ਇਸ ਮੌਕੇ ਸਰਪੰਚ ਸ਼ਿਵ ਕੁਮਾਰ ਕੇਸਰ ਸਿੰਘ ਵਾਲਾ, ਹਰਪ੍ਰੀਤ ਸਿੰਘ ਸਰਪੰਚ ਨਵਾਂ ਕੇਸਰ ਸਿੰਘ ਵਾਲਾ, ਸੀਨੀਅਰ ਆਪ ਆਗੂ ਸੰਜੀਵ ਕੁਮਾਰ ਬੰਟੀ ਅਤੇ ਹੋਰ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਵਰਕਰ ਵੱਡੀ ਗਿਣਤੀ ਚ ਮੌਜੂਦ ਸਨ।

# ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੈਂਡ ਪੂਲਿੰਗ ਨੀਤੀ ਕਿਸਾਨਾਂ ਦੇ ਹੱਕਾਂ 'ਤੇ ਸਿੱਧਾ ਹਮਲਾ : ਕਾਂਗੜ



ਭਗਤਾ ਭਾਈ ਕਾ, 29 ਜੁਲਾਈ (ਸਵਰਨ ਸਿੰਘ ਭਗਤਾ): ਸੂਬਾ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੈਂਡ ਪੂਲਿੰਗ ਨੀਤੀ ਨੂੰ ਕਿਸਾਨਾਂ ਦੇ ਹੱਕਾਂ 'ਤੇ ਸਿੱਧਾ ਹਮਲਾ ਕਰਾਰ ਦਿੰਦੇ ਹੋਏ ਇਸਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਕੀਤਾ। ਕਾਂਗੜ ਨੇ ਕਿਹਾ ਕਿ ਇਹ ਨੀਤੀ ਦਰਅਸਲ ਕਿਸਾਨਾਂ ਦੀ ਜ਼ਮੀਨ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਯੋਜਨਾ ਹੈ, ਜਿਸ ਨਾਲ ਪੰਜਾਬ ਦੀ ਖੇਤੀਬਾੜੀ ਅਤੇ ਕਿਸਾਨਾਂ ਦੀ ਅਰਥਵਿਵਸਥਾ ਤਬਾਹ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਪਹਿਲਾਂ ਹੀ ਕਰਜ਼ੇ, ਬੇਰੁਜ਼ਗਾਰੀ ਅਤੇ ਮਹਿੰਗਾਈ ਦੇ ਬੋਝ ਹੇਠ ਦੱਬਿਆਂ ਹੋਇਆ ਹੈ। ਸਰਕਾਰ ਦੀ ਇਹ ਜ਼ਬਰਦਸਤੀ ਨੀਤੀ ਕਿਸਾਨਾਂ ਦੇ ਘਰ ਉਜਾੜਨ ਵਾਲੀ ਹੈ। ਕਾਂਗੜ ਨੇ ਕਿਹਾ ਕਿ ਜਿਹੜਾ ਪੰਜਾਬੀਆਂ ਲਈ ਜੀਵਨ ਰੇਖਾ ਹੈ, ਉਸ ਜ਼ਮੀਨ ਨੂੰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।ਕਾਂਗੜ ਨੇ ਦਾਅਵਾ ਕੀਤਾ ਕਿ ਇਹ ਸਿਰਫ਼ ਕਾਂਗਰਸ ਨਹੀਂ, ਸਗੋਂ ਪੂਰਾ ਪੰਜਾਬ ਇਸ ਨੀਤੀ ਦੇ ਵਿਰੁੱਧ ਇਕਜੁੱਟ ਹੋ ਚੁੱਕਾ ਹੈ। ਉਨ੍ਹਾਂ ਹਮਲਾ ਕਰਦਿਆਂ ਕਿਹਾ ਕਿ ਜਿਹੜੀ ਪਾਰਟੀ ਖੁਦ ਨੂੰ ਕਿਸਾਨਾਂ ਦੀ ਹਮਦਰਦ ਦੱਸਦੀ ਹੈ, ਉਸਦੀ ਹਕੀਕਤ ਸਾਹਮਣੇ ਆ ਚੁੱਕੀ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਕਾਂਗਰਸ ਕਿਸੇ ਵੀ ਕੀਮਤ 'ਤੇ ਇਸ ਨੀਤੀ ਨੂੰ ਲਾਗੂ ਨਹੀਂ ਹੋਣ ਦੇਵੇਗੀ,ਜੇ ਸਰਕਾਰ ਨੇ ਆਪਣਾ ਫ਼ੈਸਲਾ ਵਾਪਸ ਨਾ ਲਿਆ ਤਾਂ ਪੰਜਾਬ ਭਰ ਵਿੱਚ ਵੱਡਾ ਸੰਘਰਸ਼ ਖੜ੍ਹਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਪੰਜਾਬ ਦੀ ਧਰਤੀ ਸਾਡੀ ਮਾਂ ਹੈ, ਇਸਨੂੰ ਕਾਰਪੋਰੇਟ ਦੇ ਹਵਾਲੇ ਨਹੀਂ ਹੋਣ ਦਿਆਂਗੇ। ਕਿਸਾਨਾਂ ਦੇ ਹੱਕਾਂ ਲਈ ਅਸੀ ਹਰੇਕ ਕੁਰਬਾਨੀ ਦੇਣ ਨੂੰ ਤਿਆਰ ਹਾਂ।ਇਸ ਮੌਕੇ ਹੋਰ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

## ਸਿਰਫ਼ ਬਾਹਰੀ ਡਿਵੈਲਪਰਾਂ ਨੂੰ ਫ਼ਾਇਦਾ ਦੇਵੇਗੀ ਲੈਂਡ ਪੂਲਿੰਗ ਨੀਤੀ- ਹਰਦੀਪ ਦੌਲਤਪੁਰ

ਧੂਰੀ, 29 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਆਮ ਆਦਮੀ ਪਾਰਟੀ ਸਰਕਾਰ ਦੀ ਨਵੀਂ ਲੈਂਡ ਪੂਲਿੰਗ ਨੀਤੀ 'ਤੇ ਟਿੱਪਣੀ ਕਰਦਿਆਂ ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਅਤੇ ਹਲਕਾ ਧੂਰੀ ਤੋਂ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਕਿਹਾ ਕਿ ਪੰਜਾਬ ਦੇ ਸ਼ਹਿਰੀ ਇਲਾਕਿਆਂ ਵਿੱਚ 65,000 ਏਕੜ ਤੋਂ ਵੱਧ ਜ਼ਮੀਨ ਹਾਸਲ ਕਰਨ ਦੀ ਯੋਜਨਾ ਨੂੰ ਲੈ ਕੇ ਗੰਭੀਰ ਚਿੰਤਾ ਜਤਾਈ ਹੈ।

# ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ : ਕਾਮਰੇਡ ਸੇਖੋਂ



ਸੁਨਾਮ ਊਧਮ ਸਿੰਘ ਵਾਲਾ, 29 ਜੁਲਾਈ( ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਸ਼ਹੀਦ ਊਧਮ ਸਿੰਘ ਦੇ ਬੁੱਤ 'ਤੇ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਵੱਲੋਂ ਸ਼ਹੀਦ ਉਧਮ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਕਾਮਰੇਡ ਸੁਖਵਿੰਦਰ ਸਿੰਘ ਸੇਖੋ ਸੂਬਾ ਸਕੱਤਰ, ਕਾਮਰੇਡ ਭੂਪ ਚੰਦ ਚੰਨੋ ਸੂਬਾ ਸਕੱਤਰੇਤ ਮੈਂਬਰ, ਕਾਮਰੇਡ ਅਬਦੁਲ ਸਤਾਰ ਸੂਬਾ ਸਕੱਤਰੇਤ ਮੈਂਬਰ, ਕਾਮਰੇਡ ਚਮਕੌਰ ਸਿੰਘ ਖੇੜੀ ਜਿਲਾ ਸਕੱਤਰ, ਕਾਮਰੇਡ ਹੰਗੀ ਖਾਂ ਤਹਿਸੀਲ ਸਕੱਤਰ, ਕਾਮਰੇਡ ਵਰਿੰਦਰ ਕੌਸ਼ਿਕ, ਰੇਨੂ ਬਾਲਾ, ਸਤਿੰਦਰ ਚੀਮਾ, ਅਮਰਜੀਤ ਕੌਰ ਨੰਗਲਾ ਸ਼ਾਮਿਲ ਸਨ। ਇਸ ਸਮੇਂ ਸ਼ਹੀਦ ਉਧਮ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋ ਨੇ ਕਿਹਾ ਕਿ ਸ਼ਹੀਦ ਉਧਮ ਸਿੰਘ ਨੇ ਅੰਗਰੇਜ਼ੀ ਹਕੂਮਤ ਵੱਲੋਂ ਕੀਤੇ ਜੱਲਿਆਂ ਵਾਲੇ ਬਾਗ ਦੇ ਖੂਨੀ ਸਾਕੇ ਦਾ 21 ਸਾਲ ਬਾਅਦ ਲੰਡਨ ਦੇ ਕੈਕਸਟਨ ਹਾਲ ਵਿਖੇ ਜਾ ਕੇ ਬਦਲਾ ਲਿਆ, ਜਿਸ ਨਾਲ ਦੇਸ਼ ਦੀ ਅਣਖ ਉੱਚੀ ਹੋਈ ਅਤੇ ਅੰਗਰੇਜ਼ਾਂ ਨੂੰ ਦੇਸ਼ ਛੱਡ ਕੇ ਭੱਜਣਾ ਪਿਆ। ਉਹਨਾਂ ਕਿਹਾ ਕਿ ਸ਼ਹੀਦ ਉਧਮ ਸਿੰਘ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ ਜਿਸ ਨਾਲ ਅੰਗਰੇਜ਼ ਹਕੂਮਤ ਨੂੰ ਸਮਝ ਆ ਸਕੇ ਕਿ ਸਾਰੇ ਧਰਮਾਂ ਦੇ ਲੋਕ ਦੇਸ਼ ਨੂੰ ਆਜ਼ਾਦ ਕਰਵਾਉਣਾ ਚਾਹੁੰਦੇ ਹਨ, ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ। ਇਸ ਸਮੇਂ ਬੋਲਦਿਆ ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਲੈਂਡ ਪੂਲਿੰਗ ਤਹਿਤ ਕਿਸਾਨਾਂ ਦੀਆਂ ਜਮੀਨਾਂ ਜਬਰੀ ਅਕਵਾਇਰ ਕਰਨ ਦੀ ਨਿਖੇਦੀ ਕਰਦਿਆਂ ਇਹ ਸਕੀਮ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਇਸ ਸਮੇਂ ਬੋਲਦਿਆਂ ਕਾਮਰੇਡ ਭੂਪ ਚੰਦ ਚੰਨੋ, ਕਾਮਰੇਡ ਅਬਦੂਲ ਸਤਾਰ, ਚਮਕੌਰ ਸਿੰਘ ਖੇੜੀ, ਵਰਿੰਦਰ ਕੌਸ਼ਿਕ, ਅਮਰਜੀਤ ਕੌਰ ਨੰਗਲਾ ਨੇ ਕਿਹਾ ਸ਼ਹੀਦ ਊਧਮ ਸਿੰਘ ਜੀ ਦੀ ਕੁਰਬਾਨੀ ਸਦਕਾ ਪੰਜਾਬੀਆਂ ਤੇ ਇਲਾਕੇ ਦਾ ਮਾਣ ਵਧਿਆ ਹੈ। ਉਹਨਾਂ ਕਿਹਾ ਕਿ ਲੋੜ ਹੈ ਫਿਰਕੂ ਤਾਕਤਾਂ ਦੇ ਵਿਰੁੱਧ ਡਟਕੇ ਇਕੱਠੇ ਹੋ ਕੇ ਲੜਨ ਦੀ ਹੈ ਉਹਨਾਂ ਪਾਰਟੀ ਦੀ ਮਜਬੂਤੀ ਲਈ ਸਾਰਿਆਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ ।ਇਸ ਸਮੇਂ ਤਹਿਸੀਲ ਸਕੱਤਰ ਕਾਮਰੇਡ ਹੰਗੀ ਖਾਂ ਨੇ ਆਏ ਸਾਰੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਸਮੇਂ ਸਤਿੰਦਰ ਚੀਮਾ, ਜੋਗਿੰਦਰ ਬੱਧਣ, ਲਖਵਿੰਦਰ ਸਿੰਘ ਸਰਕਲ ਪ੍ਰਧਾਨ, ਜੋਗਾ ਸਿੰਘ ਉਪਲੀ, ਪ੍ਰਗਟ ਸਿੰਘ ਗੰਡੂਆ ਨਛੱਤਰ ਸਿੰਘ ਗੰਢੂਆਂ ਗੁਰਚਰਨ ਸਿੰਘ ਜਖੇਪਲ ,ਅਵਤਾਰ ਸਿੰਘ ਤਾਰੀ ਜਸਪਾਲ ਸ਼ਰਮਾ ,ਕਰਨੈਲ ਸਿੰਘ, ਬਲਜਿੰਦਰ ਕਾਕਾ, ਜੀਐਸ ਸ਼ਰਮਾ ਤੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਹੀਦ ਉਧਮ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ।

# ਦਵਿੰਦਰ ਪਾਲ ਸਿੰਘ 2026-27 ਲਈ ਰੋਟਰੀ ਇੰਟਰਨੈਸ਼ਨਲ ਦੇ ਸਹਾਇਕ ਗਵਰਨਰ ਨਿਯੁਕਤ




ਸੁਨਾਮ, 29 ਜੁਲਾਈ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਰੋਟਰੀ ਕਲੱਬ ਸੁਨਾਮ ਨੂੰ ਇੱਕ ਵੱਡੀ ਉਪਲੱਬਧੀ ਮਿਲੀ ਹੈ, ਜਦੋਂ ਇਸ ਦੇ ਸਾਬਕਾ ਪ੍ਰਧਾਨ ਅਤੇ ਲੰਮੇ ਸਮੇਂ ਤੋਂ ਸਮਾਜ ਸੇਵਾ ਨਾਲ ਜੁੜੇ ਹੋਏ ਪ੍ਰਸਿੱਧ ਨਾਂ ਸ. ਦਵਿੰਦਰ ਪਾਲ ਸਿੰਘ ਰਿੰਪੀ ਨੂੰ ਰੋਟਰੀ ਇੰਟਰਨੈਸ਼ਨਲ ਜ਼ਿਲ੍ਹਾ 3090 ਵੱਲੋਂ ਸਾਲ 2026-27 ਲਈ ਸਹਾਇਕ ਗਵਰਨਰ ਵਜੋਂ ਨਿਯੁਕਤ ਕੀਤਾ ਗਿਆ।ਇਹ ਨਿਯੁਕਤੀ 2026-27 ਦੇ ਜ਼ਿਲ੍ਹਾ ਗਵਰਨਰ 31 ਅਮਿਤ ਸਿੰਗਲਾ ਵੱਲੋਂ ਕੀਤੀ ਗਈ, ਜਿਸ ਵਿੱਚ ਦਵਿੰਦਰ ਰਿੰਪੀ ਦੀ ਪਿਛਲੇ ਕਈ ਸਾਲਾਂ ਦੀ ਨਿਸ਼ਕਲੰਕ ਅਤੇ ਪ੍ਰੇਰਨਾਦਾਇਕ ਸੇਵਾ ਨੂੰ ਧਿਆਨ ਵਿੱਚ ਰੱਖਿਆ ਗਿਆ। ਉਨ੍ਹਾਂ ਨੇ ਰੋਟਰੀ ਦੇ ਕਈ ਸਮਾਜਿਕ ਪ੍ਰਾਜੈਕਟਾਂ ਨੂੰ ਸਫਲਤਾਪੂਰਕ ਅੰਜਾਮ ਤੱਕ ਪਹੁੰਚਾਇਆ ਅਤੇ ਕਲੱਬ ਨੂੰ ਸੂਚੀਬੱਧਤਾ ਅਤੇ ਗਤੀਸ਼ੀਲਤਾ ਦੀ ਨਵੀਂ ਪਹਿਚਾਣ ਦਿੱਤੀ।ਇਸ ਮੌਕੇ 'ਤੇ ਸਾਬਕਾ ਜ਼ਿਲ੍ਹਾ ਗਵਰਨਰ ਸ. ਘਨਸ਼ਾਮ ਕਾਂਸਲ ਨੇ ਦਵਿੰਦਰ ਪਾਲ ਸਿੰਘ ਦੇ ਸਮਰਪਣ ਅਤੇ ਲੀਡਰਸ਼ਿਪ ਦੀ ਸਾਫ਼ ਸ਼ਬਦਾਂ ਵਿੱਚ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਦਵਿੰਦਰ ਨੇ ਹਮੇਸ਼ਾ ਰੋਟਰੀ ਦੇ ਉੱਚ ਸਿਧਾਂਤਾਂ ਨੂੰ ਅਪਣਾਇਆ ਹੈ ਅਤੇ ਹਰ ਸਮੇਂ ਲੋਕ ਭਲਾਈ ਨੂੰ ਪ੍ਰਾਥਮਿਕਤਾ ਦਿੱਤੀ ਹੈ। ਇਹ ਨਿਯੁਕਤੀ ਨਿਸ਼ਚਤ ਤੌਰ 'ਤੇ ਸੰਸਥਾ ਲਈ ਲਾਭਦਾਇਕ ਸਾਬਤ ਹੋਏਗੀ। CA ਅਮਿਤ ਸਿੰਗਲਾ ਨੇ ਵੀ ਦਵਿੰਦਰ ਪਾਲ ਸਿੰਘ ਦੀ ਨਿਯੁਕਤੀ 'ਤੇ ਖੁਸ਼ੀ ਜਤਾਈ ਅਤੇ ਉਨ੍ਹਾਂ ਦੇ ਉਜਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਦਵਿੰਦਰ ਪਾਲ ਸਿੰਘ ਨੂੰ ਮਿਲੀ ਇਸ ਨਵੀਂ ਜ਼ਿੰਮੇਵਾਰੀ ਉਤੇ ਰੋਟਰੀ ਕਲੱਬ ਸੁਨਾਮ ਦੇ ਅਨੇਕ ਮੈਂਬਰਾਂ ਨੇ ਖੁਸ਼ੀ ਜਤਾਈ ਅਤੇ ਉਨ੍ਹਾਂ ਨੂੰ ਹਾਰਦਿਕ ਵਧਾਈ ਦਿੱਤੀ।

ਦਵਿੰਦਰ ਪਾਲ ਸਿੰਘ ਨੇ ਸਿਰਫ ਰੋਟਰੀ ਸੰਸਥਾ ਹੀ ਨਹੀਂ, ਸਗੋਂ ਹੋਰ ਸਮਾਜਿਕ ਪੱਧਰਾਂ ਉਤੇ ਵੀ ਲੋਕਾਂ ਦੀ ਭਲਾਈ ਲਈ ਕਈ ਯੋਗਦਾਨ ਦਿੱਤੇ ਹਨ। ਚਾਹੇ ਲੋੜਵੰਦ ਦੀ ਸਹਾਇਤਾ ਹੋਵੇ ਜਾਂ ਸਿਹਤ ਤੇ ਸਿੱਖਿਆ ਨਾਲ ਜੁੜੇ ਪ੍ਰਾਜੈਕਟ, ਉਨ੍ਹਾਂ ਦੀ ਮਿਹਨਤ ਹਮੇਸ਼ਾ ਸਰਾਹੀ ਗਈ ਹੈ। ਉਨ੍ਹਾਂ ਦੇ ਨੇਤ੍ਰਤਵ ਹੇਠ ਰੋਟਰੀ ਕਲੱਬ ਨੇ ਕਈ ਨਵੇਂ ਉੱਦਮ ਸ਼ੁਰੂ ਕੀਤੇ, ਜਿਨ੍ਹਾਂ ਦੀ ਦੂਰਗਾਮੀ ਪ੍ਰਭਾਵਤਾ ਸਪੱਸ਼ਟ ਹੈ। ਇਸ ਨਵੀਂ ਭੂਮਿਕਾ ਨਾਲ, ਦਵਿੰਦਰ ਸਿੰਘ ਰੋਟਰੀ ਇੰਟਰਨੈਸ਼ਨਲ ਦੇ ਪਲੇਟਫਾਰਮ 'ਤੇ ਹੋਰ ਵਿਸ਼ਾਲ ਪੱਧਰ 'ਤੇ ਸਮਾਜ ਸੇਵਾ ਲਈ ਕੰਮ ਕਰਨਗੇ। ਉਮੀਦ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਦੇ ਤਜਰਬੇ ਅਤੇ ਦ੍ਰਿਸ਼ਟੀਕੋਣ ਨਾਲ ਜ਼ਿਲ੍ਹਾ 3090 ਵਿੱਚ ਨਵੀਆਂ ਉਚਾਈਆਂ ਨੂੰ ਛੂਹਣ ਵਾਲੇ ਪ੍ਰਾਜੈਕਟ ਸ਼ੁਰੂ ਹੋਣਗੇ।ਰੋਟਰੀ ਕਲੱਬ ਪ੍ਰਧਾਨ ਜਗਦੀਪ ਭਾਰਦਵਾਜ ਅਨਿਲ ਜੁਨੇਜਾ ਰਾਜਨ ਸਿੰਗਲਾ ਹਰੀਸ਼ ਗੱਖੜ ਨਿਤਿਨ ਜਿੰਦਲ ਹਰੀਸ਼ ਗੋਇਲ ਰਜਨੀਸ਼ ਕੁਮਾਰ ਲਾਡੀ ਚੰਦ ਗਰਗ ਪ੍ਰਮੋਦ ਹੋਡਲਾ ਅਤੇ ਇਸ ਤੋਂ ਇਲਾਵਾ, ਮਾਰਕੀਟ ਕਮੇਟੀ ਸੁਨਾਮ ਦੇ ਚੇਅਰਮੈਨ ਸ਼੍ਰੀ ਮੁਕੇਸ਼ ਜੁਨੇਜਾ ਨੇ ਵੀ ਵਿਸ਼ੇਸ਼ ਤੌਰ 'ਤੇ ਦਵਿੰਦਰ ਰਿੰਪੀ ਨੂੰ ਇਸ ਨਵੀ ਨਿਯੁਕਤੀ ਲਈ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੀ ਭੂਮਿਕਾ ਦੀ ਪ੍ਰਸ਼ੰਸਾ ਕੀਤੀ।

# ਮੁੱਖ ਮੰਤਰੀ ਹਲਕੇ ਦੇ ਸਿਵਲ ਹਸਪਤਾਲ ਦੀ ਵਿਵਸਥਾ ਸੁਧਾਰਨ ਲਈ ਵਾਅਦੇ ਕਾਗਜ਼ੀ ਸਾਬਿਤ ਹੋਏ : ਸ਼ਰਮਾ

ਧੂਰੀ, 29 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਜਗਦੀਸ਼ ਸ਼ਰਮਾ ਅਤੇ ਜਨਰਲ ਸਕੱਤਰ ਸਰਬਜੀਤ ਸਿੰਘ ਰਾਜੋਮਾਜਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਹਲਕਾ ਧੂਰੀ ਵਿੱਚ ਸਥਿਤ ਸਿਵਲ ਹਸਪਤਾਲ ਜੋ ਕਿ ਪੰਜਾਬ ਸਰਕਾਰ ਵੱਲੋਂ 50 ਬੈੱਡਾਂ ਵਾਲਾ ਹਸਪਤਾਲ ਪ੍ਰਵਾਨ ਕੀਤਾ ਗਿਆ ਹੈ, ਲੰਬੇ ਸਮੇਂ ਤੋਂ ਬੁਨਿਆਦੀ ਸਹੂਲਤਾਂ ਅਤੇ ਮਾਹਿਰ ਡਾਕਟਰਾਂ ਦੀ ਘਾਟ ਕਾਰਨ ਹਾਲਾਤਾਂ ਦੀ ਮਾਰ ਸਹਿ ਰਿਹਾ ਹੈ। ਭਾਵੇਂ ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਨੇ ਲਗਭਗ ਇੱਕ ਸਾਲ ਪਹਿਲਾਂ ਇਥੇ ਦੌਰਾ ਕਰਕੇ ਮਰੀਜ਼ਾਂ ਨਾਲ ਰਾਬਤਾ ਕੀਤਾ ਸੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੀ ਜਾਣਕਾਰੀ ਲਈ ਸੀ। ਇਸ ਦੌਰਾਨ ਮੰਤਰੀ ਵੱਲੋਂ ਡਾਕਟਰਾਂ ਦੀ ਘਾਟ ਪੂਰੀ ਕਰਨ, ਦਵਾਈਆਂ ਮੁਹੱਈਆ ਕਰਵਾਉਣ ਅਤੇ ਸਫਾਈ ਵਿਵਸਥਾ ਨੂੰ ਸੁਧਾਰਨ ਦੀ ਵਚਨਬੱਧਤਾ ਜਤਾਈ ਗਈ ਸੀ, ਪਰ ਅੱਜ ਤੱਕ ਇਹ ਸਾਰੇ ਵਾਅਦੇ ਸਿਰਫ ਕਾਗਜ਼ੀ ਹੀ ਸਾਬਤ ਹੋਏ ਹਨ।

ਉਨ੍ਹਾਂ ਦੱਸਿਆ ਕਿ ਹਸਪਤਾਲ ਵਿੱਚ ਈ.ਐਨ.ਟੀ., ਬੱਚਿਆਂ ਦੇ ਮਾਹਿਰ, ਅੱਖਾਂ, ਚਮੜੀ, ਸਰਜਰੀ ਅਤੇ ਅਲਟਰਾਸਾਊਂਡ ਵਰਗੇ ਵਿਭਾਗਾਂ ਲਈ ਕੋਈ ਮਾਹਿਰ ਡਾਕਟਰ ਨਹੀਂ ਹਨ। ਬਦਕਿਸਮਤੀ ਨਾਲ, ਮੰਤਰੀ ਦੇ ਦੌਰੇ ਤੋਂ ਬਾਅਦ ਵੀ ਨਾ ਸਿਰਫ਼ ਘਾਟ ਪੂਰੀ ਨਹੀਂ ਹੋਈ, ਸਗੋਂ ਕੁਝ ਮਾਹਿਰ ਡਾਕਟਰ ਆਪਣੀਆਂ ਬਦਲੀਆਂ ਕਰਵਾ ਕੇ ਹਸਪਤਾਲ ਛੱਡ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਦੁਪਹਿਰ 2 ਵਜੇ ਤੋਂ ਬਾਅਦ ਹਸਪਤਾਲ ਵਿੱਚ ਕੋਈ ਵੀ ਡਾਕਟਰ ਹਾਜ਼ਰ ਨਹੀਂ ਹੁੰਦਾ, ਜਿਸ ਕਰਕੇ ਮਰੀਜ਼ ਮਜ਼ਬੂਰੀ ਵਸ਼ ਪ੍ਰਾਈਵੇਟ ਹਸਪਤਾਲਾਂ ਦੀ ਪਨਾਹ ਲੈਣ ਲਈ ਮਜਬੂਰ ਹੋ ਜਾਂਦੇ ਹਨ। ਅੱਖਾਂ ਦੇ ਲੈਂਜ਼ ਲਗਵਾਉਣ, ਦੰਦਾਂ ਦੇ ਸੈੱਟ, ਜਾਂ ਹੱਡੀਆਂ ਦੀ ਸਰਜਰੀ ਲਈ ਵੀ ਇਥੇ ਕੋਈ ਪ੍ਰਬੰਧ ਨਹੀਂ ਹੈ।

ਐਸੋਸੀਏਸ਼ਨ ਵੱਲੋਂ ਮੁੱਖ ਮੰਤਰੀ ਅਤੇ ਸਿਹਤ ਮੰਤਰੀ ਤੋਂ ਜੋਰਦਾਰ ਮੰਗ ਕੀਤੀ ਗਈ ਹੈ ਕਿ ਸਿਵਲ ਹਸਪਤਾਲ ਧੂਰੀ ਦੀ ਬੁਨਿਆਦੀ ਢਾਂਚਾਗਤ ਘਾਟ ਨੂੰ ਤੁਰੰਤ ਪੂਰਾ ਕੀਤਾ ਜਾਵੇ। ਇਹ ਹਾਲਾਤ ਪ੍ਰਸ਼ਾਸ਼ਨਿਕ ਅਣਦੇਖੀ, ਲਾਪਰਵਾਹੀ ਅਤੇ ਸੁਸਤੀ ਦਾ ਨਤੀਜਾ ਹਨ, ਜੋ ਕਿ ਸਿੱਧਾ ਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੈ।

# 20 ਲੱਖ ਦੀ ਲੁੱਟ ਮਾਮਲੇ 'ਚ ਕਥਿਤ ਨਿਹੰਗ ਸਿੰਘ ਗ੍ਰਿਫ਼ਤਾਰ: ਹੁਣ ਤੱਕ ਚਾਰ ਕਾਬੂ, ਦੋ ਅਜੇ ਵੀ ਫਰਾਰ !

ਬਠਿੰਡਾ, 29 ਜੁਲਾਈ (ਦੀਪਕ ਸ਼ਰਮਾ): ਲੰਘੀ 7 ਜੁਲਾਈ ਦੀ ਸ਼ਾਮ ਨੂੰ ਸ਼ਹਿਰ ਦੇ ਅਮਰੀਕ ਸਿੰਘ ਰੋਡ ਤੇ ਐਕਟਿਵਾ ਸਵਾਰ ਦੋ ਨੌਜਵਾਨਾਂ ਨੂੰ ਗੱਡੀ ਨਾਲ ਟੱਕਰ ਮਾਰ ਕੇ ਹਥਿਆਰਾਂ ਦੀ ਨੋਕ 'ਤੇ 20 ਲੱਖ ਰੁਪਏ ਲੁੱਟਣ ਦੇ ਮਾਮਲੇ ਵਿੱਚ ਥਾਣਾ ਕੋਤਵਾਲੀ ਪੁਲਿਸ ਨੇ ਇੱਕ ਕਥਿਤ ਨਿਹੰਗ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਮਾਮਲੇ ਵਿੱਚ ਪਹਿਲਾਂ ਹੀ ਤਿੰਨ ਹੋਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਸ ਤਰ੍ਹਾਂ ਪੁਲਿਸ ਇਸ ਮਾਮਲੇ ਵਿੱਚ ਹੁਣ ਤੱਕ ਕੁੱਲ 4 ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲ ਰਹੀ ਹੈ, ਜਦੋਂ ਕਿ ਦੋ ਮੁਲਜ਼ਮਾਂ ਦੀ ਗ੍ਰਿਫਤਾਰੀ ਅਜੇ ਬਾਕੀ ਹੈ। ਪੁਲਿਸ ਦਾ ਦਾਅਵਾ ਹੈ ਕਿ ਬਾਕੀ ਮੁਲਜ਼ਮਾਂ ਨੂੰ ਵੀ ਜਲਦ ਹੀ ਗ੍ਰਿਫਤਾਰ ਕਰਕੇ ਲੁੱਟੀ ਗਈ ਰਕਮ ਬਰਾਮਦ ਕਰ ਲਈ ਜਾਵੇਗੀ।ਇਸ ਸਬੰਧੀ ਡੀਐਸਪੀ ਸਿਟੀ ਵਨ ਸੰਦੀਪ ਸਿੰਘ ਭਾਟੀ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਹਰਜੋਤ ਸਿੰਘ, ਸੁਖਵਿੰਦਰ ਸਿੰਘ ਉਰਫ ਕਾਲਾ, ਬਿਕਰਮਜੀਤ ਸਿੰਘ ਅਤੇ ਨਿਹੰਗ ਸਿੰਘ ਤਾਰਾ ਸਿੰਘ ਵਜੋਂ ਹੋਈ ਹੈ। ਡੀਐਸਪੀ ਨੇ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ, ਜਦੋਂ ਕਿ ਬਚੇ ਹੋਏ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਪੁਲਿਸ ਟੀਮਾਂ ਛਾਪੇਮਾਰੀ ਕਰ ਰਹੀਆਂ ਹਨ। ਉਨ੍ਹਾਂ ਨੂੰ ਵੀ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।ਦੱਸਦੇ ਦਈਏ ਕਿ ਲੰਘੀ 7 ਜੁਲਾਈ ਦੀ ਸ਼ਾਮ ਨੂੰ ਅਮਰੀਕ ਸਿੰਘ ਰੋਡ ਤੇ ਇੱਕ ਸਕੂਟੀ ਸਵਾਰ ਨੂੰ ਕਾਰ ਸਵਾਰ ਨਿਹੰਗ ਸਿੰਘਾਂ ਨੇ ਟੱਕਰ ਮਾਰ ਦਿੱਤੀ ਸੀ। ਕਾਰ ਸਵਾਰ ਨਿਹੰਗਾਂ ਨੇ ਨੌਜਵਾਨ ਨੂੰ ਹੇਠਾਂ ਸੁੱਟ ਕੇ ਉਸਨੂੰ ਹਥਿਆਰ ਦਿਖਾ ਕੇ ਉਸਦੇ ਕੋਲੋਂ 20 ਲੱਖ ਰੁਪਏ ਦੀ ਨਕਦੀ ਵਾਲਾ ਬੈਗ ਖੋਹ ਲਿਆ ਅਤੇ ਮੌਕੇ ਤੋਂ ਫਰਾਰ ਹੋ ਗਏ ਸਨ। ਇਸ ਤੋਂ ਬਾਅਦ ਥਾਣਾ ਕੋਤਵਾਲੀ ਪੁਲਿਸ ਨੇ ਪੀੜਤ ਨੌਜਵਾਨ ਦੇ ਬਿਆਨਾਂ ਤੇ ਕਾਰ ਸਵਾਰ ਛੇ ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਸੀ।ਥਾਣਾ ਕੋਤਵਾਲੀ ਪੁਲਿਸ ਨੇ ਘਟਨਾ ਸਥਾਨ ਦੇ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਮਦਦ ਨਾਲ ਸਭ ਤੋਂ ਪਹਿਲਾਂ ਕਾਰ ਚਾਲਕ ਨੌਜਵਾਨ ਹਰਜੋਤ ਸਿੰਘ ਨੂੰ ਗ੍ਰਿਫਤਾਰ ਕੀਤਾ, ਉਸ ਤੋਂ ਬਾਅਦ ਉਸਦੇ ਸਾਥੀ ਸੁਖਵਿੰਦਰ ਸਿੰਘ ਉਰਫ ਕਾਲਾ ਅਤੇ ਬਿਕਰਮਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ। ਉੱਥੇ ਹੀ, ਬੀਤੇ ਦਿਨਾਂ ਵਿੱਚ ਪੁਲਿਸ ਟੀਮ ਨੇ ਚੌਥੇ ਮੁਲਜ਼ਮ ਨਿਹੰਗ ਸਿੰਘ ਦਾ ਬਾਣਾ ਪਾਉਣ ਵਾਲੇ ਤਾਰਾ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ, ਜਿਸਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁੱਛਗਿੱਛ ਲਈ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ।

# ਸਾਬਕਾ ਕੈਬਨਿਟ ਮੰਤਰੀ ਮਲੂਕਾ ਵੱਲੋਂ ਹਰਨੇਕ ਸਿੰਘ ਮਠਾੜੂ ਨਾਲ ਹਮਦਰਦੀ ਦਾ ਪ੍ਰਗਟਾਵਾ



ਭਗਤਾ ਭਾਈ ਕਾ, 29 ਜੁਲਾਈ (ਸਵਰਨ ਸਿੰਘ ਭਗਤਾ): ਸਥਾਨਕ ਸ਼ਹਿਰ ਵਿਖੇ ਸਥਿਤ ਮਠਾੜੂ ਮਕੈਨੀਕਲ ਵਰਕਸ ਦੇ ਸੰਚਾਲਕ ਹਰਨੇਕ ਸਿੰਘ ਮਠਾੜੂ ਦੇ ਛੋਟੇ ਭਰਾ ਹਰਜੀਤ ਸਿੰਘ ਮਠਾੜੂ (ਬਾਘਾ ਪੁਰਾਣਾ)ਦੀ ਪਿਛਲੇ ਦਿਨੀਂ ਮੌਤ ਹੋ ਗਈ ਸੀ ਜਿਸ 'ਤੇ ਸਿਕੰਦਰ ਸਿੰਘ ਮਲੂਕਾ ਸਾਬਕਾ ਮੰਤਰੀ ਨੇ ਹਰਨੇਕ ਸਿੰਘ ਮਠਾੜੂ ਨਾਲ ਉਨ੍ਹਾਂ ਦੇ ਛੋਟੇ ਭਰਾ ਹਰਜੀਤ ਸਿੰਘ ਮਠਾੜੂ ਦੀ ਬੇ ਵਕਤੀ ਮੌਤ 'ਤੇ ਉਨ੍ਹਾਂ ਨਾਲ ਦੁੱਖ ਸਾਂਝਾ ਕਰਨ ਉਨ੍ਹਾਂ ਦੇ ਗ੍ਰਹਿ ਵਿਖੇ ਪੁੱਜੇ ਅਤੇ ਮਠਾੜੂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਇਸ ਮੌਕੇ ਉਨ੍ਹਾਂ ਦੇ ਨਾਲ ਗਗਨਦੀਪ ਸਿੰਘ ਗਰੇਵਾਲ ਸਾਬਕਾ ਚੇਅਰਮੈਨ, ਮਨਜੀਤ ਸਿੰਘ ਧੁੰਨਾਂ ਪ੍ਰਧਾਨ ਬੀਸੀ ਵਿੰਗ, ਨਿਰਮਲ ਸਿੰਘ ਹੀਰੋ ਇੰਡਸਟਰੀ ਵਾਲੇ, ਸਤਵਿੰਦਰਪਾਲ ਸਿੰਘ ਪਿੰਦਰ, ਸੁਖਜਿੰਦਰ ਸਿੰਘ ਖਹਿਰਾ ਅਤੇ ਹੋਰ ਅਕਾਲੀ ਆਗੂ ਤੇ ਵਰਕਰ ਹਾਜ਼ਰ।

# ਲੈਬਾਰਟਰੀ ਐਸੋਸੀਏਸ਼ਨ ਬਲਾਕ ਭਗਤਾ ਭਾਈ ਦੀ ਚੋਣ



ਭਗਤਾ ਭਾਈ ਕਾ 29 ਜੁਲਾਈ (ਸਵਰਨ ਸਿੰਘ ਭਗਤਾ)ਸਥਾਨਕ ਸ਼ਹਿਰ ਵਿਖੇ ਲੈਬੋਰਟਰੀ ਐਸੋਸੀਏਸ਼ਨ ਬਲਾਕ ਭਗਤਾ ਭਾਈ ਦੀ ਮੀਟਿੰਗ ਹੋਈ,ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਲੈਬੋਰਟਰੀ ਟੈਕਨੀਸ਼ੀਅਨ ਉਹਨਾਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਦੌਰਾਨ ਬਲਾਕ ਦੇ ਸਮੂਹ ਟੈਕਨੀਸ਼ੀਅਨ ਦੀ ਹਾਜ਼ਰੀ ਵਿੱਚ ਪੁਰਾਣੀ ਬਾਡੀ ਭੰਗ ਕਰਕੇ ਨਵੀਂ ਬਲਾਕ ਬਾਡੀ ਦੀ ਚੋਣ ਕੀਤੀ ਗਈ ਜਿਸ ਦੌਰਾਨ ਰਜੇਸ਼ ਕੁਮਾਰ ਗਰਗ ਬਲਾਕ ਚੇਅਰਮੈਨ,ਸੁਖਦੀਪ ਸਿੰਘ ਸਿੱਧੂ ਬਲਾਕ ਪ੍ਰਧਾਨ ,ਵਾਈਸ ਚੇਅਰਮੈਨ ਮਨਜੀਤ ਸ਼ਰਮਾ, ਵਾਈਸ ਪ੍ਰਧਾਨ ਮਨਦੀਪ ਸਿੰਘ, ਕੈਸ਼ੀਅਰ ਵਿਪਨ ਕੁਮਾਰ ਅਤੇ ਨਾਇਬ ਸਿੰਘ ਸੈਕਟਰੀ ਚੁਣਿਆ ਗਿਆ।ਇਸ ਮੌਕੇ ਨਵੀਂ ਚੁਣੀ ਗਈ ਬਾਡੀ ਨੇ ਵਿਸ਼ਵਾਸ ਦਿਵਾਇਆ ਕਿ ਉਹ ਐਸੋਸੀਏਸ਼ਨ ਦੇ ਬਿਹਤਰੀ ਲਈ ਦਿਨ ਰਾਤ ਮਿਹਨਤ ਕਰਨਗੇ।

# ਮੁਫਤ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਨਵਦੀਪ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੂਨਕ ਵਿਖੇ 14 ਅਗਸਤ ਨੂੰ ਲਗਾਇਆ ਜਾਵੇਗਾ

ਮੂਨਕ,29 ਜੁਲਾਈ (ਸਮਸ਼ੇਰ ਸਿੰਘ ਭੁਟਾਲ): ਐਸ.ਬੀ.ਆਈ. ਕਾਰਡ ਵੱਲੋਂ ਕੈਂਸਰ ਖਿਲਾਫ ਵਿੱਢੀ ਜੰਗ ਤਹਿਤ ਸੰਗਰੂਰ ਜ਼ਿਲ੍ਹੇ ਵਿੱਚ ਵਰਲਡ ਕੈਂਸਰ ਕੇਅਰ ਦੀ ਸਹਾਇਤਾ ਨਾਲ ਮੁਫਤ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਵਰਲਡ ਕੈਂਸਰ ਕੇਅਰ ਦੇ ਗਲੋਬਲ ਅਬੈਂਸਡਰ ਡਾ. ਕੁਲਵੰਤ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਜੇਕਰ ਕੈਂਸਰ ਦੇ ਲੱਛਣਾਂ ਨੂੰ ਪਹਿਲਾਂ ਹੀ ਪਹਿਚਾਣ ਲਿਆ ਜਾਵੇ ਤਾਂ ਕੈਂਸਰ ਬਣਨ ਤੋਂ ਰੋਕਿਆ ਜਾ ਸਕਦਾ ਹੈ। ਇਸ ਵਾਰ ਅਗਸਤ ਮਹੀਨੇ ਵਿੱਚ ਐਸ.ਬੀ.ਆਈ. ਕਾਰਡ ਐਂਡ ਪੇਮੈਂਟ ਸਰਵਿਸਜ਼ ਲਿਮਟਿਡ ਦੀ ਸਹਾਇਤਾ ਨਾਲ ਸੰਗਰੂਰ ਜ਼ਿਲ੍ਹੇ ਦੇ 16 ਵੱਖ ਵੱਖ ਸ਼ਹਿਰਾਂ ਵਿੱਚ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਵਰਲਡ ਕੈਂਸਰ ਕੇਅਰ ਦੇ ਪੰਜਾਬ ਚੈਪਟਰ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਲਗਾਏ ਜਾ ਰਹੇ ਹਨ। ਜਾਣਕਾਰੀ ਦਿੰਦਿਆਂ ਹੋਏ ਸ਼੍ਰੀ ਕਰਮਵੀਰ ਸਿੰਗਲਾ (ਮੈਨੇਜਮੈਂਟ ਮੈਂਬਰ) ਨੇ ਦੱਸਿਆ ਹੈ ਕਿ ਕੈਂਪ ਨਵਦੀਪ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੂਨਕ ਵਿਖੇ 14 ਅਗਸਤ ਨੂੰ ਸਵੇਰੇ 10 ਵਜੇ ਤੋਂ 4 ਵਜੇ ਤੱਕ ਲੱਗੇਗਾ। ਇਸ ਮੌਕੇ ਕੈਂਪ ਵਿੱਚ ਕੈਂਸਰ ਅਵੇਅਰਨੈਸ, ਸ਼ੂਗਰ ਅਤੇ ਬੀ.ਪੀ. ਚੈਕ ਅਪ, ਮਰਦਾਂ ਦੇ ਗਦੂਦਾਂ ਦੀ ਜਾਂਚ ਲਈ ਪੀ.ਐਸ.ਏ. ਟੈਸਟ, ਬਲੱਡ ਕੈਂਸਰ ਦੀ ਜਾਂਚ, ਮੂੰਹ, ਗਲੇ ਅਤੇ ਹੱਡੀਆਂ ਦੀ ਜਾਂਚ, ਔਰਤਾਂ ਦੀ ਛਾਤੀ ਲਈ ਮੈਮੋਗ੍ਰਾਫੀ ਟੈਸਟ, ਬੱਚੇਦਾਨੀ ਦੇ ਪੈਪ ਸਮੇਅਰ ਟੈਸਟ ਅਤੇ ਕੈਂਸਰ ਮਰੀਜ਼ਾਂ ਨੂੰ ਸਹੀ ਸਲਾਹ ਦਿੱਤੀ ਜਾਵੇਗੀ।



# ਪਟਿਆਲਾ-ਆਸ/ਪਾਸ



## 6 ਮਹੀਨੇ ਪੁਰਾਣੇ ਪਰ ਅਣਸ਼ੁਰੂ ਵਰਕ ਆਰਡਰ ਹੋਣਗੇ ਕੈਂਸਲ, ਨਵੇਂ ਸਿਰੇ ਤੋਂ ਹੋਵੇਗੀ ਕਾਰਵਾਈ : ਮੇਅਰ, ਕਮਿਸ਼ਨਰ



ਪਟਿਆਲਾ, 29 ਜੁਲਾਈ (ਰੁਪਾਣਾ) : ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਵਿੱਚ ਲੋਕ ਪੱਖੀ ਕੰਮਾਂ ਨੂੰ ਲੈ ਕੇ ਚਲ ਰਹੀਆਂ ਧੀਮੀ ਰਫ਼ਤਾਰ ਅਤੇ ਅਣਸ਼ੁਰੂ ਕੰਮਾਂ ਵੱਲ ਗੰਭੀਰਤਾ ਨਾਲ ਧਿਆਨ ਦਿੱਤਾ ਗਿਆ ਹੈ। ਮੇਅਰ ਅਤੇ ਕਮਿਸ਼ਨਰ ਨੇ ਇਕੱਠੇ ਹੋ ਕੇ ਇਨ੍ਹਾਂ ਮੁੱਦਿਆਂ 'ਤੇ ਵਿਚਾਰ ਕਰਦਿਆਂ ਫੈਸਲਾ ਲਿਆ ਹੈ ਕਿ ਉਹ ਸਾਰੇ ਵਰਕ ਆਰਡਰ ਜੋ ਦਸੰਬਰ 2024 ਤੋਂ ਪਹਿਲਾਂ ਜਾਰੀ ਹੋ ਚੁੱਕੇ ਹਨ ਅਤੇ ਜਿਨ੍ਹਾਂ 'ਤੇ ਅਜੇ ਤੱਕ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਜਾਂ ਕੰਮ ਦੀ ਸ਼ੁਰੂਆਤ ਨਹੀਂ ਹੋਈ, ਉਨ੍ਹਾਂ ਨੂੰ ਤੁਰੰਤ ਰੱਦ ਕੀਤਾ ਜਾਵੇ। ਉਪਰੋਕਤ ਫੈਸਲਾ ਮੇਅਰ ਨਗਰ ਨਿਗਮ ਪਟਿਆਲਾ ਦੀ ਰਿਪੋਰਟ 'ਤੇ ਅਧਾਰਤ ਹੈ, ਜਿਸ 'ਚ ਇਹ ਗੱਲ ਸਾਹਮਣੇ ਆਈ ਕਿ ਕਈ ਸਿਵਲ ਕਾਰਜ ਵਰਕ ਆਰਡਰ ਜਾਰੀ ਹੋਣ ਦੇ ਬਾਵਜੂਦ ਕੰਮ ਸ਼ੁਰੂ ਨਹੀਂ ਹੋ ਸਕੇ। ਇਹ ਸਿਰਫ ਨਿਗਮ ਦੀ ਵਿਸ਼ਵਾਸ਼ 'ਤੇ ਸਵਾਲ ਨਹੀਂ ਖੜੇ ਕਰਦਾ, ਸਗੋਂ ਇਸ ਨਾਲ ਆਮ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸੜਕਾਂ, ਨਾਲ਼ੇ ਆਦਿ ਦੀ ਮੁਰੰਮਤ, ਪਾਣੀ ਦੀ ਲਾਈਨਾਂ, ਅਤੇ ਨਾਲਿਆਂ ਦੀ ਸਫਾਈ ਵਰਗੇ ਮੁੱਦੇ ਦੇਰ ਹੋਣ ਕਾਰਨ ਲੋਕ ਹੈਰਾਨ ਹਨ। ਮੇਅਰ ਕੁੰਦਨ ਗੋਗੀਆ ਨੇ ਸਖ਼ਤ ਰਵੱਈਆ ਅਪਣਾਉਂਦੇ ਹੋਏ ਕਿਹਾ ਕਿ ਕੰਮ ਜਾਰੀ ਨਾ ਹੋਣ ਨਾਲ ਨਗਰ ਨਿਗਮ ਦੀ ਛਵੀ 'ਤੇ ਵੀ ਅਸਰ ਪੈ ਰਿਹਾ ਹੈ। ਜਿਨ੍ਹਾਂ ਠੇਕੇਦਾਰਾਂ ਜਾਂ ਏਜੰਸੀਆਂ ਨੇ ਕੰਮ ਸ਼ੁਰੂ ਨਹੀਂ ਕੀਤਾ, ਉਨ੍ਹਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਕਮਿਸ਼ਨਰ ਪਰਮਵੀਰ ਸਿੰਘ ਨੇ ਵੀ ਦੱਸਿਆ ਕਿ ਨਵੇਂ ਸਿਰੇ ਤੋਂ ਵਰਕ ਆਰਡਰ ਜਾਰੀ ਕਰਨ ਦੀ ਪ੍ਰਕਿਰਿਆ ਤੁਰੰਤ ਸ਼ੁਰੂ ਕੀਤੀ ਜਾਵੇਗੀ ਅਤੇ ਜਿਨ੍ਹਾਂ ਕੰਮਾਂ ਦੀ ਜ਼ਰੂਰਤ ਹੋਵੇਗੀ, ਉਨ੍ਹਾਂ ਨੂੰ ਤਰਜੀਹ ਦੇ ਕੇ ਪਹਿਲ ਦਿੱਤੀ ਜਾਵੇਗੀ। ਇਸ ਫੈਸਲੇ ਨਾਲ ਇੱਕ ਪਾਸੇ ਜਿੱਥੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਹੋਣ ਦੀ ਉਮੀਦ ਬਣੀ ਹੈ, ਉੱਥੇ ਦੂਜੇ ਪਾਸੇ ਠੇਕੇਦਾਰਾਂ ਅਤੇ ਵਿਭਾਗਾਂ ਨੂੰ ਵੀ ਸਾਫ ਸੁਨੇਹਾ ਗਿਆ ਹੈ ਕਿ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਪੰਚਮੀ ਦੇ ਸ਼ੁੱਭ ਦਿਹਾੜੇ 'ਤੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਵੱਡੀ ਗਿਣਤੀ 'ਚ ਸੰਗਤਾਂ ਹੋਈਆਂ ਨਤਮਸਤਕ





ਪਟਿਆਲਾ, 29 ਜੁਲਾਈ (ਰੁਪਾਣਾ/ ਅਮਰਜੀਤ ਸਿੰਘ/ਵਿਨੋਦ ਸ਼ਰਮਾ) : ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਪਟਿਆਲਾ ਵਿਖੇ ਅੱਜ ਪੰਚਮੀ ਦਾ ਦਿਹਾੜਾ ਬੜੇ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵੱਲੋਂ ਪੰਚਮੀ ਮੌਕੇ ਦੀਵਾਨ ਹਾਲ ਵਿਖੇ ਵਿਸ਼ੇਸ਼ ਦੀਵਾਨ ਸਜਾਏ ਗਏ। ਦੀਵਾਨਾਂ ਅੰਦਰ ਪੰਥ ਪ੍ਰਸਿੱਧ ਪ੍ਰਚਾਰਕ ਅਤੇ ਢਾਡੀ ਸਾਹਿਬਾਨ ਵੱਲੋਂ ਗੁਰ ਇਤਿਹਾਸ ਨਾਲ ਜੋੜਿਆ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨਤਮਸਤਕ ਹੋ ਕੇ ਜਿੱਥੇ ਗੁਰੂ ਚਰਨਾਂ 'ਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਤਾਂ ਉੱਥੇ ਹੀ ਸੰਗਤ ਨਾਲ ਗੁਰਮਤਿ ਵਿਚਾਰਾਂ ਦੀ ਵੀ ਸਾਂਝ ਪਾਈ। ਸ. ਸੁਰਜੀਤ ਸਿੰਘ ਗੜ੍ਹੀ ਨੇ ਬੋਲਦਿਆਂ ਕਿਹਾ ਕਿ ਅੱਜ ਹਰ ਪਾਸਿਆਂ ਤੋਂ ਸਿੱਖੀ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਪਰ ਗੁਰੂ ਪਾਤਸ਼ਾਹ ਜੀ ਦੇ ਆਸ਼ੀਰਵਾਦ ਸਦਕਾ ਸਿੱਖੀ ਦਾ ਇਹ ਬੂਟਾ ਲਗਾਤਾਰ ਵਧ ਫੁੱਲ ਰਿਹਾ ਹੈ। ਇਸ ਮੌਕੇ ਤਾਜ਼ਾ ਘਟਨਾਕ੍ਰਮ ਤਰਨ ਤਾਰਨ ਦੀ ਰਹਿਣ ਵਾਲੀ ਬੱਚੀ ਗੁਰਪ੍ਰੀਤ ਕੌਰ ਦੀ ਉਦਾਹਰਨ ਦਿੰਦਿਆਂ ਕਿਹਾ ਕਿ ਉਸ ਬੱਚੀ ਨੇ ਦਰਸਾ ਦਿੱਤਾ ਹੈ ਕਿ ਸਿੱਖ ਆਪਣੀ ਜ਼ਿੰਦਗੀ ਦੀਆਂ ਸੁੱਖ ਸੁਵਿਧਾਵਾਂ ਉਸ ਦੇ ਸੁਪਨੇ ਤਾਂ ਦਾਅ 'ਤੇ ਲਗਾ ਸਕਦਾ ਹੈ ਪਰ ਸਿੱਖੀ ਤੋਂ ਮੁਨਕਰ ਹੋਣਾ ਕਦੀ ਬਰਦਾਸ਼ਤ ਨਹੀਂ ਕਰ ਸਕਦਾ। ਸ. ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਪੰਚਮੀ ਵਾਲੇ ਦਿਨ ਗੁ. ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਇਸ਼ਨਾਨ ਦਾ ਬਹੁਤ ਵੱਡਾ ਮਹਾਤਮ ਹੈ। ਅੱਜ ਇਸ ਮੌਕੇ ਵੱਡੀ ਗਿਣਤੀ 'ਚ ਸੰਗਤ ਨਤਮਸਤਕ ਹੋ ਰਹੀ ਹੈ। ਅਸੀਂ ਗੁਰਦੁਆਰਾ ਸਾਹਿਬ ਵੱਲੋਂ ਸਭ ਨੂੰ ਜੀ ਆਇਆਂ ਨੂੰ ਕਹਿੰਦੇ ਹਾਂ। ਇਸ ਮੌਕੇ ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਅੰਮ੍ਰਿਤਧਾਰੀ ਹੋ ਕੇ ਪੰਥ ਕੌਮ 'ਤੇ ਆ ਰਹੀਆਂ ਮੁਸ਼ਕਲਾਂ ਨੂੰ ਇੱਕ ਜੁੱਟ ਹੋ ਕੇ ਸਰ ਕਰਨ ਦੀ ਗੱਲ ਕਹੀ। ਇਸ ਮੌਕੇ ਸ. ਭਾਗ ਸਿੰਘ ਮੈਨੇਜਰ ਗੁ. ਦੂਖ ਨਿਵਾਰਨ ਸਾਹਿਬ ਵੱਲੋਂ ਵੀ ਸੰਗਤ ਨੂੰ ਜੀ ਆਇਆਂ ਨੂੰ ਕਿਹਾ ਗਿਆ। ਇਸ ਵਿਸ਼ੇਸ਼ ਮੌਕੇ 'ਤੇ ਵਧੀਕ ਮੈਨੇਜਰ ਸ. ਜਸਵਿੰਦਰ ਸਿੰਘ, ਮੀਤ ਮੈਨੇਜਰ ਸ. ਜਸਵਿੰਦਰ ਸਿੰਘ, ਸ. ਮਨਦੀਪ ਸਿੰਘ ਮੀਤ ਮੈਨੇਜਰ, ਸ. ਸਰਬਜੀਤ ਸਿੰਘ ਰਿਕਾਰਡ ਕੀਪਰ, ਸ. ਹਜ਼ੂਰ ਸਿੰਘ ਰਿਕਾਰਡ ਕੀਪਰ, ਸ. ਮਨਜੀਤ ਸਿੰਘ ਰਿਕਾਰਡ ਕੀਪਰ, ਭਾਈ ਪਰਵਿੰਦਰ ਸਿੰਘ ਰਿਊਂਦ ਪ੍ਰਚਾਰਕ, ਭਾਈ ਜਸਵੀਰ ਸਿੰਘ ਐੱਮ.ਏ. ਪ੍ਰਚਾਰਕ, ਭਾਈ ਅਵਤਾਰ ਸਿੰਘ ਪ੍ਰਚਾਰਕ, ਭਾਈ ਲਖਵੀਰ ਸਿੰਘ ਪ੍ਰਚਾਰਕ, ਭਾਈ ਸੁਖਜੀਤ ਸਿੰਘ ਢਾਡੀ ਜਥਾ, ਭਾਈ ਸੁਖਜਿੰਦਰ ਸਿੰਘ ਚੰਗਿਆੜਾ ਢਾਡੀ ਜਥਾ, ਭਾਈ ਗੁਰਪ੍ਰੀਤ ਸਿੰਘ ਜੋਹਰ ਸਮੇਤ ਬਹੁਤ ਸਾਰੇ ਪੰਥ ਪ੍ਰਸਿੱਧ ਢਾਡੀ ਜਥੇ ਅਤੇ ਪੰਥਕ ਸ਼ਖਸੀਅਤਾਂ ਹਾਜ਼ਰ ਸਨ।

## ਮਾਤਾ ਦੁਰਗਾ ਅਤੇ ਮਹਾਰਾਜਾ ਅਗਰਸੈਨ ਦੀ ਮੂਰਤੀ ਦਾ ਸਥਾਪਨਾ ਦਿਵਸ ਮਨਾਇਆ

ਸਮਾਣਾ, 29 ਜੁਲਾਈ (ਵਿਜੇ ਕੁਮਾਰ/ ਜਵੰਦਾ) : ਸਥਾਨਕ ਅਗਰਵਾਲ ਧਰਮਸ਼ਾਲਾ ਵਿਖੇ ਪ੍ਰਧਾਨ ਸ੍ਰੀ ਮਦਨ ਮਿੱਤਲ



ਅਤੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਮੰਦਿਰ ਵਿਖੇ ਸ਼ਸ਼ੋਭਿਤ ਮਾਤਾ ਦੁਰਗਾ ਜੀ ਅਤੇ ਮਹਾਰਾਜਾ ਅਗਰਸੈਨ ਜੀ ਦੀ ਮੂਰਤੀ ਦਾ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਸ੍ਰੀ ਰਮਾਇਣ ਦੇ ਪਾਠ ਦੇ ਭੋਗ ਪਾਏ ਗਏ ਅਤੇ ਲੰਗਰ ਦਾ ਭੰਡਾਰਾ ਲਗਾਇਆ ਗਿਆ। ਇਸ ਮੌਕੇ ਅਗਰਵਾਲ ਧਰਮਸ਼ਾਲਾ ਦੀ ਸਮੂਹ ਪ੍ਰਬੰਧਕ ਕਮੇਟੀ ਵਲੋਂ ਮੂਰਤੀ ਭੇਂਟ ਕਰਨ ਵਾਲੇ ਪ੍ਰਵੀਨ ਬਿੱਟੂ, ਆਸ਼ੀਸ਼ ਬਾਂਸਲ ਅਤੇ ਸ੍ਰੀ ਮਾਨ ਬਾਂਸਲ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਰੋੜਾ ਬਿਰਾਦਰੀ ਦੇ ਪ੍ਰਧਾਨ ਹੈਪੀ ਚੀਗੜਾ, ਬੀ ਕੇ ਗਗਗ ਮੀਨਾ, ਲਵ ਗੋਇਲ ਲਵਲੀ, ਪ੍ਰਵੀਨ ਸ਼ਰਮਾ, ਪ੍ਰਦੀਪ ਗੋਇਲ ਮਿੰਕਾ, ਸੰਜੀਵ ਗੁਪਤਾ, ਆੜ੍ਹਤੀ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਨਰਿੰਦਰ ਗਰਗ,ਅਨੁਰੁਧ ਗਰਗ, ਪਵਨ ਗਰਗ, ਵਿਜੇ ਅਗਰਵਾਲ, ਰਾਮ ਬਾਂਸਲ, ਲਵ ਮਿੱਤਲ, ਅਸ਼ਵਨੀ ਸਿੰਗਲਾ, ਅਨੂਪ ਗੋਇਲ, ਜੀਵਨ ਮਿੱਤਲ ਬਘਰੋਲ, ਸ਼ਸ਼ੀ ਭੂਸ਼ਣ, ਰਵੀ ਗਰਗ ਟੀਮਾ, ਨਰਿੰਦਰ ਪੱਮੀ, ਨੀਰਜ਼ ਬਾਂਸਲ, ਰਮਨ ਗੁਪਤਾ, ਸੁਮੀਤ ਗਰਗ ਅਤੇ ਅਗਰਵਾਲ ਧਰਮਸ਼ਾਲਾ ਦੁਰਗਾ ਸੰਕੀਰਤਨ ਮੰਡਲੀ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਵੀ ਹਾਜ਼ਰ ਸਨ।

## ਉਪ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਨੇ ਪੁਰਾਣੇ ਪਾਰਟੀ ਵਰਕਰਾਂ ਨਾਲ ਕੀਤੀ ਮੁਲਾਕਾਤ



ਘਨੌਰ, 29 ਜੁਲਾਈ (ਮਦਨ ਲਾਲ) : ਆਮ ਆਦਮੀ ਪਾਰਟੀ ਦੇ ਸਪੋਰਟਸ ਵਿੰਗ ਪੰਜਾਬ ਦੇ ਪ੍ਰਧਾਨ ਅਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਉਪ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਨੇ ਅੱਜ ਘਨੌਰ ਵਿਧਾਨ ਸਭਾ ਹਲਕੇ ਵਿੱਚ ਆਮ ਆਦਮੀ ਪਾਰਟੀ ਦੇ ਫਾਊਂਡਰ ਮੈਂਬਰਾਂ ਅਤੇ ਟਕਸਾਲੀ ਵਰਕਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਪਾਰਟੀ ਦੇ ਪੁਰਾਣੇ ਵਰਕਰਾਂ ਵੱਲੋਂ ਆਪਣੀਆਂ ਪਰੇਸ਼ਾਨੀਆਂ ਅਤੇ ਮੁੱਦੇ ਉਠਾਏ ਗਏ। ਉਨ੍ਹਾਂ ਨੇ ਪਾਰਟੀ ਵਿਚ ਆਪਣੇ ਯੋਗਦਾਨ, ਸੰਗਠਨਿਕ ਢਾਂਚੇ ਅਤੇ ਸਥਾਨਕ ਮਸਲਿਆਂ ਬਾਰੇ ਵਿਚਾਰ ਸਾਂਝੇ ਕੀਤੇ। ਮਨਿੰਦਰਜੀਤ ਸਿੰਘ ਵਿੱਕੀ ਨੇ ਉਨ੍ਹਾਂ ਦੀਆਂ ਗੱਲਾਂ ਧਿਆਨ ਨਾਲ ਸੁਣਦਿਆਂ ਭਰੋਸਾ ਦਿਵਾਇਆ ਕਿ ਪੁਰਾਣੇ ਅਤੇ ਟਕਸਾਲੀ ਵਰਕਰ ਪਾਰਟੀ ਦੀ ਧਰੋਹਰ ਹਨ, ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਜਲਦ ਹੱਲ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਲੋਕਾਂ ਦੇ ਭਲੇ ਦੇ ਲਈ ਕੰਮ ਕਰ ਰਹੀ ਹੈ ਅਤੇ ਪਿਛਲੇ ਤਿੰਨ ਸਾਲਾਂ ਦੇ ਵਿੱਚ ਪਾਰਟੀ ਦੇ ਵੱਲੋਂ ਘਰ-ਘਰ ਰੁਜ਼ਗਾਰ ਤਹਿਤ 54 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ, ਮੁੱਖ ਮੰਤਰੀ ਸਿਹਤ ਬੀਮਾ ਤਹਿਤ 10 ਲੱਖ ਰੁਪਏ ਤੱਕ ਮੁਫ਼ਤ ਇਲਾਜ, 104 ਦੇ ਕਰੀਬ ਨਵੀਆਂ ਐਂਬੂਲੈਂਸਾਂ, ਸਰਕਾਰੀ ਹਸਪਤਾਲ ਨੂੰ ਅਪਗ੍ਰੇਡ ਕਰਨਾ, ਕਿਸਾਨਾਂ ਦੇ ਖੇਤਾਂ ਤੱਕ ਟੇਲਾਂ ਰਾਹੀਂ ਪਾਣੀ ਪਹੁੰਚਾਉਣਾ, 600 ਯੂਨਿਟ ਮੁਫਤ ਹਰ ਘਰ ਨੂੰ ਬਿਜਲੀ ਮੁਹੱਈਆ, ਪੰਜਾਬ ਦੀਆਂ ਵਿਰਾਸਤੀ ਖੇਡਾਂ ਨੂੰ ਮੁੜ ਸੁਰਜੀਤ ਕਰਨਾ, ਖਿਡਾਰੀਆਂ ਲਈ ਖੇਡਾਂ ਵਤਨ ਪੰਜਾਬ ਦੀਆਂ ਆਦਿ ਅਜਿਹੀ ਬਹੁਤ ਸਾਰੀਆਂ ਲੋਕ ਭਲਾਈ ਦੀਆਂ ਸਕੀਮਾਂ ਨਾਲ ਪੰਜਾਬ ਦੇ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਉਹਨਾਂ ਨਾਲ ਜ਼ਿਲ੍ਹਾ ਬੁੱਧੀ ਜੀਵੀ ਵਿੰਗ ਦੇ ਜੁਆਇੰਟ ਸਕੱਤਰ ਅਮਰ ਸਿੰਘ ਸੈਣੀ ਰਾਮ ਨਗਰ ਸੈਣੀਆਂ, ਧਰਮ ਸਿੰਘ ਸੇਹਰਾ ਸਰਕਲ ਇੰਚਾਰਜ, ਮਨਦੀਪ ਸਿੰਘ ਸੇਹਰੀ, ਰਤਨ ਸਿੰਘ ਜੇ.ਈ. ,ਜਨਕ ਰਾਜ ਭਦੱਕ ਸਰਕਲ ਇੰਚਾਰਜ ਆਮ ਆਦਮੀ ਪਾਰਟੀ, ਰਤਨ ਸਿੰਘ ਰਾਮ ਨਗਰ, ਸਤਨਾਮ ਸਿੰਘ ਖੜੌਲੀ, ਜੱਗੀ ਭੰਗੂ ਹਰਪਾਲਪੁਰ ਸਮੇਤ ਹੋਰ ਪਾਰਟੀ ਦੇ ਪੁਰਾਣੇ ਆਗੂ ਹਾਜ਼ਰ ਸਨ।

## ਪਿੰਡ ਰੋਹਟੀ ਬਸਤਾਂ 'ਚ ਤੀਆਂ ਦਾ ਤਿਉਹਾਰ ਮਨਾਇਆ



ਪਟਿਆਲਾ, 29 ਜੁਲਾਈ (ਰੁਪਾਣਾ) : ਪੰਜਾਬੀ ਸੱਭਿਆਚਾਰ ਦੀ ਤਰਜਮਾਨੀ ਕਰਦਾ ਤੀਆਂ ਦਾ ਤਿਉਹਾਰ ਸਾਵਣ ਮਹੀਨੇ ਵਿੱਚ ਖਾਸ ਮਹੱਤਵ ਰੱਖਦਾ ਹੈ ਇਸ ਦਿਨ ਨਵ ਵਿਆਹੀਆਂ ਕੁੜੀਆਂ ਆਪਣੀਆਂ ਸਹੇਲੀਆਂ ਨਾਲ ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ। ਇਸ ਸੱਭਿਆਚਾਰ ਨੂੰ ਪਿਛਲੇ 5 ਸਾਲਾਂ ਤੋਂ ਪਰਫੁਲਤ ਕਰਦੇ ਹੋਏ ਉੱਘੇ ਸਮਾਜ ਸੇਵੀ ਅਤੇ ਵਧੀਆ ਪ੍ਰਬੰਧਕ ਸ਼ਰਨਜੀਤ ਕੌਰ ਮਾਨ ਅਤੇ ਹਰਿੰਦਰ ਕੌਰ ਪਿੰਡ ਰੋਹਟੀ ਬਸਤਾ ਵੱਲੋਂ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਦੌਰਾਨ ਡਾ. ਕਿਰਨਦੀਪ ਧਾਲੀਵਾਲ ਅਤੇ ਡਾ., ਸਿਮਰਨਜੀਤ ਬਰਾੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਸਮੇਂ ਮੁਟਿਆਰਾਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਲਈ ਸਕਿਟ ਪੇਸ਼ ਕੀਤੇ ਜਿਵੇਂ ਗਿੱਧਾ ਸੋਲੋ ਡਾਂਸ ਬੋਲੀਆਂ ਭੰਗੜਾ ਅਤੇ ਗੀਤ ਗਾ ਕੇ ਰੌਣਕਾਂ ਲਾਈਆਂ ਅਤੇ ਵਧੀਆ ਪੇਸ਼ਕਾਰੀ ਨਲ ਵਾਹ ਵਾਹ ਖੱਟੀ। ਇਸ ਦੌਰਾਨ ਛੋਟੀ ਬੱਚੀ ਆਫ਼ਰੀਨ ਬਰਾੜ ਅਤੇ ਸ਼ਾਹੀਨ ਵੱਲੋਂ ਵੀ ਬੋਲੀਆਂ ਪਾ ਕੇ ਪੇਸ਼ਕਾਰੀ ਕੀਤੀ। ਇਸ ਮੌਕੇ ਪ੍ਰਦੀਪ ਕੌਰ ਮਨਰੂਪ ਇਸ਼ਾਂਤ, ਅਮਨਦੀਪ, ਪਰਮਜੀਤ ਮਨਪ੍ਰੀਤ ਗੁਰਕਮਲ ਦਮਨਪ੍ਰੀਤ ਕੌਰ ਵੱਲੋਂ ਖੂਬ ਬੋਲੀਆਂ ਪਾਈਆਂ ਅਤੇ ਬਲਜਿੰਦਰ ਕੌਰ ਕੰਵਲਪ੍ਰੀਤ ਕਿਰਨਦੀਪ ਸਿਮਰਨਜੀਤ ਕੌਰ ਵੱਲੋਂ ਨੱਚ ਕੇ ਸਾਰਿਆਂ ਦਾ ਦਿੱਲ ਮੋਹ ਲਿਆ ਮਾਤਾ ਜੀ ਸਰਦਾਰਨੀ ਨਰਿੰਦਰ ਕੌਰ ਗਿੱਲ ਵੱਲੋਂ ਸਭ ਨੂੰ ਤੀਆਂ ਦੀਆਂ ਵਧਾਈਆਂ ਦਿੱਤੀਆਂ।

## 900 ਗ੍ਰਾਮ ਸੁਲ਼ਫੇ ਦੀਆਂ ਬੱਤੀਆਂ ਬ੍ਰਾਮਦ

ਪਟਿਆਲਾ, 29 ਜੁਲਾਈ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀਆਂ ਕੁਲਦੀਪ ਸਿੰਘ, ਸੋਨੀਆ ਵਾਸੀ ਪਿੰਡ ਪਹਾੜਪੁਰ, ਸੰਦੀਪ ਕੌਰ ਵਾਸੀ ਪਿੰਡ ਰੋਹਟੀ ਛੰਨਾ ਥਾਣਾ ਸਦਰ ਨਾਭਾ ਹਾਲ ਪਿੰਡ ਪਹਾੜਪੁਰ ਵਿਰੁੱਧ ਧਾਰਾ 20, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਹਰਭਜਨ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਦੁੱਧੜ ਪਾਸ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀਆਂ ਸੁਲਫਾ ਵੇਚਣ ਲਈ ਆਪਣੇ ਬਿਨ੍ਹਾ ਨੰਬਰੀ ਮੋਟਰਸਾਇਕਲ 'ਤੇ ਸਵਾਰ ਹੋ ਕੇ ਪਿੰਡ ਦੁੱਧੜ ਨੂੰ ਜਾਂਦੀ ਲਿੰਕ ਰੋਡ ਤੇ ਖੱਬੇ ਹੱਥ ਕੱਚੇ ਰਸਤੇ ਪਰ ਖੜ੍ਹੇ ਹਨ, ਜੋ ਰੇਡ ਕਰਨ ਪਰ ਦੋਸ਼ੀ ਕੁਲਦੀਪ ਸਿੰਘ ਮੋਟਰਸਾਇਕਲ ਸਮੇਤ ਫਰਾਰ ਹੋ ਗਿਆ ਤੇ ਕਥਿਤ ਦੋਸ਼ੀ ਮਹਿਲਾਵਾਂ ਨੂੰ ਕਾਬੂ ਕਰਕੇ 900 ਗ੍ਰਾਮ ਸੁਲਫੇ ਦੀਆਂ ਬੱਤੀਆਂ ਬ੍ਰਾਮਦ ਹੋਈਆਂ।

## ਮੋਦੀ ਕਾਲਜ ਵਿਖੇ ਦੋ ਦਿਨਾਂ ਵਿਦਿਆਰਥੀ ਓਰੀਐਂਟੇਸ਼ਨ ਪ੍ਰੋਗਰਾਮ ਨਾਲ ਸ਼ੁਰੂ ਹੋਇਆ ਨਵਾਂ ਅਕਾਦਮਿਕ ਸੈਸ਼ਨ



ਪਟਿਆਲਾ, 29 ਜੁਲਾਈ (ਰੁਪਾਣਾ) : ਸਥਾਨਕ ਮਲਤਾਨੀ ਮਲ ਮੋਦੀ ਕਾਲਜ, ਪਟਿਆਲਾ ਵੱਲੋਂ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਲਈ ਦੋ ਦਿਨਾਂ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮਕਸਦ ਵਿਦਿਆਰਥੀਆਂ ਨੂੰ ਕਾਲਜ ਦੀ ਅਕਾਦਮਿਕ ਪਰੰਪਰਾ, ਮੂਲ ਮਾਨਤਾਵਾਂ ਅਤੇ ਅਕਾਦਮਿਕ ਸੱਭਿਆਚਾਰ ਨਾਲ ਜਾਣੂੰ ਕਰਵਾਉਣ ਦੇ ਨਾਲ-ਨਾਲ ਇਸ ਕਾਲਜ ਨੂੰ ਖ਼ੁਦਮੁਖ਼ਤਿਆਰ ਦਰਜਾ ਮਿਲਣ ਤੋਂ ਬਾਅਦ ਵਿਦਿਆਰਥੀਆਂ ਲਈ ਉਪਲੱਬਧ ਸੁਵਿਧਾਵਾਂ, ਨਵੇਂ ਸ਼ੁਰੂ ਕੀਤੇ ਕੋਰਸਾਂ ਅਤੇ ਵੱਖ-ਵੱਖ ਵਿਭਾਗਾਂ ਬਾਰੇ ਜਾਣਕਾਰੀ ਦੇਣੀ ਸੀ। ਕਾਲਜ ਦੇ ਪ੍ਰਿੰਸੀਪਲ ਡਾ. ਨੀਰਜ ਗੋਇਲ ਨੇ ਇਸ ਓਰੀਐਂਟੇਸ਼ਨ ਪ੍ਰੋਗਰਾਮ ਦਾ ਉਦਘਾਟਨ ਕੀਤਾ ਅਤੇ ਨਵੇਂ ਵਿਦਿਆਰਥੀਆਂ ਦਾ ਕਾਲਜ ਕੈਂਪਸ ਵਿੱਚ ਸਵਾਗਤ ਕੀਤਾ। ਉਨ੍ਹਾਂ ਨੇ ਕਿਹਾ ਕਿ ਮਨੁੱਖੀ ਸਮਰੱਥਾ ਅਤੇ ਯੋਗਤਾਵਾਂ ਦੀ ਕੋਈ ਹੱਦ ਨਹੀਂ ਹੁੰਦੀ, ਪਰ ਜੀਵਨ ਵਿੱਚ ਸਫਲ ਹੋਣ ਲਈ ਵਿਦਿਆਰਥੀਆਂ ਨੂੰ ਪੇਸ਼ੇਵਰ, ਤਕਨੀਕੀ ਅਤੇ ਆਲੋਚਨਾਤਮਕ ਹੁਨਰ ਸਿੱਖਣੇ ਚਾਹੀਦੇ ਹਨ। ਡਾ. (ਲੈਫ.) ਰੋਹਿਤ ਸਚਦੇਵਾ, ਡੀਨ ਅਕਾਦਮਿਕ ਨੇ ਵਿਦਿਆਰਥੀਆਂ ਨਾਲ ਨਵੇਂ ਸ਼ੁਰੂ ਕੀਤੇ ਐਡ-ਆਨ ਸਰਟੀਫਿਕੇਟ ਅਤੇ ਡਿਪਲੋਮਾ ਕੋਰਸਾਂ, ਇੰਟਰਨਸ਼ਿਪ ਟ੍ਰੇਨਿੰਗਾਂ, ਪਲੇਸਮੈਂਟ ਸੈੱਲ ਅਤੇ ਫਿਨਿਸ਼ਿੰਗ ਸਕੂਲ ਪ੍ਰੋਗਰਾਮਾਂ ਬਾਰੇ ਚਰਚਾ ਕੀਤੀ। ਡਾ. ਕੁਲਦੀਪ ਕੁਮਾਰ, ਕੰਟਰੋਲਰ ਪ੍ਰੀਖਿਆਵਾਂ ਨੇ ਸਾਲਾਨਾ ਕੈਲੰਡਰ, ਯੂਨਿਟ ਪਲਾਨਿੰਗ, ਲਾਜ਼ਮੀ ਲੈਕਚਰ ਹਾਜ਼ਰੀ, ਡਿਜ਼ੀ-ਲੌਕਰਜ਼ ਅਤੇ ਹੋਰ ਪ੍ਰਸ਼ਾਸਕੀ ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ। ਡਾ. ਅਜੀਤ ਕੁਮਾਰ, ਰਜਿਸਟਰਾਰ ਨੇ ਐਂਟੀ-ਰੈਗਿੰਗ ਸੈੱਲ ਦੀਆਂ ਨੀਤੀਆਂ ਅਤੇ ਕਾਲਜ ਦੇ ਨਿਯਮਾਂ-ਕਾਇਦਿਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਡਾ. ਰਾਜੀਵ ਸ਼ਰਮਾ, ਮੁਖੀ, ਰਸਾਇਣ ਵਿਭਾਗ ਨੇ ਰੈੱਡ ਰਿਬਨ ਕਲੱਬ ਅਤੇ ਬੱਡੀ ਪ੍ਰੋਗਰਾਮ ਦੀ ਮਹੱਤਤਾ ਤੇ ਚਰਚਾ ਕੀਤੀ। ਪ੍ਰੋ. ਜਗਦੀਪ ਕੌਰ, ਇੰਚਾਰਜ ਵੂਮੈਨ ਸੈੱਲ ਨੇ ਕਾਲਜ ਵਿੱਚ ਲੜਕੀਆਂ ਲਈ ਉਪਲੱਬਧ ਸੁਵਿਧਾਵਾਂ ਅਤੇ ਵੂਮੈਨ ਸੈੱਲ ਦੀ ਕਾਰਗੁਜ਼ਾਰੀ ਬਾਰੇ ਦੱਸਿਆ। ਡਾ. ਦੀਪਿਕਾ ਸਿੰਗਲਾ, ਡੀਨ ਪਬਲਿਕੇਸ਼ਨ ਨੇ ਕਾਲਜ ਦੀ ਪਬਲਿਕੇਸ਼ਨ ਵਿੰਗ ਦੀ ਮਹੱਤਤਾ ਬਾਰੇ ਦੱਸਿਆ। ਡਾ. ਸੁਮੀਤ ਕੁਮਾਰ, ਡੀਨ ਖੇਡਾਂ ਅਤੇ ਫਲਾਇੰਗ ਅਫਸਰ, ਐਨ.ਸੀ.ਸੀ (ਏਅਰ ਵਿੰਗ) ਦੇ ਫਲਾਇੰਗ ਅਫਸਰ ਨੇ ਵਿਦਿਆਰਥੀਆਂ ਲਈ ਐਨ.ਸੀ.ਸੀ ਏਅਰ ਵਿੰਗ ਲਈ ਯੋਗਤਾ ਅਤੇ ਇਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਡਾ. (ਲੈਫ) ਨਿਧੀ ਰਾਣੀ ਗੁਪਤਾ ਨੇ ਵੀ ਐਨ.ਸੀ.ਸੀ ਦੀ ਭੂਮਿਕਾ ਅਤੇ ਯੋਗਤਾ ਬਾਰੇ ਵਿਸਥਾਰ ਨਾਲ ਦੱਸਿਆ। ਡਾ. ਗਣੇਸ਼ ਸੈਠੀ, ਕੰਪਿਊਟਰ ਵਿਗਿਆਨ ਵਿਭਾਗ ਨੇ ਐਸ.ਸੀ /ਬੀ.ਸੀ /ਅਲਪ ਸੰਖਿਅਕ ਵਿਦਿਆਰਥੀਆਂ ਲਈ ਸਕਾਲਰਸ਼ਿਪ ਯੋਜਨਾਵਾਂ ਅਤੇ ਜਨਰਲ ਸਟੱਡੀ ਸਰਕਲ ਦੀਆਂ ਗਤੀਵਿਧੀਆਂ ਬਾਰੇ ਦੱਸਿਆ। ਡਾ. ਹਰਮੋਹਨ ਸ਼ਰਮਾ ਨੇ ਕਾਲਜ ਵਿੱਚ ਵਿਦਿਆਰਥੀਆਂ ਦੇ ਸਿਰਜਣਾਤਮਿਕ ਅਤੇ ਬਹੁਪੱਖੀ ਵਿਕਾਸ ਲਈ ਚੱਲ ਰਹੀਆਂ ਵੱਖ-ਵੱਖ ਸੁਸਾਇਟੀਆਂ, ਕਲੱਬਾਂ ਅਤੇ ਵਾਲ ਮੈਗਜ਼ੀਨਾਂ ਦੀ ਮਹੱਤਤਾ ਬਾਰੇ ਜਾਣੂੰ ਕਰਵਾਇਆ। ਡਾ. ਨਿਸ਼ਾਨ ਸਿੰਘ, ਡੀਨ ਸਟੂਡੈਂਟ ਵੇਲਫੇਅਰ ਨੇ ਖੇਡ ਵਿਭਾਗ ਦੀਆਂ ਉਪਲਬਧੀਆਂ ਅਤੇ ਗਤੀਵਿਧੀਆਂ ਬਾਰੇ ਦੱਸਿਆ। ਉਨ੍ਹਾਂ ਵਿਦਿਆਰਥੀਆਂ ਨੂੰ ਘੱਟੋ ਘੱਟ ਇੱਕ ਖੇਡ ਵਿੱਚ ਭਾਗ ਲੈਣ ਲਈ ਉਤਸ਼ਾਹਤ ਕੀਤਾ। ਡਾ. ਰੁਪਿੰਦਰ ਸਿੰਘ, ਪੰਜਾਬੀ ਵਿਭਾਗ ਨੇ ਭਾਰਤ ਸਕਾਊਟਸ ਐਂਡ ਗਾਈਡਜ਼ (ਬੀ.ਸੀ.ਜੀ ) ਇੰਚਾਰਜ ਨੇ ਇਸ ਵਿੰਗ ਦੀ ਭਰਤੀ ਪ੍ਰਕਿਰਿਆ ਅਤੇ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਪ੍ਰੋ. ਵਿਨੇ ਗਰਗ, ਮੁਖੀ, ਕੰਪਿਊਟਰ ਵਿਗਿਆਨ ਵਿਭਾਗ ਨੇ ਕਾਲਜ ਦੇ ਇੰਫਰਮੇਸ਼ਨਲ ਸਿਸਟਮ ਅਤੇ ਐਲ.ਏ.ਐੱਮ.ਐੱਸ ਦੀ ਵਰਤੋਂ ਬਾਰੇ ਵਿਸਥਾਰ ਨਾਲ ਦੱਸਿਆ। ਉਪਰੋਕਤ ਸਾਰੇ ਜਾਣਕਾਰੀ ਸੈਸ਼ਨ ਡਾ. ਸੰਜੈ ਕੁਮਾਰ, ਪ੍ਰੋ. ਪਰਮਿੰਦਰ ਕੌਰ, ਡਾ. ਗਗਨਦੀਪ ਕੌਰ, ਡਾ. ਵੀਰਪਾਲ ਕੌਰ, ਡਾ. ਵਨੀਤ ਕੌਰ ਅਤੇ ਡਾ. ਵੀਨੂ ਜੈਨ ਦੀ ਅਗਵਾਈ ਹੇਠ ਕਰਵਾਏ ਗਏ। ਇਹ ਪ੍ਰੋਗਰਾਮ ਸਾਰੇ ਅਧਿਆਪਕਾਂ ਦੇ ਸਹਿਯੋਗ ਅਤੇ ਸਹਿਕਾਰ ਨਾਲ ਸਫਲਤਾਪੂਰਕ ਸਿਰੇ ਚੜ੍ਹਿਆ।

## ਵਿਸ਼ਾਲ ਗਰਗ ਦੀ ਯਾਦ 'ਚ ਲਾਇਨ ਭਵਨ ਵਿੱਚ ਫਿਜ਼ੀਓਥੈਰੇਪੀ ਸੈਂਟਰ ਖੋਲ੍ਹਿਆ



ਸਮਾਣਾ, 29 ਜੁਲਾਈ (ਵਿਜੇ ਕੁਮਾਰ) : ਲਾਇਨਜ਼ ਕਲੱਬ ਸਮਾਣਾ ਨੇ ਪ੍ਰਧਾਨ ਪਵਨ ਬਾਂਸਲ ਦੀ ਅਗਵਾਈ ਹੇਠ, ਲਾਇਨਜ਼ ਭਵਨ ਪਰਿਸਰ ਵਿੱਚ ਸਵਰਗੀ ਵਿਸ਼ਾਲ ਗਰਗ ਦੀ ਯਾਦ ਵਿੱਚ ਇੱਕ ਚੈਰੀਟੇਬਲ ਫਿਜ਼ੀਓਥੈਰੇਪੀ ਸੈਂਟਰ ਖੋਲ੍ਹਿਆ, ਜਿਸਦਾ ਉਦਘਾਟਨ ਜ਼ਿਲ੍ਹਾ ਗਵਰਨਰ ਲਾਇਨ ਜੰਡੂ ਅਤੇ ਵਿਸ਼ਾਲ ਗਰਗ ਦੇ ਪਿਤਾ ਵਿਜੇ ਗਰਗ ਨੇ ਕੀਤਾ। ਪ੍ਰਧਾਨ ਪਵਨ ਬਾਂਸਲ, ਸਕੱਤਰ ਡਾ. ਨਰੇਸ਼ ਗੁਪਤਾ ਅਤੇ ਕੈਸ਼ੀਅਰ ਪ੍ਰਦੀਪ ਗੋਇਲ ਮਿੰਕਾ ਨੇ ਦੱਸਿਆ ਕਿ ਇਹ ਸੈਂਟਰ ਸਵਰਗੀ ਵਿਸ਼ਾਲ ਗਰਗ ਦੇ ਪਿਤਾ ਵਿਜੇ ਗਰਗ ਵੜੈਚਾ ਵਾਲੇ ਦੀ ਮਦਦ ਨਾਲ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਨੇ ਸੈਂਟਰ ਲਈ ਦੋ ਲੱਖ ਰੁਪਏ ਦਾਨ ਕੀਤੇ। ਕੋਈ ਵੀ ਲੋੜਵੰਦ ਮਰੀਜ਼ ਇਸ ਸੈਂਟਰ ਵਿੱਚ ਬਹੁਤ ਘੱਟ ਪੈਸੇ ਦੇ ਕੇ ਆਪਣਾ ਇਲਾਜ ਕਰਵਾ ਸਕੇਗਾ। ਸੈਂਟਰ ਦੇ ਉਦਘਾਟਨ ਤੋਂ ਬਾਅਦ, ਨਵ-ਨਿਯੁਕਤ ਪ੍ਰਧਾਨ ਪਵਨ ਬਾਂਸਲ ਦੀ ਪੂਰੀ ਟੀਮ ਨੇ ਚਾਰਜ ਸੰਭਾਲਿਆ। ਡਾ. ਹੇਮ ਰਾਜ ਨੇ ਫਿਜ਼ੀਓਥੈਰੇਪੀ ਸੈਂਟਰ ਲਈ ਵ੍ਹੀਲ ਚੇਅਰ ਭੇਟ ਕੀਤੀ। ਇਸ ਮੌਕੇ ਸਾਬਕਾ ਜ਼ਿਲ੍ਹਾ ਗਵਰਨਰ ਦਿਨੇਸ਼ ਸੂਦ, ਅਜੈ ਗੋਇਲ, ਲਵ ਮਿੱਤਲ, ਸੁਰਿੰਦਰ ਮਿੱਤਲ, ਮਹਿੰਦਰ ਸਿੰਘ ਧੀਮਾਨ ਰਾਕੇਸ਼ ਆਦਿ ਮੌਜੂਦ ਸਨ।

## ਸੂਰਬੀਰਾਂ ਵੱਲੋਂ ਦੇਸ਼ ਕੌਮ ਲਈ ਦਿੱਤੀਆਂ ਕੁਰਬਾਨੀਆਂ ਸਦਕਾ ਅਸੀਂ ਅੱਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ : ਵਿਧਾਇਕ ਪਠਾਣਮਾਜਰਾ



ਦੇਵੀਗੜ੍ਹ, 29 ਜੁਲਾਈ (ਗੁਰਜੀਤ ਸਿੰਘ ਢੋਟ ) : ਸ਼ਹੀਦ ਊਧਮ ਸਿੰਘ ਕੰਬੋਜ, ਭਗਤ ਸਿੰਘ, ਰਾਜਗੁਰੂ, ਕਰਤਾਰ ਸਿੰਘ ਸਰਾਭਾ ਵਰਗੇ ਦੇਸ਼ ਭਗਤ ਸੂਰਬੀਰਾਂ ਵੱਲੋਂ ਦੇਸ਼, ਕੌਮ ਲਈ ਦਿੱਤੀਆਂ ਆਪਣੀਆਂ ਕੁਰਬਾਨੀਆਂ ਸਦਕਾ ਅਸੀਂ ਅੱਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਕਰਦੀਆਂ ਹਨ ਉਹ ਸਦਾ ਚੜ੍ਹਦੀਆਂ ਕਲਾ ਵਿਚ ਰਹਿੰਦੀਆਂ ਹਨ। ਇਸ ਦਾ ਪ੍ਰਗਟਾਵਾ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਵੱਲੋਂ ਕੰਬੋਜ ਮਹਾਂ ਸਭਾ ਬਲਾਕ ਭੁਨਰਹੇੜੀ ਵੱਲੋਂ ਸ਼ਹੀਦ ਊਧਮ ਸਿੰਘ ਦੇ 85ਵੇਂ ਸ਼ਹੀਦੀ ਸਮਾਗਮ ਸਬੰਧੀ ਆਯੋਜਿਤ ਕੀਤੇ ਜਾ ਰਹੇ ਪ੍ਰੋਗਰਾਮ 'ਤੇ ਆਪਣੀ ਪ੍ਰਤੀਕਿਰਿਆ ਪ੍ਰਗਟ ਕਰਦੇ ਹੋਏ ਕੀਤਾ। ਪਠਾਣਮਾਜਰਾ ਨੇ ਸ਼ਹੀਦ ਊਧਮ ਸਿੰਘ ਵੱਲੋਂ ਦੇਸ਼ ਕੌਮ ਲਈ ਦਿੱਤੀ ਆਪਣੀ ਕੁਰਬਾਨੀ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੂੰ ਪ੍ਰਣਾਮ ਕੀਤਾ ਅਤੇ ਕਿਹਾ ਕਿ ਕੰਬੋਜ ਬਰਾਦਰੀ ਦੇਸ਼ ਸ਼੍ਰੋਮਣੀ ਸ਼ਹੀਦ ਨੇ ਜਿੱਥੇ ਦੇਸ਼ ਦਾ ਨਾਂ ਦੁਨੀਆਂ ਵਿਚ ਉਜਾਗਰ ਕੀਤਾ ਉੱਥੇ ਕੰਬੋਜ ਭਾਈਚਾਰੇ ਦਾ ਨਾਂ ਵੀ ਅੱਜ ਦੁਨੀਆਂ ਵਿਚ ਸ਼ਹੀਦ ਊਧਮ ਸਿੰਘ ਕਰਕੇ ਹਰ ਕੋਈ ਜਾਣਦਾ ਹੈ। ਪਠਾਣਮਾਜਰਾ ਨੇ ਕਿਹਾ ਕਿ ਕੰਬੋਜ ਮਹਾ ਸਭਾ ਵੱਲੋਂ ਸ਼ਹੀਦ ਊਧਮ ਸਿੰਘ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਲਗਾਏ ਜਾ ਰਹੇ ਕੈਂਸਰ ਜਾਗਰੂਕ ਕੈਂਪ ਅਤੇ ਮੈਡੀਕਲ ਕੈਂਪਾਂ ਲਈ ਸੰਸਥਾ ਨੂੰ ਵਧਾਈ ਦਾ ਪਾਤਰ ਦੱਸਦੇ ਹੋਏ ਕਿਹਾ ਕਿ ਇਸ ਨਾਲ ਲੋੜਵੰਦਾਂ ਨੂੰ, ਜਿੱਥੇ ਮੈਡੀਕਲ ਸਹੂਲਤ ਮਿਲੇਗੀ, ਉੱਥੇ ਸ਼ਹੀਦ ਵੱਲੋਂ ਦਿੱਤੀ ਸ਼ਹਾਦਤ ਲਈ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਵੀ ਹੋਵੇਗੀ।

## ਬਲਸ਼ਿੰਦਰ ਕੌਰ 'ਤੇ ਲਿਖੀ ਪੁਸਤਕ 'ਪਹਿਲੀ ਅਧਿਆਪਕਾ' ਉੱਤੇ ਵਿਚਾਰ-ਚਰਚਾ



ਸਮਾਣਾ, 29 ਜੁਲਾਈ (ਸੁਖਜਿੰਦਰ ਸਿੰਘ ਕੁਲਾਰਾਂ) : ਪੰਜਾਬੀ ਲੇਖਕ ਸਭਾ ਸਮਾਣਾ ਵੱਲੋਂ ਵੀਰਇੰਦਰ ਘੰਗਰੋਲੀ ਦੀ ਪੁਸਤਕ ਉੱਤੇ ਵਿਚਾਰ ਚਰਚਾ ਹੋਈ। ਪੁਸਤਕ ਵਿਚਲੀ ਨਾਇਕਾ ਸ੍ਰੀਮਤੀ ਬਲਸ਼ਿੰਦਰ ਕੌਰ ਤੋਂ ਬਿਨ੍ਹਾਂ ਉਹਨਾਂ ਦਾ ਬੇਟਾ ਮਨਦੀਪ ਸਿੰਘ,ਬੇਟੀ ਗਗਨਦੀਪ ਕੌਰ , ਜਵਾਈ ਐਡਵੋਕੇਟ ਕਰਮਜੀਤ ਸਿੰਘ ਰੰਧਾਵਾ ਵੀ ਹਾਜ਼ਰ ਸਨ। ਇਹ ਪੁਸਤਕ ਉਸਦੀ ਅਧਿਆਪਿਕਾ ਬਲਸ਼ਿੰਦਰ ਕੌਰ ਦੀ ਜੀਵਨੀ ਹੈ। ਮੁੱਖ ਵਕਤਾ ਵਜੋਂ ਡਾ. ਇਕਬਾਲ ਸਿੰਘ ਸੋਮੀਆਂ ਪਬਲਿਕ ਕਾਲਜ ਸਮਾਣਾ ਨੇ ਚਰਚਾ ਕਰਦਿਆਂ ਕਿਹਾ ਕਿ ਇਹ ਪੁਸਤਕ ਵਰਤਮਾਨ ਸਮੇਂ ਅਧਿਆਪਕ ਦੀ ਬਣਦੀ ਭੂਮਿਕਾ ਨੂੰ ਉਜਾਗਰ ਕਰਨ ਵਾਲ਼ੀ ਤੇ ਸਿਰੜੀ ਜੀਵਨ ਦਾ ਬਿਰਤਾਂਤ ਹੈ। ਪੁਸਤਕ ਵਿੱਚੋਂ ਅਧਿਆਪਕ ਦੀ ਸ਼ਖ਼ਸੀਅਤ ਨੂੰ ਉਭਾਰਨ ਦਾ ਯਤਨ ਕੀਤਾ ਗਿਆ ਤੇ ਇਸ ਕਾਰਜ ਨੂੰ ਹੋਰ ਵੀ ਕਲਾਤਮਿਕ ਕਰਨ ਦੀ ਜ਼ਰੂਰਤ ਰੜਕਦੀ ਹੈ। ਡਾ. ਅਰਵਿੰਦਰ ਕੌਰ ਕਾਕੜਾ ਨੇ ਸੰਘਰਸ਼ ਭਰੇ ਜੀਵਨ ਦਾ ਬਿਰਤਾਂਤ ਸਿਰਜਣ ਲਈ ਲੇਖਕ ਨੂੰ ਵਧਾਈ ਦਿੱਤੀ। ਡਾ. ਦੀਦਾਰ ਸਿੰਘ ਹੋਰਾਂ ਨੇ ਚਰਚਾ ਕਰਦਿਆਂ ਇਸ ਪੁਸਤਕ ਨੂੰ ਚੰਗੀ ਪਿਰਤ ਕਿਹਾ ਤੇ ਨਾਲ਼ ਹੀ ਜੀਵਨੀ ਦੇ ਜ਼ਰੂਰੀ ਤੱਤਾਂ ਨੂੰ ਵਧੇਰੇ ਸ਼ਿੱਦਤ ਨਾਲ ਪੇਸ਼ ਕਰਨ ਉੱਤੇ ਜ਼ੋਰ ਦਿੱਤਾ। ਇਸ ਤੋਂ ਬਿਨਾਂ ਸੁਖਵਿੰਦਰ ਸਿੰਘ, ਜਗਮਿੰਦਰ ਪਾਲ ਸ਼ਰਮਾ, ਗੋਪਾਲ ਸ਼ਰਮਾ, ਇੰਦਰਜੀਤ ਸਿੰਘ ਪਰਵਾਜ਼, ਅੰਮ੍ਰਿਤਪਾਲ ਬਰਾੜ, ਜਗਤਾਰ ਨਿਮਾਣਾ, ਮਨਮੋਹਨ ਸਿੰਘ ਨਾਭਾ, ਜਗਦੀਪ ਸ਼ਰਮਾ, ਸੁਧੀਰ ਸ਼ਰਮਾ, ਜਗਤਾਰ ਨਿਮਾਣਾ, ਸਭਾ ਦੇ ਸਰਪ੍ਰਸਤ ਸਤਪਾਲ ਜੌਹਰੀ ਤੇ ਸਭਾ ਦੇ ਪ੍ਰਧਾਨ ਰਾਜਬੀਰ ਮੱਲ੍ਹੀ ਹੋਰਾਂ ਨੇ ਵਿਚਾਰ ਚਰਚਾ ਕੀਤੀ। ਮੰਚ ਸੰਚਾਲਨ ਤਰਲੋਚਨ ਮੀਰ ਨੇ ਖ਼ੂਬਸੂਰਤੀ ਨਾਲ਼ ਕੀਤਾ। ਸਮਾਰੋਹ ਵਿੱਚ ਸੁਰੇਸ਼ ਕੁਮਾਰ, ਪਵਨ ਕੁਮਾਰ, ਅਮਨਦੀਪ ਸਿੰਘ, ਗੁਰਜੀਤ ਸਿੰਘ, ਨੱਥਾ ਸਿੰਘ, ਗੁਰਦੀਪ ਸਿੰਘ, ਅਮਨਦੀਪ ਬੋਪਾਰਾਏ, ਜਸਵੰਤ ਸਿੰਘ, ਜਤਿੰਦਰ ਕੁਮਾਰ, ਗੁਰਿੰਦਰ ਗਹੀਰ, ਜਗਦੀਪ ਕੁਮਾਰ, ਅਮਰੀਕ ਸਿੰਘ,ਭੀਮ ਸਿੰਘ, ਭੁਪਿੰਦਰ ਸਿੰਘ, ਹਰਮਨਜੀਤ ਰੰਧਾਵਾ, ਜਸਵਿੰਦਰ ਸਿੰਘ, ਭੁਪਿੰਦਰ ਸਿੰਘ, ਦਲਜੀਤ ਸਿੰਘ ਗੁਰਵਿੰਦਰ ਪਾਲ ਸਿੰਘ, ਮਨਜੀਤ ਕੌਰ, ਭੂਸ਼ਨ ਕੁਮਾਰ, ਸੁਧੀਰ ਕੁਮਾਰ, ਬਲਵੰਤ ਪ੍ਰੀਤ, ਜਸਵੀਰ ਸਿੰਘ, ਜਗਮਿੰਦਰ ਪਾਲ ਸ਼ਰਮਾ, ਅਕਸ਼ਵਿੰਦਰ ਕੌਰ, ਮਨਿੰਦਰ ਕੌਰ, ਅਜੈਬ ਸਿੰਘ ਬਣਵਾਲਾ,ਸੋਨੀਆ, ਰਾਜਿੰਦਰ ਸਿੰਘ ਵੀ ਹਾਜ਼ਰ ਸਨ।

## ਜ਼ਿਲ੍ਹਾ ਸਾਂਝ ਕੇਂਦਰ ਨੇ ਵੱਖ-ਵੱਖ ਕਲੱਬਾਂ ਦੇ ਸਹਿਯੋਗ ਨਾਲ ਕਰਵਾਇਆ ਸੈਮੀਨਾਰ



ਪਟਿਆਲਾ, 29 ਜੁਲਾਈ (ਚ.ਨ.ਸ.) : ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੱਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਅਤੇ ਉੱਚ ਅਧਿਕਾਰੀਆਂ ਦੀ ਅਗਵਾਈ ਹੇਠ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੱਲੋਂ ਪਬਲਿਕ ਨੂੰ ਇੱਕ ਪਲੇਟਫਾਰਮ ਤੇ ਦਿੱਤੀਆਂ ਜਾ ਇੱਕਠੀਆਂ ਸੁਵਿਧਾਵਾਂ ਬਾਰੇ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ। ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸਾਰੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਗਿਆ। ਵਿਸ਼ੇਸ਼ ਤੌਰ 'ਤੇ ਇੰਸਪੈਕਟਰ ਧਰਮ ਸਿੰਘ, ਐਸ.ਆਈ. ਜਸਪਾਲ ਸਿੰਘ ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ.ਆਈ. ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ-1, ਐਸ.ਆਈ. ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ-2, ਰਾਜਿੰਦਰ ਸਿੰਘ ਥਿੰਦ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਵਰਿੰਦਰ ਸਿੰਘ ਖਰੋੜ ਅਪਰੇਟਰ ਸਾਂਝ ਕੇਂਦਰ, ਏ ਐਸ ਆਈ ਹਾਕਮ ਸਿੰਘ, ਏ.ਐਸ.ਆਈ. ਦੇਵੀ ਨੰਦ, ਗੁਰਪ੍ਰੀਤ ਸਿੰਘ, ਸਤਵੰਤ ਸਿੰਘ, ਨਵਕਿਰਨ ਸਿੰਘ, ਹਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਭਿੰਦਰ ਜਲਵੇੜਾ , ਹਰਮਨਜੀਤ ਸਿੰਘ ਰੰਧਾਵਾ ਵੀ ਹਜਾਰ ਸਨ। ਇਸ ਮੌਕੇ ਸੰਬੋਧਨ ਕਰਦਿਆ ਸੁਖਜਿੰਦਰ ਸਿੰਘ ਬਾਜਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਇੱਕ ਪਲੇਟਫਾਰਮ ਤੇ ਇਕੱਠੀਆਂ 44 ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ, ਜਿਸ ਵਿੱਚ ਅਸਲਾ ਲਾਇਸੈਂਸ, ਪਾਸਪੋਰਟ ਵੈਰੀਫਿਕੇਸ਼ਨ, ਕੋਈ ਵੀ ਦਸਤਾਵੇਜ਼ ਗੁੰਮ ਹੋਣ ਤੇ ਐਫ .ਆਈ. ਆਰ ਇਸ ਤੋਂ ਇਲਾਵਾ ਅਨੇਕਾਂ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ ਇਸ ਦਾ ਫਾਇਦਾ ਪਬਲਿਕ ਨੂੰ ਉਠਾਉਣਾ ਚਾਹੀਦਾ ਹੈ।

## 24 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 29 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਚਮਕੋਰ ਸਿੰਘ ਵਾਸੀ ਪਿੰਡ ਬਾਲਦ ਖੁਰਦ ਥਾਣਾ ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਰਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਬੱਸ ਅੱਡਾ ਬਹਾਦਰਗੜ੍ਹ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਸ਼ਰਾਬ ਵੇਚਣ ਲਈ ਪਿੰਡ ਦੋਣ ਕਲਾਂ ਪਾਸ ਖੜ੍ਹਾ ਕਿਸੇ ਗ੍ਰਾਹਕ ਦੀ ਉਡੀਕ ਕਰ ਰਿਹਾ ਹੈ, ਜੋ ਰੇਡ ਕਰਨ ਪਰ 24 ਬੋਤਲਾਂ ਸ਼ਰਾਬ ਕਲੱਬ ਮਾਲਟਾ ਹਰਿਆਣਾ ਦੀਆਂ ਬ੍ਰਾਮਦ ਹੋਈਆਂ।

## ਪਟਿਆਲਾ ਸੋਸ਼ਲ ਵੈਲ.ਫੇਅਰ ਸੁਸਾਇਟੀ ਪਿਛਲੇ 25 ਸਾਲਾਂ ਤੋਂ ਵਧੀਆ ਕਾਰਜ ਕਰ ਰਹੀ ਹੈ : ਡੀ.ਸੀ.

ਪਟਿਆਲਾ, 29 ਜੁਲਾਈ (ਚ.ਨ.ਸ.) : ਪਟਿਆਲਾ ਸ਼ੋਸ਼ਲ ਵੈਲਫੇਅਰ ਸੁਸਾਇਟੀ ਪਿਛਲੇ 25 ਸਾਲਾਂ ਤੋਂ ਵਧੀਆ ਕਾਰਜ ਕਰ ਰਹੀ ਹੈ ਅਤੇ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ ਕਿ ਸਿੰਗਲ ਵਰਤੋਂ ਵਾਲੇ ਪਲਾਸਟਿਕ ਨੂੰ ਨਾ ਵਰਤਿਆ ਜਾਵੇ। ਸਗੋਂ ਕੱਪੜੇ ਜਾਂ ਜੂਟ ਦੇ ਥੈਲੇ ਦੀ ਵਰਤੋ ਕੀਤੀ ਜਾਵੇ। ਸਟੇਟ ਬੈਂਕ ਆਫ ਪਟਿਆਲਾ ਅਤੇ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਵੀ ਇਸ ਲਈ ਹੌਸਲਾ ਅਫਜ਼ਾਈ ਕਰ ਰਿਹਾ ਹੈ। ਪਲਾਸਟਿਕ ਦੀ ਵਰਤੋ ਨਾਲ ਕੂੜੇ ਦੇ



ਢੇਰ ਲਗ ਜਾਂਦੇ ਹਨ ਅਤੇ ਇਹ ਹੜ ਲਿਆਉਣ ਵਿੱਚ ਸਹਾਇਕ ਹੁੰਦੇ ਹਨ। ਇਸ ਦੀ ਵਰਤੋ ਨਾਲ ਬੀਮਾਰ ਵੀ ਜਲਦੀ ਹੁੰਦੇ ਹਨ। ਇਹ ਵਿਚਾਰ ਡਾ. ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਪਟਿਆਲਾ ਨੇ ਬੱਚਿਆਂ ਲਈ ਕਾਪੀਆਂ ਰਿਲੀਜ਼ ਕਰਦੇ ਹੋਏ ਕਹੇ, ਜਿਸ ਵਿੱਚ ਬੱਚਿਆਂ ਲਈ ਪ੍ਰਦੂਸ਼ਨ ਦੂਰ ਕਰਨ ਦਾ ਸੰਦੇਸ਼ ਦਿੱਤਾ ਗਿਆ। ਸਾਰੇ ਲੋਕਾਂ ਨੂੰ ਆਪਣੇ ਆਲੇ ਦੁਆਲੇ ਸਾਫ-ਸੁੱਥਰਾ ਰੱਖਣਾ ਚਾਹੀਦਾ ਹੈ ਅਤੇ ਪਲਾਸਟਿਕ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਰਵੇ ਦੇ ਮੁਤਾਬਿਕ ਇਸ ਵਿੱਚ ਲਿਆਂਦਾ ਸਮਾਨ ਜਦਲੀ ਖਰਾਬ ਹੋ ਜਾਂਦਾ ਹੈ ਅਤੇ ਕੈਂਸਰ ਵਰਗੀ ਬੀਮਾਰੀ ਵੀ ਲਗ ਜਾਂਦੀ ਹੈ। ਇਸ ਸਾਰੇ ਲੋਕ ਜਾਗਰੂਕ ਹੋਣ, ਬੱਚੇ ਪੜਨ, ਲਿਖਣ ਅਤੇ ਬਿਮਾਰੀਆਂ ਤੋਂ ਬਚਣ ਇਹੀ ਪਟਿਆਲਾ ਸੋਸ਼ਲ ਵੈਲਫੇਅਰ ਦਾ ਉਦੇਸ਼ ਹੈ। ਇਸ ਮੌਕੇ ਵਿਜੈ ਕੁਮਾਰ ਗੋਇਲ ਪ੍ਰਧਾਨ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ , ਸ੍ਰੀਮਤੀ ਪ੍ਰੀਤੀ ਯਾਦਵ ਦਾ ਕਾਪੀਆਂ ਰੀਲੀਜ਼ ਲਈ ਧੰਨਵਾਦ ਕੀਤਾ ਗਿਆ।

## 4 ਅਗਸਤ ਤੋਂ ਜ਼ਿਲ੍ਹੇ ਦੇ ਸਾਰੇ ਡਾਕਘਰਾਂ 'ਚ ਐਡਵਾਂਸਡ ਡਾਕ ਤਕਨਾਲੋਜੀ ਲਾਗੂ ਹੋਵੇਗੀ

ਪਟਿਆਲਾ, 29 ਜੁਲਾਈ (ਰੁਪਾਣਾ) : ਤਕਨੀਕੀ ਕੁਸ਼ਲਤਾ ਨੂੰ ਮਜ਼ਬੂਤ ਕਰਨ ਲਈ ਭਾਰਤੀ ਡਾਕ ਵਿਭਾਗ ਵੱਲੋਂ ਨਵੀਂ ਪੀੜ੍ਹੀ ਦੀ ਐਡਵਾਂਸਡ ਡਾਕ ਤਕਨਾਲੋਜੀ (ਏਪੀਟੀ) ਲਾਗੂ ਕੀਤੀ ਜਾ ਰਹੀ ਹੈ। ਇਹ ਪ੍ਰਣਾਲੀ 4 ਅਗਸਤ 2025 ਤੋਂ ਜ਼ਿਲ੍ਹਾ ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ਦੇ ਸਾਰੇ ਡਾਕਘਰਾਂ ਵਿੱਚ ਲਾਗੂ ਕੀਤੀ ਜਾਵੇਗੀ। ਸੀਨੀਅਰ ਸੁਪਰਡੈਂਟ ਡਾਕਘਰ ਸ਼੍ਰੀ ਸਤਯਮ ਤਿਵਾੜੀ ਨੇ ਕਿਹਾ ਕਿ ਐਡਵਾਂਸਡ ਡਾਕ ਤਕਨਾਲੋਜੀ (ਏਪੀਟੀ) ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ, 2 ਅਗਸਤ 2025 ਨੂੰ ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਦੇ ਸਾਰੇ ਡਾਕਘਰਾਂ ਵਿੱਚ ਕੋਈ ਵਿੱਤੀ ਲੈਣ-ਦੇਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ੁੱਕਰਵਾਰ ਸ਼ਾਮ ਦੇ ਲੈਣ-ਦੇਣ ਤੋਂ ਬਾਅਦ ਸਾਰੇ ਡਾਕਘਰਾਂ ਵਿੱਚ ਡੇਟਾ ਮਾਈਗ੍ਰੇਸ਼ਨ, ਸਾਫਟਵੇਅਰ ਅੱਪਡੇਟ ਆਦਿ ਦਾ ਕੰਮ ਕੀਤਾ ਜਾਂਦਾ ਹੈ। ਇਸ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ, ਡਿਵੀਜ਼ਨ ਦੇ ਸਾਰੇ ਪੋਸਟਮਾਸਟਰਾਂ ਨੂੰ ਵੀ ਸਿਖਲਾਈ ਦਿੱਤੀ ਗਈ ਹੈ। 4 ਅਗਸਤ 2025 ਤੋਂ ਪਟਿਆਲਾ ਡਾਕਘਰ ਦੇ ਸਾਰੇ ਡਾਕਘਰਾਂ ਵਿੱਚ ਆਮ ਲੋਕਾਂ ਦਾ ਕੰਮ ਫਿਰ ਤੋਂ ਸੁਚਾਰੂ ਢੰਗ ਨਾਲ ਜਾਰੀ ਰਹੇਗਾ। 02 ਮੁੱਖ ਡਾਕਘਰ, 48 ਉਪ ਡਾਕਘਰ, 220 ਸ਼ਾਖਾ ਡਾਕਘਰ ਪੇਂਡੂ ਪੱਧਰ 'ਤੇ ਡਾਕ ਵਿਭਾਗ ਦੀਆਂ ਵੱਖ-ਵੱਖ ਸੇਵਾਵਾਂ ਪ੍ਰਦਾਨ ਕਰ ਰਹੇ ਹਨ, ਜਿਵੇਂ ਕਿ ਡਾਕ ਡਿਲੀਵਰੀ, ਵਿੱਤੀ ਲੈਣ-ਦੇਣ, ਡੋਰ ਸਟੈਪ ਬੈਂਕਿੰਗ ਸਹੂਲਤਾਂ ਅਤੇ ਬੀਮਾ ਸਹੂਲਤਾਂ ਆਦਿ, ਜਿਸ ਦਾ ਆਮ ਲੋਕ ਬਹੁਤ ਵਧੀਆ ਲਾਭ ਲੈ ਰਹੇ ਹਨ।



# ਪਟਿਆਲਾ-ਆਸ/ਪਾਸ



# ਭਾਸ਼ਾ ਵਿਭਾਗ ਵੱਲੋਂ 'ਜਨ ਸਾਹਿਤ' ਰਸਾਲੇ ਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਵਿਸ਼ੇਸ਼ ਅੰਕ ਲੋਕਅਰਪਣ

## ਵਿਭਾਗੀ ਸਰਗਰਮੀਆਂ ਬਾਰੇ ਪੁਸਤਕ 'ਭਾਸ਼ਾ ਵਿਭਾਗ ਨਵਾਂ ਆਗਾਜ਼' ਵੀ ਜਾਰੀ


ਪਟਿਆਲਾ, 29 ਜੁਲਾਈ (ਗੁਰਮੁੱਖ ਰੁਪਾਣਾ) : ਭਾਸ਼ਾ ਵਿਭਾਗ ਪੰਜਾਬ ਵੱਲੋਂ 'ਜਨ ਸਾਹਿਤ' ਰਸਾਲੇ ਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਵਿਸ਼ੇਸ਼ ਅੰਕ ਲੋਕ ਅਰਪਣ ਕੀਤਾ ਗਿਆ। ਵਿਭਾਗ ਵੱਲੋਂ 'ਤੇਗ ਬਹਾਦਰ ਸਿਮਰਿਐ' ਦੇ ਸਿਰਲੇਖ ਅਧੀਨ ਸਮਾਗਮਾਂ ਦੀ ਲੜੀ 'ਚ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਸ੍ਰੀਨਗਰ ਵਿਖੇ ਹੋਏ ਸਮਾਗਮ ਦੌਰਾਨ ਪੰਜਾਬ ਸਰਕਾਰ ਦੇ ਸਿੱਖਿਆ ਤੇ ਭਾਸ਼ਾ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਵਿਭਾਗੀ ਰਸਾਲੇ ਦਾ ਵਿਸ਼ੇਸ਼ ਅੰਕ ਰਿਲੀਜ਼ ਕੀਤਾ। ਵਿਭਾਗੀ ਸਰਗਰਮੀਆਂ ਬਾਰੇ ਪੁਸਤਕ 'ਭਾਸ਼ਾ ਵਿਭਾਗ-ਨਵਾਂ ਅਗਾਜ਼' ਵੀ ਲੋਕ ਅਰਪਣ ਕੀਤੀ ਗਈ। ਇਸ ਮੌਕੇ 'ਗੁਰ ਵਿਚਾਰ' ਸਿਰਲੇਖ ਤਹਿਤ ਹੋਏ ਸਮਾਗਮ ਦੌਰਾਨ ਉੱਘੇ ਚਿੰਤਕ ਡਾ. ਅਮਰਜੀਤ ਸਿੰਘ ਗਰੇਵਾਲ ਨੇ ਮੁੱਖ ਵਕਤਾ ਵਜੋਂ ਭਾਸ਼ਣ ਦਿੱਤਾ। ਪਦਮ ਸ਼੍ਰੀ ਸੁਰਜੀਤ ਪਾਤਰ ਚੇਅਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮੁਖੀ ਡਾ. ਜਗਦੀਸ਼ ਕੌਰ 'ਤੇ ਪ੍ਰਿੰ. ਵਰਿੰਦਰ ਕੌਰ ਨੇ ਵੀ ਸੰਬੋਧਨ ਕੀਤਾ। ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਸਾਵਗਤੀ ਭਾਸ਼ਣ ਦੌਰਾਨ ਕਿਹਾ ਕਿ ਅਸੀਂ ਜਿਨ੍ਹਾਂ ਆਪਣੇ ਇਤਿਹਾਸ ਬਾਰੇ ਸਪੱਸ਼ਟ ਤੇ ਸਹੀ ਤਰ੍ਹਾਂ ਜਾਣੂ ਹੋਵਾਂਗੇ, ਉਨ੍ਹਾਂ ਹੀ ਸਾਡਾ ਵਰਤਮਾਨ ਵਧੀਆ ਹੋਵੇਗਾ ਕਿਉਂਕਿ ਤੁਹਾਡਾ ਇਤਿਹਾਸ ਹੀ ਤਹਾਡੀ ਦਸ਼ਾ ਤੇ ਦਿਸ਼ਾ ਤੈਅ ਕਰਦਾ ਹੈ। ਡਾ. ਜਗਦੀਸ਼ ਕੌਰ ਨੇ ਗੁਰੂ ਸਾਹਿਬ ਦੀ ਬਾਣੀ ਸਬੰਧੀ ਆਪਣੇ ਭਾਸ਼ਣ 'ਚ ਦੱਸਿਆ ਕਿ ਗੁਰੂ ਸਾਹਿਬ ਨੇ ਆਪਣੇ 54 ਸਾਲਾ ਜੀਵਨ ਕਾਲ ਦੌਰਾਨ 57 ਸ਼ਲੋਕ ਸਿਰਜੇ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਹਨ। ਉਨ੍ਹਾਂ ਦੀ ਬਾਣੀ ਸਬਰ, ਸੰਤੋਖ ਤੇ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦੀ ਹੈ। ਉਹ ਸਮੁੱਚੀ ਮਨੁੱਖਤਾ ਦੀ ਚਾਦਰ ਸਨ। ਡਾ. ਵਰਿੰਦਰ ਕੌਰ ਨੇ ਕਿਹਾ ਅਜਿਹੇ ਸਮਾਗਮਾਂ 'ਚ ਨੌਜਵਾਨ ਪੀੜ੍ਹੀ ਨੂੰ ਵੱਧ ਤੋਂ ਵੱਧ ਸ਼ਾਮਲ ਕਰਨਾ ਚਾਹੀਦਾ ਹੈ ਤਾਂ ਕਿ ਗੁਰੂ ਸਾਹਿਬ ਦੀ ਮਹਾਨਤਾ ਬਾਰੇ ਵੱਧ ਤੋਂ ਵੱਧ ਜਾਣਕਾਰੀ ਦਿੱਤੀ ਜਾ ਸਕੇ। ਮੁੱਖ ਵਕਤਾ ਡਾ. ਅਮਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਜੇਕਰ ਇਤਿਹਾਸ 'ਤੇ ਨਜ਼ਰ ਮਾਰੀ ਜਾਵੇ ਤਾਂ ਇੱਕ ਗੱਲ ਸਪੱਸ਼ਟ ਰੂਪ 'ਚ ਸਾਹਮਣੇ ਆਉਂਦੀ ਹੈ ਕਿ ਦੁਨੀਆ ਦਾ ਹਰ ਸ਼ਾਸਕ ਚਾਹੁੰਦਾ ਤੇ ਕੋਸ਼ਿਸ਼ ਕਰਦਾ ਹੈ ਕਿ ਉਸ ਦੇ ਰਾਜ ਦੇ ਲੋਕਾਂ ਦਾ ਧਰਮ ਵੀ ਉਸ ਵਾਲਾ ਹੀ ਹੋਵੇ। ਸਮਾਗਮ ਦੇ ਮੁੱਖ ਮਹਿਮਾਨ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਾਗਮ ਨਵੰਬਰ ਮਹੀਨੇ 'ਚ ਵੱਡੇ ਪੱਧਰ 'ਤੇ ਸਮਾਗਮ ਕਰਵਾਏ ਜਾਣਗੇ। ਜਿਸ ਸਬੰਧੀ ਵੱਖ-ਵੱਖ ਥਾਵਾਂ 'ਤੇ ਯਾਤਰਾਵਾਂ ਆਰੰਭ ਕੀਤੀਆਂ ਜਾਣਗੀਆਂ। ਜਿਨ੍ਹਾਂ 'ਚ ਕਸ਼ਮੀਰ ਤੋਂ ਚੱਲਣ ਵਾਲੀ ਯਾਤਰਾ ਵੀ ਸ਼ਾਮਲ ਹੈ। ਇਸੇ ਤਰ੍ਹਾਂ ਹੀ ਕਸ਼ਮੀਰੀ ਪੰਡਤਾਂ ਨੇ ਸੰਕਟ ਪੈਣ 'ਤੇ ਗੁਰੂ ਤੇਗ ਬਹਾਦਰ ਜੀ 'ਤੇ ਵਿਸ਼ਵਾਸ ਕੀਤਾ ਕਿ ਉਹ ਹੀ ਅਜਿਹੇ ਸਮੇਂ ਉਨ੍ਹਾਂ ਲਈ ਸ਼ਹਾਦਤ ਦੇ ਸਕਦੇ ਹਨ। ਗੁਰੂ ਸਾਹਿਬ ਦੀ ਸ਼ਹਾਦਤ ਸਪੱਸ਼ਟ ਰੂਪ 'ਚ ਭਾਈਚਾਰਕ ਸਾਂਝ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੇ ਫਲਸਫ਼ੇ 'ਚ ਜਿੱਥੇ ਸ਼ਹੀਦੀ ਦਾ ਸੰਕਲਪ ਹੈ ਉੱਥੇ ਮੁਆਫ਼ੀ ਦਾ ਸੰਕਲਪ ਵੀ ਹੈ। ਜਿਸ ਦੀਆਂ ਅਨੇਕ ਮਿਸਾਲਾਂ ਮਿਲਦੀਆਂ ਹਨ। ਉਨ੍ਹਾਂ ਭਾਸ਼ਾ ਵਿਭਾਗ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਦੀ ਸ਼ਲਾਘਾ ਕੀਤੀ। ਜੰਮੂ ਅਤੇ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗੂਏਜਿਜ਼ ਸ੍ਰੀਨਗਰ ਦੇ ਅਧੀਨ ਸਕੱਤਰ ਅਦੀਲ ਸਲੀਮ ਨੇ ਸਮਾਗਮ 'ਚ ਸ਼ਾਮਲ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਅਤੇ ਭਾਸ਼ਾ ਵਿਭਾਗ ਵੱਲੋਂ ਵਧੀਆ ਸਮਾਗਮ ਲਈ ਕਸ਼ਮੀਰ ਦੀ ਚੋਣ ਕਰਨ ਦੀ ਸ਼ਲਾਘਾ ਕੀਤੀ। ਇਸ ਮੌਕੇ ਸਮਾਗਮ ਲਈ ਸਹਿਯੋਗ ਦੇਣ ਵਾਲੇ ਅਕੈਡਮੀ ਦੇ ਅਧਿਕਾਰੀ ਪੋਪਇੰਦਰ ਸਿੰਘ ਪਾਰਸ ਤੇ ਤਿਰਲੋਕ ਸਿੰਘ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸਮਾਗਮ ਦਾ ਮੰਚ ਸੰਚਾਲਨ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਇਸ ਮੌਕੇ ਭਾਸ਼ਾ ਵਿਭਾਗ ਦੇ ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ, ਖੋਜ ਅਫਸਰ ਡਾ. ਮਨਜਿੰਦਰ ਸਿੰਘ, ਕੇਂਦਰੀ ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਬਲਵਿੰਦਰ ਸੰਧੂ, ਗੁਰਪ੍ਰੀਤ ਮਾਨਸਾ, ਅਜੀਤ ਸਿੰਘ ਮਸਤਾਨਾ, ਸੰਦੀਪ ਸ਼ਰਮਾ, ਹਰੀ ਸਿੰਘ ਜਾਚਕ ਤੇ ਵੱਡੀ ਗਿਣਤੀ 'ਚ ਸਥਾਨਕ ਸ਼ਖ਼ਸੀਅਤਾਂ ਸ਼ਾਮਲ ਸਨ।

# 8.33 ਕਰੋੜ ਦੇ ਖ਼ਰੀਦੇ ਮਟਰਾਂ ਦੀ ਮਾਰਕੀਟ ਫੀਸ ਨਾ ਭਰਨ 'ਤੇ ਕੰਪਨੀ ਨੂੰ ਕੱਢਿਆ ਨੋਟਿਸ

ਸਮਾਣਾ, 29 ਜੁਲਾਈ (ਵਿਜੇ ਕੁਮਾਰ) : ਸਬਜ਼ੀ ਮੰਡੀ ਸਮਾਣਾ ਦੀ ਇੱਕ ਫਰਮ, ਜਵਾਲਾ ਟਰੇਡਿੰਗ ਕੰਪਨੀ ਵੱਲੋਂ ਕਰੋੜਾਂ ਰੁਪਏ ਦੇ ਮਟਰ ਖਰੀਦਣ ਦੇ ਬਾਵਜੂਦ ਬਣਦੀ ਮਾਰਕੀਟ ਫੀਸ ਅਤੇ ਆਰ.ਡੀ.ਐੱਫ. (ਪੇਂਡੂ ਵਿਕਾਸ ਫੰਡ) ਜਮ੍ਹਾਂ ਨਾਂ ਕਰਵਾਉਣ 'ਤੇ ਮਾਰਕੀਟ ਕਮੇਟੀ ਸਮਾਣਾ ਨੇ ਉਕਤ ਫਰਮ ਨੂੰ ਇੱਕ ਕਰੋੜ ਚੌਰਾਸੀ ਹਜ਼ਾਰ ਰੁਪਏ ਦਾ ਨੋਟਿਸ ਭੇਜਿਆ ਹੈ। ਇਸ ਨੋਟਿਸ ਬਾਰੇ ਜਾਣਕਾਰੀ ਦਿੰਦਿਆਂ ਮਾਰਕੀਟ ਕਮੇਟੀ ਸਮਾਣਾ ਦੇ ਸਕੱਤਰ ਭਰਪੂਰ ਸਿੰਘ ਨੇ ਦੱਸਿਆ ਕਿ ਇਸ ਸਾਲ ਦੇ ਮਟਰ ਦੇ ਸੀਜ਼ਨ ਦੌਰਾਨ, 7 ਜਨਵਰੀ 2025 ਤੋਂ 12 ਮਾਰਚ 2025 ਦੀ ਮਿਆਦ ਵਿੱਚ, ਕੰਪਨੀ ਦੁਆਰਾ ਸਮਾਣਾ ਦੀ ਮੰਡੀ ਤੋਂ 8.33 ਕਰੋੜ ਰੁਪਏ ਦੇ ਮਟਰ ਖਰੀਦੇ ਗਏ ਸਨ। ਫਰਮ ਵੱਲੋਂ ਇਸ ਖਰੀਦ ਦੀ ਰਿਟਨ ਮਾਰਕੀਟ ਕਮੇਟੀ ਨੂੰ ਦਿੱਤੀ ਜਾਂਦੀ ਰਹੀ, ਪਰ ਨਿਯਮਾਂ ਅਨੁਸਾਰ ਇੱਕ ਹਫ਼ਤੇ ਦੇ ਅੰਦਰ ਮਾਰਕੀਟ ਫੀਸ ਅਤੇ ਆਰ.ਡੀ.ਐੱਫ. ਦੀ ਰਕਮ ਨਹੀਂ ਭਰੀ ਗਈ। ਛੇ ਮਹੀਨਿਆਂ ਦੀ ਮਿਆਦ ਬੀਤ ਜਾਣ 'ਤੇ ਵੀ ਰਕਮ ਅਦਾ ਨਾ ਕੀਤੇ ਜਾਣ ਕਾਰਨ, ਇੱਕ ਪ੍ਰਤੀਸ਼ਤ ਮਾਰਕੀਟ ਫੀਸ, ਇੱਕ ਪ੍ਰਤੀਸ਼ਤ ਆਰ.ਡੀ.ਐੱਫ., 10 ਗੁਣਾ ਪੈਨਲਟੀ ਅਤੇ 18% ਸਲਾਨਾ ਵਿਆਜ ਦੀ ਰਕਮ ਨੂੰ ਜੋੜ ਕੇ ਕੰਪਨੀ ਨੂੰ ਇੱਕ ਕਰੋੜ ਚੌਰਾਸੀ ਹਜ਼ਾਰ ਰੁਪਏ ਦਾ ਅਸੈੱਸਮੈਂਟ ਆਰਡਰ ਦਾ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਇਸ ਸਬੰਧ ਵਿੱਚ, ਜਵਾਲਾ ਟਰੇਡਿੰਗ ਕੰਪਨੀ ਦੇ ਮਾਲਕ ਚੰਚਲ ਕੁਮਾਰ ਸਚਦੇਵਾ ਨੇ ਦੱਸਿਆ ਕਿ ਉਨ੍ਹਾਂ ਦੀ ਕੰਪਨੀ 2014 ਤੋਂ ਮਟਰ ਖਰੀਦ ਰਹੀ ਹੈ। ਉਨ੍ਹਾਂ ਮੁਤਾਬਕ, 1962 ਐਕਟ ਅਧੀਨ ਪ੍ਰੋਸੈਸਿੰਗ ਲਈ ਖਰੀਦੀ ਗਈ ਫਸਲ 'ਤੇ ਮਾਰਕੀਟ ਫੀਸ ਮੁਆਫ਼ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਥਾਨਕ ਮਾਰਕੀਟ ਕਮੇਟੀ ਅਧਿਕਾਰੀ ਦਬਾਅ ਬਣਾਉਣ ਲਈ ਉਨ੍ਹਾਂ ਨੂੰ ਨੋਟਿਸ ਭੇਜ ਰਹੇ ਹਨ, ਜਦੋਂ ਕਿ ਇਸ ਸਬੰਧੀ ਵਿੱਚ ਸਕੱਤਰ ਮੰਡੀ ਬੋਰਡ ਦੀ ਅਦਾਲਤ ਵਿੱਚ ਉਨ੍ਹਾਂ ਦੀ ਅਪੀਲ ਵਿਚਾਰ ਅਧੀਨ ਹੈ।

## ਪੰਜਾਬੀ ਯੂਨੀਵਰਸਿਟੀ ਦੇ ਮੋਹਾਲੀ ਕੇਂਦਰ ਵਿਖੇ ਕਰਵਾਇਆ ਇੰਡਕਸ਼ਨ ਪ੍ਰੋਗਰਾਮ

ਪਟਿਆਲਾ, 29 ਜੁਲਾਈ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਸੈਂਟਰ ਫ਼ਾਰ ਇਮਰਜਿੰਗ ਐਂਡ ਇਨੋਵੇਟਿਵ ਟੈਕਨੌਲਜੀ, ਮੋਹਾਲੀ ਵਿਖੇ ਐੱਮ.ਬੀ.ਏ. ਅਤੇ ਬੀ.ਟੈਕ. (ਕੰਪਿਊਟਰ ਸਾਇੰਸ) ਕੋਰਸ ਵਿਦਿਆਰਥੀਆਂ ਦੇ ਨਵੇਂ ਬੈਚ ਦਾ ਸਵਾਗਤ ਕਰਨ ਲਈ ਇੰਡਕਸ਼ਨ ਪ੍ਰੋਗਰਾਮ ਕਰਵਾਇਆ ਗਿਆ। ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਡਾ. ਅਮਨਦੀਪ ਵਰਮਾ ਨੇ ਸਵਾਗਤੀ ਭਾਸ਼ਣ ਦੌਰਾਨ ਵਿਦਿਆਰਥੀਆਂ ਨੂੰ ਆਪਣੇ ਨਵੇਂ ਸਫ਼ਰ ਵਿੱਚ ਉਤਸ਼ਾਹ, ਅਨੁਸ਼ਾਸ਼ਨ ਅਤੇ ਨਵੀਨਤਾ ਗ੍ਰਹਿਣ ਕਰਨ ਲਈ ਪ੍ਰੇਰਿਤ ਕੀਤਾ। ਮੈਨੇਜਮੈਂਟ ਵਿਭਾਗ ਦੇ ਮੁਖੀ ਡਾ. ਸਿਵਿੰਦਰ ਫੂਲਕਾ ਨੇ ਕੈਰੀਅਰ ਯੋਜਨਾ ਦੇ ਲਿਹਾਜ਼ ਨਾਲ ਅੱਜ ਦੇ ਗਤੀਸ਼ੀਲ ਸੰਸਾਰ ਵਿੱਚ ਵਿੱਦਿਅਕ ਵਿਸ਼ਿਆਂ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਅੱਜ ਦੇ ਵਿਦਿਆਰਥੀਆਂ ਨੂੰ ਕੋਰਸ ਦੀਆਂ ਹੱਦਾਂ ਤੋਂ ਅੱਗੇ ਜਾਣ ਦੀ ਲੋੜ ਹੈ। ਇਸ ਮੌਕੇ ਵਿਦਿਆਰਥੀਆਂ ਨੂੰ ਪਾਠਕ੍ਰਮ ਦੀ ਬਣਤਰ, ਸੰਸਥਾ, ਸਿੱਖਿਆ ਨੀਤੀਆਂ, ਸਿਖਲਾਈ ਅਤੇ ਨੌਕਰੀ ਸਹਾਇਤਾ, ਕੈਂਪਸ ਦੀਆਂ ਸਹੂਲਤਾਂ ਅਤੇ ਵਿਦਿਆਰਥੀ ਕਲੱਬਾਂ ਆਦਿ ਬਾਰੇ ਜਾਣਕਾਰੀ ਦਿੱਤੀ ਗਈ।



# ਆਜ਼ਾਦੀ ਦੀ ਲਹਿਰ 'ਚ ਪਾਈਆਂ ਸ਼ਹੀਦੀਆਂ 'ਚ ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਨਿਵੇਕਲੀ : ਹਰਿੰਦਰਪਾਲ ਸਿੰਘ ਚੰਦੂਮਾਜਰਾ



ਪਟਿਆਲਾ/ਸਨੌਰ, 29 ਜੁਲਾਈ (ਅਮਰਜੀਤ ਸਿੰਘ/ਗੁਰਜੀਤ ਢੋਟ) : ਹਲਕਾ ਸਨੌਰ ਦੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਸ਼ਹੀਦ ਊਧਮ ਸਿੰਘ ਜੀ ਨੂੰ ਸਨੌਰ ਕੈਂਚੀਆਂ 'ਤੇ ਉਨ੍ਹਾਂ ਦੇ ਬੁੱਤ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਇਸ ਮੌਕੇ ਉਨ੍ਹਾਂ ਸ਼ਹੀਦ ਊਧਮ ਸਿੰਘ ਜੀ ਦੇ ਪੂਰਨਿਆ 'ਤੇ ਚੱਲਣ ਲਈ ਪ੍ਰੇਰਿਤ ਵੀ ਕੀਤਾ। ਸ਼ਰਧਾਂ ਤੇ ਸਤਿਕਾਰ ਭੇਂਟ ਕਰਨ ਤੋਂ ਬਾਅਦ ਸੰਬੋਧਨ ਕਰਦਿਆਂ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਕਿਹਾ ਕਿ 13 ਅਪ੍ਰੈਲ 1919 ਨੂੰ ਜਲਿਆਂ ਵਾਲੇ ਬਾਗ ਵਿਚ ਹੋਏ ਖ਼ੂਨੀ ਸਾਕੇ ਦਾ ਬਦਲਾ ਲੈਣ ਲਈ ਜਨਰਲ ਡਾਇਰ ਨੂੰ ਮਾਰਨ ਲਈ 21 ਸਾਲ ਦੀ ਉਡੀਕ ਕੀਤੀ ਅਤੇ ਅਖੀਰ ਸਿੰਘ 13 ਮਾਰਚ 1940 ਨੂੰ ਜਨਰਲ ਡਾਇਰ ਨੂੰ ਗੋਲੀਆ ਮਾਰ ਕੇ ਹਜ਼ਾਰਾਂ ਸ਼ਹੀਦਾਂ ਦੀ ਸ਼ਹਾਦਤ ਦਾ ਬਦਲਾ ਲਿਆ। ਇਸ ਤੋਂ ਬਾਅਦ ਸ਼ਹੀਦ ਊਧਮ ਸਿੰਘ ਨੇ ਸਰੰਡਰ ਕਰ ਦਿੱਤਾ ਅਤੇ 31 ਜੁਲਾਈ 1940 ਨੂੰ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦੀ ਦਾ ਜਾਮ ਪੀ ਗਏ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਸ਼ਹੀਦਾਂ ਦੇ ਸਿਧਾਂਤਾਂ 'ਤੇ ਪਹਿਰਾ ਦੇਣਾ ਚਾਹੀਦਾ ਹੈ ਅਤੇ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਸਿਰਜਣ ਵਿਚ ਆਪਣਾ ਯੋਗਦਾਨ ਦੇਣਾ ਚਾਹੀਦਾ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਰਨੈਲ ਸਿੰਘ ਕਰਤਾਰਪੁਰ, ਜਗਜੀਤ ਸਿੰਘ ਕੋਹਲੀ, ਪ੍ਰੇਮ ਸਿੰਘ ਸਵਾਈ ਸਿੰਘ ਵਾਲਾ, ਕੈਪਟਨ ਖੁਸ਼ਵੰਤ ਸਿੰਘ ਢਿੱਲੋਂ, ਸਤਨਾਮ ਸਿੰਘ ਸੱਤਾ, ਸੁਖਜੀਤ ਸਿੰਘ, ਮੇਜਰ ਭੁਨਰਹੇੜੀ, ਪ੍ਰੀਤਮ ਸਨੌਰ, ਜਸਬੀਰ ਠੇਕੇਦਾਰ, ਜਸਵਿੰਦਰ ਸਿੰਘ ਬ੍ਰਹਮਪੁਰਾ, ਬਿਕਰਮ ਸਿੰਘ ਫਰੀਦਪੁਰ, ਸੁਰਜੀਤ ਸਿੰਘ, ਕਮਲਜੀਤ ਸਿੰਘ ਅਦਾਲਤੀਵਾਲਾ ਆਦਿ ਵੀ ਹਾਜ਼ਰ ਸਨ।

# ਲੈਂਡ ਪੂਲਿੰਗ ਪਾਲਸੀ ਲਾਗੂ ਹੋਣ ਨਾਲ ਪੰਜਾਬ ਦੀ ਸਮੁੱਚੀ ਅਰਥ ਵਿਵਸਥਾ 'ਤੇ ਪਵੇਗਾ ਮਾੜਾ ਪ੍ਰਭਾਵ : ਖਨੌੜਾ



ਭਾਦਸੋਂ, 29 ਜੁਲਾਈ (ਭਰਪੂਰ ਸਿੰਘ ਮੱਟਰਾਂ) : ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ, ਪੰਜਾਬ ਸਰਕਾਰ ਵੱਲੋਂ ਨਵੀਂ ਲੈਂਡ ਪੂਲਿੰਗ ਪਾਲਸੀ ਤਹਿਤ ਇੰਨੀ ਵੱਡੀ ਗਿਣਤੀ ਵਿੱਚ ਜਮੀਨ ਐਕਵਾਇਰ ਕਰਨ ਨਾਲ ਇਕੱਲਾ ਕਿਸਾਨ ਹੀ ਨਹੀਂ ਬਲਕਿ ਪੰਜਾਬ ਦਾ ਹਰ ਵਰਗ ਪ੍ਰਭਾਵਿਤ ਹੋਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ ਨੇ ਗੱਲਬਾਤ ਕਰਦਿਆਂ ਪ੍ਰਗਟ ਕੀਤਾ। ਖਨੌੜਾ ਨੇ ਕਿਹਾ ਕਿ ਜ਼ਮੀਨ ਤੋਂ ਹੋਣ ਵਾਲੀ ਆਮਦਨ ਉੱਪਰ ਹੋਰ ਵੀ ਬਹੁਤ ਸਾਰੇ ਵਰਗ ਆਰਥਿਕ ਤੌਰ ਉੱਤੇ ਨਿਰਭਰ ਹਨ, ਕਿਸਾਨਾਂ ਦੀ ਘੱਟੀ ਆਮਦਨ ਦਾ ਅਸਰ ਹੋਰ ਵਰਗਾਂ ਨੂੰ ਵੀ ਭੁਗਤਣਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਵੀਂ ਲੈਂਡ ਪੂਲਿੰਗ ਪਾਲਸੀ ਨੂੰ ਡਿਵੈਲਪਮੈਂਟ ਦੇ ਨਾਂ ਉਪਰ ਕਿਸਾਨਾਂ ਤੋਂ ਧੱਕੇ ਨਾਲ ਜਮੀਨਾਂ ਖੋਹ ਕਿ ਪੰਜਾਬ ਵਿੱਚ ਕੰਕਰੀਟ ਰੂਪੀ ਡਿਵੈਲਪਮੈਂਟ ਥੋਪਣਾ ਚਾਹੁੰਦੀ ਹੈ, ਜਿਸਨੂੰ ਕਾਂਗਰਸ ਪਾਰਟੀ ਬਿਲਕੁਲ ਵੀ ਲਾਗੂ ਨਹੀਂ ਹੋਣ ਦੇਵੇਗੀ। ਖਨੌੜਾ ਨੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸੂਬੇ ਚ ਕਾਂਗਰਸ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਵੇਗੀ, ਜਿਸ ਤੋਂ ਬਾਅਦ ਮਾਨ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਉੱਪਰ ਥੋਪੀ ਜਾ ਰਹੀਆਂ ਪਾਬੰਦੀਆਂ ਨੂੰ ਖਤਮ ਕਰ ਦੇਵੇਗੀ। ਇਸ ਮੌਕੇ ਉਨਾਂ ਨਾਲ ਸੀਨੀਅਰ ਕਾਂਗਰਸੀ ਆਗੂ ਲਾਭ ਸਿੰਘ ਨਿਰਵਾਲ, ਚੇਅਰਮੈਨ ਸੁਖਵੀਰ ਸਿੰਘ ਪੰਧੇਰ, ਯੂਥ ਆਗੂ ਜੱਗੀ ਪੰਧੇਰ ਖਨੌੜਾ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਅਨਾਥ ਬੱਚਿਆਂ ਲਈ ਪੈਨਸ਼ਨ ਸਕੀਮ 4000 ਪ੍ਰਤੀ ਮਹੀਨਾ ਵਜੋਂ ਮਦਦ

ਪਟਿਆਲਾ, 29 ਜੁਲਾਈ (ਚ.ਨ.ਸ.) : ਪੰਜਾਬ ਸਰਕਾਰ ਵੱਲੋਂ ਸਮਾਜਿਕ ਨਿਆਂ ਅਤੇ ਬੱਚਿਆਂ ਦੀ ਭਲਾਈ ਵੱਲ ਇੱਕ ਹੋਰ ਉੱਤਮ ਕਦਮ ਚੁੱਕਦਿਆਂ, ਅਨਾਥ ਜਾਂ ਅਰਧ-ਅਨਾਥ ਬੱਚਿਆਂ ਲਈ ਇੱਕ ਵਿੱਤੀ ਸਹਾਇਤਾ ਲਈ ਪੈਨਸ਼ਨ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਸਕੀਮ ਤਹਿਤ ਉਹ ਬੱਚੇ, ਜਿਨ੍ਹਾਂ ਦੇ ਮਾਤਾ-ਪਿਤਾ ਵਿੱਚੋਂ ਪਿਤਾ ਨਹੀਂ ਹਨ ਅਤੇ ਉਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੈ, ਉਨ੍ਹਾਂ ਨੂੰ 4000 ਰੁਪਏ ਪ੍ਰਤੀ ਮਹੀਨਾ ਵਜੋਂ ਪੈਨਸ਼ਨ ਦਿੱਤੀ ਜਾਵੇਗੀ। ਇਹ ਯੋਜਨਾ ਆਰਥਿਕ ਤੌਰ 'ਤੇ ਪਿੱਛੜੇ ਅਤੇ ਬੇਸਹਾਰਾ ਬੱਚਿਆਂ ਦੀ ਮਦਦ ਕਰਨ ਅਤੇ ਉਨ੍ਹਾਂ ਦੇ ਜੀਵਨ ਨੂੰ ਸੁਧਾਰਨ ਲਈ ਇੱਕ ਵਿਸ਼ੇਸ਼ ਉਪਰਾਲਾ ਹੈ। ਇਸ ਯੋਜਨਾ ਲਈ ਅਰਜ਼ੀ ਦੇਣ ਦੀ ਪ੍ਰਕਿਰਿਆ ਆਸਾਨ ਅਤੇ ਸਧਾਰਣ ਰੱਖੀ ਗਈ ਹੈ। ਇਹ ਫਾਰਮ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ, ਪਟਿਆਲਾ ਦੇ ਦਫ਼ਤਰ, ਰੂਮ ਨੰਬਰ 150, ਬਲਾਕ ਸੀ ਐਕਸਟੈਨਸ਼ਨ, ਮਿੰਨੀ ਸਕਤਰੇਤ, ਪਟਿਆਲਾ ਤੋਂ ਮੁਫ਼ਤ ਮਿਲ ਰਿਹਾ ਹੈ। ਫਾਰਮ ਭਰਨ ਸਮੇਂ ਬੱਚੇ ਦਾ ਆਧਾਰ ਕਾਰਡ ਅਤੇ ਮਾਤਾ (ਜੋ ਗਾਰਡੀਅਨ ਹੋਵੇ) ਦਾ ਆਮਦਨ ਸਰਟੀਫਿਕੇਟ ਲਾਜ਼ਮੀ ਦਸਤਾਵੇਜ਼ ਵਜੋਂ ਪੇਸ਼ ਕਰਨਾ ਹੋਵੇਗਾ।

# ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੀ ਭਲਾਈ ਲਈ ਵਿਸ਼ੇਸ਼ ਮੀਟਿੰਗ




ਪਟਿਆਲਾ 29 ਜੁਲਾਈ (ਅਮਰਜੀਤ) : ਦੇਸ਼ ਦੀ ਆਜ਼ਾਦੀ ਲਈ ਅਹਿਮ ਯੋਗਦਾਨ ਪਾਉਣ ਵਾਲੇ ਮਹਾਨ ਦੇਸ਼ ਭਗਤਾਂ ਸੁਤੰਤਰਤਾ ਸੰਗਰਾਮੀਆ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਕੰਮ ਕਰ ਰਹੀ ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਰਜਿ. ਨੰ 234 ਦੀ ਮੰਗ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਿੰਨੀ ਸਕੱਤਰੇਤ ਦੇ ਮੀਟਿੰਗ ਹਾਲ ਵਿਖੇ ਹੋਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਏ ਡੀ ਸੀ ਈਸ਼ਾ ਸਿੰਘਲ ਵੱਲੋਂ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਨੂੰ ਜੀ ਆਇਆਂ ਨੂੰ ਆਖਦਿਆਂ ਉਨ੍ਹਾਂ ਦੀਆਂ ਸਮੱਸਿਆਂਵਾਂ ਨੂੰ ਸੁਣਨ ਉਪਰੰਤ ਮੌਕੇ 'ਤੇ ਹੱਲ ਕਰਨ ਦੇ ਨਿਰਦੇਸ਼ ਸਬੰਧਤ ਅਧਿਕਾਰੀਆਂ ਨੂੰ ਜਾਰੀ ਕੀਤੇ ਗਏ। ਮੀਟਿੰਗ ਵਿੱਚ ਦੇਸ਼ ਭਗਤ ਪਰਿਵਾਰਾਂ ਦੀਆਂ ਸਮੱਸਿਆਂਵਾਂ ਨਾਲ ਸਬੰਧਤ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੇ ਆਪਣੀ ਰਿਪੋਰਟ ਪੇਸ਼ ਕੀਤੀ। ਮੀਟਿੰਗ ਦੌਰਾਨ ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਨੇ ਜ਼ਿਲ੍ਹਾ ਪਟਿਆਲਾ ਦੇ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੇ ਵੱਖ ਵੱਖ ਵਿਭਾਗਾਂ ਅਧੀਨ ਲੰਬੀਤ ਪਏ ਕੰਮਾਂ ਤੋਂ ਵਧੀਕ ਡਿਪਟੀ ਕਮਿਸ਼ਨਰ ਨੂੰ ਜਾਣੂ ਕਰਵਾਇਆ ਗਿਆ। ਵਧੀਕ ਡਿਪਟੀ ਕਮਿਸ਼ਨਰ ਈਸ਼ਾ ਸਿੰਘਲ ਨੇ ਕਿਹਾ ਕਿ ਆਉਣ ਵਾਲੇ ਆਜ਼ਾਦੀ ਦਿਹਾੜੇ ਮੌਕੇ ਦੇਸ਼ ਦੀ ਆਜ਼ਾਦੀ ਲਈ ਅਹਿਮ ਯੋਗਦਾਨ ਪਾਉਣ ਵਾਲੇ ਦੇਸ਼ ਭਗਤਾਂ ਸੁਤੰਤਰਤਾ ਸੰਗਰਾਮੀਆ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜ਼ਿਲ੍ਹਾ ਪੱਧਰੀ ਅਤੇ ਬਲਾਕਾਂ ਵਿੱਚ ਹੋਣ ਵਾਲੇ ਸਰਕਾਰੀ ਸਮਾਗਮਾਂ ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਮੀਟਿੰਗ ਵਿੱਚ ਸ਼ਾਮਲ ਏਜੰਡੇ ਦੀ ਰੂਪ ਰੇਖਾ ਐਮ ਏ ਬ੍ਰਾਂਚ ਇੰਚਾਰਜ ਰਘਬੀਰ ਸਿੰਘ ਅਤੇ ਸਹਾਇਕ ਗੁਰਪ੍ਰੀਤ ਸਿੰਘ ਵਾਲੀਆ ਨੇ ਤਿਆਰ ਕੀਤੀ। ਅੱਜ ਦੀ ਮੀਟਿੰਗ ਦੌਰਾਨ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਸੂਬਾ ਜਨਰਲ ਸਕੱਤਰ, ਅਮਰਪ੍ਰੀਤ ਸਿੰਘ ਬੋਬੀ ਜ਼ਿਲਾ ਪ੍ਰਧਾਨ, ਗੁਰਇਕਬਾਲ ਸਿੰਘ ਸੰਧੂ, ਅਜੇ ਖੰਨਾ ਸੀਨੀਅਰ ਮੀਤ ਪ੍ਰਧਾਨ, ਪ੍ਰੀਤਮ ਸਿੰਘ ਮਾਨ ਸੂਬਾ ਮੀਤ ਪ੍ਰਧਾਨ, ਰਾਜ ਕੁਮਾਰ ਡਕਾਲਾ ਜਰਨਲ ਸਕੱਤਰ, ਹਰਨੇਕ ਸਿੰਘ ਭੁੱਲਰ, ਕਮਲਦੀਪ ਸਿੰਘ ਗਿੱਲ ਦਫ਼ਤਰ ਇੰਚਾਰਜ, ਹਰਦੀਪ ਸਿੰਘ ਕੋਲੀ, ਇੰਦਰਪਾਲ ਸਿੰਘ ਵਿਰਕ, ਰਘਵੀਰ ਬਹਾਦੁਰਗੜ੍ਹ, ਧਨਵੰਤ ਸਿੰਘ ਅਰਬਨ ਅਸਟੇਟ, ਅਮਰਜੀਤ ਸਿੰਘ, ਨਰਿੰਦਰ ਸਿੰਘ, ਕੁਲਜੀਤ ਸਿੰਘ, ਅਮਰੀਕ ਗਿੱਲ, ਗੁਰਪ੍ਰੀਤ ਕੌਰ, ਗੁਰਦੀਪ ਸਿੰਘ ਰਾਜਪੁਰਾ, ਸਿਮਰਨਜੀਤ ਕੌਰ ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਦੇ ਮੈਂਬਰ ਮੌਜੂਦ ਸਨ।

# ਕੰਬੋਜ ਮਹਾਂ ਸਭਾ ਨੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

## ਬੀਬੀ ਪਠਾਣਮਾਜਰਾ, ਹਡਾਣਾ, ਚੰਦੂਮਾਜਰਾ, ਹੈਰੀਮਾਨ, ਕੰਬੋਜ, ਜਲਾਲਪੁਰ, ਬੀਬੀ ਧੰਜੂ, ਸੰਧੂ ਅਤੇ ਭੱਟੀਆਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ



ਦੇਵੀਗੜ੍ਹ, 29 ਜੁਲਾਈ (ਗੁਰਜੀਤ ਸਿੰਘ ਢੋਟ) : ਜ਼ਿਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਵਿਖੇ ਨਿਹੱਥਿਆਂ ਤੇ ਗੋਲੀ ਚਲਾਉਣ ਵਾਲੇ ਜਨਰਲ ਐਡਵਾਇਰ ਤੋਂ ਜ਼ਿਲ੍ਹਿਆਂ ਵਾਲੇ ਬਾਗ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਜਿੱਥੇ ਸਾਰੀ ਦੁਨੀਆਂ ਵਿੱਚ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਦੌਰਾਨ ਕੰਬੋਜ਼ ਮਹਾਂ ਸਭਾ ਬਲਾਕ ਭੁਨਰਹੇੜੀ ਵੱਲੋਂ ਪ੍ਰਧਾਨ ਸਵਿੰਦਰ ਸਿੰਘ ਧੰਜੂ ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਹ ਦਿਹਾੜਾ ਅੱਜ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਇੰਟਰਨੈਸ਼ਨਲ ਗੋਲਡ ਮੈਡਲਿਸਟ ਢਾਡੀ ਜੱਥਾ ਭਾਈ ਬਲਬੀਰ ਸਿੰਘ ਪਾਰਸ ਜਥੇ ਵੱਲੋਂ ਸ਼ਹੀਦਾਂ ਦੀਆਂ ਵਾਰਾਂ ਗਾਈਆਂ ਗਈਆਂ ਅਤੇ ਬਾਅਦ ਵਿੱਚ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ ਵੱਲੋਂ ਸ਼ਹੀਦ ਉਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਜਗਜੀਤ ਸਿੰਘ ਧੂਰੀ ਅਤੇ ਮਾਤਾ ਗੁਜਰੀ ਸਕੂਲ ਦੇ ਡਾਇਰੈਕਟਰ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਵਰਲਡ ਕੈਂਸਰ ਕੇਅਰ ਦੀ ਟੀਮ ਵੱਲੋਂ ਮਾਲਵਾ ਫਰੀ ਮੈਗਾ ਕੈਂਸਰ ਜਾਂਚ ਅਤੇ ਜਾਗੂਰਕਤਾ, ਦੰਦਾਂ ਅਤੇ ਜਨਰਲ ਮੈਡੀਕਲ ਕੈਂਪ ਲਗਾਏ ਗਏ ਜਿਨ੍ਹਾਂ ਵਿੱਚ ਮਰੀਜਾਂ ਦੇ ਮੁਫਤ ਟੈਸਟ ਕੀਤੇ ਗਏ ਅਤੇ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਮਾਤਾ ਗੁਜਰੀ ਸਕੂਲ ਦੇਵੀਗੜ੍ਹ ਦੇ ਬੱਚਿਆਂ ਵੱਲੋਂ ਸ਼ਹੀਦ ਊਧਮ ਸਿੰਘ ਦੇ ਜੀਵਨ ਸਕਿੱਟ ਪੇਸ਼ ਕੀਤੀ। ਇਸ ਮੌਕੇ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਧਰਮਪਤਨੀ ਬੀਬੀ ਸਿਮਰਨਜੀਤ ਕੌਰ ਪਠਾਣਮਾਜਰਾ, ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ, ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀਆਰਟੀਸੀ, ਇੰਦਰਜੀਤ ਸਿੰਘ ਸੰਧੂ ਚੇਅਰਮੈਨ, ਮਦਨ ਲਾਲ ਸਾਬਕਾ ਵਿਧਾਇਕ ਘਨੌਰ, ਹਰਿੰਦਰਪਾਲ ਸਿੰਘ ਹੈਰੀਮਾਨ, ਨਿਰਮਲ ਸਿੰਘ ਭੱਟੀਆਂ, ਹਰਦਿਆਲ ਸਿੰਘ ਕੰਬੋਜ਼, ਸਵਿੰਦਰ ਕੌਰ ਧੰਜੂ ਪ੍ਰਧਾਨ ਨਗਰ ਪੰਚਾਇਤ ਦੇਵੀਗੜ੍ਹ, ਡਾ. ਗੁਰਮੀਤ ਸਿੰਘ ਬਿੱਟੂ ਉੱਪ ਚੇਅਰਮੈਨ, ਪ੍ਰਦੀਪ ਜੋਸਨ ਪ੍ਰਧਾਨ ਨਗਰ ਕੌਂਸਲ ਸਨੌਰ, ਹਰਦੀਪ ਸਿੰਘ ਜੋਸਨ ਪ੍ਰਧਾਨ ਓਬੀਸੀ ਵਿੰਗ, ਜਰਨੈਲ ਸਿੰਘ ਕਰਤਾਰਪੁਰ ਮੈਂਬਰ ਸ਼੍ਰੋਮਣੀ ਕਮੇਟੀ, ਹਰਦੀਪ ਸਿੰਘ ਹਾਂਡਾ ਤੋਂ ਇਲਾਵਾ ਕੰਬੋਜ਼ ਮਹਾਂ ਸਭਾ ਬਲਾਕ ਭੁਨਰਹੇੜੀ ਦੇ ਪ੍ਰਧਾਨ ਸਵਿੰਦਰ ਸਿੰਘ ਧੰਜੂ, ਜੀਤ ਸਿੰਘ ਮੀਰਾਂਪੁਰ ਖਜਾਨਚੀ, ਦਵਿੰਦਰ ਸਿੰਘ ਮਾੜੂ ਜਨਰਲ ਸਕੱਤਰ, ਜਸਵਿੰਦਰ ਸਿੰਘ ਬ੍ਰਹਮਪੁਰ ਪ੍ਰੈਸ ਸਕੱਤਰ, ਗੁਰਭੇਜ ਸਿੰਘ ਭਸਮੜਾ, ਗੁਰਮੇਲ ਸਿੰਘ ਫਰੀਦਪੁਰ, ਰਾਜਵਿੰਦਰ ਸਿੰਘ ਹਡਾਣਾ, ਜਸਵਿੰਦਰ ਸਿੰਘ ਰਾਣਾ ਪ੍ਰਧਾਨ, ਕੁਲਵੰਤ ਸਿੰਘ ਟੂਰਨਾ, ਮਲਕੀਤ ਸਿੰਘ ਜੁਲਾਹਖੇੜੀ, ਸੁਰਿੰਦਰ ਸਿੰਘ ਸਵਾਈ ਸਿੰਘ ਵਾਲਾ, ਗੁਰਮੇਜ ਸਿੰਘ ਭੁਨਰਹੇੜੀ, ਬਲਵੰਤ ਸਿੰਘ ਜੋਸ਼ਨ, ਨਰਿੰਦਰ ਸਿੰਘ ਲਾਡੀ, ਹਰਜੀਤ ਸਿੰਘ ਖਾਕਟਾਂ, ਯਾਦਵਿੰਦਰ ਸਿੰਘ ਧੰਜੂ, ਪ੍ਰਿਥੀਪਾਲ ਸਿੰਘ ਧਾਂਦੀਆਂ, ਕੁਲਦੀਪ ਸਿੰਘ ਮੁੱਤੀ, ਵਰਿੰਦਰ ਸਿੰਘ ਟਿਵਾਣਾ, ਦਲਬੀਰ ਸਿੰਘ ਥਿੰਦ, ਚਰਨਜੀਤ ਸਿੰਘ ਜੱਜ, ਹਰਲਾਲ ਸਿੰਘ ਕਾਠਗੜ੍ਹ, ਜਤਿੰਦਰ ਸਿੰਘ ਬਹਾਦਰਗੜ੍ਹ ਨਵਾਂ, ਵਾਸਦੇਵ ਸਿੰਘ ਮੁਰਾਦਮਾਜਰਾ ਅਤੇ ਡਾਇਰੈਕਟਰ ਜਗਜੀਤ ਸਿੰਘ ਧੂਰੀ ਡਾਇਰੈਕਟਰ ਪੰਜਾਬ ਵਰਲਡ ਕੈਂਸਰ ਕੇਅਰ, ਭੂਪਿੰਦਰ ਸਿੰਘ ਡਾਇਰੈਕਟਰ ਮਾਤਾ ਗੁਜਰੀ ਸਕੂਲ, ਕਾਮ. ਰਾਮੇਸ਼ ਸਿੰਘ ਆਜਾਦ, ਪ੍ਰੈੱਸ ਸਕੱਤਰ ਮੁਖਤਿਆਰ ਸਿੰਘ ਨੌਗਾਵਾਂ, ਪ੍ਰੈੱਸ ਸਕੱਤਰ ਰਾਜਿੰਦਰ ਸਿੰਘ ਥਿੰਦ, ਭਜਨ ਸਿੰਘ ਕੰਬੋਜ, ਮੋਹਣ ਸਿੰਘ ਕਰਤਾਰਪੁਰ, ਨਰਿੰਦਰ ਸਿੰਘ ਲੇਹਲਾਂ, ਭੂਪਿੰਦਰ ਸਿੰਘ ਦੁੱਧਨਸਾਧਾਂ, ਗੁਰਿੰਦਰ ਸਿੰਘ ਥਿੰਦ, ਸੁਖਦੇਵ ਸਿੰਘ ਮੀਰਾਂਪੁਰ, ਅਮਰਜੀਤ ਸਿੰਘ ਰੋਹੜ, ਬਿਕਰਮ ਸਿੰਘ ਫਰੀਦਪੁਰ, ਸੁਰਜੀਤ ਸਿੰਘ ਥਿੰਦ, ਜਸਵੀਰ ਜੱਸੀ ਸਰਪੰਚ ਹਸਨਪੁਰ, ਜੋਗਿੰਦਰ ਸਿੰਘ ਕਾਕੜਾ, ਜਗਜੀਤ ਸਿੰਘ ਕੋਹਲੀ, ਮਹਿਕ ਨੈਨਾ ਗਰੇਵਾਲ, ਹਰਵੀਰ ਥਿੰਦ, ਮਨਿੰਦਰ ਫਰਾਂਸਵਾਲਾ, ਰਮੇਸ਼ ਲਾਂਬਾ, ਜਸਪਾਲ ਸਿੰਘ ਗੰਗਰੌਲੀ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕਾ ਨਿਵਾਸੀਆਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

## ਸਕੂਲ ਕਲਰਕ ਦੀ ਖੁਦਕੁਸ਼ੀ ਦਾ ਮਾਮਲਾ

# ਪਰਿਵਾਰਾਂ ਵੱਲੋਂ ਸਮਾਣਾ-ਪਟਿਆਲਾ ਸੜਕ 'ਤੇ ਧਰਨਾ ਲਗਾ ਕੇ ਇਨਸਾਫ਼ ਦੀ ਮੰਗ

ਸਮਾਣਾ, 29 (ਵਿਜੇ ਕੁਮਾਰ) : ਸ਼ਹਿਰ ਦੇ ਇੱਕ ਸਕੂਲ ਕਲਰਕ ਵੱਲੋਂ ਸੁਸਾਈਡ ਨੋਟ ਵਿੱਚ ਸਕੂਲ ਦੀ ਸਾਬਕਾ ਪ੍ਰਿੰਸੀਪਲ 'ਤੇ ਦੋਸ਼ ਲਾ ਕੇ ਫਾਹਾ ਲੈਣ ਅਤੇ ਮਾਮਲੇ ਦੇ ਮੁਲਜ਼ਮਾਂ ਨੂੰ ਅਜੇ ਤੱਕ ਹਿਰਾਸਤ ਵਿੱਚ ਨਾ ਲਏ ਜਾਣ ਦੇ ਵਿਰੋਧ ਵਿੱਚ ਅੱਜ ਸਮਾਣਾ-ਪਟਿਆਲਾ ਸੜਕ 'ਤੇ ਭਾਖੜਾ ਨਹਿਰ ਦੇ ਪੁਲ ਨੇੜੇ ਧਰਨਾ ਲਾ ਕੇ ਰਸਤਾ ਜਾਮ ਕਰ ਦਿੱਤਾ ਗਿਆ। ਇਸ ਕਾਰਨ ਇਸ ਰਸਤੇ 'ਤੇ ਆਉਣ-ਜਾਣ ਵਾਲੇ ਵਾਹਨਾਂ ਅਤੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਮ੍ਰਿਤਕ ਕਲਰਕ ਸਤੀਸ਼ ਸੈਣੀ ਦੇ ਭਰਾ ਰਾਹੁਲ ਸੈਣੀ ਨੇ ਦੱਸਿਆ ਕਿ ਤਿੰਨ ਹਫ਼ਤਿਆਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਪੁਲਿਸ ਦੋਸ਼ੀ ਸਕੂਲ ਪ੍ਰਿੰਸੀਪਲ ਨੀਤੂ ਦੇਵਗਨ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ, ਜਦੋਂ ਕਿ 17 ਜੁਲਾਈ ਨੂੰ ਲਗਾਏ ਧਰਨੇ 'ਤੇ ਪੁਲਿਸ ਨੇ ਮੁਲਜ਼ਮਾਂ ਨੂੰ ਇੱਕ ਹਫ਼ਤੇ ਵਿੱਚ ਕਾਬੂ ਕਰਨ ਦਾ ਭਰੋਸਾ ਦਿੱਤਾ ਸੀ। ਉਨ੍ਹਾਂ ਨੇ ਪੁਲਿਸ ਪ੍ਰਸ਼ਾਸਨ ਤੋਂ ਇਨਸਾਫ਼ ਦੀ ਮੰਗ ਕੀਤੀ ਅਤੇ ਦੇਰ ਰਾਤ ਤੱਕ ਧਰਨਾ ਜਾਰੀ ਰੱਖਿਆ।

# ਪੁਲਿਸ ਵੱਲੋਂ ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 29 ਜੁਲਾਈ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਕਰਨ ਤਿਵਾੜੀ ਵਾਸੀ ਬਾਬਾ ਦੀਪ ਸਿੰਘ ਨਗਰ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਗੁਰਲਾਲ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਨਵਾ ਬੱਸ ਸਟੈਂਡ ਪਟਿਆਲਾ ਮੋਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 10 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

# ਅਨਾਜ ਮੰਡੀ ਸਮਾਣਾ ਤੋਂ ਚੋਰੀ ਹੋਈ ਗੱਡੀ ਦਾ ਕੋਈ ਸੁਰਾਗ ਨਹੀਂ

➢ਮੁਕੱਦਮਾ ਵੀ ਨਹੀਂ ਹੋਇਆ ਦਰਜ

ਸਮਾਣਾ, 29 ਜੁਲਾਈ (ਵਿਜੇ ਕੁਮਾਰ) : ਬੀਤੀ 8 ਜੁਲਾਈ ਦੀ ਰਾਤ ਸਮੇਂ ਅਨਾਜ ਮੰਡੀ ਸਮਾਣਾ ਦੇ ਬਾਹਰ ਤੋਂ ਚੋਰੀ ਹੋਈ ਗੱਡੀ ਦਾ ਕੋਈ ਸੁਰਾਗ ਨਹੀਂ ਮਿਲਿਆ ਅਤੇ ਨਾ ਹੀ ਅਜੇ ਤੱਕ ਥਾਣਾ ਸ਼ਹਿਰੀ ਸਮਾਣਾ ਦੀ ਪੁਲਿਸ ਨੇ ਮੁਕੱਦਮਾ ਦਰਜ ਨਹੀਂ ਕੀਤਾ। ਗੱਡੀ ਦਾ ਮਾਲਕ ਗੁਰਪ੍ਰੀਤ ਸਿੰਘ ਪ੍ਰੇਸ਼ਾਨੀ 'ਚੋਂ ਲੰਘ ਰਿਹਾ ਹੈ। ਗੁਰਪ੍ਰੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਤੇਜ ਕਲੋਨੀ ਸਮਾਣਾ ਨੇ ਦੱਸਿਆ ਕਿ ਮੀਂਹ ਜ਼ਿਆਦਾ ਪੈਣ ਕਰਕੇ ਆਪਣੀ ਗੱਡੀ ਨੰਬਰ ਪੀ.ਬੀ-22 ਕੇ-8432 ਨੂੰ ਅਨਾਜ ਮੰਡੀ ਦੇ ਬਾਹਰ ਦੁਪਹਿਰ ਬਾਅਦ ਕਰੀਬ 3 ਵਜੇ ਖੜ੍ਹੀ ਕਰਕੇ ਘਰ ਰੋਟੀ ਖਾਣ ਗਿਆ ਸੀ। ਰਾਤ ਕਰੀਬ 10 ਵਜੇ ਆਪਣਾ ਟਰੱਕ ਲੈਣ ਗਿਆ ਤਾਂ ਵੇਖਿਆ ਕਿ ਉੱਥੋਂ ਟਰੱਕ ਗਾਇਬ ਸੀ। ਆਪਣੇ ਤੌਰ 'ਤੇ ਟਰੱਕ ਦੀ ਭਾਲ ਕੀਤੀ ਪਰ ਟਰੱਕ ਨਹੀਂ ਮਿਲਿਆ। ਟਰੱਕ ਦੇ ਚੋਰੀ ਹੋਣ ਸਬੰਧੀ 9 ਜੁਲਾਈ ਨੂੰ ਲਿਖ਼ਤੀ ਦਰਖ਼ਾਸਤ ਥਾਣਾ ਸ਼ਹਿਰੀ ਵਿਚ ਦਿੱਤੀ ਹੈ। ਅਜੇ ਤੱਕ ਪੁਲਿਸ ਨੇ ਮੁਕੱਦਮਾ ਦਰਜ ਨਹੀਂ ਕੀਤਾ ਅਤੇ ਨਾ ਹੀ ਗੱਡੀ ਮਿਲੀ ਹੈ। ਉਸ ਨੇ ਦੱਸਿਆ ਕਿ ਉਹ ਗਰੀਬ ਹੈ ਅਤੇ ਟਰੱਕ ਹੀ ਉਸ ਦੀ ਰੋਜ਼ੀ-ਰੋਟੀ ਦਾ ਸਾਧਨ ਸੀ। ਇਸ ਸਬੰਧੀ ਪੁਲਿਸ ਉਪ-ਕਪਤਾਨ ਸਮਾਣਾ ਫਤਿਹ ਸਿੰਘ ਬਰਾੜ ਨੇ ਆਖਿਆ ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ।

# ਐੱਸ.ਆਰ.ਐੱਸ. ਵਿੱਦਿਆਪੀਠ ਦੀਆਂ ਵਿਦਿਆਰਥਣਾਂ ਨੇ ਕੀਤਾ ਪਹਿਲਾ ਸਥਾਨ ਹਾਸਲ



ਸਮਾਣਾ, 29 ਜੁਲਾਈ (ਵਿਜੇ ਕੁਮਾਰ) : 69ਵੀਂ ਜੋਨਲ ਟੂਰਨਾਮੈਂਟ ਵਿੱਚ ਪਬਲਿਕ ਕਾਲਜ ਸਮਾਣਾ ਵਿਖੇ ਅੰਡਰ -19 ਕੁੜੀਆਂ ਦਾ ਬੈਡਮਿੰਟਨ ਖੇਡ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਕਈ ਸਕੂਲਾਂ ਨੇ ਭਾਗ ਲਿਆ। ਇਸ ਖੇਡ ਮੁਕਾਬਲੇ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਦੀਆਂ ਹੋਣਹਾਰ ਵਿਦਿਆਰਥਣਾਂ ਗੁਰਨੂਰ ਕੌਰ, ਜਸ਼ਨਦੀਪ ਕੌਰ, ਖੁਸ਼ਦੀਪ ਕੌਰ, ਨਵਜੋਤ ਕੌਰ ਅਤੇ ਅਵਨੀਤ ਕੌਰ ਨੇ ਵੀ ਭਾਗ ਲਿਆ। ਇਸ ਖੇਡ ਮੁਕਾਬਲੇ ਦਾ ਉਦੇਸ਼ ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਰੁਚੀ ਨੂੰ ਵਧਾਉਣਾ ਅਤੇ ਉਨ੍ਹਾਂ ਦੀਆਂ ਖੇਡ ਕੁਸ਼ਲਤਾਵਾਂ ਨੂੰ ਨਿਖਾਰਨਾ ਸੀ। ਮੁਕਾਬਲੇ ਦੌਰਾਨ ਵਿਦਿਆਰਥਣਾਂ ਨੇ ਆਪਣੇ ਕੌਸ਼ਲ ਅਤੇ ਖੇਡ ਜਜ਼ਬੇ ਨਾਲ ਸਭ ਨੂੰ ਪ੍ਰਭਾਵਿਤ ਕੀਤਾ ਅਤੇ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਤਾ- ਪਿਤਾ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ 'ਤੇ ਸਕੂਲ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਅਤੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਸਾਰੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ।

# ਰਸਤੇ 'ਚ ਘੇਰ ਕੇ ਕੀਤੀ ਕੁੱਟਮਾਰ


ਪਟਿਆਲਾ, 29 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਜਗਤਾਰ ਸਿੰਘ ਵਾਸੀ ਗਲੀ ਨੰ. 3 ਪੀਰ ਕਲੋਨੀ ਬਹਾਦਰਗੜ੍ਹ ਨੇ ਕਥਿਤ ਦੋਸ਼ੀਆਂ ਸੰਦੀਪ, ਦੀਪਾ, ਕ੍ਰਿਸ਼ਨ, ਕੋਮਲ ਵਾਸੀ ਪੀਰ ਕਲੋਨੀ ਬਹਾਦਰਗੜ੍ਹ ਅਤੇ 2 ਹੋਰ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਮੋਟਰਸਾਈਕਲ 'ਤੇ ਸਵਾਰ ਹੋ ਕੇ ਘਰ ਆ ਰਿਹਾ ਸੀ, ਜੋ ਕਥਿਤ ਦੋਸ਼ੀ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਆਏ ਅਤੇ ਉਸ ਨੂੰ ਰਸਤੇ ਵਿੱਚ ਘੇਰ ਕੇ ਕੁੱਟਮਾਰ ਕੀਤੀ ਤੇ ਉਸ 'ਤੇ ਕਿਰਚ ਦਾ ਵਾਰ ਵੀ ਕੀਤਾ। ਪੁਲਿਸ ਨੇ ਧਾਰਾ 115(2), 118(1), 126(2), 3(5) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਲਾਇਨਜ਼ ਕਲੱਬ ਸਮਾਣਾ ਗੋਲਡ ਵੱਲੋਂ ਨਸ਼ਾ ਮੁਕਤੀ ਕੈਂਪ




ਸਮਾਣਾ, 29 ਜੁਲਾਈ (ਜਵੰਦਾ) : ਲਾਇਨਜ਼ ਕਲੱਬ ਸਮਾਣਾ ਗੋਲਡ ਵਲੋਂ, ਨਗਰ ਕੌਂਸਲ ਸਮਾਣਾ ਦੇ ਸਹਿਯੋਗ ਨਾਲ ਅਤੇ ਪੰਜਾਬ ਸਰਕਾਰ ਦੀ ਮੁਹਿੰਮ ਯੁੱਧ ਨਸ਼ਿਆਂ ਦੇ ਵਿਰੁੱਧ ਦੇ ਤਹਿਤ, ਸਰਕਾਰੀ ਐਲੀਮੈਂਟਰੀ ਸਕੂਲ ਵੜੈਚਾਂ ਵਿਖੇ ਇੱਕ ਨਸ਼ਾ ਮੁਕਤੀ ਕੈਂਪ ਲਗਾਇਆ ਗਿਆ। ਇਸ ਜਾਗਰੂਕਤਾ ਮੁਹਿੰਮ ਦਾ ਮਕਸਦ ਨਸ਼ਿਆਂ ਦੇ ਖਿਲਾਫ਼ ਲੋਕਾਂ ਵਿੱਚ ਜਾਗਰੂਕਤਾ ਫੈਲਾਉਣਾ ਅਤੇ ਵਿਸ਼ੇਸ਼ ਕਰਕੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪ੍ਰੇਰਿਤ ਕਰਨਾ ਸੀ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਮਾਰਕੀਟ ਕਮੇਟੀ ਸਮਾਣਾ ਦੇ ਚੇਅਰਮੈਨ ਸ. ਬਲਕਾਰ ਸਿੰਘ ਗੱਜੂਮਾਜਰਾ, ਨਗਰ ਕੌਂਸਲ ਸਮਾਣਾ ਦੇ ਕਾਰਜਕਾਰੀ ਅਧਿਕਾਰੀ ਬਰਜਿੰਦਰ ਸਿੰਘ, ਪਿੰਡ ਵੜੈਚਾਂ ਤੋਂ ਸਰਪੰਚ ਅਤੇ ਪੰਚ ਸਾਹਿਬਾਨ, ਲਾਇਨਜ਼ ਕਲੱਬ ਸਮਾਣਾ ਗੋਲਡ ਦੇ ਪ੍ਰਧਾਨ ਅਨੂਪ ਗੋਇਲ, ਸੈਕਟਰੀ ਮਨੀਸ਼ ਸਿੰਗਲਾ, ਕੈਸ਼ੀਅਰ ਲਵ ਮਿੱਤਲ, ਮੋਹਿਤ ਗਰਗ (ਤਨੁ), ਗੌਰਵ ਅਗਰਵਾਲ ਅਤੇ ਮਾਨਵ ਬਾਂਸਲ ਆਦਿ ਮੌਜੂਦ ਸਨ। ਇਸ ਮੌਕੇ ਸ੍ਰੀ ਜੇ.ਪੀ. ਗਰਗ ਅਤੇ ਮਨੀਸ਼ ਸਿੰਗਲਾ ਨੇ ਵੀ ਆਪਣੇ ਵਿਚਾਰਾਂ ਰਾਹੀਂ ਨਸ਼ਿਆਂ ਦੀ ਸਮੱਸਿਆ 'ਤੇ ਰੌਸ਼ਨੀ ਪਾਈ। ਉਨ੍ਹਾਂ ਕਿਹਾ ਕਿ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ ਹਰ ਨਾਗਰਿਕ ਨੂੰ ਆਪਣੀ ਜਿੰਮੇਵਾਰੀ ਨਿਭਾਉਣੀ ਹੋਵੇਗੀ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਆਪਣੇ ਜੀਵਨ ਨੂੰ ਇੱਕ ਸਕਾਰਾਤਮਕ ਦਿਸ਼ਾ ਵਿੱਚ ਲੈ ਜਾਣ। ਇਸ ਮੌਕੇ ਪਿੰਡ ਵਾਸੀਆਂ ਨੇ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਫੈਲਾਉਣ ਦਾ ਸੰਕਲਪ ਲਿਆ।

# ਉੱਘੀ ਪੰਜਾਬੀ ਕਵਿੱਤਰੀ ਭੁਪਿੰਦਰ ਕੌਰ ਵਾਲੀਆ ਦਾ ਦੇਹਾਂਤ



ਪਟਿਆਲਾ, 29 ਜੁਲਾਈ (ਚ.ਨ.ਸ.) : ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਦੇ ਸੀਨੀਅਰ ਮੈਂਬਰ ਅਤੇ ਉੱਘੀ ਪੰਜਾਬੀ ਕਵਿੱਤਰੀ ਭੁਪਿੰਦਰ ਕੌਰ ਵਾਲੀਆ (73) ਦਾ ਬੀਤੀ ਰਾਤ ਪਟਿਆਲਾ ਵਿਖੇ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦੇ ਅਕਾਲ ਚਲਾਣੇ 'ਤੇ ਡੂੰਘੇ ਸ਼ੋਕ ਦਾ ਪ੍ਰਗਟਾਵਾ ਕਰਦੇ ਹੋਏ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਕਿਹਾ ਕਿ ਲਗਨਸ਼ੀਲ, ਪ੍ਰਤਿਭਾਸ਼ਾਲੀ ਅਤੇ ਪ੍ਰਤੀਬੱਧ ਕਵਿੱਤਰੀ ਭੁਪਿੰਦਰ ਕੌਰ ਵਾਲੀਆ ਦੀ ਤਬੀਅਤ ਪਿਛਲੇ ਕੁਝ ਅਰਸੇ ਤੋਂ ਨਾਸਾਜ਼ ਸੀ ਪਰੰਤੂ ਇਹਦੇ ਬਾਵਜੂਦ ਵੀ ਉਹ ਸਭਾ ਵੱਲੋਂ ਭਾਸ਼ਾ ਵਿਭਾਗ ਪੰਜਾਬ ਵਿਖੇ ਲਗਭਗ ਹਰ ਮਹੀਨੇ ਹੋਣ ਵਾਲੀ ਇਕੱਤਰਤਾ ਵਿੱਚ ਆਪਣੇ ਜੀਵਨ ਸਾਥੀ ਸ. ਅਮਰਜੀਤ ਸਿੰਘ ਵਾਲੀਆ ਸਮੇਤ ਸਮੇਂ-ਸਿਰ ਪੁੱਜਦੇ ਅਤੇ ਸਰੋਤਿਆਂ ਨਾਲ ਆਪਣਾ ਰਚਨਾ ਪਾਠ ਸਾਂਝਾ ਕਰਦੇ ਸਨ। ਇਸ ਦੌਰਾਨ ਸਭਾ ਦੇ ਸ੍ਰਪਰਸਤ ਡਾ. ਗੁਰਬਚਨ ਸਿੰਘ ਰਾਹੀ, ਕਹਾਣੀਕਾਰ ਬਾਬੂ ਸਿੰਘ ਰਹਿਲ, ਸੁਖਦੇਵ ਸਿੰਘ ਸ਼ਾਂਤ ਤੋਂ ਇਲਾਵਾ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਵਿੱਤ ਸਕੱਤਰ ਬਲਬੀਰ ਸਿੰਘ ਦਿਲਦਾਰ ਤੋਂ ਇਲਾਵਾ ਡਾਕਟਰ ਹਰਪ੍ਰੀਤ ਸਿੰਘ ਰਾਣਾ ਨਵਦੀਪ ਸਿੰਘ ਮੁੰਡੀ, ਜੱਗਾ ਰੰਗੂਵਾਲ ਅਤੇ ਕ੍ਰਿਸ਼ਨ ਧੀਮਾਨ ਆਦਿ ਨੇ ਵੀ ਮੈਡਮ ਵਾਲੀਆ ਦੇ ਦਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਆਰੀਆ ਸਿੰਗਲਾ ਅਤੇ ਵੈਸ਼ਨਵੀ ਸਿੰਗਲਾ ਨੇ ਏਸ਼ੀਅਨ ਖੇਡਾਂ 'ਚ ਸਮਾਣਾ ਦਾ ਨਾਮ ਰੋਸ਼ਨ ਕੀਤਾ



ਸਮਾਣਾ, 29 ਜੁਲਾਈ (ਵਿਜੇ ਕੁਮਾਰ) : ਸਮਾਣਾ ਦੀਆਂ ਜੁੜਵੀਆਂ ਭੈਣਾਂ ਆਰੀਆ ਸਿੰਗਲਾ ਅਤੇ ਵੈਸ਼ਨਵੀ ਸਿੰਗਲਾ ਨੇ 20ਵੀ ਏਸ਼ੀਆ ਰੋਲਰ ਸਕੇਟਿੰਗ ਚੈਂਪੀਅਨਸ਼ਿੱਪ ਵਿਚ ਸਿਲਵਰ ਮੈਡਲ ਜਿੱਤ ਕੇ ਆਪਣੇ ਦਾਦਾ ਪ੍ਰਸ਼ੋਤਮ ਸਿੰਗਲਾ ਅਤੇ ਜਾਨਕੀ ਪ੍ਰੀਵਾਰ ਦਾ ਨਾਮ ਰੋਸ਼ਨ ਕੀਤਾ ਹੈ। ਉਕਤ ਲੜਕੀਆਂ ਦੇ ਪਿਤਾ ਸੁਮਿਤ ਸਿੰਗਲਾ ਨੇ ਦੱਸਿਆ ਕਿ ਸ਼ੋਥ ਕੋਰੀਆਂ ਵਿੱਚ ਚੱਲ ਰਹੀਆਂ ਏਸ਼ੀਆ ਖੇਡਾਂ 2025 ਵਿੱਚ ਭਾਰਤ ਦੀ ਮਹਿਲਾ ਰੋਲਰ ਸਕੇਟਿੰਗ ਟੀਮ ਨੇ ਸਿਲਵਰ ਮੈਡਲ ਜਿੱਤ ਕੇ ਇਤਿਹਾਸ ਰਚ ਦਿੱਤਾ। ਇਸ ਸ਼ਾਨਦਾਰ ਜਿੱਤ ਵਿੱਚ ਇਨ੍ਹਾਂ ਜੁੜਵਾਂ ਭੈਣਾਂ ਦੀ ਅਹਿਮ ਭੂਮਿਕਾ ਰਹੀ। ਇਸ ਤੋਂ ਪਹਿਲਾਂ ਵੀ 2024 ਵਿੱਚ ਇਟਲੀ ਵਿੱਚ ਇਹ ਚੰਗਾ ਪ੍ਰਦਰਸ਼ਨ ਕਰ ਚੁੱਕੀਆਂ ਹਨ, ਜਿਨ੍ਹਾਂ ਦੀ ਮਿਹਨਤ ਅਤੇ ਜੋਸ਼ ਨੇ ਟੀਮ ਨੂੰ ਨਵੀਆਂ ਉਚਾਈਆਂ ਤੇ ਪਹੁੰਚਾਇਆ। ਇਸ ਮੌਕੇ ਰੋਟਰੀ ਕਲੱਬ ਸਮਾਣਾ ਦੇ ਪ੍ਰਧਾਨ ਅਰੁਣ ਬਾਂਸਲ ਨੇ ਜਾਨਕੀ ਪ੍ਰੀਵਾਰ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਇਹ ਦੋਵੇਂ ਭੈਣਾਂ ਰਟੋਰੀਅਨ ਸੁਮਿਤ ਸਿੰਗਲਾ ਦੀਆਂ ਬੇਟੀਆਂ ਹਨ, ਜੋ ਸਮਾਜ ਸੇਵਾ ਵਿੱਚ ਲੱਗੇ ਹੋਏ ਹਨ।